ਯੂਨੀਵਰਸਿਟੀ ਰੋਲ ਨੰਬਰ :

# ਭਾਈ ਗੁਰਦਾਸ ਦੀ ਪਹਿਲੀ ਵਾਰ

(ਇਕ ਆਲੋਚਨਾਤਮਕ ਅਧਿਐਨ)

ਐਮ. ਏ. ਪੰਜਾਬੀ ਭਾਗ ਦੂਜਾ ਦੇ ਚੌਥੇ ਪਰਚੇ ਵਜੋਂ
ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਪ੍ਰਸਤੁਤ

## ਖੋਜ-ਪ੍ਰਬੰਧ

1970

UNIVERSITY LIBRARY

ਪੱਥ-ਪ੍ਰਦਰਸ਼ਕ :
**ਪ੍ਰੋ: ਗੁਰਚਰਨ ਸਿੰਘ ਐਮ. ਏ.**

**ਸੁਖਪਾਲ ਸਿੱਧੂ**
(ਰਜਿਸਟਰਡ ਨੰ: 63 K.M.J. 95)
ਗੌਰਮਿੰਟ ਕਾਲਜ, ਲੁਧਿਆਣਾ ।

ਭਾਈ ਗੁਰਦਾਸ ਦੀ ਪਹਿਲੀ ਵਾਰ
(ਇਕ ਆਲੋਚਨਾਤਮਕ ਅਧਿਐਨ)

## ਤਤਕਰਾ

### ਕਾਂਡ ਪਹਿਲਾ


ਭਾਈ ਗੁਰਦਾਸ ਜੀ ਦਾ ਜੀਵਨ = 11

| | | |
|---|---|---|
| 1. ਭਾਈ ਗੁਰਦਾਸ ਕਿੰਨੇ ਹੋਏ ਹਨ | = | 2 |
| 2. ਜਨਮ | = | 3 - 4 |
| 3. ਵਿਦਿਆ | = | 4 - 5 |
| 4. ਗੁਰਮਤ ਦਾ ਪਰਚਾਰ | = | 5 - 7 |
| 5. ਗੁਰੂ ਘਰ ਨਾਲ ਸਬੰਧ | = | 7 - 9 |
| 6. ਕਵੀ ਗੁਰਦਾਸ | = | 9 -11 |


### ਕਾਂਡ ਦੂਜਾ


ਭਾਈ ਗੁਰਦਾਸ ਦੀਆਂ ਰਚਨਾਵਾਂ ਤੇ ਉਨ੍ਹਾਂ ਦੇ ਵਿਸ਼ੇ = 13-48

| | | |
|---|---|---|
| 1. ਵਾਰਾਂ | = | 13 |
| 2. ਕਬਿੱਤ ਸਵਯੇ | = | 13. |
| 3. ਰਚਨਾਂ ਦਾ ਵਿਸ਼ਾ | = | 14-16 |
| 4. ਬੋਲੀ | = | 16 |
| 5. ਗਿਆਨ | = | 17 |
| 6. 40 ਵਾਰਾਂ | = | 17-42 |
| 7. ਪ੍ਰਭੂ - ਉਸਤਤੀ | = | 43 |
| 8. ਗੁਰੂ/ਸਤਿਗੁਰੂ ਦੀ ਲੋੜ | = | 43 |
| 9. ਗੁਰਮੁਖ - ਮਨਮੁਖ | = | 44-45 |
| 10. ਨਿੰਮ੍ਰਤਾ | = | 46 |
| 11. ਸਾਧਸੰਗਤ | = | 46 |
| 12. ਮਾਣਸ ਜਨਮ ਦੀ ਉਤਮਤਾ | = | 47 |

13. ਕਰਮ ਕਾਡਾਂ ਦਾ ਖੰਡਨ = 47
14. ਸਿੱਖੀ = 47-48
15. ਗੁਰੂ ਤੇ ਚੇਲੇ ਦਾ ਸਬੰਧ = 48

## ਕਾਂਡ ਤੀਜਾ

ਭਾਈ ਗੁਰਦਾਸ ਦੀ ਪਹਿਲੀ ਵਾਰ ਦੀ ਪਉੜੀ ਕਰਮ -ਅਨੁਸਾਰ ਵਿਸ਼ਾ ਉਸਾਰੀ = 49-72

## ਕਾਂਡ ਚੌਥਾ

ਇਸ ਵਾਰ ਵਿਚ ਦਿੱਤੀ ਗੁਰੂ ਨਾਨਕ ਦੀ ਜੀਵਨੀ ਦਾ ਆਲੋਚਨਾਤਮਕ ਅਧਿਐਨ = 73-92

1. ਸੁਮੇਰ ਪਰਬਤ ਦੀ ਯਾਤਰਾ = 79
2. ਮੱਕੇ ਦੀ ਯਾਤਰਾ = 80 - 81
3. ਬਗਦਾਦ ਗਮਨ = 81 - 82
4. ਸ਼ਿਵਰਾਤ੍ਰੀ ਦਾ ਮੇਲਾ = 82
5. ਮੁਲਤਾਨ ਦੀ ਯਾਤਰਾ = 83 - 84
6. ਕਰਾਮਾਤਾਂ = 84 - 86
7. ਗੁਰੂ ਨਾਨਕ ਦੇਵ ਜੀ ਦੀ ਸ਼ਖਸੀਅਤ = 86 - 92

## ਕਾਂਡ ਪੰਜਵਾਂ

ਭਾਈ ਗੁਰਦਾਸ ਦੀ ਪਹਿਲੀ ਵਾਰ ਵਿਚ ਆਉਂਦੇ ਇਤਿਹਾਸਕ ਹਵਾਲੇ = 93 — 119

## ਕਾਂਡ ਛੇਵਾਂ

ਭਾਈ ਗੁਰਦਾਸ ਦੀ ਪਹਿਲੀ ਵਾਰ ਵਿਚ ਉਸਦੀ ਕਾਵਿ - ਕਲਾ = 120 - 137

## ਕਾਂਡ ਸੱਤਵਾਂ

ਭਾਈ ਗੁਰਦਾਸ ਦੀ ਪਹਿਲੀ ਵਾਰ ਵਿਚ ਉਸ ਦੀ ਬੋਲੀ = 138 - 150

ਭਾਈ ਗੁਰਦਾਸ ਦੀ ਪਹਿਲੀ ਵਾਰ
(ਇਕ ਆਲੋਚਨਾਤਮਕ ਅਧਿਐਨ)

## ਕਾਂਡ ਅੱਠਵਾਂ


ਭਾਈ ਗੁਰਦਾਸ ਦੀ ਪਹਿਲੀ ਵਾਰ ਇਕ ਵਾਰ ਦੇ ਰੂਪ ਵਿਚ = 151 - 160


## ਕਾਂਡ ਨੌਵਾਂ


ਭਾਈ ਗੁਰਦਾਸ ਦੀ ਪਹਿਲੀ ਵਾਰ ਤੋਂ ਉਘੜਿਆ ਸਮਕਾਲੀਨ ਜੀਵਨ = 162-167

Appendix 1 == 168 - 169

Appendix 2 == 170 - 172.

ਸਾਰੰਸ਼ = 173 - 174

ਪੁਸਤਕ - ਸੂਚੀ

## ਪ੍ਰਸਤਾਵਨਾ

ਭਾਈ ਗੁਰਦਾਸ ਜੀ ਬਾਰੇ ਜਾਨਣ ਦੀ ਚਾਹ ਵਾਸਤਵ ਵਿਚ ਮੇਰੇ ਮਨ ਵਿਚ ਐਮ.ਏ. ਦੇ ਪਹਿਲੇ ਸਾਲ ਵਿਚ ਹੀ ਉਪਜੀ। ਬੇਸ਼ਕ ਛੋਟੀਆਂ ਜਮਾਤਾਂ ਵਿਚ ਵੀ ਭਾਈ ਗੁਰਦਾਸ ਜੀ ਦੀ ਥੋੜੀ ਬਹੁਤੀ ਰਚਨਾਂ ਪਾਠ ਪੁਸਤਕਾਂ ਵਿਚ ਪੜ੍ਹੀ ਸੀ ਪਰ ਐਮ. ਏ. ਭਾਗ ਪਹਿਲੇ ਵਿਚ ਜਦੋਂ ਪੁਰਾਤਨ ਜਨਮਸਾਖੀਆਂ ਪੜ੍ਹਦਿਆਂ ਗੁਰੂ ਨਾਨਕ ਸਾਹਿਬ ਜੀ ਦੇ ਨਾਲ ਸਬੰਧਤ ਕਈ ਅਜੇਹੀਆਂ ਸਾਖੀਆਂ ਪੜ੍ਹੀਆਂ ਜੋ ਕਿ ਬੜੀਆਂ ਹੀ ਹਾਸੋਹੀਣੀਆਂ ਜਿਹੀਆਂ ਲਗਦੀਆਂ ਸਨ ਤਾਂ ਗੁਰੂ ਸਾਹਿਬਾਂ ਦੇ ਜੀਵਨ ਬਾਰੇ ਠੀਕ ਗਿਆਨ ਹਾਸਲ ਕਰਨ ਦਾ ਵਿਚਾਰ ਮੇਰੇ ਮਨ ਵਿਚ ਜਾਗਿਆ। ਸਾਹਿਤ ਦੇ ਇਤਿਹਾਸ ਵਿਚ ਪੜ੍ਹਿਆ ਸੀ ਕਿ ਭਾਈ ਗੁਰਦਾਸ ਭੱਲਾ ਨਾਂ ਦਾ ਇਕ ਗੁਰਮੁਖ ਗੁਰੂ ਸਾਹਿਬਾਂ ਦੇ ਵੰਸ ਵਿਚੋਂ ਹੋਇਆ ਹੈ। ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਨ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਲਿਖਾਰੀ ਸੀ। ਆਪ 40 ਵਾਰਾਂ ਅਤੇ 675 ਦੇ ਕਰੀਬ ਕਬਿੱਤ ਸਵੈਯਾ ਦੇ ਲੇਖਕ ਹੋਏ ਹਨ ਅਤੇ ਇੰਨ੍ਹਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਹੋਣ ਦਾ ਮਾਣ ਪ੍ਰਾਪਤ ਹੈ, ਉਨ੍ਹਾਂ ਨੇ ਆਪਣੀ ਪਹਿਲੀ ਵਾਰ ਵਿਚ ਗੁਰੂ ਨਾਨਕ ਸਾਹਿਬ ਨੂੰ ਨਾਇਕ ਬਣਾਇਆ ਹੈ।

ਐਮ.ਏ. ਦੂਜੇ ਸਾਲ ਵਿਚ ਮੈਨੂੰ ਖੋਜ - ਪ੍ਰਬੰਧ ਲਈ ਮੌਕਾ ਮਿਲਣ ਤੇ ਮੇਰੇ ਸਾਹਮਣੇ ਉਸ ਲਈ ਮਨ - ਮਰਜੀ ਦਾ ਵਿਸ਼ਾ ਚੁਣਨ ਦਾ ਮਸਲਾ ਆਇਆ ਤੇ ਮੈਂ ਆਪਣੀ ਉਹ ਪਹਿਲੀ ਗੁਰੂ ਸਾਹਿਬ, ਗੁਰੂ ਨਾਨਕ ਦੇਵ ਜੀ ਬਾਰੇ ਜਾਨਣ ਦੀ ਇੱਛਾ ਪੂਰੀ ਹੁੰਦੀ ਵੇਖ ਕੇ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਹੀ ਆਪਣੇ ਖੋਜ - ਪ੍ਰਬੰਧ ਦੇ ਵਿਸ਼ੇ ਲਈ ਚੁਣੀ। ਭਾਈ ਗੁਰਦਾਸ ਜੀ ਜਿੰਨ੍ਹਾਂ ਨੂੰ ਕਿ ਸ੍ਰੀ ਗੁਰੂ ਅਮਰਦਾਸ ਜੀ ਵੱਲੋਂ ਗੁਰੂ ਦਾ ਦਾਸ ਹੋਣ ਦਾ ਮਾਣ ਮਿਲਿਆ ਸੀ ਆਪ ਪੰਜਾਬੀ ਭਾਸ਼ਾ ਦੇ ਇਕ ਅਦੁੱਤੀ ਪ੍ਰਤਿਭਾ ਦੇ ਮਾਲਕ ਸਨ। ਆਪ ਸਿੱਖ ਗੁਰੂ ਸਾਹਿਬਾਂ ਦੁਆਰਾ ਚਲਾਏ ਹੋਏ ਭਗਤੀ ਮਾਰਗ ਦੇ ਪ੍ਰਮੁੱਖ ਪ੍ਰਚਾਰਕ ਸਨ। ਇਨ੍ਹਾਂ ਨੇ ਆਪਣੀ ਪਹਿਲੀ ਵਾਰ ਵਿਚ ਹੀ ਉਸ ਸਮੇਂ ਦੇ ਵੱਖ ਵੱਖ ਧਰਮਾਂ, ਫਿਰਕਿਆਂ ਅਤੇ ਵਹਿਮਾਂ ਭਰਮਾਂ ਦਾ ਜ਼ਿਕਰ ਕਰਕੇ ਆਪਣੇ

ਗਿਆਨ ਦਾ ਸਬੂਤ ਦਿੱਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਖਸੀਅਤ ਨੂੰ ਜਿੰਨੇ ਥੋੜੇ ਸ਼ਬਦਾਂ ਵਿਚ ਅਤੇ ਸਹੀ ਰੂਪ ਵਿਚ ਭਾਈ ਗੁਰਦਾਸ ਜੀ ਨੇ ਉਘਾੜਿਆ ਹੈ ਸ਼ਾਇਦ ਹੀ ਹੋਰ ਕੋਈ ਪੁਰਾਣਾ ਲੇਖਕ ਕਰ ਸਕਿਆ ਹੋਵੇ। ਆਪ ਜੀ ਦੀ ਰਚਨਾਂ ਭਾਵੇਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ ਪਰ ਮਾਣ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀਆਂ ਜਿੰਨਾ ਹੀ ਪਰਾਪਤ ਹੈ। 'ਸਤਿਗੁਰ ਨਾਨਕ ਪ੍ਰਗਟਿਆ' ਵਾਲੀ ਪਉੜੀ ਹਰ ਗੁਰਪੁਰਬ ਵੇਲੇ ਉਚਾਰੀ ਜਾਂਦੀ ਹੈ। ਸੋ ਮੈਂ ਗੁਰਬਾਣੀ ਜਾਂ ਭਾਈ ਗੁਰਦਾਸ ਜੀ ਦੀ ਬਾਣੀ ਦੀ ਬਹੁਤੀ ਗਿਆਨਵਾਨ ਨਾ ਹੁੰਦਿਆਂ ਹੋਇਆਂ ਵੀ, ਪਰ ਆਪਣੀ ਪ੍ਰਬਲ ਚਾਹ ਪੂਰੀ ਕਰਦਿਆਂ ਹੋਇਆਂ ਨਿਮਾਣੇ ਜਿਹੇ ਯਤਨ ਨਾਲ ਆਪਣੇ ਚੁਣੇ ਹੋਏ ਇਸ ਵਿਸ਼ੇ ਬਾਰੇ ਵੱਧ ਤੋਂ ਵੱਧ ਵਾਕਫੀ ਦੇਣ ਦਾ ਯਤਨ ਕੀਤਾ ਹੈ।

ਮੈਂ ਆਪਣੇ ਪੱਥ - ਪ੍ਰਦਰਸ਼ਕ ਪ੍ਰੋ:ਗੁਰਚਰਨ ਸਿੰਘ ਜੀ ਦਾ ਹਾਰਦਿਕ ਧੰਨਵਾਦ ਕਰਦੀ ਹਾਂ ਜਿੰਨ੍ਹਾਂ ਨੇ ਇਸ ਖੋਜ - ਪ੍ਰਬੰਧ ਨੂੰ ਸਿਰੇ ਚੜ੍ਹਾਉਣ ਵਿਚ ਮੇਰੀ ਹਰ ਪੱਖ ਤੋਂ ਵੱਧ ਤੋਂ ਵੱਧ ਸਹਾਇਤਾ ਕੀਤੀ ਹੈ ਕਿ ਮੈਨੂੰ ਆਪਣੇ ਇਸ ਵਿਸ਼ੇ ਬਾਰੇ ਕਿਸੇ ਹੋਰ ਵਿਦਵਾਨ ਤੋਂ ਕੁਝ ਪੁੱਛਣ ਦੀ ਜਰੂਰਤ ਹੀ ਨਹੀਂ ਮਹਿਸੂਸ ਹੋਈ। ਜਿਸ ਵੇਲੇ ਵੀ ਮੈਂ ਆਪਣੇ ਇਸ ਵਿਸ਼ੇ ਬਾਰੇ ਕੁਝ ਪੁੱਛਣ ਲਈ ਗਈ ਪ੍ਰੋ:ਸਾਹਿਬ ਨੇ ਖਿੜੇ ਮੱਥੇ ਮੇਰੀ ਉਸ ਪੁਛ ਦਾ ਜਵਾਬ ਦੇ ਕੇ ਮੇਰੀ ਉਲਝਣ ਨੂੰ ਸੁਲਝਾਇਆ।

## ਤਤਕਰਾ

### ਕਾਂਡ ਪਹਿਲਾ

### ਭਾਈ ਗੁਰਦਾਸ ਜੀ ਦਾ ਜੀਵਨ


| | | | |
|---|---|---|---|
| 1. | ਭਾਈ ਗੁਰਦਾਸ ਕਿੰਨੇ ਹੋਏ ਹਨ | ... | 2 |
| 2. | ਜਨਮ | ... | 3 - 4 |
| 3. | ਵਿਦਿਆ | ... | 4 - 5 |
| 4. | ਗੁਰਮਤ ਦਾ ਪਰਚਾਰ | ... | 5 - 7 |
| 5. | ਗੁਰੂ ਘਰ ਨਾਲ ਸਬੰਧ | ... | 7 - 9 |
| 6. | ਕਵੀ ਗੁਰਦਾਸ | ... | 9 -11 |

## ਭਾਈ ਗੁਰਦਾਸ ਜੀ ਦਾ ਜੀਵਨ

### ਭਾਈ ਗੁਰਦਾਸ ਕਿੰਨੇ ਹੋਏ ਹਨ?

ਸਿਖ ਇਤਿਹਾਸ ਵਿਚ ਭਾਈ ਗੁਰਦਾਸ ਦੇ ਨਾਂ ਦੇ ਕਈ ਵਿਅਕਤੀਆਂ ਦਾ ਜ਼ਿਕਰ ਆਉਂਦਾ ਹੈ। ਵੱਖ ਵੱਖ ਲੇਖਕਾਂ ਨੇ ਇਨ੍ਹਾਂ ਦੀ ਗਿਣਤੀ ਬਾਰੇ ਆਪਣੇ ਅੱਡ ਅੱਡ ਵਿਚਾਰ ਦਿੱਤੇ ਹਨ। ਕਰਤਾਰ ਸਿੰਘ ਜੀ ਦੇ ਕਥਨ ਅਨੁਸਾਰ ਚਾਰ ਭਾਈ ਗੁਰਦਾਸ ਹੋਏ ਹਨ।

ਉਨ੍ਹਾਂ ਨੇ ਪਹਿਲੇ ਭਾਈ ਗੁਰਦਾਸ ਉਹ ਹੀ ਦਸੇ ਹਨ ਜੋ ਗੁਰੂ ਸਾਹਿਬਾਂ ਦੇ ਖਾਨਦਾਨ ਵਿਚੋਂ ਸਨ ਅਤੇ ਜਿਨ੍ਹਾਂ ਦੀ ਬਾਣੀ ਨੂੰ ਗੁਰਬਾਣੀ ਦੀ ਕੁੰਜੀ ਕਿਹਾ ਜਾਂਦਾ ਹੈ।

ਦੂਜਰੇ ਨੌਵੀ ਪਾਤਸ਼ਾਹੀ ਦੇ ਸਮੇਂ ਹੋਏ ਦਸੇ[1] ਜਾਂਦੇ ਹਨ ਉਨ੍ਹਾਂ ਦੀ ਕੋਈ ਲਿਖਤ ਨਹੀਂ ਮਿਲਦੀ ਅਤੇ ਤੀਸਰੇ ਭਾਈ ਗੁਰਦਾਸ ਦੀ ਵੀ ਕੋਈ ਰਚਨਾਂ ਨਹੀਂ ਮਿਲਦੀ ਉਨ੍ਹਾਂ ਦਾ ਜਨਮ ਪਹਿਲੇ ਬੰਸ ਵਿਚ ਹੋਇਆ ਦਸਿਆ ਜਾਂਦਾ ਹੈ।

ਚੌਥੇ ਭਾਈ ਗੁਰਦਾਸ ਸਿੰਘ ਜੀ ਹਨ ਜਿਨ੍ਹਾਂ ਦੀ ਰਚਨਾਂ 41 ਵੀਂ ਵਾਰ ਕਹੀ ਜਾਂਦੀ ਹੈ।

ਸ:ਸ:ਅਮੋਲ ਜੀ ਅਨੁਸਾਰ ਭਾਈ ਗੁਰਦਾਸ ਤਿੰਨ ਹੋਏ ਹਨ। ਪਹਿਲੇ ਗੁਰਦਾਸ ਭੱਲਾ ਜੀ ਹਨ ਜਿੰਨ੍ਹਾਂ ਦੀ ਰਚਨਾਂ 39 ਵਾਰਾਂ ਹਨ, 40ਵੀਂ ਵਾਰ ਕਿਸੇ ਹੋਰ ਗੁਰਮੁਖ ਗੁਰਦਾਸ ਦੀ ਕਿਰਤ ਹੈ ਅਤੇ ਤੀਸਰੇ ਗੁਰਦਾਸ ਸਿੰਘ ਜੀ ਹਨ ਜਿਨ੍ਹਾਂ ਨੇ 41ਵੀਂ ਵਾਰ ਲਿਖੀ ਹੈ।

ਸਰਦੂਲ ਸਿੰਘ ਜੀ ਦੋ ਭਾਈ ਗੁਰਦਾਸ ਹੀ ਦਸਦੇ ਹਨ। ਪਹਿਲਾ 39 ਵਾਰਾਂ ਦਾ ਰਚਤਾ, ਵਾਕ ਰਚਨਾਂ, ਬੋਲੀ ਅਤੇ ਖਿਆਲਾਂ ਕਰਕੇ 40ਵੀ ਵਾਰ ਵੀ ਭਾਈ ਗੁਰਦਾਸ ਭੱਲੇ ਦੀ ਹੀ ਲਗਦੀ ਹੈ ਅਤੇ ਦੂਸਰਾ ਗੁਰਦਾਸ ਸਿੰਘ।

ਸੁਰਿੰਦਰ ਸਿੰਘ ਕੋਹਲੀ ਨੇ ਆਪਣੀ ਪੁਸਤਕ 'ਪੰਜਾਬੀ ਸਾਹਿਤ ਦਾ ਇਤਿਹਾਸ' ਵਿੱਚ ਦੋ ਗੁਰਦਾਸ ਹੀ ਦਸੇ ਹਨ। ਗੁਰਦਾਸ ਭੱਲਾ ਅਤੇ ਗੁਰਦਾਸ ਸਿੰਘ। ਉਨ੍ਹਾਂ ਨੇ ਦਸਿਆ ਹੈ ਕਿ 40ਵੀ ਵਾਰ ਦਾ ਕਰਤਾ ਕੋਈ ਹੋਰ ਗੁਰਸਿਖ ਨਹੀਂ ਸਗੋਂ ਗੁਰਦਾਸ ਭੱਲਾ ਹੀ ਹੈ ਕਿਉਂਕਿ 40ਵੀਂ ਵਾਰ ਵੀ ਪਹਿਲੀਆਂ 39 ਵਾਰਾਂ ਨਾਲ ਮੇਲ ਖਾਂਦੀ ਹੈ।

---

1. ਕਰਤਾਰ ਸਿੰਘ 'ਵਾਰਾਂ' ਭਾਈ ਗੁਰਦਾਸ ਜੀ ਦਾ ਤੁਕ- ਤਤਕਰਾ , ਪੰਨਾ 24 - 25
   ਕਰਤਾਰ ਸਿੰਘE.G 1085 -c ਗੋਬਿੰਦਗੜ੍ਹ ਜਲੰਧਰ, ਸਤੰਬਰ 1963
2. ਸ:ਸ:ਅਮੋਲ 'ਪੁਰਾਤਨ ਪੰਜਾਬੀ ਕਾਵਿ ਦਾ ਵਿਕਾਸ' ਪੰਨਾ 276, ਸਤੰਬਰ 1955.
3. ਸਰਦੂਲ ਸਿੰਘ 'ਭਾਈ ਗੁਰਦਾਸ' ਪੰਨਾ 87.
4. ਸੁਰਿੰਦਰ ਸਿੰਘ ਕੋਹਲੀ 'ਪੰਜਾਬੀ ਸਾਹਿਤ ਦਾ ਇਤਿਹਾਸ ਪੰਨਾ 155.

## ਜਨਮ

ਭਾਈ ਗੁਰਦਾਸ ਜੀ ਦੇ ਜਨਮ ਸੰਮਤ ਬਾਰੇ ਵਿਦਵਾਨਾਂ ਦੇ ਵਿਚਾਰਾਂ ਵਿਚ ਕਾਫੀ ਭਿੰਨਤਾ ਹੈ। ਇਸ ਭਿੰਨਤਾ ਦਾ ਕਾਰਣ ਇਹ ਹੈ ਕਿ ਅਸੀਂ ਕਿਸੇ ਵੀ ਮਹਾਨ ਵਿਅਕਤੀ ਦੀ ਪਹਿਲਾਂ ਕੀਮਤ ਨਹੀਂ ਸਮਝਦੇ। ਸਮੇਂ ਦੇ ਬੀਤਣ ਨਾਲ ਹੌਲੀ ਹੌਲੀ ਉਸ ਦੀ ਮਹਾਨਤਾ ਉਜਾਗਰ ਹੁੰਦੀ ਹੈ ਤਾਂ ਵੀ ਲੋਕ ਉਸ ਦੇ ਜਨਮ ਬਾਰੇ ਧਿਆਨ ਨਹੀਂ ਦਿੰਦੇ ਸਿਰਫ ਉਸ ਦੀ ਵਡਿਆਈ ਹੀ ਗਾਉਂਦੇ ਹਨ ਜਿਸ ਕਰਕੇ ਜਨਮ ਸੰਮਤ ਫਿਰ ਲੱਭਿਆਂ ਵੀ ਨਹੀਂ ਲੱਭਦਾ। ਖੁਸ਼ਵੰਤ[1] ਸਿੰਘ ਜੀ ਨੇ 'The History of the Sikhs' ਵਿਚ ਭਾਈ ਗੁਰਦਾਸ ਜੀ ਦਾ ਜਨਮ 1540 ਈ: ਤੇ 1560 ਈਸਵੀ ਦੇ ਵਿਚਕਾਰ ਦਸਿਆ ਹੈ। ਇਸੇ ਤਰ੍ਹਾਂ ਹੀ ਪ੍ਰੋ: ਸੁਰਿੰਦਰ[2] ਸਿੰਘ ਕੋਹਲੀ 'ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਭਾਈ ਸਾਹਿਬ ਦੇ ਜਨਮ ਬਾਰੇ ਲਿਖਦੇ ਹੋਏ ਦਸਦੇ ਹਨ ਕਿ ਉਨ੍ਹਾਂ ਦਾ ਜਨਮ 1559 ਈਸਵੀ ਵਿਚ ਹੋਇਆ।

ਗੁਰਬਿਲਾਸ ਅਨੁਸਾਰ ਭਾਈ ਜੀ ਦਾ ਜਨਮ 1607 ਵਿਚ ਹੋਇਆ ਅਤੇ ਸ:[3] ਰਣਧੀਰ ਸਿੰਘ ਜੀ ਨੇ ਭਾਈ ਕੇਸਰ ਸਿੰਘ ਜੀ ਛਿਬਰ ਅਨੁਸਾਰ ਭਾਈ ਗੁਰਦਾਸ ਜੀ ਦਾ ਜਨਮ 1608 ਵਿਚ ਹੋਇਆ ਦਸਿਆ ਹੈ।

ਭਾਈ ਵੀਰ ਸਿੰਘ[4] ਜੀ ਆਪਣੀ ਨਵੀਨ ਖੋਜ ਅਨੁਸਾਰ 'ਕਬਿਤ ਭਾਈ ਗੁਰਦਾਸ ਜੀ' ਦੂਸਰੇ ਸਕੰਧ ਵਿਚ ਭਾਈ ਜੀ ਦਾ ਜਨਮ 1602 ਤੇ 1610 ਦੇ ਵਿਚਕਾਰ ਹੋਇਆ ਦਸਦੇ ਹਨ। ਉਨ੍ਹਾਂ ਅਨੁਸਾਰ ਗੁਰੂ ਅਮਰਦਾਸ ਜੀ ਦੇ ਗੋਇੰਦਵਾਲ ਵਿਚ ਬਿਰਾਜਨ ਸਮੇਂ ਹੀ ਭਾਈ ਸਾਹਿਬ ਦਾ ਜਨਮ ਹੋਇਆ ਤਦ ਹੀ ਗੁਰੂ ਸਾਹਿਬਾਂ ਨੇ ਭਾਈ ਸਾਹਿਬ ਦੀ ਪ੍ਰਭਾਵਸ਼ਾਲੀ ਸ਼ਖਸੀਅਤ ਵੇਖ ਕੇ ਉਨ੍ਹਾਂ ਦਾ ਨਾਮ ਗੁਰੂ ਦਾ ਦਾਸ ਅਥਵਾ ਗੁਰਦਾਸ ਰਖਿਆ। ਸੋ ਭਾਈ ਗੁਰਦਾਸ ਜੀ ਦੇ ਜਨਮ ਬਾਰੇ ਠੀਕ ਤਾਰੀਖ ਜਾਂ ਸੰਨ ਕਿਤੋਂ ਵੀ ਨਹੀਂ ਮਿਲਦਾ। ਸਾਰੇ ਵਿਦਵਾਨ ਆਪਣਾ ਅਨੁਮਾਨ ਹੀ ਲਾਉਂਦੇ ਹਨ। ਸੋ ਇਨ੍ਹਾਂ ਦੇ ਜਨਮ ਬਾਰੇ ਸਮੂਹਿਕ ਵਿਦਵਾਨਾਂ ਦੀ ਇਹ ਹੀ ਰਾਏ ਹੈ ਕਿ ਭਾਈ ਗੁਰਦਾਸ ਜੀ ਤੀਸਰੀ ਪਾਤਸ਼ਾਹੀ ਗੁਰੂ ਅਮਰਦਾਸ ਜੀ ਦੇ ਸਮੇਂ ਵਿਚ ਹੋਏ ਅਤੇ ਉਨ੍ਹਾਂ ਦਾ ਸਮਾਂ 1479 - 1574 ਹੈ। ਇਸ ਲਈ ਭਾਈ ਸਾਹਿਬ ਇਸ ਸਮੇਂ ਦੇ ਵਿਚ ਹੋਏ।

1. ਖੁਸ਼ਵੰਤ ਸਿੰਘ 'The History of the Sikhs Volume, Bhai Gurdas, Page 310
2. ਸੁਰਿੰਦਰ ਸਿੰਘ ਕੋਹਲੀ 'ਪੰਜਾਬੀ ਸਾਹਿਤ ਦਾ ਇਤਿਹਾਸ' ਗੁਰਮਤ ਦਾ ਸਾਹਿਤ, ਪੰਨਾ 149
3. ਸ: ਰਣਧੀਰ ਸਿੰਘ 'ਪੰਜਾਬੀ ਦੁਨੀਆਂ' ਭਾਸ਼ਾ ਵਿਭਾਗ ਪਟਿਆਲਾ, ਗੁਰਦਾਸ ਅੰਕ ਸਤੰਬਰ ਅਕਤੂਬਰ, 1968 'ਭਾ: ਗੁਰਦਾਸ ਭੱਲੇ ਦਾ ਸੰਖੇਪ ਜੀਵਨ'
4. ਭਾਈ ਵੀਰ ਸਿੰਘ 'ਕਬਿਤ ਭਾਈ ਗੁਰਦਾਸ ਦੂਸਰਾ ਸਕੰਧ।

ਆਪ ਦਾ ਜਨਮ ਪਿੰਡ ਬਾਸਰਕੇ ਗਿਲਾ ਜ਼ਿਲਾ ਅੰਮ੍ਰਿਤਸਰ ਵਿਚ ਜਿਥੇ ਗੁਰਦੁਆਰਾ ਮੰਨ੍ਹ ਸਾਹਿਬ ਹੈ, ਸ੍ਰੀ ਦਾਤਾਰ ਚੰਦ ਜੀ ਦੇ ਘਰ ਹੋਇਆ। ਆਪ ਉਤੇ ਜਨਮ ਤੋਂ ਹੀ ਮਾਤਾ ਜੀਵਣੀ ਜੀ ਦੇ ਉਚ ਖਿਆਲਾਂ ਦਾ ਪ੍ਰਭਾਵ ਪੈ ਰਿਹਾ ਸੀ। ਜਨਮ ਤੋਂ ਹੀ ਉਚ ਆਦਰਸ਼ਾਂ ਅਤੇ ਉਚ ਭਾਵਾਂ ਦੀਆਂ ਲੋਰੀਆਂ ਲੈ ਰਹੇ ਸਨ। ਆਪ ਸਾਰਿਆਂ ਵਿਚ ਹੀ ਹਰਮਨ ਪਿਆਰੇ ਸਨ। ਆਪ ਅਜੇ ਛੋਟੇ ਹੀ ਸਨ ਕਿ ਆਪ ਜੀ ਦੇ ਪਿਤਾ ਜੀ ਚਲਾਣਾ ਕਰ ਗਏ। ਗੁਰੂ ਘਰ ਦੇ ਨਾਲ ਸਬੰਧਤ ਹੋਣ ਕਰਕੇ ਭਾਈ ਗੁਰਦਾਸ ਜੀ ਦੀ ਪਾਲਣਾਂ ਗੁਰੂ ਅਮਰਦਾਸ ਜੀ ਦੀ ਨਿਗਰਾਨੀ ਵਿਚ ਹੀ ਹੋਈ। ਸਭ ਸਿਖਾਂ ਅਤੇ ਵਿਦਵਾਨਾਂ ਦਾ ਆਪ ਨਾਲ ਬੜਾ ਪਿਆਰ ਸੀ।

ਭਾਈ ਵੀਰ ਸਿੰਘ ਜੀ ਅਨੁਸਾਰ:-

"ਸੋ[1] ਭਾਈ ਸਾਹਿਬ ਦੇ ਜੀਵਨ ਦਾ ਪਹਿਲਾ ਹਿੱਸਾ ਗੋਇੰਦਵਾਲ ਵਿਚ ਬੀਤਿਆ। ਆਪ ਦੇ ਬਚਪਨ ਕੁਮਾਰ, ਕਿਸ਼ੋਰ ਅਵਸਥਾ ਦੇ ਹਾਲਾਤ ਨਹੀਂ ਮਿਲਦੇ ਪਰ ਸਾਰਾ ਪਰਿਵਾਰ ਗੋਇੰਦਵਾਲ ਆ ਜਾਣ ਕਰਕੇ ਆਪ ਦਾ ਇਹ ਜੀਵਨ ਗੁਰੂ ਪ੍ਰਭਾਵ ਤੇ ਸਤਿਸੰਗ ਦੇ ਮੰਡਲ ਵਿਚ ਬੀਤਿਆ।"

ਵਿਦਿਆ:

ਭਾਈ ਗੁਰਦਾਸ ਜੀ ਸਮਾਂਦਰੂ ਕਵੀ ਸਨ। ਆਪ ਉਨ੍ਹਾਂ ਮਹਾਨ ਹਸਤੀਆਂ ਵਿਚੋਂ ਸਨ ਜਿਨ੍ਹਾਂ ਲਈ ਪੜ੍ਹਨਾਂ ਤਾਂ ਐਵੇਂ ਨਾਂ ਮਾਤਰ ਹੀ ਹੁੰਦਾ ਹੈ ਜੋ ਪਹਿਲੇ ਰੂਹ ਦੇ ਰੂਪ ਵਿਚ ਹੀ ਸ਼ਕਤੀ, ਵਿਦਿਆ ਅਤੇ ਤਜਰਬੇ ਦੇ ਮਾਲਕ ਹੁੰਦੇ ਹਨ। ਆਪ ਦੀ ਵਿਦਿਆ ਦਾ ਪ੍ਰਬੰਧ ਗੁਰੂ ਅਮਰਦਾਸ ਜੀ ਦੀ ਨਿਗਰਾਨੀ ਹੇਠ ਹੋਇਆ। ਭਾਈ ਸਾਹਿਬ ਦੇ ਵੇਲੇ ਦਾ ਸਾਰੇ ਦਾ ਸਾਰਾ ਵਾਯੂ ਮੰਡਲ ਵਿਦਿਆ ਦਾ ਸੀ। ਗੁਰੂ ਅਮਰਦਾਸ ਜੀ ਮਸ਼ਹੂਰ ਸਿਖਾਂ ਨੂੰ ਵਿਦਿਆ ਪੜ੍ਹਨ ਲਈ ਕਾਸ਼ੀ ਭੇਜਦੇ ਸਨ ਤੇ ਕਈ ਵਾਰੀ ਵਿਦਵਾਨ ਪੰਡਤਾਂ ਨੂੰ ਪੜ੍ਹਾਉਣ ਲਈ ਗੋਇੰਦਵਾਲ ਰਖ ਲੈਂਦੇ ਸਨ। ਗੁਰੂ ਅੰਗਦ ਦੇਵ ਜੀ ਦੇ ਸਮੇਂ ਤੋਂ ਹੀ ਗੋਇੰਦਵਾਲ ਵਿਦਿਆ ਦਾ ਖਾਸ ਕੇਂਦਰ ਬਣ ਚੁਕਿਆ ਸੀ। ਭਾਈ ਗੁਰਦਾਸ ਜੀ ਗੋਇੰਦਵਾਲ ਵੀ ਵਿਦਿਆ ਪ੍ਰਾਪਤ ਕਰਦੇ ਸਨ ਅਤੇ ਕਾਂਸ਼ੀ ਵੀ ਚਲੇ ਜਾਂਦੇ ਸਨ। ਆਪਣੇ ਵੇਲੇ ਦੇ ਸਮਝੇ ਜਾਂਦੇ ਚੋਟੀ ਦੇ ਵਿਦਵਾਨ ਕੇਸ਼ੋ ਗੋਪਾਲ ਪੰਡਿਤ ਜੀ ਨੇ ਆਪ ਨੂੰ ਸੰਸਕ੍ਰਿਤ ਪੜ੍ਹਾਉਣ ਲਈ ਕਾਫੀ ਸਮਾਂ ਦਿੱਤਾ। ਆਪ ਦੀ ਬੁੱਧੀ ਤੇਜ ਹੋਣ ਕਰਕੇ ਸੰਸਕ੍ਰਿਤ ਜਲਦੀ ਹੀ ਆ ਗਈ। ਮਾਨਸਿਕ ਵਿਦਿਆ ਦੇ ਅਸੂਲ ਵੀ ਆਪ ਚੰਗੀ ਤਰ੍ਹਾਂ ਸਮਝਦੇ ਸਨ। ਇਨਸਾਨ ਜਿਨ੍ਹਾਂ ਕਰਮਾਂ ਵਿਚ ਪਰਵਿਰਤ ਹੋਵੇ ਉਨ੍ਹਾਂ ਤੋਂ ਉਪਜੇ ਦੁਖਾਂ ਦੇ ਸਮੇਂ ਉਨ੍ਹਾਂ ਨੂੰ ਤਿਆਗਦਾ ਹੈ। ਪਰ ਸੁਖੀ ਹੁੰਦਿਆਂ ਹੀ ਫਿਰ ਉਨ੍ਹਾਂ ਵਿਚ ਹੀ ਪਰਵਿਰਤ ਹੋ ਜਾਂਦਾ ਹੈ।

---

1. ਭਾਈ ਵੀਰ ਸਿੰਘ 'ਕਬਿਤ ਭਾਈ ਗੁਰਦਾਸ' ਪੰਨਾ 27.

ਆਪ ਨੂੰ ਸਮੇਂ ਦੇ ਸ਼ਾਸਤਰਾਂ ਦੀ ਵਾਕਫੀ ਤੇ ਫਾਰਸੀ ਦੀ ਜਾਣਕਾਰੀ ਕਾਫੀ ਸੀ ਅਤੇ ਇਸਲਾਮ ਸਬੰਧੀ ਮੁਢਲੀ ਵਾਕਫੀਅਤ ਵੀ ਹਾਸਲ ਕੀਤੀ। ਵੱਖ ਵੱਖ ਥਾਵਾਂ ਉਤੇ ਪ੍ਰਚਾਰ ਲਈ ਜਾਣ ਕਰਕੇ ਵੀ ਆਪ ਦੇ ਗਿਆਨ ਵਿਚ ਬਹੁਤਾ ਵਾਧਾ ਹੋਇਆ ਕਿਉਂਕਿ ਆਪ ਬਾਹਰੋਂ ਆਏ ਪੰਡਤਾਂ ਨਾਲ ਗੋਸ਼ਟੀ ਵੀ ਕਰਦੇ ਸਨ ਅਤੇ ਉਨ੍ਹਾਂ ਦੇ ਪ੍ਰਸ਼ਨਾਂ ਦੇ ਉਤਰ ਵੀ ਦਿੰਦੇ ਸਨ। ਪੰਜਾਬੀ ਦੇ ਆਪ ਮਹਾਂ - ਕਵੀ ਤੇ ਉਸਤਾਦ ਸਨ। ਆਪ ਵੱਡੇ ਵੱਡੇ ਵਿਦਵਾਨਾਂ ਦੀ ਸੰਗਤ ਤੋਂ ਉਚ ਵਿਦਿਆ ਪਰਾਪਤ ਕਰਨ ਤੋਂ ਸੰਕੋਚ ਨਹੀਂ ਕਰਦੇ ਸਨ। ਭਾਈ ਸਾਹਿਬ ਜੀ ਕੋਲ ਕੀਰਤਨ ਦੀ ਦਾਤ ਇਲਾਹੀ ਸੀ। ਆਪ ਰਾਗ ਦੇ ਵੀ ਮਾਹਰ ਸਨ। ਹਰ ਰੋਜ਼ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਕਰਦੇ ਅਤੇ ਸੰਗਤਾਂ ਨੂੰ ਨਿਹਾਲ ਕਰਦੇ ਸਨ। ਆਪ ਕਰਨੀ ਸਹਿਤ ਵਿਦਵਾਨ ਸਨ। ਆਪ ਜੀ ਦੀ ਕਥਨੀ, ਕਹਿਣੀ ਤੇ ਕਰਨੀ ਇਕ ਸੀ। ਭਾਈ ਸਾਹਿਬ ਜੀ ਨੇ ਦੂਰੋਂ ਦੂਰੋਂ ਗੁਰਬਾਣੀ ਇਕੱਤਰ ਕੀਤੀ। ਆਪ ਵਿਚ ਖਾਸ ਯੋਗਤਾ ਵੇਖ ਕੇ ਗੁਰੂ ਅਰਜਨ ਦੇਵ ਜੀ ਨੇ ਆਪ ਨੂੰ ਹੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਨ ਲਈ ਨਿਵਾਜਿਆ। ਆਪ ਗੁਰੂ ਜੀ ਦੇ ਨਿਕਟਵਰਤੀ ਸ਼ਰਧਾਲੂ ਵਿਦਵਾਨ ਕਵੀ ਸਨ। ਆਪ ਦੀ ਕਵਿਤਾ ਸੁਤੇ ਸਿਧ ਹੀ ਸਿਫਤ ਸਲਾਹ ਅਤੇ ਗੁਣਾਂ ਦਾ ਵਰਨਣ ਕਰਨ ਵਾਲੀ ਤੇ ਰਸਦਾਇਕ ਸੀ। ਆਪ ਸ਼ਸ਼ਤਰ ਵਿਦਿਆ ਦੇ ਵੀ ਧਾਰਨੀ ਸਨ। ਆਗੂ ਹੋ ਕੇ ਗੁਰ ਸਿਖਾਂ ਨੂੰ ਸ਼ਸ਼ਤਰ ਵਿਦਿਆ ਸਿਖਾਉਣ ਲਈ ਸਿਰੇ ਦਾ ਪ੍ਰਬੰਧ ਕੀਤਾ। ਭਾਈ ਗੁਰਦਾਸ ਜੀ ਵਿਦਿਆ ਵਿਚ ਇਤਨੇ ਮਾਹਿਰ ਸਨ ਕਿ ਤਕਰੀਬਨ ਸਾਰੀਆਂ ਬੋਲੀਆਂ ਤੋਂ ਜਾਣੂ ਸਨ। ਆਪ ਨੇ ਆਪਣੀਆਂ ਵਾਰਾਂ ਨਿਰੋਲ ਪੰਜਾਬੀ ਵਿਚ ਲਿਖੀਆਂ ਹਨ ਪਰ ਉਨ੍ਹਾਂ ਵਿਚ ਬ੍ਰਜੀ, ਸੰਸਕ੍ਰਿਤ ਅਤੇ ਫਾਰਸੀ ਦੇ ਸ਼ਬਦ ਵੀ ਵਰਤ ਲਏ ਹਨ। 'ਕਬਿੱਤ ਤੇ ਸਵਯੇ ' ਬ੍ਰਿਜ ਭਾਸ਼ਾ ਵਿਚ ਲਿਖੇ ਹੋਏ ਮਿਲਦੇ ਹਨ। ਸਮੇਂ ਸਮੇਂ ਅਨੁਸਾਰ ਬਾਕੀ ਦੇਸ਼ਾਂ ਵਿਚ ਗੁਰਮਤ ਦੇ ਪ੍ਰਚਾਰ ਲਈ ਜਾਣ ਕਰਕੇ ਉਥੋਂ ਦੀ ਬੋਲੀ ਦਾ ਪ੍ਰਭਾਵ ਹੋਣਾਂ ਅਵਸ਼ਕ ਸੀ। ਸੋ ਭਾਈ ਗੁਰਦਾਸ ਜੀ ਨੇ ਆਪਣੀ ਲੋੜ ਅਨੁਸਾਰ ਦੂਸਰੀਆਂ ਬੋਲੀਆਂ ਤੋਂ ਸ਼ਬਦ ਲੈ ਕੇ ਵਰਤਨ ਤੋਂ ਵੀ ਸੰਕੋਚ ਨਹੀਂ ਕੀਤਾ। ਇਹ ਇਹਨਾਂ ਦੀ ਡੂੰਘੀ ਵਿਦਿਆ ਦਾ ਹੀ ਸੂਚਕ ਹੈ।

## ਗੁਰਮਤ ਦਾ ਪ੍ਰਚਾਰ :

ਭਾਈ ਗੁਰਦਾਸ ਜੀ ਗੁਰੂ ਸਾਹਿਬ ਦੇ ਹੁਕਮ ਦੀ ਪਾਲਣਾ ਕਰਨ ਲਈ ਜਗ੍ਹਾ ਜਗ੍ਹਾ ਗੁਰਮਤ ਦਾ ਪ੍ਰਚਾਰ ਕਰਨ ਲਈ ਜਾਂਦੇ ਸਨ। ਇਹ ਰਵਾਇਤ ਪ੍ਰਚਲਤ ਹੈ ਕਿ ਗੁਰੂ ਅਮਰਦਾਸ ਜੀ ਦੇ ਸਮੇਂ ਵਿਚ ਚੰਬੇ, ਜੰਮੂ ਆਦਿ ਪਹਾੜਾਂ ਵਿਚ ਪ੍ਰਚਾਰ ਲਈ ਵੀ ਘੱਲਿਆ ਗਿਆ ਸੀ।ਸੋ ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਸਮਾਉਣ ਵੇਲੇ ਆਪ ਬਾਹਰ ਹੀ ਗਏ ਹੋਏ ਸਨ। ਜਦੋਂ ਭਾਈ ਸਾਹਿਬਾਂ ਨੇ ਆਪ ਨੂੰ ਸਿੱਖੀ ਦੇ ਪ੍ਰਚਾਰ ਲਈ ਆਗਰੇ ਭੇਜਿਆ। ਸੋ ਕਿਹਾ ਜਾਂਦਾ ਹੈ ਕਿ ਇਉਂ ਪ੍ਰਚਾਰ ਕਰਦੇ ਹੋਏ ਪੰਜਾਬ ਲੰਘ ਹਰਦੁਆਰ, ਦਿੱਲੀ ਆਦਿ ਥਾਵਾਂ ਤੇ ਹੁੰਦੇ ਹੋਏ ਮਥਰਾ ਪੁਜੇ ਇਥੇ ਰਹਿ ਕੇ ਆਪ ਜੀ ਨੇ ਸਿਖੀ ਦੇ ਪ੍ਰਚਾਰ ਸੇਵਾ ਨੂੰ ਸੰਭਾਲਿਆ। ਆਪ ਸਿਰਫ ਆਗਰੇ ਹੀ ਨਹੀਂ ਰਹਿੰਦੇ ਸਨ

ਸਗੋਂ ਰਾਜਪੂਤਾਨੇ ਹੁੰਦੇ ਹੋਏ ਦੱਖਣ ਵਲ ਬੁਰਹਾਨਪੁਰ ਤੀਕ, ਪੂਰਬ ਵਲ ਬਿਹਾਰ ਤਕ ਤੇ ਉਤਰ ਵਲ ਲਖਨਊ ਆਦਿ ਥਾਵਾਂ ਤਕ ਵੀ ਦੌਰੇ ਕਰਦੇ ਸਨ। ਗੁਰੂ ਰਾਮਦਾਸ ਜੀ ਦੇ ਗੁਰਪੁਰੀ ਸੁਧਾਰਨ ਸਮੇਂ ਆਪ ਆਗਰੇ ਹੀ ਸਨ ਤਾਂ ਉਥੋਂ ਸੰਗਤ ਸਮੇਂ ਪੰਜਾਬ ਆਏ। ਬੇਸ਼ਕ ਭਾਈ ਸਾਹਿਬ ਪਾਠ,ਕੀਰਤਨ ਅਤੇ ਪਰਚਾਰ ਵਿਚ ਲੱਗੇ ਰਹਿੰਦੇ ਸਨ ਪਰ ਗੁਰੂ ਰਾਮਦਾਸ ਜੀ ਦੇ ਵਿਛੋੜੇ ਕਰਕੇ ਉਦਾਸੀ ਵਿਚ ਰਹਿੰਦੇ ਸਨ। ਵਿਛੋੜੇ ਦਾ ਦੁਖ ਬਹੁਤ ਹੋਣ ਕਰਕੇ ਕਈ ਕਈ ਦਿਨ ਖਾਧੇ ਪੀਤੇ ਤੋਂ ਬਿਨਾਂ ਹੀ ਰਹਿੰਦੇ ਸਨ ਪਰ ਦੂਸਰੇ ਪਾਸੇ ਕੰਮ ਬਹੁਤ ਜ਼ਿਆਦਾ ਸਨ ਜਿਨ੍ਹਾਂ ਦੀ ਜ਼ਿਮੇਵਾਰੀ ਬਹੁਤ ਭਾਈ ਸਾਹਿਬ ਉਤੇ ਹੀ ਸੀ।

ਉਸ ਸਮੇਂ ਸ੍ਰੀ ਗੁਰੂ ਰਾਮਦਾਸ ਜੀ ਦਾ ਵੱਡਾ ਲੜਕਾ ਪ੍ਰਿਥੀ ਚੰਦ ਗੱਦੀ ਦਾ ਵਾਰਸ ਆਪਣੇ ਆਪ ਨੂੰ ਸਮਝਦਾ ਸੀ ਇਸ ਲਈ ਸਾਰੇ ਖਜ਼ਾਨੇ ਉਤੇ ਉਸ ਨੇ ਆਪਣਾ ਹੱਕ ਜਮਾਇਆ ਹੋਇਆ ਸੀ। ਸੰਗਤਾਂ ਵਿਚ ਆਪਣੇ ਗੁਰੂ ਹੋਣ ਦਾ ਝੂਠਾ ਪ੍ਰਚਾਰ ਕਰਕੇ ਉਹ ਸੰਗਤਾਂ ਨੂੰ ਗਲਤ ਰਸਤੇ ਪਾ ਰਿਹਾ ਸੀ। ਸੰਗਤਾਂ ਦਾ ਭੁਲੇਖੇ ਵਿਚ ਪੈਣ ਕਰਕੇ ਗੁਰੂ ਘਰ ਦੀ ਆਮਦਨ ਬਹੁਤ ਘਟ ਗਈ ਸੀ। ਕਈ ਵਾਰੀ ਤਾਂ ਲੰਗਰ ਮਸਤਾਨਾਂ ਵੀ ਹੋ ਜਾਂਦਾ ਸੀ। ਸੋ ਸੰਗਤਾਂ ਨੂੰ ਸਿੱਧੇ ਰਸਤੇ ਤੇ ਲਿਆਉਣ ਅਤੇ ਮਾਇਆ ਦੀ ਕਮੀ ਨੂੰ ਪੂਰੀ ਕਰਨ ਲਈ ਦਸਵੰਧ ਕੱਢਣ ਦੇ ਖਿਆਲ ਨੂੰ ਸੰਗਤਾਂ ਵਿਚ ਪਰਚਾਰਨਾਂ ਅਤੇ ਵਰਤੋਂ ਵਿਚ ਲਿਆਉਣਾ ਸੀ। ਕਾਂਸ਼ੀ ਤੋਂ ਸੱਦੇ ਆ ਰਹੇ ਸਨ ਕਿ ਭਾਈ ਗੁਰਦਾਸ ਨੂੰ ਛੇਤੀ ਭੇਜੋ। ਸੋ ਪਰਚਾਰ ਦੀ ਸਖਤ ਜ਼ਰੂਰਤ ਸਮਝ ਕੇ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਦੇ ਵੈਰਾਗੀ ਮਨ ਨੂੰ ਉਤਸ਼ਾਹ ਦਿੱਤਾ ਅਤੇ ਆਪਣੀ ਅਮੋਲਕ ਦਾਤ ਨੂੰ ਦੇਸ਼- ਦੇਸ਼ਾਂਤਰਾਂ ਵਿਚ ਪਰਚਾਰਨ ਲਈ ਆਗਿਆ ਕੀਤੀ। ਸੋ ਗੁਰੂ ਮਹਾਰਾਜ ਦੇ ਹੁਕਮ ਨੂੰ ਮੰਨ ਕੇ ਭਾਈ ਸਾਹਿਬ ਜੀ ਪਿਸ਼ਾਵਰ, ਕਾਬਲ, ਕੰਧਾਰ ਅਤੇ ਹੋਰ ਕਈਆਂ ਥਾਵਾਂ ਤੇ ਪਹੁੰਚੇ ਅਤੇ ਗੁਰਸਿੱਖੀ ਦਾ ਪਰਚਾਰ ਕੀਤਾ।

ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਵੇਲੇ ਭਾਈ ਗੁਰਦਾਸ ਜੀ ਦੀ ਉਮਰ 70 ਕੁ ਸਾਲ ਹੋ ਚੁਕੀ ਸੀ ਪਰ ਸਰੀਰ ਅਤੇ ਆਤਮਾਂ ਦੇ ਮਜ਼ਬੂਤ ਹੋਣ ਕਰਕੇ ਆਪ ਦੇਸ਼ਾਂ ਵਿਚ ਪਰਚਾਰ ਲਈ ਜਾਇਆ ਕਰਦੇ ਸਨ। ਉਸ ਸਮੇਂ ਕਾਂਸ਼ੀ ਦੇ ਰਾਏ ਜੀ ਜੋ ਗੁਰੂ ਰਾਮਦਾਸ ਜੀ ਦੇ ਵੇਲੇ ਤੋਂ ਹੀ ਗੁਰੂ ਘਰ ਦੇ ਸ਼ਰਧਾਲੂ ਚਲੇ ਆ ਰਹੇ ਸਨ, ਭਾਈ ਗੁਰਦਾਸ ਜੀ ਤੋਂ 'ਜਪੁਜੀ ਸਾਹਿਬ' ਦੇ ਅਰਥ ਵਿਚਾਰ ਸੁਣਨ ਦੀ ਬਹੁਤ ਇਛਾ ਰਖਦੇ ਸਨ ਕਿਉਂਕ ਉਹ ਪਹਿਲਾਂ ਭਾਈ ਸਾਹਿਬ ਜੀ ਤੋਂ ਕੁਝ ਪਉੜੀਆਂ ਦੇ ਅਰਥ ਸੁਣ ਚੁਕੇ ਸਨ। ਉਸੇ ਅਨੰਦ ਨੂੰ ਫਿਰ ਮਾਨਣ ਲਈ ਗੁਰਦਾਸ ਜੀ ਨੂੰ ਦਰਸ਼ਨ ਦੇਣ ਲਈ ਬੇਨਤੀ ਕੀਤੀ। ਗੁਰੂ ਸਾਹਿਬਾਂ ਨੇ ਸੰਗਤ ਦੀ ਬੇਨਤੀ ਮਨ ਕੇ ਭਾਈ ਜੀ ਨੂੰ ਕਾਂਸ਼ੀ ਭੇਜ ਦਿੱਤਾ। ਰਾਏ ਸਾਹਿਬ ਦੀ ਬੇਨਤੀ ਨੂੰ ਮੰਨਦਿਆਂ ਹੋਇਆਂ ਇਕ ਪਉੜੀ ਦੀ ਕਥਾ ਰੋਜ਼ ਨੇਮ ਨਾਲ ਸੁਨਾਉਣ ਦਾ ਫੈਸਲਾ ਹੋਇਆ। ਸਾਰੀ ਜਨਤਾ ਨੂੰ ਖਬਰ ਪਹੁੰਚ ਗਈ ਕਿ ਕਥਾ ਦਾ ਅਰੰਭ ਹੋ ਚੁਕਾ ਹੈ। ਸਾਰੇ ਆਪਣੇ ਆਪਣੇ ਸ਼ੰਕੇ ਨਵਿਰਤ ਕਰਨ ਲਗੇ।

ਭਾਈ ਸਾਹਿਬ ਜੀ ਦਾ ਜੀਵਨ ਗੁਰਮਤ ਅਨੁਸਾਰ ਸੀ ਅਤੇ ਆਪ ਦੀ ਜੀਵਨ ਚਾਲ ਵੀ ਬਾਣੀ ਅਨੁਸਾਰ ਸੀ ਅਤੇ ਪਰਚਾਰ ਵੀ ਗੁਰਬਾਣੀ ਦਾ ਹੀ ਕਰਦੇ ਸਨ। ਜਿਹੜੀਆਂ ਬਰੀਕੀਆਂ ਕਰਕੇ ਮਨੁਖੀ ਮਨ ਭੁਲੇਖੇ ਖਾਂਦਾ ਹੈ ਅਤੇ ਪਰਮਾਤਮਾਂ ਤੋਂ ਵਿਛੜਦਾ ਹੈ ਆਪ ਚੰਗੀ ਤਰ੍ਹਾਂ ਜਾਣਦੇ ਸਨ। ਸੰਸਾਰੀ ਮਨੁਖ ਨੂੰ ਭੁਲਾ ਹੋਇਆ ਵੇਖ ਕੇ ਇਨ੍ਹਾਂ ਦਾ ਪਰਉਪਕਾਰੀ ਮਨ ਉਨ੍ਹਾਂ ਨੂੰ ਕੱਢਣ ਲਈ ਬਰੀਕੀਆਂ ਵਿਚ ਪਿਆ ਅਤੇ ਦੇਸ਼ - ਦੇਸ਼ਾਂਤਰਾਂ ਵਿਚ ਜਾ ਕੇ ਸੰਗਤਾਂ ਨਾਲ ਖੁਲ੍ਹੀਆਂ ਵਿਚਾਰਾਂ ਕੀਤੀਆਂ ਆਪ ਨੇ ਗੁਰਬਾਣੀ ਨਾਲ ਜੋੜਨ ਦੇ ਢੰਗ, ਗੁਰਚਰਨਾਂ ਨਾਲ ਪ੍ਰੀਤ ਆਦਿਕ ਵਿਸ਼ਿਆਂ ਨੂੰ ਦ੍ਰਿੜਾਇਆ। ਸੋ ਭਾਈ ਗੁਰਦਾਸ ਜੀ ਨੇ ਗੁਰੂ ਘਰ ਦੇ ਸਬੰਧੀ ਅਤੇ ਪੂਰਨ ਗੁਰਸਿੱਖ ਹੋਣ ਦੇ ਨਾਤੇ ਆਪਣੇ ਕੰਮ ਨੂੰ ਪੂਰੀ ਤਰ੍ਹਾਂ ਨਿਭਾਇਆ। ਆਪ ਸਤਿਗੁਰ ਦੇ ਚਰਨਾਂ ਦੇ ਭੌਰੇ ਸਨ ਜੋ ਕਿ ਗੁਰੂ ਦੇ ਹਰ ਕੰਮ ਨੂੰ ਹਰ ਵਕਤ ਕਰਨ ਲਈ ਤਤਪਰ ਰਹਿੰਦੇ ਸਨ।

<u>ਗੁਰੂ ਘਰ ਨਾਲ ਸਬੰਧ:</u>

ਭਾਈ ਗੁਰਦਾਸ ਜੀ ਗੁਰੂ ਅਮਰਦਾਸ ਜੀ ਦੇ ਭਤੀਜੇ ਹੋਣ ਕਰਕੇ ਸਿਖ ਧਰਮ ਨਾਲ ਜ਼ਿਆਦਾ ਸਬੰਧ ਰਖਦੇ ਸਨ। ਭਾਈ ਸਾਹਿਬ ਜੀ ਦਾ ਗੁਰੂ ਘਰ ਨਾਲ ਸਬੰਧ ਤੀਸਰੀ ਪਾਤਸ਼ਾਹੀ ਤੋਂ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿ ਗੋਬਿੰਦ ਜੀ ਤਕ ਦਾ ਦਸਿਆ ਜਾਂਦਾ ਹੈ ਕਿਉਂਕਿ ਭਾਈ ਗੁਰਦਾਸ ਜੀ ਨੇ ਆਪ ਹੀ ਛੇਵੀਂ ਪਾਤਸ਼ਾਹੀ ਤਕ ਹੀ ਕਈ ਵਾਰਾਂ ਵਿਚ ਜ਼ਿਕਰ ਕੀਤਾ ਹੈ। ਪਹਿਲੀ ਵਾਰ ਵਿਚ ਵੀ ਗੁਰੂ ਹਰਿ ਗੋਬਿੰਦ ਜੀ ਤੋਂ ਬਾਅਦ ਦੇ ਗੁਰੂ ਸਾਹਿਬਾਂ ਦਾ ਕੋਈ ਜ਼ਿਕਰ ਨਹੀਂ। ਬਚਪਨ ਤੋਂ ਹੀ ਆਪ ਪ੍ਰਭਾਵਸ਼ਾਲੀ ਸ਼ਖਸੀਅਤ ਦੇ ਮਾਲਕ ਸਨ। ਭਾਈ ਸਾਹਿਬ ਜੀ ਦਾ ਗੁਰੂ ਸਾਹਿਬਾਂ ਨਾਲ ਦੁਨਿਆਵੀ ਰਿਸ਼ਤੇ ਤੋਂ ਬਿਨਾਂ ਆਤਮਕ ਰਿਸ਼ਤਾ ਵੀ ਸੀ।

ਜਦੋਂ ਸ੍ਰੀ ਗੁਰੂ ਅਮਰਦਾਸ ਜੀ 1631 ਵਿਚ ਜੋਤੀ ਜੋਤ ਸਮਾ ਗਏ ਤਾਂ ਗੱਦੀ ਤੇ ਗੁਰੂ ਰਾਮਦਾਸ ਜੀ ਬਿਰਾਜਮਾਨ ਹੋਏ। ਆਪ ਗੁਰੂ ਅਮਰਦਾਸ ਜੀ ਦੇ ਜਵਾਈ ਸਨ। ਜਦੋਂ ਗੁਰੂ ਅਮਰਦਾਸ ਜੀ ਜੋਤੀ ਜੋਤ ਸਮਾਏ ਤਾਂ ਉਸ ਵਕਤ ਭਾਈ ਗੁਰਦਾਸ ਜੀ ਬਾਹਰ ਪਰਚਾਰ ਲਈ ਗਏ ਹੋਏ ਸਨ। ਵੈਰਾਗ ਵਿਚ ਪਰੋਤੇ ਹੋਏ ਭਾਈ ਸਾਹਿਬ ਨਵੀਂ ਗੁਰ ਜੋਤੀ ਦੇ ਦਰਸ਼ਨਾਂ ਲਈ ਆਏ। ਗੁਰੂ ਰਾਮਦਾਸ ਵਿਚ ਗੁਰੂ ਅਮਰਦਾਸ ਜੀ ਦੀ ਪਰਤੱਖ ਜੋਤੀ ਵੇਖ ਕੇ ਆਪ ਨੇ ਉਚਾਰਿਆ:-

" ਰਾਗ ਦੋਖ ਨਿਰਦੋਖੁ ਹੈ ਰਾਜੁ ਜੋਗ ਵਰਤੈ ਵਰਤਾਰਾ।
ਸਹਜ ਸਮਾਧਿ ਅਗਾਧਿ ਬੋਧਿ ਸਤਿਗੁਰੁ ਸਚੁ ਸਵਾਰਣਹਾਰਾ।
ਸ਼ਬਦ ਸੁਰਤਿ ਗੁਰ ਸਿਖੁ ਹੋਇ ਅਨਹਦ ਬਾਣੀ ਨਿਝਰਧਾਰਾ।
ਤਖਤੁ ਬਖਤੁ ਪਰਗਟੁ ਪਹਾਰਾ"। (24/14 )

ਭਾਈ ਜੀ ਨੇ ਗੁਰੂ ਰਾਮਦਾਸ ਜੀ ਦੀ ਸ਼ਰਨ ਪ੍ਰਾਪਤ ਕਰਦਿਆਂ ਹੋਇਆਂ ਕਿਹਾ:-

' ਮੋਕਉ ਸਿਖੀ ਦੇਹੁ ਮਹਾਨੀ'

ਤਾਂ ਗੁਰੂ ਸਾਹਿਬਾਂ ਨੇ ਆਪ ਦਾ ਅਨੰਤ ਪਿਆਰ ਵੇਖ ਕੇ ਇਸ ਤਰ੍ਹਾਂ ਵਾਕ ਕੀਤਾ:-

' ਸਿਮਰਹੁ ਵਾਹਿਗੁਰੂ ਸਤਿਨਾਮ
ਜਾਂਤੇ ਪਾਵਹੁ ਸੁਖ ਬਿਸਰਾਮ
ਅਬ ਤੁਮ ਆਗਰੇ ਮਾਂਹਿ ਸਿਧਾਵਹੁ। '

ਭਾਈ ਸਾਹਿਬ ਆਗਰੇ ਹੀ ਗੁਰਮਤ ਦਾ ਪ੍ਰਚਾਰ ਕਰਦੇ ਰਹੇ। ਉਹ ਅਜੇ ਆਗਰੇ ਹੀ ਸਨ ਕਿ ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾਉਣ ਦੀ ਸੋ ਮਿਲੀ। ਆਪ ਦੇ ~~ਹਿਰਦੇ ਨੇ ਵਿਛੋੜੇ ਨੂੰ~~ ਬਹੁਤ ਅਨੁਭਵ ਕੀਤਾ। ਆਗਰੇ ਹੁਣ ਦਿਲ ਨਾ ਲਗਣ ਕਰਕੇ ਆਪ ਜੀ ਨੇ ਵਾਪਸੀ ਦੇ ਕਮਰਕੱਸੇ ਕੀਤੇ। ਗੋਇੰਦਵਾਲ ਆ ਕੇ ਗੁਰੂ ਅਮਰਦਾਸ ਜੀ ਦੇ ਪਰਿਵਾਰ ਨੂੰ ਮਿਲੇ ਅਤੇ ਰਾਮਦਾਸ ਪੁਰੇ ਲਈ ਚਲ ਪਏ। ਅਗੇ ਗੁਰੂ ਅਰਜਨ ਜੀ ਮਹਾਰਾਜ, ਗੁਰੂ ਰਾਮਦਾਸ ਜੀ ਦੇ ਛੋਟੇ ਸਪੁਤਰ ਸਿੰਘਾਸਨ ਤੇ ਆਪਣੀ ਜੋਤ ਦਾ ਪ੍ਰਕਾਸ਼ ਖਿਲਾਰ ਰਹੇ ਸਨ। ਉਹ ਹੀ ਰੂਪ, ਰੰਗ ਤੇ ਜੋਤ ਵੇਖ ਕੇ ਆਪ ਤੋਂ ਰਹਿ ਨਾ ਹੋਇਆ ਤੇ ਧਾਕੇ ਗੁਰੂ ਸਾਹਿਬਾਂ ਦੀ ਚਰਨੀ ਜਾ ਢੱਠੇ। ਬੇਸ਼ਕ ਭਾਈ ਗੁਰਦਾਸ ਜੀ ਰਿਸ਼ਤੇਦਾਰੀ ਕਰਕੇ ਗੁਰੂ ਅਰਜਨ ਦੇਵ ਜੀ ਦੇ ਮਾਮੇ ਸਨ ਪਰ ਗੁਰਸਿਖੀ ਦਾ ਸੱਚਾ ਸਾਕ ਸਰਬੋਤਮ ਹੋਣ ਕਰਕੇ ਆਪ ਹਮੇਸ਼ਾਂ ਗੁਰੂ ਸਾਹਿਬਾਂ ਦੇ ਚਰਨੀ ਪੈਂਦੇ ਸਨ। ਗੁਰੂ ਸਾਹਿਬਾਂ ਦੀ ਗੈਰ ਹਾਜ਼ਰੀ ਵਿਚ ਸਾਰੇ ਕੰਮ ਦਾ ਪ੍ਰਬੰਧ ਆਪ ਦੇ ਸਪੁਰਦ ਹੀ ਹੁੰਦਾ ਸੀ, ਦੁਨਿਆਵੀ ਰਿਸ਼ਤੇ ਵਿਚ ਵੱਡੇ ਹੋਣ ਕਰਕੇ ਆਪ ਨੇ ਪ੍ਰਿਥੀਚੰਦ ਨੂੰ ਬਹੁਤ ਸਮਝਾਇਆ ਤਾਂ ਕਿ ਉਹ ਗੁਰੂ ਸਾਹਿਬਾਂ ਨਾਲ ਵੈਰ ਭਾਵ ਛਡ ਕੇ ਠੀਕ ਰਸਤੇ ਉਤੇ ਆ ਜਾਵੇ।

ਆਪ ਜੀ ਨੇ ਗੁਰਬਾਣੀ ਨੂੰ ਦੂਰ ਦੂਰ ਤੋਂ ਇਕੱਠਾ ਕਰਨ ਵਿਚ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਬਹੁਤ ਸਹਾਇਤਾ ਕੀਤੀ। ਗੁਰੂ ਸਾਹਿਬਾਂ ਨੇ ਆਪ ਨੂੰ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਣ ਦੀ ਸੇਵਾ ਬਖਸ਼ ਕੇ ਹਮੇਸ਼ਾਂ ਲਈ ਅਮਰ ਕਰ ਦਿੱਤਾ। ਗੁਰੂ ਅਰਜਨ ਜੀ ਦੇ ਜੋਤੀ ਜੋਤ ਸਮਾਉਣ ਤੇ ਅਰਦਾਸਾ ਭਾਈ ਗੁਰਦਾਸ ਜੀ ਨੇ ਹੀ ਸੋਧਿਆ ਤੇ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੂੰ ਗੁਰਗੱਦੀ ਤੇ ਬਿਰਾਜਮਾਨ ਕਰਨ ਵੇਲੇ ਵੀ ਆਪ ਮੌਜੂਦ ਸਨ।[1] ਗੁਰਬਿਲਾਸ ਵਿਚ ਲਿਖਿਆ ਹੈ ਕਿ ਅਕਾਲ ਤਖਤ ਦੇ ਪਹਿਲੇ ਸੇਵਾਦਾਰ ਭਾਈ ਗੁਰਦਾਸ ਜੀ ਸਥਾਪਤ ਕੀਤੇ ਗਏ।

ਜਦੋਂ ਗੁਰ ਹਰਿ ਗੋਬਿੰਦ ਜੀ ਨੂੰ ਦਿੱਲੀ ਜਾਣ ਦਾ ਸੱਦਾ ਆਇਆ ਤਾਂ ਭਾਈ ਗੁਰਦਾਸ ਜੀ ਹੀ ਸਲਾਹ ਮਸ਼ਵਰੇ ਵਿਚ ਸ਼ਾਮਲ ਸਨ ਤੇ ਇਨ੍ਹਾਂ ਦੀ ਸਲਾਹ ਨਾਲ ਹੀ ਸ੍ਰੀ ਪਾਵਨ ਮਾਤਾ ਜੀ ਨੇ ਗੁਰੂ ਜੀ ਨੂੰ ਜਾਣ ਦੀ ਆਗਿਆ ਦਿੱਤੀ ਸੀ ਅਤੇ ਗੁਰੂ ਜੀ ਨੇ ਤੁਰਨ ਵੇਲੇ ਮਾਤਾ ਜੀ ਦੀ ਤਾਬਿਆ ਦੋਹਾਂ ਬਜ਼ੁਰਗਾਂ ਨੂੰ ਪ੍ਰਬੰਧ ਤੇ ਥਾਪਿਆ ਸੀ:-

੧.'ਤਖਤ ਪਜ ਕਰਿਯੋ ਨਿਮਿਤ ਗੁਰਦਾਸ ਭਾਈ ਠਹਿਰਾਇ" ਗੁਰਬਿਲਾਸ ਪਾ:6 ਪੰਨਾ 140
1. ਭਾਈ ਵੀਰ ਸਿੰਘ ਜੀ 'ਕਬਿੱਤ ਭਾਈ ਗੁਰਦਾਸ'

1
" ਪਾਛੈ ਬ੍ਰਿਧ ਭਾਈ ਗੁਰਦਾਸ। ਸਕਲ ਕਾਰ ਕਰਿਹੈਂ ਤੁਮ ਪਾਸ
ਸਭ ਬਿਧਿ ਮਹਿ ਦੋਨੋ ਬਹੁ ਸਧਾਨੇ। ਹਰਿ ਮੰਦਰ ਕੀ ਸੇਵ ਮਹਾਨੇ"।

ਗੁਰਦੇਵ ਜੀ ਦਾ ਬਚਪਨ ਆਪ ਦੀ ਖਾਸ ਨਿਗਰਾਨੀ ਹੇਠ ਗੁਜਰਿਆ ਸੀ। ਭਾਈ ਸਾਹਿਬ ਸ਼ੁਰੂ ਤੋਂ ਹੀ ਸੇਵਾ ਵਿਚ ਰਹੇ।

ਭਾਈ ਗੁਰਦਾਸ ਜੀ ਹਰ ਤਰ੍ਹਾਂ ਨਾਲ ਕੰਮ ਨੂੰ ਸਿਰੇ ਚੜ੍ਹਾਉਣ ਵਾਲੇ ਸਨ। ਸਤਿਗੁਰ ਜੀ ਦੀ ਬਖਸ਼ਸ਼ ਆਪ ਦੇ ਨਾਲ ਸੀ। ਆਪ ਦਾ ਗੁਰੂ ਸਾਹਿਬਾਂ ਨਾਲ ਨੇੜੇ ਤੇੜੇ ਦਾ ਸਬੰਧ ਸੀ। ਘਰ ਬਾਰ, ਪਰਿਵਾਰ ਸਭ ਗੁਰੂ ਹੀ ਤਾਂ ਸੀ। ਭਾਈ ਸਾਹਿਬ ਹਰ ਕੰਮ ਨੂੰ ਗੁਰੂ ਦੇ ਦਾਸ ਹੋ ਕੇ ਨਿਭਾਉਂਦੇ ਸਨ।

## ਕਵੀ ਗੁਰਦਾਸ:

ਭਾਈ ਗੁਰਦਾਸ ਜੀ ਜਮਾਂਦਰੂ ਕਵੀ ਸਨ। ਆਪ ਦੀ ਬੁੱਧੀ ਪਹਿਲਾਂ ਹੀ ਪ੍ਰਕਾਸ਼ਮਾਨ ਸੀ। ਇਹ ਗੁਰਮਤ ਦੇ ਬੇਮਿਸਾਲ ਕਵੀ ਸਨ। ਵਿਸ਼ੇ ਤੇ ਸ਼ੈਲੀ ਦੁਹਾਂ ਵਿਚ ਮਹਾਨਤਾ ਤੇ ਕਮਾਲ ਪ੍ਰਗਟ ਕੀਤਾ ਹੈ। ਗੁਰੂ ਸਾਹਿਬਾਂ ਤੋਂ ਦੂਜੇ ਦਰਜੇ ਦੀ ਕਵਿਤਾ ਭਾਈ ਗੁਰਦਾਸ ਦੀਆਂ ਵਾਰਾਂ ਹੀ ਹਨ। ਇਕ ਤਾਂ ਭਾਈ ਸਾਹਿਬ ਦਾ ਜਨਮ ਹੀ ਗੁਰੂ ਘਰ ਨਾਲ ਸਬੰਧਤ ਪਰਿਵਾਰ ਵਿਚ ਹੋਇਆ ਜੋ ਕਿ ਪਰਮਾਤਮਾਂ ਦੀ ਕ੍ਰਿਪਾ ਨਾਲ ਗੁਰ ਭਗਤੀ ਵਿਚ ਹੀ ਲੀਨ ਰਹਿੰਦੇ ਸਨ। ਜਿਨ੍ਹਾਂ ਦਾ ਦੁਨਿਆਵੀ ਤੇ ਆਤਮਕ ਦੁਹਾਂ ਤਰ੍ਹਾਂ ਨਾਲ ਗੁਰਾਂ ਨਾਲ ਹੀ ਸਬੰਧ ਸੀ। ਦੂਸਰਾ ਹਰ ਵਕਤ ਗੁਰੂ ਸਾਹਿਬਾਂ ਦੀ ਹਜ਼ੂਰੀ ਵਿਚ ਰਹਿਣ ਕਰਕੇ ਗੁਰਮਤ ਵਲ ਪਿਆਰ ਹੋਰ ਵੀ ਵਧ ਗਿਆ ਸੋ ਭਾਈ ਗੁਰਦਾਸ ਇਕ ਉਚ ਕੋਟੀ ਦੇ ਵਿਦਵਾਨ ਕਵੀ ਸਨ। ਆਪ ਜੀ ਦੀਆਂ ਦੋ ਰਚਨਾਂ ਵਾਰਾਂ ਅਤੇ ਕਬਿੱਤ ਸਵਯੇ ਮਿਲਦੀਆਂ ਹਨ। ਵਾਰਾਂ ਠੇਠ ਪੰਜਾਬੀ ਵਿਚ ਅਤੇ ਕਬਿੱਤ ਸਵਯੇ ਬ੍ਰਿਜ ਭਾਸ਼ਾ ਵਿਚ ਹਨ। ਆਪ ਤੋਂ ਪਹਿਲਾਂ ਇੰਨੀ ਠੇਠ ਪੰਜਾਬੀ ਵਿਚ ਰਚਨਾਂ ਹੋਰ ਕਿਸੇ ਪੰਜਾਬੀ ਕਵੀ ਦੀ ਨਹੀਂ ਮਿਲਦੀ। ਵਾਰਾਂ ਵਿਚ ਆਪ ਦੀ ਕਵਿਤਾ ਦੀ ਪੱਧਰ ਬਹੁਤ ਉਚੀ ਹੈ। ਡਾ: ਦਰਦੀ ਅਨੁਸਾਰ:- " ਆਪ ਦਾ ਮੁਢਲਾ ਆਸ਼ਾ ਗੁਰੂ ਤੇ ਸਿਖ ਮਤ ਦੀ ਵਡਿਆਈ ਸੇਵਾ ਸਿਦਕ ਤੇ ਨਿਰਮਾਣਤਾ ਆਦਿਕ ਨੂੰ ਦਰਸਾਉਣਾ ਹੈ।" ਸੋ ਭਾਈ ਸਾਹਿਬ ਨੇ ਗੁਰਮਤ ਦੇ ਸਿਧਾਂਤ ਆਪਣੀਆਂ ਵਾਰਾਂ ਵਿਚ ਖੋਲ੍ਹ ਕੇ ਦਸੇ ਹਨ। ਗੁਰਮਤ ਆਪਣੇ ਆਪ ਵਿਚ ਹੀ ਇਕ ਮਹਾਨ ਵਿਸ਼ਾ ਹੈ ਫਿਰ ਭਾਈ ਗੁਰਦਾਸ ਜੀ ਵਰਗੇ ਸੰਤ - ਕਵੀ ਦੇ ਹੱਥਾਂ ਵਿਚ ਇਹ ਹੋਰ ਵੀ ਮਹਾਨ ਬਣ ਜਾਂਦਾ ਹੈ। ਗੁਰਬਾਣੀ ਵਿਚ ਜਿਥੇ ਕਈ ਵਰਨਣ ਸੂਖਮ ਭਾਵਾਂ ਵਿਚ ਹਨ ਉਥੇ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਗੁਰਬਾਣੀ ਤੇ ਗੁਰਮਤ ਦੇ ਮੁਖ ਸਿਧਾਂਤ ਨੂੰ ਦ੍ਰਿਸ਼ਟਾਂਤਾ, ਉਪਮਾਂ ਵਰਤ ਕੇ ਸਪਸ਼ਟ ਕਰਨ ਦਾ ਯਤਨ ਕੀਤਾ ਹੈ।

---

1. ਗੁ: ਪ੍ਰ: ਸੂ: ਰਾਸ ਅੰਸੂ 5.

ਗੁਰਬਾਣੀ ਦੀਆਂ ਅਨੇਕ ਤੁਕਾਂ ਨੂੰ ਭਾਈ ਸਾਹਿਬ ਨੇ ਆਪਣੀ ਕਵਿਤਾ ਦਾ ਵਿਸ਼ੇਸ਼ਈ ਅਧਾਰ ਬਣਾਇਆ ਹੈ। ਭਾਈ ਗੁਰਦਾਸ ਜੀ ਦਾ ਗਿਆਨ ਐਨਾ ਵਿਸ਼ਾਲ ਹੈ ਕਿ ਇਕੋ ਚੀਜ ਨੂੰ ਕਈ ਕਈ ਉਪਮਾਵਾਂ ਅਤੇ ਦ੍ਰਿਸ਼ਟਾਂਤ ਦੇ ਕੇ ਪੇਸ਼ ਕਰਦੇ ਹਨ ਪਰ ਕਿਤੇ ਵੀ ਇੰਜ ਨਹੀਂ ਲਗਦਾ ਕਿ ਵਾਧੂ ਵਿਚ ਹੀ ਠੋਸੇ ਗਏ ਹਨ। ਭਾਈ ਗੁਰਦਾਸ ਜੀ ਦੀ ਨਿਜੀ ਕਾਵਿ - ਸ਼ੈਲੀ ਅਤਿ ਉਤਮ ਕਾਵਿ - ਸ਼ੈਲੀ ਹੈ। ਨਿਰਸੰਦੇਹ ਇਹ ਕਿਹਾ ਜਾ ਸਕਦਾ ਹੈ ਕਿ ਕਵਿਤਾ ਦਾ ਰੂਪ ਉਸ ਦੇ ਵਰਗਾ ਕਿਸੇ ਹੋਰ ਤੋਂ ਨਹੀਂ ਨਿਭ ਸਕਿਆ।

ਭਾਈ ਗੁਰਦਾਸ ਸ਼ਬਦਾਂ ਦੇ ਅਟੁਟ ਭੰਡਾਰੇ ਦਾ ਮਾਲਕ ਹੈ। ਪੰਜਾਬੀ ਦਾ ਸ਼ਬਦ ਭੰਡਾਰ ਵੀ ਅਖੁਟ ਹੈ ਉਹਨਾਂ ਦੀ ਕਵਿਤਾ ਵਿਚ ਕਿਤੇ ਵੀ ਸ਼ਬਦਾਂ ਦੀ ਕਮੀ ਮਹਿਸੂਸ ਨਹੀਂ ਹੁੰਦੀ ਪਰ ਲੋੜ ਪੈਣ ਤੇ ਦੂਸਰੀਆਂ ਬੋਲੀਆਂ ਦੇ ਸ਼ਬਦ ਵੀ ਐਸੀ ਯੁਕਤ ਨਾਲ ਵਰਤਦੇ ਹਨ ਕਿ ਕਿਤੇ ਵੀ ਇਹ ਨਹੀਂ ਲਗਦਾ ਕਿ ਕਿਸੇ ਹੋਰ ਬੋਲੀ ਤੋਂ ਉਧਾਰੇ ਮੰਗੇ ਹਨ। ਐਨੇ ਗਿਆਨ ਦਾ ਸਦਕਾ ਹੀ ਹੈ ਕਿ ਭਾਈ ਸਾਹਿਬ ਆਪਣੀ ਕਵਿਤਾ ਵਿਚ ਸੰਜਮ ਲਿਆ ਸਕੇ ਹਨ। ਉਨ੍ਹਾਂ ਵਿਚ ਇਕ ਤੁਕ ਰਾਂਹੀਂ ਬਹੁਤ ਕੁਝ ਕਹਿ ਜਾਣ ਦੀ ਸ਼ਕਤੀ ਹੈ। ਕਵਿਤਾ ਦੀ ਰਵਾਨੀ ਕਦੇ ਰਸ ਤੋਂ ਖਾਲੀ ਨਹੀਂ ਹੁੰਦੀ।

ਗਿਆਨ ਤੇ ਕਾਬੂ ਹੋਣ ਵਾਂਗ ਹੀ ਆਪ ਜੀ ਦਾ ਪੰਜਾਬੀ ਬੋਲੀ ਤੇ ਵੀ ਪੂਰਾ ਕਾਬੂ ਹੈ। ਆਪ ਦਾ ਵਰਤਿਆ ਹੋਇਆ ਸ਼ਬਦ ਅੱਗੇ ਪਿਛੇ ਵੀ ਨਹੀਂ ਕੀਤਾ ਜਾ ਸਕਦਾ, ਜੇ ਕਿਸੇ ਲਫਜ਼ ਨੂੰ ਕੱਢ ਕੇ ਉਸ ਦੀ ਥਾਂ ਹੋਰ ਰਖਣਾ ਚਾਹੀਏ ਤਾਂ ਵਹਾਅ ਹੀ ਗਲਤ ਹੋ ਜਾਵੇਗਾ। ਇਸ ਲਈ ਆਪ ਦੇ ਹਰ ਲਫਜ ਦੀ ਕੀਮਤ ਇਕ ਦੂਸਰੇ ਤੋਂ ਵੱਧ ਕੇ ਹੈ। ਇਸ ਲਈ ਆਪ ਦੀਆਂ ਤੁਕਾਂ ਵਿਚ ਪਰਮ- ਸਚਾਈਆਂ ਬਣਨ ਦੀ ਸਮਰਥਾ ਹੈ। ਹਰ ਪਉੜੀ ਦੀ ਅਖੀਰਲੀ ਤੁਕ ਤਾਂ ਹੁੰਦੀ ਹੀ ਮੁਹਾਵਰਾ ਹੈ ਅਤੇ ਕਈ ਵਾਰੀ ਤਾਂ ਸਾਰੀ ਦੀ ਸਾਰੀ ਪਉੜੀ ਹੀ ਮੁਹਾਵਰਾ ਬਣ ਜਾਂਦੀ ਹੈ ਜਿਸ ਤਰ੍ਹਾਂ:-

" ਗਿਦੜ ਦਾਖ ਨਾ ਅਪੜੇ"

ਵਾਰ ੩੫ ਪਉੜੀ। (੬)

ਆਪ ਜੀ ਦੀਆਂ ਵਾਰਾਂ ਵਿਚ ਕਿਤੇ ਵੀ ਕਿਰਕਰਾਪਣ ਨਹੀਂ ਆਉਂਦਾ ਜਿਸ ਨਾਲ ਪਾਠਕ ਨੂੰ ਅਕੇਵਾਂ ਜਾਪੇ। ਸਗੋਂ ਹਰ ਗੱਲ ਸਾਡੀ ਜਾਣੀ ਪਛਾਣੀ ਹੀ [illegible] ਮਲੂਮ ਹੁੰਦੀ ਹੈ। ਐਨੇ ਨਿੱਕੇ ਵਿਸ਼ੇ ਚੁਣ ਕੇ ਉਨ੍ਹਾਂ ਤੋਂ ਵੱਡੀਆਂ ਵੱਡੀਆਂ ਸਿਖਿਆਵਾਂ ਦੁਆਉਣਾਂ ਭਾਈ ਸਾਹਿਬ ਦੀ ਹੀ ਵਿਦਵਤਾ ਦਾ ਚਮਤਕਾਰ ਹੈ। ਭਾਈ ਸਾਹਿਬ ਨੇ ਖੁਸ਼ਕੀ ਦੀ ਬਜਾਏ ਹਰ ਥਾਂ ਰੰਗੀਨਤਾ ਭਰ ਦਿਤੀ ਹੈ। ਪਰ ਇਹ ਰੰਗੀਨਤਾ ਵੀ ਆਮ ਕਵੀਆਂ ਵਾਂਗ ਜਜ਼ਬੇ ਜਾਂ ਵਲਵਲੇ ਦੇ ਹੜ ਵਿਚ ਆ ਕੇ ਨਹੀਂ ਸਗੋਂ ਆਪਣੇ ਬਹੁ ਪੱਖੀ ਗਿਆਨ ਨਾਲ ਲਿਆਂਦੀ ਹੈ।

ਭਾਈ ਸਾਹਿਬ ਨੇ ਗੁਰਮਤ ਨੂੰ ਨਿਰੋਲ ਰੂਪ ਵਿਚ ਸਮਝਿਆ ਅਤੇ ਆਪਣੀ ਕਵਿਤਾ ਵਿਚ ਸਮਝਾਇਆ ਹੈ। ਉਨ੍ਹਾਂ ਨੇ ਆਦਰਸ਼ਕ ਵਾਤਾਵਰਣ ਵਿਚ ਆਪਣਾ ਕਾਵਿ ਰਚਿਆ ਅਤੇ ਸ਼ਾਇਦ ਇਹ ਕਹਿਣਾ ਠੀਕ ਹੈ ਕਿ ਉਨ੍ਹਾਂ ਤੋਂ ਬਾਅਦ ਅਜਿਹੀ ਗੁਰਮਤ ਵਿਆਖਿਆ ਨਹੀਂ ਹੋ ਸਕੀ। ਭਾਈ ਗੁਰਦਾਸ ਜੀ ਦੀ ਕਾਵਿ- ਰਚਨਾਂ ਉਨ੍ਹਾਂ ਦੀ ਵਿਦਵਤਾ, ਬਹੁ ਪੱਖੀ ਗਿਆਨ, ਇਤਿਹਾਸਕ ਤੇ ਮਿਥਿਹਾਸਕ ਗਿਆਨ ਵਿਚ ਸੰਪੂਰਨਤਾ , ਭਾਸ਼ਾ ਦੀ ਨਿਪੁੰਨਤਾ ਆਦਿਕ ਕਰਕੇ ਹੀ ਸਫਲਤਾ ਪ੍ਰਾਪਤ ਕਰ ਸਕੀ ਹੈ।

ਸ: ਰਣਧੀਰ ਸਿੰਘ ਜੀ ਅਨੁਸਾਰ ਭਾਈ ਸਾਹਿਬ ਦਾ ਦੇਹਾਂਤ 17 ਅਗਸਤ 1637 ਈਸਵੀ ਵਿਚ ਹੋਇਆ।

## ਤਤਕਰਾ

### ਕਾਂਡ ਦੂਜਾ

### ਭਾਈ ਗੁਰਦਾਸ ਦੀਆਂ ਰਚਨਾਵਾਂ ਤੇ ਉਨ੍ਹਾਂ ਦੇ ਵਿਸ਼ੇ = 13-48


| | | | |
|---|---|---|---|
| 1. | ਵਾਰਾਂ | — | 13 |
| 2. | ਕਬਿੱਤ ਸਵਯੇ | — | 13 |
| 3. | ਰਚਨਾ ਦਾ ਵਿਸ਼ਾ | — | 14-16 |
| 4. | ਬੋਲੀ | — | 16 |
| 5. | ਗਿਆਨ | — | 17 |
| 6. | 40 ਵਾਰਾਂ | — | 17-42 |
| 7. | ਪ੍ਰਭੂ - ਉਸਤਤੀ | — | 43 |
| 8. | ਗੁਰੂ/ਸਤਿਗੁਰੂ ਦੀ ਲੋੜ | — | 43 |
| 9. | ਗੁਰਮੁਖ-ਮਨਮੁਖ | — | 44-45 |
| 10. | ਨਿਮ੍ਰਤਾ | — | 46 |
| 11. | ਸਾਧ ਸੰਗਤ | — | 46 |
| 12. | ਮਾਣਸ ਜਨਮ ਦੀ ਉਤਮਥਾ | — | 47 |
| 13. | ਕਰਮ ਕਾਂਡਾਂ ਦਾ ਖੰਡਨ | — | 47 |
| 14. | ਸਿੱਖੀ | — | 47-48 |
| 15. | ਗੁਰੂ ਤੇ ਚੇਲੇ ਦਾ ਸਬੰਧ। | — | 48 |

## ਭਾਈ ਗੁਰਦਾਸ ਦੀਆਂ ਰਚਨਾਵਾਂ ਤੇ ਉਨ੍ਹਾਂ ਦੇ ਵਿਸ਼ੇ

ਭਾਈ ਗੁਰਦਾਸ ਜੀ ਦੀ ਰਚਨਾ ਵਾਰਾਂ ਅਤੇ ਕਬਿੱਤ ਸਵੈਯਾਂ ਦੇ ਰੂਪ ਵਿਚ ਮਿਲਦੀ ਹੈ।

**ਵਾਰਾਂ :**

ਵਾਰਾਂ ਦੀ ਬੋਲੀ ਠੇਠ ਪੰਜਾਬੀ ਹੈ। ਗੁਰਬਾਣੀ ਨੂੰ ਛੱਡ ਕੇ ਪੁਰਾਣੀ ਪੰਜਾਬੀ ਕਵਿਤਾ ਭਾਈ ਗੁਰਦਾਸ ਜੀ ਦੀਆਂ ਵਾਰਾਂ ਦੇ ਰੂਪ ਵਿਚ ਹੀ ਹੈ। ਭਾਈ ਸਾਹਿਬ ਦੀਆਂ ਵਾਰਾਂ ਦੀ ਗਿਣਤੀ ਬਾਰੇ ਵੀ ਵਿਦਵਾਨਾਂ ਦੇ ਵਿਚਾਰ ਵੱਖੋ ਵੱਖ ਹਨ। ਕੁਲ ਵਾਰਾਂ 41 ਹਨ। ਸ.ਸ.ਅਮੋਲ[1] ਜੀ ਅਨੁਸਾਰ ਇਨ੍ਹਾਂ ਵਾਰਾਂ ਦੇ ਰਚਨ ਵਾਲੇ ਤਿੰਨ ਵਿਅਕਤੀ ਹਨ, 39 ਵਾਰਾਂ ਦੇ ਕਰਤਾ ਭਾਈ ਗੁਰਦਾਸ ਭੱਲਾ ਜੀ ਹਨ, 40ਵੀਂ ਵਾਰ ਕਿਸੇ ਹੋਰ ਗੁਰਸਿੱਖ ਦੀ ਹੈ ਅਤੇ 41ਵੀਂ ਵਾਰ ਦਾ ਕਰਤਾ ਭਾਈ ਗੁਰਦਾਸ ਸਿੰਘ ਹੈ। ਜੋ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਹੋਇਆ। ਪਰ ਬਹੁਮਤ,[2] ਜਿਸ ਤਰ੍ਹਾਂ ਕਰਤਾਰ ਸਿੰਘ, ਡਾ: ਸੁਰਿੰਦਰ ਸਿੰਘ ਕੋਹਲੀ, ਪ੍ਰੋ: ਸਰਦੂਲ ਸਿੰਘ ਇਨ੍ਹਾਂ ਵਾਰਾਂ ਨੂੰ ਦੋ ਵਿਅਕਤੀਆਂ ਦੀ ਰਚਨਾਂ ਹੀ ਮੰਨਦੇ ਹਨ। ਉਨ੍ਹਾਂ ਅਨੁਸਾਰ 40 ਵੀਂ ਵਾਰ ਵੀ 39 ਵਾਰਾਂ ਦੇ ਕਰਤਾ ਦੀ ਹੀ ਰਚੀ ਹੋਈ ਹੈ। ਪ੍ਰੋ: ਸਰਦੂਲ ਸਿੰਘ[3] ਜੀ ਅਨੁਸਾਰ 40ਵੀਂ ਵਾਰ ਦੀ ਬੋਲੀ, ਵਾਕ ਰਚਨਾਂ, ਦ੍ਰਿਸ਼ਟਾਂਤ ਆਦਿ ਪਹਿਲੀਆਂ 39 ਵਾਰਾਂ ਨਾਲ ਹੀ ਮਿਲਦੇ ਹਨ। ਇਸ ਲਈ ਇਹ ਵਾਰ ਵੀ ਭਾਈ ਗੁਰਦਾਸ ਭੱਲਾ ਜੀ ਦੀ ਹੀ ਹੈ।

**ਕਬਿੱਤ ਸਵਯੇ :-**

ਜਿਹਾ ਕਿ ਅਸੀਂ ਉਪਰ ਕਿਹਾ ਹੈ ਭਾਈ ਗੁਰਦਾਸ ਦੀ ਮਿਲਦੀ ਰਚਨਾਂ ਦਾ ਦੂਸਰਾ ਰੂਪ 'ਕਬਿੱਤ ਸਵੀਯੇ' ਬ੍ਰਿਜਭਾਸ਼ਾ ਵਿਚ ਹਨ। ਪ੍ਰੋ: ਸਰਦੂਲ ਸਿੰਘ ਜੀ ਅਨੁਸਾਰ ਇਨ੍ਹਾਂ ਦੀ ਰਚਨਾਂ ਸਮੇਂ ਸਮੇਂ ਸਿਰ ਹੋਈ। ਕੁਝ ਕਾਂਸ਼ੀ,ਆਗਰੇ ਅਤੇ ਕੁਝ ਗੋਇੰਦਵਾਲ ਵਿਚ ਉਚਾਰੇ ਗਏ ਕਿਉਂਕਿ ਭਾਈ ਸਾਹਿਬ ਸਿੱਖੀ ਦੇ ਪ੍ਰਚਾਰ ਲਈ ਥਾਂ ਥਾਂ ਤੇ ਗਏ ਅਤੇ ਵਿਦਵਾਨ ਪੰਡਤਾਂ ਵਿਚ ਉਨ੍ਹਾਂ ਨੇ ਉਨ੍ਹਾਂ ਦੀ ਸਾਹਿਤਕ ਭਾਸ਼ਾ, ਬ੍ਰਿਜਭਾਸ਼ਾ, ਵਰਤੀ। ਕਬਿੱਤ ਸਵੈਯਾਂ ਦੀ ਗਿਣਤੀ 675 ਹੈ।

---

1: ਸ:ਸ:ਅਮੋਲ— 'ਪੁਰਾਤਨ ਪੰਜਾਬੀ ਕਾਵਿ ਦਾ ਵਿਕਾਸ' ਪੰਨਾ 276.

2: ਕਰਤਾਰ ਸਿੰਘ— 'ਵਾਰਾਂ ਭਾਈ ਗੁਰਦਾਸ ਜੀ ਦਾ ਤੁਕ— ਤਤਕਰਾ ਪੰਨਾ 24,25
ਕਰਤਾਰ ਸਿੰਘ E.G. 1085- c ਗੋਬਿੰਦਗੜ੍ਹ ਜਥੇਦਾਰ ਸਤੰਬਰ,1963
ਪ੍ਰੋ:ਸੁਰਿੰਦਰ ਸਿੰਘ ਕੋਹਲੀ— 'ਪੰਜਾਬੀ ਸਾਹਿਤ ਦਾ ਇਤਿਹਾਸ' ਪੰਨਾ 155
ਪ੍ਰੋ: ਸਰਦੂਲ ਸਿੰਘ— 'ਭਾਈ ਗੁਰਦਾਸ' ਪੰਨਾ 87, ਪ੍ਰਕਾਸ਼ਕ ਭਾਸ਼ਾ ਵਿਭਾਗ ਪੰਜਾਬ, ਪਟਿਆਲਾ।

3: ਪ੍ਰੋ: ਸਰਦੂਲ ਸਿੰਘ— 'ਭਾਈ ਗੁਰਦਾਸ' ਪੰਨਾ 87, ਪ੍ਰਕਾਸ਼ਕ ਭਾਸ਼ਾ ਵਿਭਾਗ ਪੰਜਾਬ,ਪਟਿਆਲਾ।

ਰਚਨਾ ਦਾ ਵਿਸ਼ਾ :-

ਭਾਈ ਸਾਹਿਬ ਜੀ ਪੂਰਨ ਗੁਰਸਿੱਖ ਸਨ। ਮਾਨਸਿਕ ਤੇ ਸਰੀਰਕ ਤੌਰ ਤੇ ਉਨ੍ਹਾਂ ਦੀ ਰਹਿਣੀ ਗੁਰਮਤ ਦੇ ਅਸੂਲਾਂ ਅਨੁਸਾਰ ਸੀ। ਵਾਹਿਗੁਰੂ ਵਿਚ ਲੀਨ ਹੋਣ ਕਰਕੇ ਉਨ੍ਹਾਂ ਨੇ ਆਪਣੀ ਰਚਨਾਂ ਵਿਚ ਵੀ ਗੁਰਸਿੱਖੀ ਦੇ ਸਿਧਾਂਤਾਂ ਦੀ ਹੀ ਵਿਆਖਿਆ ਕੀਤੀ। ਆਤਮਕ ਉਨਤੀ ਲਈ ਗੁਰੂ ਦੀ ਲੋੜ, ਗੁਰੂ ਤੇ ਪਰਮਾਤਮਾਂ ਦੀ ਅਭੇਦਤਾ ਆਦਿ ਵਿਸ਼ੇ ਪੱਖ ਤੋਂ ਭਾਈ ਸਾਹਿਬ ਦੀ ਰਚਨਾਂ ਦਾ ਕੇਂਦਰ ਬਿੰਦੂ ਹੈ। ਸਤਿ ਸੰਗਤ ਦੀ ਮਹਾਨਤਾ ਦਸਦਿਆਂ ਆਪ ਸਤਿਸੰਗਤ ਨੂੰ ਸਚਖੰਡ ਦੇ ਸਮਾਨ ਦਸਦੇ ਹਨ, ਜਿਥੇ ਪਰਮਾਤਮਾ ਦਾ ਵਾਸਾ ਹੈ। ਕਿਸੇ ਦਾ ਬੁਰਾ ਨਾ ਚਿਤਵਨਾ ਬੁਰਾਈ ਦੇ ਬਦਲੇ ਚੰਗਿਆਈ ਕਰਨਾ, ਨਿਮਰਤਾ ਧਾਰਨ ਕਰਨੀ ਆਦਿ ਸਦਾਚਾਰਕ ਸਿਖਿਆਵਾਂ ਆਪ ਦੀਆਂ ਰਚਨਾਵਾਂ ਦੇ ਕੁਝ ਸਰਬ-ਵਿਆਪੀ ਵਿਸ਼ੇ ਹਨ। ਭਾਈ ਸਾਹਿਬ ਜਿਨ੍ਹਾਂ ਰਸਤਿਆਂ ਤੇ ਆਪ ਚਲਦੇ ਸਨ ਉਨ੍ਹਾਂ ਨੇ ਆਪਣੀ ਰਚਨਾਂ ਵਿਚ ਉਨ੍ਹਾਂ ਦਾ ਹੀ ਉਲੇਖ ਕੀਤਾ, ਤਾਂ ਹੀ ਕਿਹਾ ਜਾਂਦਾ ਹੈ ਕਿ ਭਾਈ ਸਾਹਿਬ ਜੀ ਨੇ ਆਪਣਾ ਆਪਾ ਹੀ ਆਪਣੀ ਰਚਨਾਂ ਵਿਚ ਰਖ ਦਿੱਤਾ ਹੈ।

ਕਬਿੱਤ ਸਵੈਯਾਂ ਦੀ ਕਵਿਤਾ ਅਧਿਆਤਮਕ ਤੇ ਸਮਾਜਿਕ ਦ੍ਰਿਸ਼ਟੀ ਤੋਂ ਉਚੇ ਦਰਜੇ ਦੀ ਕਵਿਤਾ ਹੈ। ਕਬਿੱਤ ਸਵੈਯਾਂ ਦਾ ਵਿਸ਼ਾ ਵੀ ਵਾਰਾਂ ਵਾਲਾ ਹੀ ਹੈ। ਨਿੱਕੇ ਤੋਂ ਨਿੱਕੇ ਦ੍ਰਿਸ਼ਟਾਂਤ ਰਾਂਹੀ ਭਾਈ ਸਾਹਿਬ ਨੇ ਮਨੁਖ ਜਾਤੀ ਨੂੰ ਆਤਮਕ ਉਚਤਾ ਦਾ ਸੰਦੇਸ਼ ਦਿੱਤਾ। ਸਮਾਜਿਕ ਪੱਖ ਤੋਂ ਭਾਈ ਸਾਹਿਬ ਨੇ ਦਸਿਆ ਕਿ ਕੋਈ ਵੀ ਜਾਤ ਪਾਤ ਜਾਂ ਧਾਰਮਿਕ ਸਬੰਧਾਂ ਕਰਕੇ ਉਚਾ ਜਾਂ ਨੀਵਾਂ ਨਹੀਂ, ਜੇ ਕੋਈ ਉਚਾ ਜਾਂ ਨੀਵਾਂ ਹੈ ਤਾਂ ਸਿਰਫ ਆਪਣੇ ਕਰਮਾਂ ਕਰਕੇ। ਪਰਮਾਤਮਾਂ ਨੇ ਸਾਰਿਆਂ ਨੂੰ ਇਕੋ ਜਿਹਾ ਅਮੋਲਕ ਮਨੁਖਾ ਜਨਮ ਬਖਸ਼ਿਆ ਹੈ। ਹਰ ਇਕ ਦਾ ਨਿਬੇੜਾ ਕਰਮਾਂ ਉਤੇ ਹੀ ਹੋਣਾ ਹੈ।

ਆਪ ਦੇ ਕਬਿੱਤ ਸਵੈਯਾਂ ਤੋਂ ਦੋ ਤਰ੍ਹਾਂ ਦੇ ਭਾਵ ਨਿਕਲਦੇ ਹਨ ਪਹਿਲਾ[6] ਗੁਰਮਤ ਦੀ ਵਿਆਖਿਆ। ਭਾਈ ਸਾਹਿਬ ਜੀ ਗੁਰਸਿੱਖਾਂ ਦੀ ਨਿਤ ਕਿਰਿਆ ਦਾ ਹਵਾਲਾ ਦਿੰਦੇ ਹੋਏ ਸਿੱਖ ਦੀ ਰਹਿਣੀ ਦਾ ਜ਼ਿਕਰ ਕਰਦੇ ਹਨ ਅਤੇ ਦਸਦੇ ਹਨ ਕਿ ਉਹ ਪਰਮਾਤਮਾਂ[7] ਬੇਅੰਤ ਹੈ ਉਸ ਦਾ ਅੰਤ ਪਾਉਣਾ ਬਹੁਤ ਔਖਾ ਹੈ। ਦੂਸਰਾ ਭਾਈ ਸਾਹਿਬ

---

:

:

6: ਕਬਿੱਤ ਨੰਬਰ 613

7: ਕਬਿੱਤ ਨੰਬਰ 4

ਜੀ ਦਾ ਨਿੱਜੀ ਜੀਵਨ ਅਨੁਭਵ। ਬ੍ਰਿਹਾ ਦੇ ਸਾਰੇ ਕਬਿੱਤ ਸਵੈਯੇ ਭਾਈ ਸਾਹਿਬ [8] ਦਾ ਨਿੱਜੀ ਅਨੁਭਵ ਦਾ ਹੀ ਅਭਿ ਵਿਅੰਜਨ ਹੈ। ਇਹ ਗੁਰੂ ਦੇ ਵਿਛੋੜੇ ਵਿਚ ਲਿਖੇ ਹੋਏ ਹਨ। ਭਾਈ ਸਾਹਿਬ ਜੀ ਗੁਰੂ ਤੋਂ ਬਿਨਾਂ ਇਸ ਤਰ੍ਹਾਂ ਤੜਫਦੇ ਹਨ ਜਿਸ ਤਰ੍ਹਾਂ ਮੱਛੀ ਪਾਣੀ ਤੋਂ ਬਿਨਾਂ ਤੜਫਦੀ ਹੈ।

ਭਾਈ ਸਾਹਿਬ ਜੀ ਦੀ ਪੰਜਾਬੀ ਵਿਚ ਰਚਨਾਂ ਸਿਰਫ 40 ਵਾਰਾਂ ਹੀ ਮਿਲਦੀਆਂ ਹਨ। ਇੰਨ੍ਹਾਂ ਵਾਰਾਂ ਦਾ ਗੁਰਮਤ ਨਾਲ ਗੂੜ੍ਹਾ ਸਬੰਧ ਹੈ। ਇੰਨ੍ਹਾਂ ਵਿਚ ਭਾਈ ਸਾਹਿਬ ਜੀ ਨੇ ਗੁਰੂ ਦੀ ਉਸਤਤ [10] ਗੁਰਸਿੱਖ ਦੀ ਰਹਿਣੀ [11] ਅਵਗੁਣ ਕੀਤਿਆਂ ਗੁਣ [12] ਕਰਨ, ਨਿੰਮਰਤਾ [13] ਨਾਲ ਰਹਿਣ, ਹਉਮੈਂ [14] ਨੂੰ ਮਾਰਨ ਆਦਿਕ ਦਾ ਜ਼ਿਕਰ ਕੀਤਾ ਹੈ। ਭਾਈ ਸਾਹਿਬ ਜੀ ਨੇ ਆਪਣੀਆਂ ਵਾਰਾਂ ਵਿਚ ਦੱਸਿਆ ਹੈ ਕਿ ਪਰਮਾਤਮਾਂ ਦੀ ਰਜ਼ਾ ਵਿਚ ਰਹਿ ਕੇ ਹੀ ਉਸ ਦੀ ਪਰਾਪਤੀ ਹੋ ਸਕਦੀ ਹੈ। ਵਾਰਾਂ ਵਿਚ ਬਹੁਤਾ ਗੁਰਮੁਖ [15] ਤੇ ਮਨਮੁਖ ਦਾ ਫਰਕ ਬਿਆਨ ਕੀਤਾ ਹੈ। ਗੁਰਮੁਖ ਨੂੰ ਆਤਮਿਕ ਤੌਰ ਤੇ ਉਚਾ ਦਸਣ ਲਈ ਮਨਮੁਖ ਨੂੰ ਨਾਲ ਲਿਆਂਦਾ ਹੈ, ਗੁਰਮੁਖ ਹਮੇਸ਼ਾਂ ਗੁਰੂ ਦੀ ਰਜ਼ਾ ਵਿਚ ਰਹਿ ਕੇ ਆਪਣਾ ਜੀਵਨ ਬਤੀਤ ਕਰਦਾ ਹੈ ਪਰ ਮਨਮੁਖ ਆਪਣੇ ਮਨ ਦੇ ਪਿਛੇ ਹੀ ਲਗਦਾ ਹੈ। ਉਚੀਆਂ [16] ਅਤੇ ਨੀਵੀਆਂ ਜਾਤਾਂ ਦੇ ਪ੍ਰਸਿੱਧ ਭਗਤਾਂ ਦੇ ਸੰਖੇਪ ਜੀਵਨਾਂ ਦਾ ਜ਼ਿਕਰ ਵੀ ਵਾਰਾਂ ਵਿਚ ਆਉਂਦਾ ਹੈ। ਉਚੀਆਂ ਜ਼ਾਤਾਂ ਤੋਂ ਇਹ ਵਿਚਾਰ ਲਿਆ ਹੈ ਕਿ ਜਿੰਨੀ ਦੇਰ ਕੋਈ ਗੁਰੂ ਦੀ ਸ਼ਰਨ ਨਾ ਆਵੇ ਉਹ ਆਪਣੀ ਉਚੀ ਜ਼ਾਤ ਦੇ ਅਭਿਮਾਨ ਵਿਚ ਹੀ ਸੜਦਾ ਰਹਿੰਦਾ ਹੈ ਕਦੇ ਵੀ ਸਹਿਜ ਸੁਖ ਪ੍ਰਾਪਤ ਨਹੀਂ ਕਰ ਸਕਦਾ। ਨੀਵੀਆਂ ਜ਼ਾਤਾਂ ਤੋਂ ਇਹ ਉਦੇਸ਼

---

8: ਕਬਿੱਤ ਨੰਬਰ 668, 203, 205

9:

10: ਵਾਰ 26 ਪਉੜੀ 19, ਵਾਰ 16, ਪਉੜੀ 15 ਆਦਿ।

11: ਵਾਰ 9, ਪਉੜੀ 7, ਵਾਰ 6, ਪਉੜੀ 7.

12: ਵਾਰ 16 ਪਉੜੀ 4.

13: ਵਾਰ 26 ਪਉੜੀ 15

14:

15: ਵਾਰ ਨੰ: 30

16: ਵਾਰ ਨੰ: 10

ਦਿਵਾਇਆ ਹੈ ਕਿ ਚੰਗੇ ਕਰਮਾਂ ਕਰਕੇ ਨੀਵੀਆਂ ਜਾਤਾਂ ਵੀ ਮੁਕਤੀ ਪਰਾਪਤ ਕਰ ਲੈਂਦੀਆਂ ਹਨ। ਵਾਰ ਨੰਬਰ 10 ਵਿਚ ਪੁਰਾਣੇ ਭਗਤਾਂ ਦੀਆਂ ਦਿੱਤੀਆਂ ਜੀਵਨੀਆਂ ਵਿਚੋਂ ਭਾਈ ਸਾਹਿਬ ਨੇ ਜਾਗੀਰਦਾਰੀ ਨਿਜ਼ਾਮ ਦੀ ਬੁਨਿਆਦੀ ਪੰਦਸ਼ ਨੂੰ ਵੰਗਾਰਿਆ ਹੈ- ਉਹ ਬੰਦਸ਼ ਜਿਹੜੀ ਕਿਸੇ ਵਿਅਕਤੀ ਦੇ ਵਿਅਕਤੀਗੁਣਾਂ ਨੂੰ ਸ੍ਵੀਕ੍ਰਿਤੀ ਨਹੀਂ ਦਿੰਦੀ ਸਗੋਂ ਉਚਤਾ ਤੇ ਨੀਚਤਾ ਜਨਮ ਤੇ ਧਰਮ ਅਨੁਸਾਰ ਹੀ ਮੰਨਦੀ ਹੈ ਅਤੇ ਉਸ ਨੂੰ ਪ੍ਰਥਮ ਗੁਰੂ- ਗੁਰੂ ਨਾਨਕ ਦੇਵ ਜੀ ਨੇ ਵੀ ਆਪਣੀਆਂ ਰਚਨਾਵਾਂ ਵਿਚ ਇਕ ਨਹੀਂ ਕਈ ਥਾਵਾਂ ਤੇ ਵੰਗਾਰਿਆ ਹੈ। ਜਿਵੇਂ:-

" ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ"।
" ਪੜਿਆ ਹੋਵੈ ਗੁਨਹਗਾਰੁ ਤਾਂ ਓਮੀ ਸਾਧੁ ਨ ਮਾਰੀਐ। "
(ਵਾਰ ਆਸਾ)

"ਜਿਸੁ ਹਥਿ ਜੋਰੁ ਕਰਿ ਵੇਖੈ ਸੋਇ।
ਨਾਨਕ ਉਤਮੁ ਨੀਚੁ ਨਾ ਕੋਇ। "

" ਜਾਤੀ ਦੈ ਕਿਆ ਹਥਿ ਸਚੁ ਪਰਖੀਐ,
ਮਹੁਰਾ ਹੋਵੈ ਹਥਿ ਮਰੀਐ ਚਖੀਐ। "
(ਵਾਰ ਮਾਝ)

ਬੋਲੀ:-

ਭਾਸ਼ਾ ਦੇ ਪੱਖ ਤੋਂ ਭਾਈ ਸਾਹਿਬ ਜੀ ਦੀ ਕਾਵਿ - ਰਚਨਾਂ ਦਾ ਦਾਇਰਾ ਬੜਾ ਵਿਸ਼ਾਲ ਹੈ। ਪੰਜਾਬੀ ਤੋਂ ਬਿਨਾਂ ਭਾਈ ਸਾਹਿਬ ਨੇ ਲੋੜ ਅਨੁਸਾਰ ਦੂਸਰੀਆਂ ਬੋਲੀਆਂ ਜਿਵੇਂ ਅਰਬੀ, ਫਾਰਸੀ, ਸੰਸਕ੍ਰਿਤ ਆਦਿਕ ਵਿਚੋਂ ਵੀ ਸ਼ਬਦ ਲਏ ਹਨ ਪਰ ਉਨ੍ਹਾਂ ਨੂੰ ਇਸ ਤਰ੍ਹਾਂ ਢਾਲਿਆ ਹੈ ਕਿ ਉਹ ਬਿਲਕੁਲ ਹੀ ਪੰਜਾਬੀ ਲਗਨ ਲਗ ਪਏ ਹਨ। ਭਾਈ ਸਾਹਿਬ ਨੇ ਮਾਝੀ ਪੰਜਾਬੀ ਦਾ ਮੁਹਾਵਰਾ ਵਰਤਿਆ ਹੈ। ਜਿਥੇ ਗੁਰੂ ਸਾਹਿਬਾਂ ਨੇ ਸੰਤ - ਭਾਖਾ ਤੇ ਲਹਿੰਦੀ ਪੰਜਾਬੀ ਦਾ ਮੁਹਾਵਰਾ ਵਰਤਿਆ ਹੈ। ਇਹ ਹੀ ਕਾਰਣ ਹੈ ਕਿ ਆਪ ਦੀ ਬੋਲੀ ਗੁਰਬਾਣੀ ਦੀ ਪੰਜਾਬੀ ਅਤੇ ਮੁਸਲਮਾਨ ਸੂਫੀਆਂ ਤੇ ਹੋਰ ਕਵੀਆਂ ਦੀ ਪੰਜਾਬੀ ਤੋਂ ਨਿਖੜ ਕੇ ਅਜੋਕੀ ਸਾਹਿਤਕ ਪੰਜਾਬੀ ਦੇ ਵਧੇਰੇ ਨਜ਼ਦੀਕ ਹੈ।

ਗਿਆਨ:

ਭਾਈ ਗੁਰਦਾਸ ਜੀ ਦਾ ਗਿਆਨ ਬਹੁਪੱਖੀ ਹੈ। ਇਕ ਗੱਲ ਨੂੰ ਸਪਸ਼ਟ ਕਰਨ ਲਈ ਨਿੱਕੀ ਤੋਂ ਨਿੱਕੀ ਚੀਜ਼ ਦਾ ਦ੍ਰਿਸ਼ਟਾਂਤ ਦਿੰਦੇ ਹਨ। ਛੇਵੀਂ ਵਾਰ ਦੀ ਵੀਹਵੀਂ ਪਉੜੀ ਵਿਚ ਮਨਮੁਖਾਂ ਦੇ ਨੀਚਪੁਣੇ ਦੀ ਵਿਆਖਿਆ ਚੀਗਲੀ, ਉਲੂ, ਚਕਵੀ, ਸੰਬਲ, ਬਾਂਸ, ਸੱਪ, ਚਿਚੜੀ ਥੋਮ ਦੇ ਦ੍ਰਿਸ਼ਟਾਂਤਾਂ ਨਾਲ ਕੀਤੀ ਹੈ। ਭਾਈ ਸਾਹਿਬ ਦੇ ਸ਼ਬਦਾਂ ਵਿਚ ਕਹਿਰਾਂ ਦੀ ਸੰਜਮਤਾ ਹੈ ਇਸੇ ਕਰਕੇ ਇਕ ਤੁਕ ... ਹੀ ਬਹੁਤ ਕੁਝ ਕਹਿਣ ਦੀ ਸਮਰਥਾ ਰਖਦੇ ਹਨ। ਭਾਈ ਸਾਹਿਬ ਨੇ ਆਪਣੀ ਰਚਨਾਂ ਵਿਚ ਅਣਗਿਣਤ ਅਖਾਣਾਂ ਦੀ ਵਰਤੋਂ ਕੀਤੀ ਹੈ ਕਈ ਵਾਰੀ ਤਾਂ ਸਾਰੀ ਦੀ ਸਾਰੀ ਪਉੜੀ ਹੀ ਅਖਾਣਾਂ ਦਾ ਰੂਪ ਧਾਰਨ ਕਰ ਲੈਂਦੀ ਹੈ। ਭਾਈ ਸਾਹਿਬ ਨੇ ਆਪਣੀਆਂ ਵਾਰਾਂ ਪਉੜੀ ਰੂਪ ਵਿਚ ਲਿਖੀਆਂ ਹਨ। ਹਰ ਵਾਰ ਦੀਆਂ ਪਉੜੀਆਂ ਦਾ ਆਪਸ ਵਿਚ ਗੂੜ੍ਹਾ ਸਬੰਧ ਹੈ। ਭਾਸ਼ਾਵਾਂ ਦੇ ਸਬੰਧ ਵਿਚ ਵੀ ਭਾਈ ਸਾਹਿਬ ਦਾ ਗਿਆਨ ਬਹੁਪੱਖੀ ਹੈ। ਆਪ ਉਸ ਸਮੇਂ ਦੀਆਂ ਸੱਤ ਜ਼ਬਾਨਾਂ ਦੇ ਮਾਹਿਰ ਕਹੇ ਜਾਂਦੇ ਹਨ। ਆਪ ਨੇ ਆਪਣੀ ਰਚਨਾਂ ਵਿਚ ਜਿਥੇ ਸੰਸਕ੍ਰਿਤ, ਬ੍ਰਿਜਭਾਸ਼ਾ, ਫ਼ਾਰਸੀ ਆਦਿਕ ਬੋਲੀਆਂ ਵਰਤੀਆਂ ਹਨ। ਉਥੇ ਵਾਰਾਂ ਵਿਚ ਜਿੰਨੀ ਪੰਜਾਬੀ ਦੀ ਠੇਠਤਾ ਹੈ ਉਨੀ ਸ਼ਾਇਦ ਉਸ ਸਮੇਂ ਤਕ ਹਾਲੇ ਕਿਸੇ ਨੇ ਨਹੀਂ ਵਰਤੀ ਸੀ।

ਆਪ ਨੂੰ ਸਿਖ ਮਤ ਦਾ ਗਿਆਨ ਹੋਣ ਤੋਂ ਇਲਾਵਾ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਦੇ ਮੱਤਾਂ ਬਾਰੇ ਵੀ ਵਿਸ਼ਾਲ ਗਿਆਨ ਸੀ। ਪਹਿਲੀ ਵਾਰ ਵਿਚ ਭਾਈ ਸਾਹਿਬ ਨੇ ਹਿੰਦੂ, ਮੁਸਲਮਾਨ, ਬੁੱਧ, ਜੈਨ ਆਦਿ ਮੱਤਾਂ ਦਾ ਜ਼ਿਕਰ ਕੀਤਾ ਹੈ।

ਪਹਿਲੀ ਵਾਰ: ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦਾ ਵਿਸ਼ਾ ਵਸਤੂ ਉਹਨ੍ਹਾਂ ਦੀ ਸਮੁੱਚੀ ਕਾਵਿ - ਰਚਨਾਂ ਵਾਂਗ ਹੀ ਸਿਖ ਧਰਮ ਨੂੰ ਦੇਸ਼ ਦੇ ਹੋਰ ਪਰਚਲਤ ਧਰਮਾਂ ਦੇ ਟਾਕਰੇ ਤੇ ਜ਼ਿਆਦਾ ਪਵਿੱਤਰ ਤੇ ਪ੍ਰਭਾਵਸ਼ਾਲੀ ਵਿਖਾਉਣਾਂ ਅਤੇ ਉਸ ਸਮੇਂ ਦੀਆਂ ਲੋੜਾਂ ਦੇ ਜ਼ਿਆਦਾ ਅਨੁਕੂਲ ਦਰਸਾਉਣਾ ਹੈ। ਇਸ ਵਾਰ ਵਿਚ ਭਾਈ ਸਾਹਿਬ ਦੀ ਅਦੁੱਤੀ ਕਲਾ ਲਿਸ਼ਕਾਰੇ ਮਾਰਦੀ ਨਜ਼ਰ ਆਉਂਦੀ ਹੈ ਅਤੇ ਇਸ ਤੋਂ ਹੀ ਉਹਨਾਂ ਦਾ ਸਾਹਿਤਕ ਮੰਤਵ ਪ੍ਰਗਟ ਹੋ ਜਾਂਦਾ ਹੈ।

ਦੂਜੀ ਵਾਰ: ਦੂਜੀ ਵਾਰ ਦੀਆਂ 20 ਪਉੜੀਆਂ ਹਨ। ਪਹਿਲੀ ਪਉੜੀ ਵਿਚ ਮੰਗਲਾਚਰਨ ਹੈ। ਜਿਸ ਵਿਚ ਦਸਿਆ ਹੈ ਕਿ ਪਰਮਾਤਮਾਂ ਪਰੀਪੂਰਣ ਹੈ ਤੇ ਸਭ ਜਗ੍ਹਾ ਵਰਤ ਰਿਹਾ ਹੈ। 2,3 ਤੇ 4 ਪਉੜੀਆਂ ਵਿਚ ਆਪੇ ਰਸੀਆ ਤੇ ਆਪ ਰਸ ਦਾ ਵਰਨਣ ਹੈ ਕਿ ਆਪ ਹੀ ਦੁਨੀਆਂ ਨੂੰ ਕਿੱਤੇ ਲਾਉਣ ਵਾਲਾ ਹੈ ਅਤੇ ਆਪ ਹੀ ਕੰਮ ਕਰਨ ਵਾਲਾ ਹੈ। 5,6 ਤੇ 7 ਪਉੜੀਆਂ ਵਿਚ ਸੰਗਤ ਦੇ ਅਸਰ ਦਾ ਜ਼ਿਕਰ ਹੈ। ਕੁਸੰਗਤ ਦੇ ਭੈੜੇ ਅਤੇ ਚੰਗੀ ਸੰਗਤ ਦੇ ਚੰਗੇ ਅਸਰ ਨੂੰ ਉਘਾੜਿਆ ਹੈ। ਅਗਲੀਆਂ 20 ਤਕ ਦੀਆਂ

ਪਉੜੀਆਂ ਵਿਚ ਸੂਤਰ, ਤੀਨਾ, ਸੋਨਾ ਅਤੇ ਗਾਂ ਆਦਿਕ ਦੇ ਦ੍ਰਿਸ਼ਟਾਂਤ ਦੇ ਕੇ ਪਰਮਾਤਮਾਂ ਦੀ ਪੂਰਨਤਾ ਦਾ ਵਰਨਣ ਕੀਤਾ ਹੈ। ਹਰ ਪਉੜੀ ਦੀ ਆਖਰੀ ਤੁਕ ਦਾ ਪਹਿਲਾ ਅੱਧ, 'ਆਪੇ ਆਪ ਵਰਤਦਾ' ਲਿਖਿਆ ਹੈ। ਨਿੱਕੇ ਨਿੱਕੇ ਦ੍ਰਿਸ਼ਟਾਂਤ ਦੇ ਕੇ ਦਰਸਾਇਆ ਹੈ ਕਿ ਪਰਮਾਤਮਾ ਸਰਬ ਵਿਆਪਕ ਹੈ। ਇਸ ਲਈ ਸ੍ਰਿਸਟੀ ਦੇ ਸਭ ਕੰਮਾਂ ਵਿਚ ਆਪ ਹੀ ਵਰਤ ਰਿਹਾ ਹੈ। ਆਪਣੀ ਸਾਰੀ ਰਚਨਾਂ ਦਾ ਪ੍ਰਬੰਧ ਉਹ ਆਪ ਹੀ ਕਰ ਰਿਹਾ ਹੈ। ਉਹ ਪਰਮਾਤਮਾਂ ਪ੍ਰੇਮ ਸਰੂਪ ਕਿਣਕੇ ਵਿਚ ਵਿਆਪਕ ਹੈ। ਇਸ ਦਾ ਕਾਫੀਆ ਅੰਤ ਵਿਚ ਮਿਲਦਾ ਹੈ।

ਤੀਜੀ ਵਾਰ:

ਤੀਜੀ ਵਾਰ ਦੀਆਂ ਪਉੜੀਆਂ ਦੀ ਗਿਣਤੀ ਵੀ 20 ਹੈ। ਪਹਿਲੀ ਪਉੜੀ ਵਿਚ ਨਮਸ਼ਕਾਰਆਤਮਕ ਮੰਗਲਾਚਰਨ ਹੈ। 2,3 4 ਪਉੜੀਆਂ ਵਿਚ ਗੁਰੂ ਤੇ ਚੇਲੇ ਦਾ ਸਬੰਧ ਵਰਨਣ ਕੀਤਾ ਹੈ। ਭਾਈ ਸਾਹਿਬ ਦਸਦੇ ਹਨ ਕਿ ਗੁਰੂ ਤੇ ਚੇਲੇ ਦੀ ਆਪਸ ਵਿਚ ਕੋਈ ਅੰਤਰਤਾ ਨਹੀਂ ਹੁੰਦੀ ਕਿਉਂਕਿ ਚੇਲਾ ਗੁਰੂ ਦਾ ਉਪਦੇਸ਼ ਲੈ ਕੇ ਗੁਰੂ ਸਮਾਨ ਹੀ ਹੋ ਜਾਂਦਾ ਹੈ ਜਿਸ ਤਰ੍ਹਾਂ ਗੁਰੂ ਅੰਗਦ ਦੇਵ ਜੀ ਗੁਰੂ ਨਾਨਕ ਦੇਵ ਜੀ ਦੇ ਚੇਲੇ ਸਨ ਪਰ ਉਨ੍ਹਾਂ ਦੀ ਅਣਥੱਕ ਸੇਵਾ ਨੇ ਉਨ੍ਹਾਂ ਨੂੰ ਗੁਰੂ ਪਦ ਤੇ ਹੀ ਸ਼ਸ਼ੋਭਤ ਕਰ ਦਿੱਤਾ। ਪੰਜਵੀਂ ਪਉੜੀ ਤੋਂ ਸਤਾਰਵੀਂ ਪਉੜੀ ਤਕ ਗੁਰਸਿਖ ਦੀ ਰਹਿਣੀ ਬਹਿਣੀ ਤੇ ਉਸ ਦੇ ਨਿੱਤ ਦੇ ਕਰਮ ਦਾ ਵੇਰਵਾ ਹੈ। ਗੁਰਸਿਖ ਦੀ ਸੰਗਤ ਵਿਚ ਆਉਣ ਵਾਲਾ ਹਰ ਵਿਅਕਤੀ ਜ਼ਾਤੀ ਭੇਦ ਅਤੇ ਹਉਮੈਂ ਤੋਂ ਮੁਕਤ ਹੋਵੇਗਾ। 18 ਤੇ 19 ਪਉੜੀਆਂ ਵਿਚ ਮੁਰੀਦ ਦਾ ਜ਼ਿਕਰ ਹੈ ਕਿ ਮੁਰੀਦ ਨੂੰ ਹਮੇਸ਼ਾਂ ਆਪਣੇ ਗੁਰੂ ਜੀ ਦੇ ਚਰਨਾਂ ਦੀ ਧੂੜ ਸਮਾਨ ਹੋਣਾਂ ਚਾਹੀਦਾ ਹੈ ਅਤੇ ਅਖੀਰਲੀ ਪਉੜੀ ਵਿਚ ਭਾਈ ਗੁਰਦਾਸ ਜੀ ਦਸਦੇ ਹਨ ਕਿ ਜੋ ਗੁਰੂ ਮਹਾਰਾਜ ਦੇ ਹੁਕਮ ਅਨੁਸਾਰ ਚਲੇ ਉਹ ਹੀ ਉਸ ਨਾਲ ਇਕਮਿਕਤਾ ਪ੍ਰਾਪਤ ਕਰਕੇ ਸਫਲ ਸਿਖ ਬਣ ਸਕੇਗਾ। ਇਸ ਵਾਰ ਦੀਆਂ ਪਉੜੀਆਂ ਦਾ ਕਾਫੀਆ ਮੱਧ ਵਿਚ ਮਿਲਦਾ ਹੈ।

ਚੌਥੀ ਵਾਰ:

ਚੌਥੀ ਵਾਰ ਦੀਆਂ 21 ਪਉੜੀਆਂ ਹਨ। ਪਹਿਲੀ ਪਉੜੀ ਵਿਚ ਵਾਹਿਗੁਰੂ ਦੀ ਰਚਨਾਂ ਦਾ ਜ਼ਿਕਰ ਹੈ। ਤਕਰੀਬਨ ਸਾਰੀ ਵਾਰ ਵਿਚ ਹੀ ਨਿਵ ਚਲਣ ਤੇ ਨਿਮਰਤਾ ਦਾ ਵਰਨਣ ਹੈ। ਮਨੁੱਖ ਨੂੰ ਵੱਡਾ ਹੁੰਦਿਆਂ ਹੋਇਆਂ ਵੀ ਵੱਡਾ ਨਹੀਂ ਅਖਵਾਉਣਾ ਚਾਹੀਦਾ। ਧਰਤੀ, ਜਲ, ਮਜੀਠ, ਘਾਹ, ਤਿਲ, ਕੀੜੀ ਆਦਿਕ ਨਿੱਕੀਆਂ ਨਿੱਕੀਆਂ ਚੀਜ਼ਾਂ ਦੇ ਦ੍ਰਿਸ਼ਟਾਂਤ ਲੈ ਕੇ ਉਚੇ ਭਾਵ ਕੱਢੇ ਹਨ। " ਨਿਵ ਚਲੇ ਸੋ ਗੁਰ ਪਿਆਰਾ" ਦੀ ਹੀ ਵਿਆਖਿਆ ਕੀਤੀ ਹੈ। ਸੁਆਂਤੀ ਬੂੰਦ ਤੋਂ ਅਜਿਹਾ ਸੰਕਲਪ ਚਿਤਰ ਪੇਸ਼ ਕੀਤਾ ਹੈ ਕਿ ਮਨ ਪਰਉਪਕਾਰ ਕਰਨ ਲਈ ਆਪਣੇ ਆਪ ਪਰੇਰਿਆ ਜਾਂਦਾ ਹੈ। ਅਖੀਰਲੀ ਪਉੜੀ ਵਿਚ ਭਾਈ ਸਾਹਿਬ ਨੇ ਧਰੂ ਭਗਤ ਦਾ ਦ੍ਰਿਸ਼ਟਾਂਤ ਦੇ ਕੇ ਦਸਿਆ ਹੈ ਕਿ ਚੰਗੇ ਕੰਮ ਕਰਕੇ ਗੁਰਮੁਖਾਂ ਦੀ ਪਦਵੀ

ਪਰਾਪਤ ਕਰਨੀ ਚਾਹੀਦੀ ਹੈ ਕਿਉਂਕਿ ਗੁਰਮੁਖਾਂ ਨੂੰ ਹਮੇਸ਼ਾਂ ਹੀ ਚੰਗੇ ਕੰਮਾਂ ਦਾ ਫਲ ਚੰਗਾ ਹੀ ਮਿਲਦਾ ਹੈ। ਧਰੂ ਭਗਤ ਨੂੰ ਨਿਰਮਾਣਤਾ ਅਤੇ ਭਗਤੀ ਭਾਵ ਕਰਕੇ ਹੀ ਮੁਕਤੀ ਮਿਲੀ ਸੀ। ਇਸ ਵਾਰ ਦਾ ਕਾਫੀਆ ਅੰਤ ਵਿਚ ਮਿਲਦਾ ਹੈ।

ਪੰਜਵੀਂ ਵਾਰ :

ਪੰਜਵੀਂ ਵਾਰ ਦੀਆਂ ਪਉੜੀਆਂ ਦੀ ਗਿਣਤੀ 21 ਹੈ। ਪਹਿਲੀਆਂ ਤਿੰਨ ਪਉੜੀਆਂ ਵਿਚ ਗੁਰਮੁਖ ਦੇ ਕੰਮਾਂ ਦਾ ਵਰਨਣ ਹੈ। ਭਾਈ ਸਾਹਿਬ ਗੁਰਮੁਖ ਦੀ ਪਰੀਭਾਸ਼ਾ ਦਸਦੇ ਕਹਿੰਦੇ ਹਨ ਕਿ ਜੋ ਗੁਰੂ ਦੀ ਆਗਿਆ ਅਨੁਸਾਰ ਚਲੇ ਉਸ ਨੂੰ ਹੀ ਗੁਰਮੁਖ ਕਹਿੰਦੇ ਹਨ। ਉਹ ਹਮੇਸ਼ਾਂ ਪਰਮਾਤਮਾਂ ਦੇ ਭਾਣੇ ਵਿਚ ਖੁਸ਼ ਰਹਿੰਦਾ ਹੈ। ਪਉੜੀ ਨੰਬਰ 4 ਵਿਚ ਗੁਰਮੁਖਾਂ ਦਾ ਸਾਧ ਸੰਗਤ ਨਾਲ ਪਿਆਰ ਦਾ ਜ਼ਿਕਰ ਹੈ। ਭਾਈ ਗੁਰਦਾਸ ਜੀ ਜੁਆਰੀਆਂ, ਠੱਗਾਂ, ਚੋਰਾਂ ਦਾ ਦ੍ਰਿਸ਼ਟਾਂਤ ਦੇ ਕੇ ਦਸਦੇ ਹਨ ਕਿ ਜਿਸ ਤਰ੍ਹਾਂ ਲੋਕ ਆਪਣੇ ਆਪਣੇ ਹਮ-ਜੋਲੀਆਂ ਨਾਲ ਪਿਆਰ ਕਰਦੇ ਹਨ ਇਸ ਤਰ੍ਹਾਂ ਹੀ ਗੁਰਮੁਖਾਂ ਦਾ ਆਪਸ ਵਿਚ ਮਿਲਵਰਤਨ ਹੁੰਦਾ ਹੈ। 5,6 ਅਤੇ 7 ਨੰਬਰ ਦੀਆਂ ਪਉੜੀਆਂ ਵਿਚ ਦਸਿਆ ਹੈ ਕਿ ਸਾਧ ਸੰਗਤ ਅਤੇ ਗੁਰ ਸ਼ਬਦ ਤੋਂ ਬਿਨਾਂ ਜਤੁ, ਸਤੁ, ਸੰਜਮ, ਜਪੁ,ਤਪ,ਦਾਨ ਪੁੰਨ ਆਦਿਕ ਹਉਮੈਂ ਗੁਸੇ ਰੋਗ ਹੀ ਹਨ। ਅੱਠਵੀਂ ਪਉੜੀ ਵਿਚ ਵਹਿਮਾਂ ਭਰਮਾਂ ਦਾ ਜ਼ਿਕਰ ਹੈ। ਨੌਵੀਂ ਪਉੜੀ ਵਿਚ ਦਸਿਆ ਹੈ ਕਿ ਗੁਰਮੁਖ ਮਾਰਗ ਸਾਧ ਸੰਗਤ ਕਰਨ ਨਾਲ ਹੀ ਮਿਲਦਾ ਹੈ। ਪਉੜੀ ਨੰਬਰ 10 ਵਿਚ ਪਤੀਬ੍ਰਤਾ ਇਸਤ੍ਰੀ ਦੀ ਵਡਿਆਈ ਕੀਤੀ ਹੈ ਅਤੇ ਵਿਭਚਾਰਨ ਨੂੰ ਨਿੰਦਿਆ ਹੈ। ਗਿਆਰਵੀਂ ਪਉੜੀ ਵਿਚ ਦਸਦੇ ਹਨ ਕਿ ਸੇਵਾ ਕਰਨ ਵਾਲੇ ਜਗਿਆਸੂ ਹੀ ਸਿਰੇ ਚੜ੍ਹਦੇ ਹਨ। 12 ਪਉੜੀ ਵਿਚ ਦਸਿਆ ਹੈ ਕਿ ਗੁਰਮੁਖਾਂ ਦੇ ਅੱਗੇ ਭੇਖੀ ਪਾਖੰਡੀ ਆਦਿਕ ਠਹਿਰ ਨਹੀਂ ਸਕਦੇ ਜਿਸ ਤਰ੍ਹਾਂ ਸੂਰਜ ਦੇ ਚੜ੍ਹਨ ਨਾਲ ਤਾਰੇ, ਸ਼ੇਰ ਦੇ ਆਇਆਂ ਮਿਰਗ, ਗਰੜ ਦੇ ਅੱਗੇ ਸਪ ਅਤੇ ਬਾਜ ਦੇ ਅੱਗੇ ਪੰਛੀ ਨਹੀਂ ਠਹਿਰ ਸਕਦਾ। 13,14 ਪਉੜੀਆਂ ਵਿਚ ਸਤਿਗੁਰ ਨੂੰ ਸੰਸਾਰ ਸਾਗਰ ਤੋਂ ਪਾਰ ਕਰਨ ਵਾਲਾ ਮਲਾਹ ਦਸਿਆ ਹੈ। 15,16 ਤੇ 17 ਪਉੜੀਆਂ ਵਿਚ ਗੁਰਮੁਖ ਤੇ ਮਨਮੁਖ ਦਾ ਟਾਕਰਾ ਕਰਦਿਆਂ ਹੋਇਆਂ ਗੁਰਮੁਖ ਨੂੰ ਸੁਹਾਗਣ ਦੇ ਰੂਪ ਵਿਚ ਅਤੇ ਮਨਮੁਖ ਨੂੰ ਵੇਸ਼ਵਾ ਦੇ ਰੂਪ ਵਿਚ ਚਿਤਰਿਆ ਹੈ। 18ਵੀਂ ਪਉੜੀ ਵਿਚ ਦਸਿਆ ਹੈ ਕਿ ਦੁਨੀਆਂ ਦੇ ਧੰਧਿਆਂ ਵਿਚ ਅਜਾਈਂ ਗਵਾਇਆ ਹੋਇਆ ਸਮਾਂ ਮੁੜ ਕੇ ਨਹੀਂ ਮਿਲਦਾ ਅਤੇ 19ਵੀਂ ਪਉੜੀ ਵਿਚ ਹੰਸ ਤੇ ਬਗਲੇ ਦਾ ਦ੍ਰਿਸ਼ਟਾਂਤ ਦੇ ਕੇ ਗੁਰਮੁਖ ਤੇ ਮਨਮੁਖ ਦਾ ਚਿਤਰ ਖਿਚਿਆ ਹੈ। ਉਸ ਪਰਮਾਤਮਾ ਦੀ ਸਚਾਈ ਦਾ ਵਰਨਣ ਹੈ ਕਿ ਉਹ ਹੀ ਸਾਰੀ ਸ੍ਰਿਸ਼ਟੀ ਦਾ ਉਧਾਰ ਕਰਨ ਵਾਲਾ ਹੈ। ਇਸ ਵਾਰ ਦਾ ਕਾਫੀਆ ਅੰਤ ਵਿਚ ਮਿਲਦਾ ਹੈ।

ਛੇਵੀਂ ਵਾਰ :

ਛੇਵੀਂ ਵਾਰ ਦੀਆਂ 20 ਪਉੜੀਆਂ ਹਨ। ਪਹਿਲੀ ਤੇ ਦੂਸਰੀ

ਪਉੜੀ ਵਿਚ ਸਤਿਗੁਰ ਦੀ ਮਹਿੰਮਾਂ ਦਸੀ ਹੈ ਤੇ ਉਸ ਦੇ ਗੁਣਾਂ ਦਾ ਵਰਨਣ ਕੀਤਾ ਹੈ। ਸਿਖ ਨੂੰ ਮਾਇਆ ਦੇ ਅਸਰ ਤੋਂ ਬਚਾਉਣਾ ਗੁਰੂ ਸਾਹਿਬਾਂ ਦਾ ਹੀ ਕੰਮ ਹੈ। ਤੀਸਰੀ ਪਉੜੀ ਵਿਚ ਸਿਖੀ ਦੇ ਨਿੱਤ ਦੇ ਕਰਮਾਂ ਦਾ ਜ਼ਿਕਰ ਹੈ। ਚੌਥੀ ਵਿਚ ਸਾਧ ਸੰਗਤ ਨੂੰ ਸਚ ਖੰਡ ਦੇ ਬਰਾਬਰ ਤੁਲਨਾ ਦਿੱਤੀ ਹੈ ਅਤੇ ਪੰਜਵੀਂ ਪਉੜੀ ਵਿਚ ਜਪੁਜੀ ਸਾਹਿਬ ਦੇ ਅੰਤਲੇ ਸਲੋਕ " ਪਵਨ ਗੁਰੂ ਪਾਣੀ ਪਿਤਾ " ਦੀ ਹੀ ਵਿਆਖਿਆ ਹੈ। ਛੇਵੀਂ ਪਉੜੀ ਵਿਚ ਮਾਇਆ ਤੋਂ ਨਿਰਲੇਪ ਰਹਿ ਕੇ ਜੀਵਨ ਬਿਤਾਉਣ ਵਲ ਸੰਕੇਤ ਕਰਦੇ ਹਨ ਜਿਸ ਤਰ੍ਹਾਂ ਕੰਵਲ ਚਿਕੜ ਵਿਚ ਰਹਿੰਦਾ ਹੋਇਆ ਵੀ ਆਪਣੇ ਅਸਲੇ ਨੂੰ ਨਹੀਂ ਛਡਦਾ। 7 ਤੋਂ 14 ਤਕ ਦੀਆਂ ਪਉੜੀਆਂ ਵਿਚ ਗੁਰਮੁਖ ਦੀ ਰਹਿਣੀ ਬਹਿਣੀ ਦਾ ਜ਼ਿਕਰ ਕੀਤਾ ਹੈ। ਤਕਰੀਬਨ ਸਾਰੀ ਵਾਰ ਵਿਚ ਹੀ ਸਤਿਗੁਰ, ਗੁਰਮੁਖ ਅਤੇ ਗ੍ਰਿਹਸਤੀ ਦੀ ਅਵਸਥਾ ਨੂੰ ਹੀ ਖੋਲ੍ਹਿਆ ਹੈ ਅਤੇ ਅੰਤ ਵਿਚ ਮਨਮੁਖ ਦੀ ਦਸ਼ਾ ਦਾ ਵਰਨਣ ਕਰਦੇ ਹੋਏ ਕਹਿੰਦੇ ਹਨ ਕਿ ਜਿਸ ਤਰ੍ਹਾਂ ਸੱਪ ਤੁੰਮੇ ਆਦਿਕ ਨੂੰ ਜਿੰਨਾ ਮਰਜ਼ੀ ਚੰਗਾ ਬਨਾਉਣ ਦੀ ਕੋਸ਼ਿਸ਼ ਕਰੋ ਸੱਪ ਆਪਣੀ ਜ਼ਹਿਰ ਨਹੀਂ ਮਾਰੇਗਾ ਅਤੇ ਤੁੰਮੇ ਦੀ ਕੁੜਿਤਣ ਨਹੀਂ ਜਾਵੇਗੀ ਇਸੇ ਤਰ੍ਹਾਂ ਹੀ ਗੁਰੂ ਤੋਂ ਭੁਲਿਆ ਹੋਇਆ ਮਨੁਖ ਉਪਕਾਰਾਂ ਨੂੰ ਛੱਡ ਕੇ ਹਮੇਸ਼ਾਂ ਬੁਰੇ ਕੰਮਾਂ ਵਲ ਹੀ ਦੌੜੇਗਾ।

ਸੱਤਵੀਂ ਵਾਰ:

ਸੱਤਵੀਂ ਵਾਰ ਦੀਆਂ ਪਉੜੀਆਂ ਵੀ 20 ਹਨ। ਪਹਿਲੀ ਪਉੜੀ ਵਿਚ ਸਤਿਗੁਰ ਦੀ ਮਹਿੰਮਾਂ ਗਾਈ ਹੈ ਕਿ ਸਭ ਕੁਝ ਉਹ ਕਰਤਾ ਆਪ ਹੀ ਕਰਨ ਵਾਲਾ ਹੈ। ਦੂਸਰੀ ਤੋਂ ਪੰਦਰਵੀਂ ਪਉੜੀ ਤਕ ਗੁਰਮੁਖ ਦੀ ਉਚੀ ਅਵਸਥਾ ਦਾ ਜ਼ਿਕਰ ਕੀਤਾ ਹੈ। ਗੁਰਮੁਖ ਆਪ ਤਰਦਾ ਅਤੇ ਹੋਰਨਾਂ ਨੂੰ ਵੀ ਤਾਰਦਾ ਹੈ। ਇਸ ਸ੍ਰਿਸ਼ਟੀ ਵਿਚ ਸੱਚੇ ਨਾਮ ਤੋਂ ਬਿਨਾਂ ਬਾਕੀ ਸਭ ਕੰਮਾਂ ਨੂੰ ਨੀਵਾਂ ਦਸਿਆ ਹੈ। ਇਸ ਵਾਰ ਵਿਚ ਭਾਈ ਸਾਹਿਬ ਨੇ ਆਪਣੀ ਵਿਦਿਆ, ਗਿਆਨ ਅਤੇ ਆਮ ਵਾਕਫੀਅਤ ਦੇ ਵਿਸ਼ੇ ਖੇਤਰ ਦਾ ਸਬੂਤ ਦਿੱਤਾ ਹੈ। ਇਸ ਤੋਂ ਹੀ ਆਪ ਜੀ ਦੇ ਉਸ ਬੌਧਿਕ ਸੰਜਮ ਦਾ ਵੀ ਗਿਆਨ ਮਿਲਦਾ ਹੈ। ਜਿਸ ਦੁਆਰਾ ਆਪ ਨੇ ਇਸ ਜਾਣਕਾਰੀ ਨੂੰ ਅਤਿ ਢੁਕਵੇਂ ਅਤੇ ਜਚਵੇਂ ਰੂਪ ਵਿਚ ਪੇਸ਼ ਕੀਤਾ ਹੈ। 16 ਤੋਂ 19ਵੀਂ ਪਉੜੀ ਤਕ ਈਸ਼ਵਰ ਤੇ ਗੁਰੂ ਦੀ ਉਪਮਾ ਕੀਤੀ ਹੈ ਅਤੇ 20ਵੀਂ ਪਉੜੀ ਵਿਚ ਗੁਰੂ ਚੇਲੇ ਦੀ ਵਡਿਆਈ ਹੈ ਕਿ ਉਹ ਹਮੇਸ਼ਾਂ ਸਾਧ ਸੰਗਤ ਵਿਚ ਨਿਰੰਕਾਰ ਦੀ ਸੱਚੀ ਭਗਤੀ ਵਿਚ ਵਿਚਰਦਾ ਹੈ।

ਅੱਠਵੀਂ ਵਾਰ :

ਅੱਠਵੀਂ ਵਾਰ ਦੀਆਂ 24 ਪਉੜੀਆਂ ਹਨ। ਪਹਿਲੀਆਂ ਪੰਜ ਪਉੜੀਆਂ ਵਿਚ ਸੰਸਾਰ ਦੀਆਂ ਵਸਤਾਂ ਦੀ ਭਿੰਨਤਾ ਦਸੀ ਹੈ ਅਤੇ ਇਹ ਵੀ ਦਸਿਆ ਹੈ ਕਿ ਪਰਮਾਤਮਾ ਦੀ ਸ੍ਰਿਸ਼ਟੀ ਦੀ ਭਿੰਨਤਾ ਦਸ ਤੇ ਵਚਿਤ੍ਰਤਾ ਅਕੱਥ ਹੈ ਪਰ ਫਿਰ ਵੀ ਓਅੰਕਾਰ ਜ਼ਰੇ ਜ਼ਰੇ ਵਿਚ ਵਰਤ ਰਿਹਾ ਹੈ। ਸਾਰੇ ਕਿਸਮਾਂ ਦੀਆਂ ਜ਼ਾਤਾਂ ਵਰਣਾਂ ਅਤੇ ਮੱਤਾਂ ਮਤਾਂਤਰਾਂ ਦਾ ਜ਼ਿਕਰ ਕੀਤਾ ਹੈ। ਭਾਈ ਸਾਹਿਬ ਗੁਰੂ ਨਾਨਕ ਦੇਵ ਜੀ ਦੀ ਜਪੁਜੀ ਸਾਹਿਬ ਦੀ ' ਕਥਨਾ ਕਥੀ ਨ ਆਵੈ ਤੋਟਿ ' ਦੇ ਅਧਾਰ ਤੇ ਦਸਦੇ ਹਨ ਕਿ ਉਹ ਪਰਮਾਤਮਾਂ ਅਕਥ ਹੈ। 7 ਤੋਂ 13 ਤਕ ਦੀਆਂ ਪਉੜੀਆਂ ਵਿਚ ਵਖ ਵਖ ਮੱਤਾਂ ਵਾਲੇ ਹਿੰਦੂ, ਮੁਹੰਮਦੀ ਮੱਤ, ਬ੍ਰਾਹਮਣ, ਖੱਤਰੀ, ਵੈਸ਼ ਆਦਿਕ ਦਾ ਜ਼ਿਕਰ ਹੈ। 14,15 ਤੇ 16 ਪਉੜੀਆਂ ਵਿਚ ਸਾਧ ਜਨ ਅਤੇ ਅਸਾਧ ਜਨਾਂ ਦੇ ਲੱਛਣ ਦਸੇ ਹਨ। 17ਵੀਂ ਪਉੜੀ ਵਿਚ ਦਸਿਆ ਹੈ ਕਿ ਹਰ ਮਨੁਖ ਵੱਖਰੀਆਂ ਵੱਖਰੀਆਂ ਹਾਲਤਾਂ ਵਿਚ ਰਹਿੰਦਾ ਹੈ ਪਰ ਗੁਰਮੁਖ ਕੋਈ ਵਿਰਲਾ ਹੀ ਹੁੰਦਾ ਹੈ ਅਤੇ 18ਵੀਂ ਪਉੜੀ ਵਿਚ ਸਰੀਰ ਦੀਆਂ ਅੱਡ ਅੱਡ ਹਾਲਤਾਂ ਦਾ ਜ਼ਿਕਰ ਦਸਿਆ ਹੈ ਕਿ ਮਨੁਖ ਕੋਈ ਅੰਨ੍ਹਾ ਹੈ, ਕੋਈ ਬੋਲਾ, ਕੋਈ ਗੂੰਗਾ, ਕੋਈ ਪਿੰਗਲਾ ਆਦਿਕ ਹਨ ਪਰ ਪੂਰੇ ਗੁਰੂ ਤੋਂ ਬਿਨਾਂ ਅਜੇਹੇ ਆਵਣ ਜਾਣੇ ਬਣੇ ਹੀ ਰਹਿੰਦੇ ਹਨ। 19 ਤੋਂ 23 ਤਕ ਦੀਆਂ ਪਉੜੀਆਂ ਵਿਚ ਹਰ ਕਿਸਮ ਦਾ ਕਿੱਤਾ ਕਰਨ ਵਾਲੇ ਆਦਮੀਆਂ ਦੀ ਸਿਰਫ ਗਿਣਤੀ ਹੀ ਦਸੀ ਹੈ। ਇਸ ਵਾਰ ਤੋਂ ਵੀ ਸੱਤਵੀਂ ਵਾਰ ਵਾਂਗ ਭਾਈ ਸਾਹਿਬ ਦੇ ਬਹੁ-ਮੁਖੀ ਗਿਆਨ ਦਾ ਪਤਾ ਲਗਦਾ ਹੈ ਅਤੇ ਅੰਤਲੀ 24ਵੀਂ ਪਉੜੀ ਵਿਚ ਸਭ ਨੂੰ ਗੁਰਮੁਖ ਬਣਨ ਲਈ ਪਰੇਰਿਆ ਹੈ:-

ਨੌਵੀਂ ਵਾਰ :

ਨੌਵੀਂ ਵਾਰ ਦੀਆਂ ਪਉੜੀਆਂ 22 ਹਨ। ਪਹਿਲੀ ਪਉੜੀ ਵਿਚ ਵਾਹਿਗੁਰੂ, ਗੁਰਸ਼ਬਦ ਅਤੇ ਸਤਿਸੰਗ ਦਾ ਜ਼ਿਕਰ ਹੈ। ਦੂਜੀ ਪਉੜੀ ਵਿਚ ਸਿੱਖੀ ਦਾ ਵਰਨਣ ਹੈ ਤੇ ਦਸਿਆ ਹੈ ਕਿ ਸਿੱਖੀ ਖੰਡੇ ਦੀ ਧਾਰ ਨਾਲੋਂ ਵੀ ਬਰੀਕ ਹੈ ਪਰ ਤੀਸਰੀ ਪਉੜੀ ਵਿਚ ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਜੇਕਰ ਸਿਖ ਗੁਰੂ ਮਤ ਦਾ ਧਾਰਨੀ ਹੋਕੇ ਅਤੇ ਹਉਮੈਂ ਨੂੰ ਮਾਰੇਗਾ ਤਾਂ ਸਿੱਖੀ ਵਾਲਾ ਮਾਰਗ ਉਸ ਲਈ ਸੁਖਾਵਾਂ ਅਤੇ ਸਹਿਜਭਾਵੀ ਬਣ ਜਾਵੇਗਾ। ਇਸ ਤਰ੍ਹਾਂ ਚੌਥੀ ਤੋਂ ਨੌਵੀਂ ਪਉੜੀ ਤਕ ਭਾਈ ਸਾਹਿਬ ਜੀ ਸਿਖ ਦੀ ਨਿਤ ਕਿਰਿਆ ਦਾ ਜ਼ਿਕਰ ਕਰਦੇ ਹੋਏ ਕਹਿੰਦੇ ਹਨ ਕਿ ਗੁਰੂ ਦੇ ਆਸ਼ੇ ਅਨੁਸਾਰ ਚਲਣ ਵਾਲਾ ਸਿੱਖ ਉਸ ਕਰਣ ਕਾਰਣ ਸਮਰਥ ਨਾਲ ਅਭੇਦਤਾ ਪਰਾਪਤ ਕਰ ਲਵੇਗਾ। ਅੱਗੇ ਤੇਰ੍ਹਵੀਂ ਪਉੜੀ ਤਕ ਸਿਖ ਦੀ ਆਤਮਕ ਉਚਤਾ ਦਾ ਜ਼ਿਕਰ ਹੈ। 14ਵੀਂ ਤੇ 15ਵੀਂ ਪਉੜੀ ਵਿਚ ਗੁਰਮੁਖ

ਦੇ ਗੁਣ ਅਤੇ ਸੁਭਾ ਦਸਿਆ ਹੈ। 16,17 ਪਉੜੀ ਵਿਚ ਦਸਿਆ ਹੈ ਕਿ ਚੇਲਾ ਗੁਰੂ ਦੇ ਉਪਦੇਸ਼ ਨਾਲ ਗੁਰੂ ਰੂਪ ਹੀ ਹੋ ਜਾਂਦਾ ਹੈ। 18,19,20 ਤੇ 21 ਪਉੜੀਆਂ ਵਿਚ ਚਰਨਾਂ, ਧਰਤੀ, ਜਲ ਤੇ ਬ੍ਰਿਛ ਤੋਂ ਨਿਮਰਤਾ ਦਾ ਉਪਦੇਸ਼ ਦਿਵਾਇਆ ਹੈ ਅਤੇ ਦਸਿਆ ਹੈ ਕਿ ਗੁਰਸਿਖ ਕਿਸੇ ਦੀ ਬੁਰਾਈ ਦੇ ਬਦਲੇ ਵੀ ਉਸ ਨਾਲ ਚੰਗਿਆਈ ਦਾ ਵਰਤਾਰਾ ਹੀ ਕਰਦਾ ਹੈ। ਅਖੀਰਲੀ ਪਉੜੀ ਵਿਚ ਮੁਰੀਦ ਦੇ ਲੱਛਣ ਦਸੇ ਹਨ ਕਿ ਮੁਰੀਦ ਖੁਦੀ ਤੋਂ ਰਹਿਤ ਹੁੰਦਾ ਹੈ। ਗੁਰੂ ਦੇ ਸ਼ਬਦ ਦੇ ਅਸਰ ਨਾਲ ਉਹ ਆਪਾ ਭਾਵ ਗੁਆ ਦਿੰਦਾ ਹੈ ਅਤੇ ਇਸ ਤਰ੍ਹਾਂ ਗੁਰੂ ਸਰੂਪ ਹੀ ਹੋ ਜਾਂਦਾ ਹੈ।

ਦਸਵੀਂ ਵਾਰ:

ਦਸਵੀਂ ਵਾਰ ਦੀਆਂ 23 ਪਉੜੀਆਂ ਹਨ। ਇਸ ਵਾਰ ਵਿਚ ਭਾਈ ਸਾਹਿਬ ਨੇ ਜਗਤ ਪ੍ਰਸਿਧ ਪੁਰਾਣਿਕ ਸਾਖੀਆਂ ਲਈਆਂ ਹਨ, ਸਤਿਜੁਗ, ਤ੍ਰੇਤਾ, ਦੁਆਪਰ ਅਤੇ ਕਲਜੁਗ ਚਾਰੇ ਜੁਗਾਂ ਦੀਆਂ ਹੀ ਸਾਖੀਆਂ ਇਸ ਵਾਰ ਵਿਚ ਹਨ। ਜ਼ਿਨ੍ਹਾਂ ਸਾਖੀਆਂ ਤੋਂ ਇਹ ਦਸਿਆ ਹੈ ਕਿ ਭਗਤ ਨੂੰ ਕਦੇ ਵੀ ਗੁੱਸੇ ਵਿਚ ਨਹੀਂ ਆਉਣਾ ਚਾਹੀਦਾ। ਹਮੇਸ਼ਾਂ ਨਿੰਮ੍ਰਤਾ ਦਾ ਗੁਣ ਗ੍ਰਹਿਣ ਕਰਨ ਨਾਲ ਹੀ ਅਵਗੁਣ ਕੀਤਿਆਂ ਗੁਣ ਕਰਨ ਦੀ ਜਾਚ ਆਉਂਦੀ ਹੈ। ਭਗਤ ਰਵੀਦਾਸ ਦੀ ਸਾਖੀ ਤੋਂ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਭਗਤ ਜਨਾਂ ਦਾ ਤੀਰਥ ਵੀ ਸਤਿਕਾਰ ਕਰਦੇ ਹਨ। ਧ੍ਰੂ ਭਗਤ, ਪ੍ਰਹਿਲਾਦ, ਰਾਜਾ ਬਲਿ, ਅੰਬਰੀਕ ਭਗਤ, ਰਾਜਾ ਜਨਕ, ਹਰੀ ਚੰਦ ਤੇ ਤਾਰਾ ਰਾਣੀ, ਬਿਦਰ ਤੇ ਦਰਜੋਧਨ, ਦ੍ਰੋਪਤੀ, ਸੁਦਾਮਾ, ਜੈਦੇਵ, ਨਾਮ ਦੇਵ, ਧੰਨਾ, ਕਬੀਰ, ਰਵਿਦਾਸ, ਗੌਤਮ, ਅਹਿਲਿਆ, ਬਾਲਮੀਕ, ਗਣਿਕਾ, ਪੂਤਨਾ ਅਤੇ ਬੱਧਕ ਦਾ ਪ੍ਰਸੰਗ ਦੇ ਕੇ ਪ੍ਰਸਿੱਧ ਪੁਰਾਣਿਕ ਸਾਖੀਆਂ ਦਾ ਜ਼ਿਕਰ ਕੀਤਾ ਹੈ। ਪਰ ਭਾਈ ਗੁਰਦਾਸ ਜੀ ਸਾਖੀਆਂ ਦਾ ਵਰਨਣ ਕਰਦੇ ਹੋਏ ਵੀ ਕੋਈ ਨਾ ਕੋਈ ਪਰਮ ਅਸਲੀਅਤ ਜ਼ਰੂਰ ਅੱਖਾਂ ਅੱਗੇ ਲੈ ਆਉਂਦੇ ਹਨ।

ਕਾਵਿ - ਕਲਾ ਦੇ ਪੱਖ ਤੋਂ ਇਸ ਵਾਰ ਤੋਂ ਭਾਈ ਸਾਹਿਬ ਦਾ ਬਿਆਨ ਸੰਜਮ ਤੇ ਬੋਲੀ ਤੇ ਅਥਾਹ ਕਾਬੂ ਦਾ ਸਬੂਤ ਮਿਲਦਾ ਹੈ ਸੁਚੱਜੀ ਸ਼ਬਦ ਚੋਣ ਤੇ ਜੜਤ ਸਦਕਾ ਉਹ ਘਟਨਾ ਨੂੰ ਬਿਆਨ ਕਰਦੇ, ਪਾਤਰ ਦੀ ਮਾਨਸਕ ਅਵਸਥਾ ਦਾ ਵੀ ਇਕ ਭਰਪੂਰ ਚਿਤਰ ਸਾਡੇ ਸਾਹਮਣੇ ਉਘਾੜ ਜਾਂਦੇ ਹਨ। ਉਦਾਹਰਣ ਵਜੋਂ ਹੇਠ ਲਿਖੇ ਕਥਨ ਇਸ ਨਾਲ ਸਬੰਧਤ ਪਾਤਰ ਦੀ ਮਾਨਸਕ ਦਸ਼ਾ ਦਾ ਪੂਰਨ ਚਿਤਰ ਸਾਡੇ ਸਾਹਮਣੇ ਉਘਾੜ ਜਾਂਦੇ ਹਨ:-

" ਡੁਡਹੁਲਿਕਾ ਮਾਂ ਪੁਛੈ ਤੂੰ ਸਾਵਾਣੀ ਹੈ ਕਿ ਸੁਰੀਤਾ ?"(ਪਉੜੀ 1/3)

" ਘਰਿ ਆਈ ਠਾਕੁਰ ਮਿਲੈ ਪੈਜ ਰਹੀ ਬੋਲੈ ਸ਼ਰਮਾਂਦੀ।"(ਪਉੜੀ 8/7)

ਗਿਆਰ੍ਹਵੀਂ ਵਾਰ :

ਗਿਆਰ੍ਹਵੀਂ ਵਾਰ ਦੀਆਂ 31 ਪਉੜੀਆਂ ਹਨ। ਭਾਈ ਸਾਹਿਬ ਦੀਆਂ ਸਾਰੀਆਂ ਵਾਰਾਂ ਵਿਚੋਂ ਇਸ ਵਾਰ ਦੀਆਂ ਪਉੜੀਆਂ ਦੀ ਗਿਣਤੀ ਤੀਸਰੇ ਨੰਬਰ ਤੇ ਹੈ। ਪਹਿਲੀ ਪਉੜੀ ਵਿਚ ਸਤਿਗੁਰ ਦੇ ਪ੍ਰੇਮ ਪਿਆਲੇ ਦਾ ਜ਼ਿਕਰ ਹੈ। ਦੂਸਰੀ ਪਉੜੀ ਵਿਚ ਗੁਰਸਿਖ ਨੂੰ ਆਪਣੇਂ ਅਸੂਲਾਂ ਤੋਂ ਜ਼ਰਾ ਜਿੰਨਾਂ ਵੀ ਅਵੇਸਲਾ ਹੋਣ ਤੋਂ ਰੋਕਿਆ ਕੀਤਾ ਹੈ ਕਿਉਂਕਿ ਥੋੜੀ ਜਿਹੀ ਗਲਤੀ ਵੀ ਮਾਰੂ ਹੋ ਸਕਦੀ ਹੈ ਤੀਸਰੀ ਪਉੜੀ ਤੋਂ 12ਵੀਂ ਪਉੜੀ ਤਕ ਦਸਿਆ ਹੈ ਕਿ ਉਸ ਸਿਖ ਦਾ ਜਨਮ ਸਫਲਾ ਹੋ ਸਕਦਾ ਹੈ ਜਿਸ ਨੇ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਨੂੰ ਵਸ ਕਰ ਲਿਆ ਹੋਵੇ ਅਤੇ ਔਗੁਣਾਂ ਦੀ ਜਗ੍ਹਾ ਸਤ, ਸੰਤੋਖ ਨਿਮਰਤਾ, ਦਇਆ, ਧਰਮ, ਨਾਮ ਦਾਨ ਅਤੇ ਇਸ਼ਨਾਨ ਦੀ ਵਰਤੋਂ ਕਰਦਾ ਹੋਵੇ। ਗੁਰੂ ਦੇ ਚਰਨਾਂ ਦਾ ਭੌਰਾ ਹੋਵੇ, 13 ਤੋਂ 20 ਪਉੜੀਆਂ ਵਿਚ ਪਹਿਲੀ ਪਾਤਸ਼ਾਹੀ ਤੋਂ ਪੰਜਵੀਂ ਪਾਤਸ਼ਾਹੀ ਤਕ ਦੇ ਸਿਖਾਂ ਦੇ ਨਾਮ ਦਸੇ ਹਨ। 21ਵੀਂ ਪਉੜੀ ਵਿਚ ਸੁਲਤਾਨ ਪੁਰੀਏ ਸਿਖ, 22ਵੀਂ ਵਿਚ ਮਸੰਦ ਸਿਖ, 23ਵੀਂ ਵਿਚ ਮੈਂਝ ਵਰਗੇ ਸਿਖਾਂ ਦਾ ਜ਼ਿਕਰ ਹੈ। 24ਵੀਂ ਪਉੜੀ ਵਿਚ ਪੰਜਾਬ ਦੇ ਸਿਖ, 25ਵੀਂ ਵਿਚ ਲਾਹੌਰ ਮੁਜੰਗੀ ਸਿਖ, 26ਵੀਂ ਵਿਚ ਦੇਸਾਂਤਰੀ ਸੰਗਤ, 27 ਤੇ 28ਵੀਂ ਪਉੜੀ ਵਿਚ ਆਗਰੇ ਅਤੇ ਹਜ਼ੂਰੀ ਸੰਗਤ ਦਾ ਵੇਰਵਾ ਹੈ। 29, 30 ਤੇ 31 ਪਉੜੀਆਂ ਵਿਚ ਛੇਵੇਂ ਗੁਰੂ ਹਰਿਗੋਬਿੰਦ ਜੀ ਦੇ ਵੇਲੇ ਦੇ ਸਿਖਾਂ ਦਾ ਵਰਨਣ ਹੈ। ਗੱਲ ਕੀ 13ਵੀਂ ਪਉੜੀ ਤੋਂ 31ਵੀਂ ਤਕ ਗੁਰਸਿਖਾਂ ਦੇ ਨਾਵਾਂ ਦਾ ਹੀ ਜ਼ਿਕਰ ਹੈ।

ਬਾਰ੍ਹਵੀਂ ਵਾਰ :

ਵਾਰ ਨੰਬਰ 12 ਦੀਆਂ 20 ਪਉੜੀਆਂ ਹਨ। ਪਹਿਲੀਆਂ ਛੇ ਪਉੜੀਆਂ ਵਿਚ ਸਿਖਾਂ ਦੇ ਨਿਤਨੇਮ ਦਾ ਕਥਨ ਅਤੇ ਗੁਰਸਿਖਾਂ ਦੀ ਨਿਸ਼ਕਾਮਤਾ ਦਾ ਜ਼ਿਕਰ ਹੈ। ਭਾਈ ਸਾਹਿਬ ਜੀ ਉਨ੍ਹਾਂ ਗੁਰਸਿਖਾਂ ਤੋਂ ਬਲਿਹਾਰ ਜਾਂਦੇ ਹਨ ਜੋ ਆਪਾ ਭਾਵ ਗਵਾ ਕੇ ਪਰਮਾਤਮਾਂ ਦੀ ਭਗਤੀ ਕਰਦੇ ਹਨ। 7 ਤੋਂ 15 ਤਕ ਭਾਈ ਗੁਰਦਾਸ ਜੀ ਗੁਰਸਿਖ ਦੀ ਅਵਸਥਾ ਬ੍ਰਹਮਾ, ਮਹਾਂਦੇਵ, ਸ਼ਿਵ, ਇੰਦਰ, ਨਾਰਦਾਇਕ ਰਿਖੀ, ਰਿਧੀਆਂ ਸਿਧੀਆਂ ਤੋਂ ਉਚੀ ਮੰਨਦੇ ਹਨ। 15,16ਵੀਂ ਪਉੜੀ ਵਿਚ ਨੀਵੀਂ ਜਾਤ ਦੇ ਭਗਤਾਂ ਨੂੰ ਨਿਸ਼ਕਾਮ ਭਗਤੀ ਕਰਕੇ ਉਚ ਆਤਮਾਂ ਵਾਲੇ ਦਸਿਆ ਹੈ। 17ਵੀਂ ਪਉੜੀ ਵਿਚ ਦਸਿਆ ਹੈ ਕਿ ਵਾਹਿਗੁਰੂ ਦੇ ਹੁਕਮ ਅਨੁਸਾਰ ਚਲਣ ਦਾ ਪੱਧਰਾ ਰਾਹ ਗੁਰਮੁਖਾਂ ਨੇ ਚਲਾਇਆ ਹੈ। ਜਪੁਜੀ ਸਾਹਿਬ ਦੇ 'ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲਿ' ਵਾਂਗ ਹੀ ਭਾਈ ਸਾਹਿਬ ਨੇ 'ਹੁਕਮਿ ਰਜਾਈ ਚਲਣਾ ਗੁਰਮੁਖਿ ਗାਡੀਰਾਹੁ ਚਲਾਇਆ' ਲਿਖਿਆ ਹੈ।

18ਵੀਂ ਪਉੜੀ ਵਿਚ ਦਸਦੇ ਹਨ ਕਿ ਗੁਰਮੁਖ ਜਨਮ ਮਰਨ ਤੋਂ ਰਹਿਤ ਹੁੰਦੇ ਹਨ ਅਤੇ 19ਵੀਂ ਪਉੜੀ ਵਿਚ ਗੁਰੂ ਅਤੇ ਉਸ ਦੇ ਸਿਖ ਦੀ ਵਡਿਆਈ ਕੀਤੀ ਹੁੰਦੀ ਹੈ। ਸੁਖ ਫਲ ਦੇਣ ਵਾਲਾ ਵਾਹਿਗੁਰੂ ਵੀ ਧੰਨ ਹੈ ਅਤੇ ਉਹ ਗੁਰਮੁਖ ਵੀ ਧੰਨ ਹੈ ਜਿਸ ਨੇ ਆਤਮ ਰਸ ਦੀ ਪਰਾਪਤੀ ਜਿਹੀ ਅਜਰ ਵਸਤੂ ਨੂੰ ਲੈ ਕੇ ਜਰ ਲਿਆ ਹੈ। ਵੀਹਵੀਂ ਪਉੜੀ ਵਿਚ ਸਾਧ ਸੰਗਤ ਦੀ ਮਹਿਮਾਂ ਦਸੀ ਹੈ। ਸਤਿਸੰਗ ਵਿਚ ਰਹਿਣ ਵਾਲੇ ਵਿਅਕਤੀ ਹਮੇਸ਼ਾਂ ਬੁਰੇ ਕੰਮਾਂ ਤੋਂ ਦੂਰ ਰਹਿੰਦੇ ਹਨ।

ਤੇਰ੍ਹਵੀਂ ਵਾਰ :

ਤੇਰ੍ਹਵੀਂ ਵਾਰ ਦੀਆਂ 25 ਪਉੜੀਆਂ ਹਨ। ਪਹਿਲੀਆਂ ਦੋ ਪਉੜੀਆਂ ਵਿਚ ਸਿਖ ਤੇ ਗੁਰੂ ਦਾ ਪਰਸਪਰ ਪਿਆਰ ਦਰਸਾਇਆ ਹੈ। ਚੌਥੀ ਪਉੜੀ ਤੋਂ 14ਵੀਂ ਪਉੜੀ ਤਕ ਪਿਰਮ ਰਸ ਦਾ ਵਰਨਣ ਕੀਤਾ ਹੈ ਅਤੇ ਦਸਿਆ ਹੈ ਕਿ ਪ੍ਰੇਮ ਦੇ ਆਇਆਂ ਸਭ ਔਗੁਣ ਦੂਰ ਹੋ ਜਾਂਦੇ ਹਨ, ਪ੍ਰੇਮ ਦੇ ਬਰਾਬਰ ਹੋਰ ਕੋਈ ਰਸ ਨਹੀਂ ਸਾਰੀ ਸੁੰਦਰਤਾ ਵਿਨਾਸ਼ ਹੋਣ ਵਾਲੀ ਹੈ ਪਰ ਪਿਰਮ ਰਸ ਅਵਿਨਾਸ਼ੀ ਹੈ। ਪ੍ਰੇਮ ਰਸ ਹੀ ਸਭ ਤੋਂ ਉਚਾ ਹੈ ਪਰ ਜਿਸਨੂੰ ਪਰਮਾਤਮਾਂ ਆਪਣੀ ਬਖਸ਼ਸ਼ ਨਾਲ ਪਿਆਉਂਦਾ ਹੈ ਉਹ ਹੀ ਇਸ ਦਾ ਅਨੰਦ ਮਾਣ ਸਕਦਾ ਹੈ। 16ਵੀਂ ਪਉੜੀ ਵਿਚ ਗੁਰਮੁਖ ਨੂੰ ਹੀਰੇ ਦੇ ਤੁਲ ਅਮੋਲਕ ਕਿਹਾ ਹੈ। 17ਵੀਂ ਪਉੜੀ ਵਿਚ ਗੁਰਮੁਖ ਦੇ ਅਮਰ ਹੋਣ ਬਾਰੇ ਸੰਕੇਤ ਹੈ। 18 ਤੋਂ 24ਵੀਂ ਪਉੜੀਆਂ ਤਕ ਗੁਰੂ ਦੀ ਮਹਿਮਾਂ ਗਾਈ ਹੈ। ਅਤੇ 25ਵੀਂ ਪਉੜੀ ਵਿਚ ਛੇ ਗੁਰੂ ਸਾਹਿਬਾਂ ਦੇ ਨਾਵਾਂ ਦਾ ਜ਼ਿਕਰ ਹੈ ਅਤੇ ਦਸਿਆ ਹੈ ਕਿ ਕਿਸ ਤਰ੍ਹਾਂ ਇਕ ਜੋਤ ਤੋਂ ਅਗਲੀ ਜੋਤ ਜਗਦੀ ਰਹੀ ਹੈ।

ਚੌਧ੍ਹਵੀਂ ਵਾਰ

14ਵੀਂ ਵਾਰ ਦੀਆਂ 20 ਪਉੜੀਆਂ ਹਨ। ਪਹਿਲੀ ਪਉੜੀ ਵਿਚ ਗੁਰੂ ਨੂੰ ਨਿਮਾਣਿਆਂ ਦਾ ਮਾਣ ਕਿਹਾ ਹੈ ਅਤੇ ਦੂਸਰੀ ਤੇ ਤੀਸਰੀ ਪਉੜੀ ਵਿਚ ਸਾਧ ਸੰਗਤ ਦੀ ਮਹਾਨਤਾ ਪ੍ਰਗਟ ਕੀਤੀ ਹੈ ਅਤੇ ਦਸਿਆ ਹੈ ਕਿ ਸਾਧ ਸੰਗਤ ਦੁਆਰਾ ਹੀ ਜਗਿਆਸੂ ਨੂੰ ਨਿਮਰਤਾ ਰਾਹੀ ਅਲਖ ਦਾ ਗਿਆਨ ਹੁੰਦਾ ਹੈ ਅਤੇ ਸਚ ਦੇ ਦਰਸ਼ਨ ਹੁੰਦੇ ਹਨ ਅਤੇ ਚੌਥੀ ਪਉੜੀ ਵਿਚ ਗੁਰਸਿਖਾਂ ਦੀ ਨਿਮਰਤਾ ਭਰੀ ਦ੍ਰਿਸ਼ਟੀ ਨੂੰ ਸਭ ਤੋਂ ਕੀਮਤੀ ਦਸਿਆ ਹੈ। ਹੰਕਾਰ ਨਾਲ ਕੀਤੇ ਕੰਮਾਂ ਨੂੰ ਗੁਰਮੁਖਾਂ ਦੇ ਕੰਮਾਂ ਦੇ ਮੁਕਾਬਲੇ ਤੇ ਨੀਵਾਂ ਕਿਹਾ ਹੈ। 5ਵੀਂ ਪਉੜੀ ਵਿਚ ਨਾਰਦਮੁਨੀ ਨੂੰ ਵੈਰ ਵਿਰੋਧ ਕਰਕੇ ਗੁਰਮੁਖ ਪਦ ਤੋਂ ਨੀਵਾਂ ਦਸਦੇ ਹਨ। ਛੇਵੀਂ ਪਉੜੀ ਤੋਂ 16ਵੀਂ ਪਉੜੀ ਤਕ ਪ੍ਰਕਿਰਤੀ ਦੇ ਵੱਖ ਵੱਖ ਅੰਗਾਂ ਧਰਤੀ, ਪਾਣੀ, ਬ੍ਰਿਛ

ਤਿਲ, ਪਸ਼ੂ, ਕਪਾਹ, ਮਜੀਠ, ਕਮਾਦ, ਲੋਹਾ, ਰਬਾਬ ਅਤੇ ਚੰਦਨ ਤੋਂ ਮਹੱਤਵ ਪੂਰਣ ਹੁਕਮ ਰਜਾ ਅਨੁਸਾਰ ਚਲਣ, ਪਰ-ਉਪਕਾਰ ਕਰਨ, ਭਾਣਾ ਮੰਨਣ, ਨਿੰਮ੍ਰਤਾ ਗ੍ਰਹਿਣ ਕਰਕੇ ਸ਼ਬਦ ਕਮਾਣ, ਸਾਧ ਸੰਗਤ, ਖਿੜੇ ਮੱਥੇ ਦੁਖ ਝਲਣ, ਚੰਗੇ ਗੁਣਾਂ ਨੂੰ ਨਿਤ ਸੰਭਾਲਣ ਆਦਿ ਦੇ ਸਦਾਚਾਰਕ ਤੇ ਧਾਰਮਕ ਜੀਵਨ ਦੇ ਨਿਰਣੇ ਕੀਤੇ ਹਨ। 17,18 19 ਤੇ 20ਵੀਂ ਪਉੜੀ ਵਿਚ ਸੇਵਾ ਦਾ ਚਾ, ਸੇਵਾ ਦਾ ਫਲ ਅਤੇ ਪਰਸਪਰ ਪਿਆਰ ਦੀ ਮਹਾਨਤਾ ਦਾ ਵਰਨਣ ਕੀਤਾ ਹੈ।

ਪੰਦਰ੍ਹਵੀਂ ਵਾਰ:

ਪੰਦਰ੍ਹਵੀਂ ਵਾਰ ਦੀਆਂ 21 ਪਉੜੀਆਂ ਹਨ। ਪਹਿਲੀਆਂ ਦੋ ਪਉੜੀਆਂ ਵਿਚ ਸਤਿਗੁਰ ਦੀ ਮਹਿੰਮਾਂ, ਸਤਿਗੁਰ ਨੂੰ "ਸਚਾ ਪਾਤਸ਼ਾਹ" ਨਾਵਾਂ ਦਾ ਨਾਥ, ਸਚੁ ਦਾਤਾਰੁ, ਕਰਤਾ ਪੁਰਖੁ, ਸਚਾ ਸ਼ਾਹ ,ਸਚਾ ਵੈਦ ਆਦਿ ਕਿਹਾ ਹੈ ਅਤੇ ਸਤਿਗੁਰ ਦੀ ਕਿਰਪਾ ਦ੍ਰਿਸ਼ਟੀ ਤੋਂ ਬਿਨਾਂ ਕਰਮ ਕਾਂਡਾਂ ਦੀ ਪਾਲਣਾ ਵਿਅਰਥ ਦਸੀ ਹੈ। ਤੀਸਰੀ ਪਉੜੀ ਵਿਚ ਮਾਣਸ ਦੇਹ ਨੂੰ ਚੌਰਾਸੀ ਲਖ ਜੂਨਾਂ ਵਿਚੋਂ ਅਮੋਲਕ ਦਸਿਆ ਹੈ। ਚੌਥੀ ਪਉੜੀ ਵਿਚ ਉਸ ਮਨਮੁਖ ਦੀ ਦਸ਼ਾ ਦਾ ਜ਼ਿਕਰ ਹੈ ਜੋ ਗੁਰੂ ਦੀ ਓਟ ਤੋਂ ਬਿਨਾਂ ਚੌਰਾਸੀ ਲਖ ਜੂਨਾਂ ਵਿਚ ਹੀ ਭਟਕਦਾ ਰਹਿੰਦਾ ਹੈ। ਪੰਜਵੀਂ ਪਉੜੀ ਵਿਚ ਕੰਨ ਪਾਟੇ ਜੋਗੀਆਂ ਬਾਰੇ ਦਸਦੇ ਹਨ ਕਿ ਉਹ ਐਵੇਂ ਨਾਥ ਬਣ ਕੇ ਲੋਕਾਂ ਨੂੰ ਧੋਖੇ ਵਿਚ ਰਖਦੇ ਹਨ। ਛੇਵੀਂ ਪਉੜੀ ਤੋਂ ਨੌਵੀਂ ਪਉੜੀ ਤਕ ਝੂਠੇ ਸਾਕ ਸਬੰਧੀਆਂ, ਵਪਾਰੀਆਂ, ਵੈਦਾਂ ਦਾ ਜ਼ਿਕਰ ਹੈ ਜੋ ਸਚ ਤੋਂ ਵਾਂਝੇ ਕੂੜ ਵੇ ਰਹੇ ਹਨ। ਦਸਵੀਂ ਪਉੜੀ ਵਿਚ ਫਿਰ ਗੁਰੂ ਤੋਂ ਵਾਂਝੇ ਹੋ ਕੇ ਕਰਮ ਕਾਂਡ ਕਰਨ ਦੀ ਅਸਾਰਥਕਤਾ ਨੂੰ ਪ੍ਰਗਟ ਕੀਤਾ ਹੈ ਤੇ ਨਿਰਣਾ ਦਿੱਤਾ ਹੈ "ਗੁਰ ਪੂਰੇ ਵਿਣੁ ਪਾਰ ਨ ਪਾਹੀ"। 11ਵੀਂ ਪਉੜੀ ਤੋਂ 14ਵੀਂ ਪਉੜੀ ਤਕ ਦਸਿਆ ਹੈ ਕਿ ਸਤਿਗੁਰ ਪਾਰਸ ਅਤੇ ਕਲਪਬ੍ਰਿਛ ਦੀ ਤਰ੍ਹਾਂ ਹੈ ਉਨ੍ਹਾਂ ਦੁਨਿਆਵੀ ਵਿਸ਼ੇ ਵਿਕਾਰਾਂ ਤੋਂ ਉਚਾ ਹੈ ਜਿਹੜੇ ਮਨੁਖ ਨੂੰ ਕੁਰਸਤੇ ਪਾ ਦਿੰਦੇ ਹਨ। 15ਵੀਂ ਪਉੜੀ ਵਿਚ ਕਾਦਰ ਦੀ ਕੁਦਰਤ ਦਾ ਜ਼ਿਕਰ ਹੈ ਕਿ ਉਸ ਦਾ ਅੰਤ ਕੋਈ ਨਹੀਂ ਪਾ ਸਕਦਾ। 16ਵੀਂ ਪਉੜੀ ਵਿਚ ਗੁਰੂ ਤੇ ਚੇਲੇ ਦਾ ਸਬੰਧ ਦਸਦਿਆਂ ਕਿਹਾ ਹੈ ਕਿ ਗੁਰੂ ਦਾ ਉਪਦੇਸ਼ ਪਾ ਕੇ ਚੇਲਾ ਵੀ ਗੁਰੂ ਸਰੂਪ ਹੀ ਹੋ ਜਾਂਦਾ ਹੈ। ਅਗਲੀਆਂ ਪਉੜੀਆਂ ਵਿਚ ਦਸਿਆ ਹੈ ਕਿ ਗੁਰੂ ਦੇ ਗਿਆਨ ਤੋਂ ਬਿਨਾਂ ਅਸੀਂ ਅਕਾਲ ਪੁਰਖ ਦੀਆਂ ਸਭ ਦਾਤਾਂ ਨੂੰ ਭੁਲ ਜਾਂਦੇ ਹਾਂ। ਅਖੀਰਲੀ ਪਉੜੀ ਵਿਚ ਭਾਈ ਸਾਹਿਬ ਜੀ ਦਸਦੇ ਹਨ ਕਿ ਗੁਰਮੁਖ ਹੀ ਮਾਇਆ ਵਿਚ ਉਦਾਸ ਰਹਿ ਸਕਦਾ ਹੈ ਕਿਉਂਕਿ ਉਸ ਨੂੰ ਇਹ ਸੋਝੀ ਹੁੰਦੀ ਹੈ ਕਿ ਇਹ ਸਾਰਾ ਦਿਸਦਾ ਪਸਾਰਾ ਨਾਸ਼ਵਾਨ ਹੈ।

**ਸੋਲ੍ਹਵੀਂ ਵਾਰ :**

ਸੋਲ੍ਹਵੀਂ ਵਾਰ ਦੀਆਂ 21 ਪਉੜੀਆਂ ਹਨ। ਪਹਿਲੀ ਪਉੜੀ ਵਿਚ ਭਾਈ ਗੁਰਦਾਸ ਜੀ ਦਸਦੇ ਹਨ ਕਿ ਹਰ ਇਨਸਾਨ ਆਪਣੇ ਕਰਮਾਂ ਅਨੁਸਾਰ ਹੀ ਫਲ ਦੀ ਪਰਾਪਤੀ ਕਰਦਾ ਹੈ। ਅਗਲੀਆਂ ਤਿੰਨ ਪਉੜੀਆਂ ਵਿਚ ਜਲ ਕਮਲ ਤੇ ਬ੍ਰਿਛ ਤੋਂ ਨਿਮਰਤਾ ਦਾ ਉਪਦੇਸ਼ ਦਿਵਾਇਆ ਹੈ। ਪੰਜਵੀਂ ਪਉੜੀ ਵਿਚ ਮਲਾਹ ਨੂੰ ਗੁਰੂ ਦਾ ਰੂਪਕ ਲੈ ਕੇ ਗੁਰੂ ਨੂੰ ਭਵ ਸਾਗਰ ਤੋਂ ਤਾਰਨ ਵਾਲਾ ਦਸਿਆ ਹੈ। ਅੱਠਵੀਂ ਪਉੜੀ ਵਿਚ ਸਾਧ ਸੰਗਤ ਨੂੰ ਮਾਨਸਰੋਵਰ ਦੇ ਤੁਲ ਦਸਦਿਆਂ ਹੋਇਆਂ ਕਿਹਾ ਹੈ ਕਿ ਜਿਸ ਤਰ੍ਹਾਂ ਮਾਨਸਰੋਵਰ ਵਿਚੋਂ ਹੰਸ ਅਮੋਲਕ ਮੋਤੀ ਚੁਗਦੇ ਹਨ ਉਸੇ ਤਰ੍ਹਾਂ ਹੀ ਸਾਧ-ਸੰਗਤ ਵਿਚੋਂ ਗੁਰਮੁਖ ਲੋਕ ਗੁਣਾਂ ਦੇ ਮੋਤੀ ਚੁਗਦੇ ਹਨ। 9ਵੀਂ ਪਉੜੀ ਤੋਂ ਤੇਰ੍ਹਵੀਂ ਪਉੜੀ ਤਕ ਦਸਿਆ ਹੈ ਕਿ ਗੁਰਮੁਖ ਸਭ ਤੋਂ ਉਚੇ ਹੁੰਦੇ ਹਨ, ਉਨ੍ਹਾਂ ਦਾ ਸੱਚਾ ਰਸਤਾ ਸਾਧ ਸੰਗਤ ਹੈ ਅਤੇ ਸਾਧ ਸੰਗਤ ਸਚ ਖੰਡ ਦੇ ਬਰਾਬਰ ਹੈ। 14ਵੀਂ ਪਉੜੀ ਤੋਂ ਅਖੀਰਲੀ ਪਉੜੀ ਤਕ ਗੁਰੂ ਦੀ ਬੇਅੰਤਤਾ ਦਾ ਜ਼ਿਕਰ ਕੀਤਾ ਗਿਆ ਹੈ ਕਿ ਪਰਮਾਤਮਾਂ ਪਰ੍ਹੇ ਤੋਂ ਪਰ੍ਹੇ ਹੈ। ਗੁਰੂ ਦੇ ਸਿੱਖ ਸਾਧ ਸੰਗਤ ਨਾਲ ਮਿਲਕੇ ਗੁਰੂ ਦੇ ਚਰਣ ਕਮਲਾਂ ਦੀ ਸ਼ਰਨ ਲੈਣ ਆਉਂਦੇ ਹਨ। ਗੁਰੂ ਦੇ ਤੁਲ ਕੋਈ ਵੀ ਨਹੀਂ ਹੋ ਸਕਦਾ, ਸਿਰਫ ਸਾਧ ਸੰਗਤ ਵਿਚ ਰਹਿ ਕੇ ਹੀ ਪੂਰੇ ਗੁਰੂ ਨੂੰ ਜਾਣਿਆ ਜਾ ਸਕਦਾ ਹੈ।

**ਸਤਾਰ੍ਹਵੀਂ ਵਾਰ :**

ਸਤਾਰ੍ਹਵੀਂ ਵਾਰ ਦੀਆਂ ਪਉੜੀਆਂ ਦੀ ਗਿਣਤੀ 21 ਹੈ। ਇਸ ਵਿਚ ਕਪਟੀਆਂ, ਅਹੰਕਾਰੀਆਂ ਤੇ ਮਨਮੁਖਾਂ ਲਈ ਤਾੜਨਾ ਹੈ। ਪਹਿਲੀ ਤੇ ਦੂਜੀ ਪਉੜੀ ਵਿਚ ਦਸਿਆ ਹੈ ਕਿ ਕਰਨੀ ਹੀਨ ਮਨੁਖ ਸੰਖ ਤੇ ਡੱਡੂ ਵਾਂਗ ਖਾਲੀ ਹੀ ਰਹਿੰਦੇ ਹਨ। ਤੀਸਰੀ ਪਉੜੀ ਵਿਚ ਲਿਖਦੇ ਹਨ ਕਿ ਜਿਨ੍ਹਾਂ ਨੇ ਸੰਗਤ ਕੇਵਲ ਪੇਟ ਪੂਜਾ ਲਈ ਹੀ ਬਣਾਈ ਹੈ ਉਹ ਬਗਲੇ ਭਗਤ ਹਨ ਅਤੇ ਉਨ੍ਹਾਂ ਦੀ ਸਮਾਧੀ ਉਸੇ ਤਰ੍ਹਾਂ ਦੀ ਹੈ ਜਿਸ ਤਰ੍ਹਾਂ ਦੀ ਬਗਲੇ ਦੀ ਜੋ ਡੱਡਾਂ ਫੜਨ ਲਈ ਅੱਖਾਂ ਮੀਚ ਕੇ ਸਮਾਧੀ ਲਾ ਕੇ ਬੈਠਦਾ ਹੈ। ਚੋਥੀ ਪਉੜੀ ਤੋਂ 19ਵੀਂ ਪਉੜੀ ਤਕ ਮਨਮੁਖਾਂ ਤੇ ਕਪਟੀਆਂ ਬਾਰੇ ਦਸਦੇ ਹਨ ਕਿ ਜੇ ਮਨ ਵਿਚ ਹਉਮੈਂ ਦਾ ਭਾਵ ਹੋਵੇ ਤਾਂ ਕਈ ਵਾਰੀ ਸਾਧ ਸੰਗਤ ਵਿਚ ਜਾ ਕੇ ਵੀ ਉਲਟਾ ਅਸਰ ਲੈ ਲੈਂਦੇ ਹਨ ਉਲੂ, ਚਕਵੀ, ਕੜਛੀ, ਰਤਕਾਂ, ਤੂੰਆਂ, ਕਾਂ, ਹਾਥੀ, ਗਧਾ, ਕੰਬਲ ਆਦਿਕ ਤੋਂ ਦਰਸਾਉਂਦੇ ਹਨ ਕਿ ਇਹ ਆਪਣੇ ਅਹੰਕਾਰ ਕਰਕੇ ਚੰਗੇ ਕੰਮਾਂ ਤੋਂ ਸੱਖਣੇ ਹੀ ਰਹਿ ਜਾਂਦੇ ਹਨ। ਕੈਹ, ਸੰਖ, ਅਰਿੰਡ, ਕਨੇਰ, ਅੱਕ ਟਿੰਡਾ ਆਦਿਕ ਦੇ ਦ੍ਰਿਸ਼ਟਾਂਤ ਤੋਂ ਮਨਮੁਖ ਆਦਮੀਆਂ ਬਾਰੇ ਦਸਦੇ ਹਨ ਕਿ ਹੰਕਾਰੀ ਹੋਣ ਕਰਕੇ ਇਨ੍ਹਾਂ ਦੇ ਮਨ ਦੀ ਕਾਲਖ ਧੋਦੇ ਵੀ

ਨਹੀਂ ਉਤਰਦੀ। 20ਵੀਂ ਤੇ 21ਵੀਂ ਪਉੜੀ ਵਿਚ ਮਨਮੁਖਾਂ ਦੀ ਗਿਣਤੀ ਦਸਦੇ ਹਨ ਅਤੇ ਉਨ੍ਹਾਂ ਦੇ ਜੀਵਨ ਨੂੰ ਗੁਰ ਸ਼ਬਦ ਨਾ ਸੁਣਨ ਕਰਕੇ ਧ੍ਰਿਗ ਦਸਦੇ ਹਨ। 21ਵੀਂ ਪਉੜੀ ਵਿਚ ਆਪਣੇ ਆਪ ਨੂੰ ਮਨਮੁਖ ਦਸ ਕੇ ਮਨਮੁਖਾਂ ਨੂੰ ਉਨ੍ਹਾਂ ਦੀ ਘਿਰਣਤ ਅਵਸਥਾ ਤੋਂ ਗਿਆਤ ਕੀਤਾ ਹੈ।

ਅਠਾਰ੍ਹਵੀਂ ਵਾਰ :

ਅਠਾਰ੍ਹਵੀਂ ਵਾਰ ਦੀਆਂ 23 ਪਉੜੀਆਂ ਹਨ। ਮੰਗਲਾਚਰਨ ਵਜੋਂ ਪਹਿਲੀ ਅਤੇ ਦੂਸਰੀ ਪਉੜੀ ਵਿਚ ਨਮਸਕਾਰਤਾ ਦੀ ਭਾਵਨਾ ਪ੍ਰਗਟ ਕਰਦੇ ਹੋਏ ਪਰਮਾਤਮਾਂ ਦੀ ਬੇਅੰਤਤਾਈ ਦਾ ਜ਼ਿਕਰ ਕਰਦੇ ਹਨ ਅਤੇ ਉਸ ਨੂੰ ਸਰਬ ਵਿਆਪਕ ਦਸਦੇ ਹਨ। ਉਸ ਨੂੰ ਅਲਖ ਤੇ ਅਥਾਹ ਪਰਗਟ ਕਰਦੇ ਹਨ। ਤੀਸਰੀ ਪਉੜੀ ਤੋਂ 10ਵੀਂ ਪਉੜੀ ਤਕ ਕਾਦਰ ਦੀ ਕੁਦਰਤ ਦਾ ਵਰਨਣ ਕੀਤਾ ਹੈ ਕਿ ਸਾਰੀ ਕੁਦਰਤ ਪਰਮਾਤਮਾਂ ਦੇ ਬੱਝੇ ਹੋਏ ਨਿਯਮ ਅਨੁਸਾਰ ਚਲ ਰਹੀ ਹੈ। ਉਸ ਦਾ ਭੇਦ ਕਾਦਰ ਹੀ ਜਾਣ ਸਕਦਾ ਹੈ। ਪਰਮਾਤਮਾਂ ਹੀ ਸਾਰੇ ਪਦਾਰਥਾਂ ਵਿਚ ਵਿਆਪਕ ਹੋ ਕੇ ਮਹਿਕ ਰਿਹਾ ਹੈ। ਕੁਦਰਤ ਨੂੰ ਸਾਜਨ ਵਾਲਾ ਪੂਰਨ ਹੈ ਅਤੇ ਉਹ ਸਭ ਜੀਵਾਂ ਜੰਤੂਆਂ ਦੀ ਪਾਲਨਾ ਕਰਨ ਵਾਲਾ ਹੈ। 11,12 ਤੇ 13ਵੀਂ ਪਉੜੀ ਵਿਚ ਦਸਿਆ ਹੈ ਕਿ ਕਰਤੇ ਨੇ ਆਪ ਹੀ ਮਾਇਆ ਨੂੰ ਰਚਿਆ ਹੈ। ਸਾਰਾ ਪ੍ਰਬੰਧ ਉਸ ਦੀ ਆਗਿਆ ਅਨੁਸਾਰ ਹੀ ਹੋ ਰਿਹਾ ਹੈ। ਮਨੁਖ ਨੂੰ ਦਾਤਾ ਭੁਲ ਗਿਆ ਹੈ ਅਤੇ ਉਸ ਦੀ ਦਾਤ ਪਿਆਰੀ ਹੋ ਰਹੀ ਹੈ। 14ਵੀਂ ਪਉੜੀ ਤੋਂ 23ਵੀਂ ਪਉੜੀ ਤਕ ਪਰਮਾਤਮਾਂ ਨੂੰ ਹਾਸਲ ਕਰਨ ਲਈ ਗਾਡੀ ਰਾਹ ਗੁਰਮੁਖ ਬਨਣ ਦਾ ਦਸਿਆ ਹੈ। ਗੁਰਮੁਖ ਸਾਧ ਸੰਗਤ ਵਿਚ ਰਹਿ,ਉਚਾ ਆਚਰਣ ਬਨਾਉਣਾ, ਪ੍ਰਭੂ ਦੀ ਸਿਫਤ ਸਲਾਹ ਵਿਚ ਲਗ ਤੇ ਉਸ ਦੇ ਹੁਕਮ ਅਨੁਸਾਰ ਚਲ ਕੇ ਗੁਰਮੁਖ ਆਪ ਵੀ ਤਰਦੇ ਹਨ ਤੇ ਬਾਕੀਆਂ ਨੂੰ ਵੀ ਤਾਰਦੇ ਹਨ।

ਉਨ੍ਹੀਵੀਂ ਵਾਰ :

ਉਨ੍ਹੀਵੀਂ ਵਾਰ ਦੀਆਂ 21 ਪਉੜੀਆਂ ਹਨ। ਪਹਿਲੀ ਪਉੜੀ ਵਿਚ ਵਾਹਿਗੁਰੂ ਦੇ ਕਰਤਾ ਪੁਰਖ ਦੀ ਮਹਿੰਮਾਂ ਕਹੀ ਹੈ। ਦੂਸਰੀ ਵਿਚ ਸਭ ਤੋਂ ਉਤਮ ਮਾਣਸ ਜੂਨ ਦਾ ਜ਼ਿਕਰ ਹੈ। ਤਕਰੀਬਨ ਸਾਰੀ ਵਾਰ ਹੀ ਗੁਰਸਿਖਾਂ ਦੇ ਜਸ ਦੀ ਹੈ। ਗੁਰਮੁਖਾਂ ਦੇ ਸਮੂਹ ਗੁਣਾਂ ਦੇ ਸਰੂਪ ਦਾ ਹੀ ਚਿਤਰ ਹੈ। ਗੁਰਮੁਖ ਹਮੇਸ਼ਾਂ ਵਾਹਿਗੁਰੂ ਨੂੰ ਯਾਦ ਰਖਦੇ ਹਨ। ਉਹ ਅਗਿਆਨੀ ਜੀਵਾਂ ਵਾਂਗੂ ਵਿਰਲਾਪ ਨਹੀਂ ਕਰਦੇ ਪਰਮਾਤਮਾਂ ਦੀ ਰਜ਼ਾ ਦੇ ਪੁਤਲੇ ਹਨ ਅਤੇ ਕਦੇ ਵੀ ਮਨ ਦੇ ਪਿਛੇ ਨਹੀਂ ਲਗਦੇ। ਨਿਰਵੈਰ ਹੋ ਕੇ ਵਿਚਰਦੇ ਹਨ, ਪਰਮਾਤਮਾਂ ਦੇ ਭਰੋਸੇ ਤੋਂ ਬਿਨਾਂ ਕਿਸੇ ਹੋਰ ਦੀ ਡੋਕੀ ਆਸ ਨਹੀਂ ਕਰਦੇ, ਦੁਨਿਆਵੀ ਗੱਲਾਂ ਤੋਂ ਬੇਪਰਵਾਹ ਹੁੰਦੇ ਹਨ। ਗੁਰਮੁਖਾਂ ਦਾ ਗਾਡੀਰਾਹ ਸਚ ਨੂੰ ਪਹੁੰਚਾ ਦਿੰਦਾ ਹੈ, ਸਚ ਦੀ ਸੰਜੋਅ ਪ੍ਰਮੇਸ਼ਰ ਦੀ ਦਾਤ ਹੈ।

ਗੁਰਮੁਖ ਦਾ ਸ਼ਬਦ ਸਥਿਰ ਹੈ, ਮਨ ਨੂੰ ਵਿਸ਼ੇ ਵਿਕਾਰਾਂ ਵਲੋਂ ਹਟਾ ਕੇ ਗੁਰੂ ਪ੍ਰੇਮ ਵਿਚ ਲਾਉਣਾ ਚਾਹੀਦਾ ਹੈ।

ਵੀਹਵੀਂ ਵਾਰ :

ਵੀਹਵੀਂ ਵਾਰ ਦੀਆਂ 21 ਪਉੜੀਆਂ ਹਨ। ਪਹਿਲੀ ਪਉੜੀ ਵਿਚ ਸਤਿਗੁਰਾਂ ਦੀ ਉਸਤਤ ਕੀਤੀ ਹੈ। ਦੂਸਰੀ ਪਉੜੀ ਵਿਚ ਦਸਿਆ ਹੈ ਕਿ ਭਾਵੇਂ ਸਰੀਰ ਵਖਰੇ ਵਖਰੇ ਹਨ ਪਰ ਜੋਤ ਸਾਰੇ ਗੁਰੂ ਸਾਹਿਬਾਂ ਵਿਚ ਇਕ ਹੀ ਹੈ। ਤੀਸਰੀ ਪਉੜੀ ਤੋਂ ਅੱਠਵੀਂ ਪਉੜੀ ਤਕ ਗੁਰਮੁਖ ਦੀ ਮਹਿਮਾਂ, ਉਸ ਦਾ ਨਿਤ ਨੇਮ ਦਾ ਵਰਨਣ ਹੈ। ਗੁਰਮੁਖ ਲੋਕ ਮਨ ਵਿਚ ਬੁਰਾ ਭਲਾ ਸ਼ਗਨ ਨਹੀਂ ਵਿਚਾਰਦੇ, ਦੇਵੀ ਦੇਵਤਿਆਂ ਨੂੰ ਨਹੀਂ ਧਿਆਉਂਦੇ। ਨਿਵ ਕੇ ਚਲਦੇ ਹਨ, ਮਿੱਠਾ ਬੋਲਦੇ ਹਨ ਅਤੇ ਦਸਾਂ ਨੌਹਾਂ ਦੀ ਕਮਾਈ ਕਰਕੇ, ਗੁਰਸਿੱਖਾਂ ਨੂੰ ਛਕਾਉਂਦੇ ਹਨ। ਸੱਚੇ ਨਾਮ ਨੂੰ ਦ੍ਰਿੜ ਰਖਦੇ ਹਨ, ਉਪਜੀਵਕਾ ਲਈ ਧਰਮ ਦੀ ਕਿਰਤ ਕਰਦੇ ਹਨ, ਸਾਧ ਸੰਗਤ ਦੇ ਚਰਨਾਂ ਦੀ ਧੂੜ ਸਿਰ ਮੱਥੇ ਤੇ ਲਾਉਂਦੇ ਹਨ। ਬ੍ਰਿਛ ਵਾਂਗੂ ਬੁਰੇ ਦਾ ਵੀ ਭਲਾ ਕਰਦੇ ਹਨ, ਕਦੇ ਵੀ ਕਿਸੇ ਦਾ ਬੁਰਾ ਨਹੀਂ ਚਿਤਰਦੇ। ਹਮੇਸ਼ਾਂ ਪਰਮੇਸ਼ਰ ਦਾ ਭਾਣਾ ਮੰਨਦੇ ਹਨ ਅਤੇ ਉਸੇ ਦੇ ਹੁਕਮ ਅਨੁਸਾਰ ਚਲਦੇ ਹਨ। ਗੁਰਮੁਖ ਸਤਿਗੁਰ ਦੇ ਸ਼ਬਦ ਨੂੰ ਵਿਚਾਰ ਕੇ ਗਿਆਨ ਦਾ ਅਭਿਆਸ ਕਰਦਾ ਹੈ ਸਤਿਗੁਰ ਦੀ ਸੇਵਾ ਕਮਾ ਕੇ ਆਪਣੀ ਜੀਵਨ ਸਫਲ ਕਰਦਾ ਹੈ। ਸਤਿਸੰਗ ਵਿਚ ਕਥਾ ਕੀਰਤਨ ਵਿਖੇ ਮਗਨ ਰਹਿੰਦਾ ਹੈ। ਗੁਰਮੁਖ ਪ੍ਰਭੂ ਪ੍ਰੇਮ ਦਾ ਪਿਆਲਾ ਪੀਦੇ ਅਤੇ ਗਿਆਨ ਦਾ ਭੋਜਨ ਖਾਂਦੇ ਹਨ। 20ਵੀਂ ਪਉੜੀ ਵਿਚ ਦਸਿਆ ਹੈ ਕਿ ਜੀਵ ਪਰਮਾਤਮਾਂ ਦੇ ਭੈ ਵਿਚ ਹੀ ਰਹਿੰਦਾ ਹੈ। ਗੁਰਮੁਖਾਂ ਦੇ ਪੰਥ ਵਿਚ ਆ ਕੇ ਜਗਿਆਸੂ ਵਾਹਿਗੁਰੂ ਦੀ ਸ਼ਰਨ ਲੈਂਦਾ ਹੈ ਅਤੇ ਪ੍ਰਭੂ ਦੇ ਰਚੇ ਨਿਯਮ ਅਨੁਸਾਰ ਹੀ ਚਲਦਾ ਹੈ। ਭਾਈ ਗੁਰਦਾਸ ਜੀ ਅਨੁਸਾਰ ਉਸ ਗੁਰਮੁਖ ਦਾ ਜੀਵਨ ਹੀ ਸਫਲ ਹੈ ਜੋ ਆਪ ਤਰਿਆ ਹੈ ਅਤੇ ਜਿਸ ਨੇ ਜਗਤ ਨੂੰ ਤਾਰਿਆ ਹੈ।

ਇਕੀਵੀਂ ਵਾਰ :

ਇਕੀਵੀਂ ਵਾਰ ਦੀਆਂ ਪਉੜੀਆਂ 20 ਹਨ। ਪਹਿਲੀਆਂ ਤਿੰਨ ਪਉੜੀਆਂ ਵਿਚ ਆਦਿ ਪੁਰਖ ਤੇ ਸਤਿਗੁਰ ਦੀ ਮਹਿਮਾਂ ਦਾ ਜ਼ਿਕਰ ਕੀਤਾ ਹੈ। ਉਹ ਬੇਪਰਵਾਹ ਹੈ ਉਸ ਦਾ ਅੰਤ ਕੋਈ ਨਹੀਂ। ਅਗਲੀ ਪਉੜੀ ਵਿਚ ਦਸਿਆ ਹੈ ਕਿ ਜਿਹੜੇ ਮਨੁਖ ਦੁਨਿਆਵੀ ਵਿਸ਼ੇ ਵਿਕਾਰਾਂ ਵਿਚ ਲਗੇ ਹੋਏ ਹਨ ਉਹ ਪਿਆਰੇ ਵਾਹਿਗੁਰੂ ਦੇ ਰਸ ਤੋਂ ਵਾਂਝੇ ਰਹਿੰਦੇ ਹਨ। ਛੇਵੀਂ ਪਉੜੀ ਵਿਚ ਦਸਿਆ ਹੈ ਕਿ ਦੁਬਿਧਾ ਵਿਚ ਸੁਖ ਕਿਤੇ ਵੀ ਨਹੀਂ, ਏਕਤਾ ਵਿਚ ਤਾਂ ਹੀ ਪਹੁੰਚ ਸਕੀਦਾ ਹੈ ਜੇ ਦੁਨਿਆਵੀ ਪਦਾਰਥਾਂ ਨਾਲ ਪਿਆਰ ਛੱਡਿਆ ਜਾਵੇ ਅਤੇ

ਪਰਮਾਤਮਾਂ ਵਿਚ ਪਿਆਰ ਪਵੇ। ਸਤਵੀਂ ਪਉੜੀ ਤੋਂ ਲੈ ਕੇ ਗਿਆਰਵੀਂ ਪਉੜੀ ਤਕ ਭਾਈ ਸਾਹਿਬ ਜੀ ਦਸਦੇ ਹਨ ਕਿ ਪ੍ਰਭੂ ਦੇ ਪਿਆਰ ਤੋਂ ਬਿਨਾਂ ਕੀਤੇ ਹੋਏ ਸਾਰੇ ਕੰਮ ਫੋਕੇ ਹਨ ਅਤੇ ਉਸ ਪਰਮਾਤਮਾਂ ਦੇ ਭਾਉ ਭਗਤ ਤੋਂ ਬਿਨਾਂ ਕੋਈ ਵੀ ਉਸ ਦਾ ਅੰਤ ਨਹੀਂ ਪਾ ਸਕਦਾ। 12 ਤੇ 13 ਪਉੜੀਆਂ ਵਿਚ ਦਸਦੇ ਹਨ ਕਿ ਹੰਕਾਰ ਕਰਕੇ ਹੀ ਸਾਰੇ ਦੁਖ ਪੈਦਾ ਹੁੰਦੇ ਹਨ। ਸੰਤੋਖ ਤੇ ਸਹਿਣਸ਼ੀਲਤਾ ਬਿਨਾਂ ਬੀਰਤਾ ਅਤੇ ਅਕਲ ਦਾ ਕੋਈ ਲਾਭ ਨਹੀਂ। ਆਪਾ ਭਾਵ ਗੁਆ ਕੇ ਹੀ ਗਤੀ ਮਿਲ ਸਕਦੀ ਹੈ। 14ਵੀਂ ਪਉੜੀ ਵਿਚ ਦੁਨੀਆਂਦਾਰਾਂ ਦਾ ਚਿਤਰ ਖਿਚਿਆ ਹੈ ਕਿ ਉਹ ਮਾਇਆ ਵਿਚ ਹੀ ਗ੍ਰਸੇ ਰਹਿੰਦੇ ਹਨ। 15ਵੀਂ ਪਉੜੀ ਵਿਚ ਭਾਈ ਗੁਰਦਾਸ ਜੀ ਦਸਦੇ ਹਨ ਕਿ ਸਚੀ ਭਾਵਨਾ ਰਹਿਤ ਤੀਰਥ, ਇਸ਼ਨਾਨ, ਜਪ ਤਪ ਕਰਨੇ, ਵਰਤ ਰਖਣੇ ਆਦਿ ਸਭ ਪਾਖੰਡ ਹੀ ਹਨ। 16ਵੀਂ ਪਉੜੀ ਵਿਚ ਦਸਿਆ ਹੈ ਕਿ ਆਦਮੀ ਹੀ ਦੁਨੀਆਂ ਦੇ ਸਭ ਜੀਵਾਂ ਤੋਂ ਉਚਾ ਹੈ। 17,18,19 ਤੇ 20ਵੀਂ ਪਉੜੀ ਵਿਚ ਪਰਮਾਤਮਾਂ ਦੀ ਸ਼ਕਤੀ ਦਾ ਵਰਨਣ ਹੈ। ਆਪਣੀ ਬੁੱਧੀ ਤੇ ਸੈ ਦੇ ਯਤਨ ਨਾਲ ਅਤੇ ਉਸ ਦੀ ਕੁਦਰਤ ਦਾ ਕੋਈ ਅੰਤ ਨਹੀਂ ਪਾਇਆ ਜਾ ਸਕਦਾ। ਕੇਵਲ ਗੁਰੂ ਦੀ ਕ੍ਰਿਪਾ ਦੁਆਰਾ ਹੀ ਉਸ ਦੀ ਕੁਝ ਸਮਝ ਆ ਸਕਦੀ ਹੈ। ਉਸ ਗੁਰੂ ਦੀ ਬਾਣੀ ਤੇ ਭਰੋਸਾ ਰਖਕੇ, ਗੁਰਮੁਖ ਦਾ ਸਤਿਸੰਗ ਕਰਕੇ ਹੀ ਉਸ ਪਰਮਾਤਮਾਂ ਨੂੰ ਜਾਣਿਆ ਜਾ ਸਕਦਾ ਹੈ।

22ਵੀਂ ਵਾਰ :

22ਵੀਂ ਵਾਰ ਦੀਆਂ 21 ਪਉੜੀਆਂ ਹਨ। ਪਹਿਲੀ ਤੋਂ ਨੌਵੀਂ ਪਉੜੀ ਤਕ ਈਸ਼ਵਰ ਦੀ ਰਚਨਾ ਅਤੇ ਉਸ ਦੀ ਸ਼ਕਤੀ ਦਾ ਜ਼ਿਕਰ ਆਉਂਦਾ ਹੈ। ਵਾਹਿਗੁਰੂ ਅਕਾਰ - ਰਹਿਤ ਹੈ। ਪਰਮਾਤਮਾਂ ਆਪਣੀ ਸ਼ਕਤੀ ਨੂੰ ਆਪ ਹੀ ਜਾਣਦਾ ਹੈ। ਸ੍ਰਿਸ਼ਟੀ ਦਾ ਰਚਨਹਾਰਾ ਸੱਚਾ ਹੈ ਅਤੇ ਸਚ ਰੂਪ ਹੋ ਕੇ ਇਸ ਵਿਚ ਸਮਾਇਆ ਹੋਇਆ ਹੈ। ਅਗਨੀ, ਪਉਣ, ਧਰਤੀ, ਆਦਿਕ ਦੇ ਅੱਡ ਅੱਡ ਮੇਲਾਂ ਤੋਂ ਸਾਰੀ ਸ੍ਰਿਸ਼ਟੀ ਬਣੀ ਹੋਈ ਹੈ। ਗਿਆਰ੍ਹਵੀਂ ਅਤੇ ਬਾਰ੍ਹਵੀਂ ਪਉੜੀ ਵਿਚ ਗੁਰਮੁਖ ਦਾ ਮਾਰਗ ਅਤੇ ਉਸ ਦੀ ਅਵਸਥਾ ਬਿਆਨ ਕੀਤੀ ਹੈ। ਪਰਮਾਤਮਾਂ ਦੇ ਹੁਕਮ ਅਨੁਸਾਰ ਚਲਣ ਵਾਲੇ ਹੀ ਉਸ ਦੀ ਦਰਗਾਹ ਵਿਚ ਕਬੂਲ ਹੋ ਸਕਦੇ ਹਨ ਅਤੇ ਸਾਧ ਸੰਗਤ ਵਿਚੋਂ ਉਸ ਦੇ ਸੱਚੇ ਨਾਮ ਨੂੰ ਪਰਾਪਤ ਕਰਦੇ ਹਨ ਜੋ ਆਪਣਾ ਹੰਕਾਰ ਗੁਆ ਕੇ ਵਾਹਿਗੁਰੂ ਸੱਚੇ ਨਾਮ ਦੀ ਚਰਨੀਂ ਪੈਂਦਾ ਹੈ ਉਹ ਸਹਿਜ ਸੁਭਾ ਹੀ ਪਰਮ ਪਦ ਪਰਾਪਤ ਕਰ ਲੈਂਦਾ ਹੈ। ਬਾਰ੍ਹਵੀਂ ਪਉੜੀ ਵਿਚ ਦਸਿਆ ਹੈ ਕਿ ਗੁਰੂ ਨਾਨਕ ਤੇ ਗੁਰੂ ਅੰਗਦ ਜੀ ਇਕ ਜੋਤ ਸਨ ਭਾਵੇਂ ਸਰੀਰ ਵੱਖਰੇ ਵੱਖਰੇ ਸਨ। ਪੂਰਨ ਗੁਰਤਾ ਗੁਰੂ ਨਾਨਕ ਜੀ ਨੇ ਅਤੇ ਪੂਰਨ ਸਿਖੀ ਗੁਰੂ ਅੰਗਦ ਨੇ ਦਿਖਾਈ। ਫਿਰ ਗੁਰੂ ਸਿਖ ਤੇ ਸਿਖ ਗੁਰੂ ਦਾ ਪ੍ਰਗਟ ਪ੍ਰਕਾਸ਼ ਵਿਖਾ ਦਿੱਤਾ। ਤੇਰ੍ਹਵੀਂ ਪਉੜੀ ਤੋਂ ਅੰਤਲੀ ਪਉੜੀ ਤਕ ਗੁਰਮੁਖ ਦੇ ਲੱਛਣ ਅਤੇ ਗੁਰੂ ਦੀ ਮਹਿਮਾਂ

ਦਾ ਹੀ ਜ਼ਿਕਰ ਕੀਤਾ ਹੈ। ਗੁਰਮੁਖ ਆਪਾ ਭਾਵ ਗੁਆ ਕੇ ਸੱਚ ਨੂੰ ਪਛਾਣ ਲੈਂਦੇ ਹਨ। ਹਰ ਵਕਤ ਪਰਮਾਤਮਾਂ ਦੇ ਹੁਕਮ ਵਿਚ ਹੀ ਜਿਉਂਦੇ ਹਨ। ਗੁਰਮੁਖ ਪਰਮੇਸ਼ਰ ਨੂੰ ਸਾਸ ਗਿਰਾਸ ਧਿਆਉਂਦੇ ਹਨ। ਗ੍ਰਹਿਸਤ ਜੀਵਨ ਵਿਚ ਹੁੰਦੇ ਹੋਏ ਵੀ ਰੱਬ ਨੂੰ ਯਾਦ ਰਖਦੇ ਹਨ। ਸਾਧ ਸੰਗਤ ਨੂੰ ਸਚ ਖੰਡ ਦੇ ਸਮਾਨ ਕਿਹਾ ਹੈ। ਉਥੋਂ ਹੀ ਪਰਮਜੋਤ ਦਾ ਪ੍ਰਕਾਸ਼ ਮਿਲਦਾ ਹੈ। ਗੁਰਮੁਖਾਂ ਨੇ ਗੁਰੂ ਦੇ ਚਰਨਾਂ ਦਾ ਆਸਰਾ ਲਿਆ ਹੈ। ਸਾਧ ਸੰਗਤ ਵਿਚ ਅਮਰ ਹੋ ਕੇ ਕਦੇ ਮਰਦੇ ਨਹੀਂ।

ਤੇਈਵੀਂ ਵਾਰ:

ਤੇਈਵੀਂ ਵਾਰ ਦੀਆਂ 21 ਪਉੜੀਆਂ ਹਨ। ਮੰਗਲਾਚਰਨ ਵਾਲੀ ਪਹਿਲੀ ਪਉੜੀ ਵਿਚ ਭਾਈ ਗੁਰਦਾਸ ਜੀ ਨੇ ਗੁਰੂ ਦੀ ਮਹਾਨਤਾ ਨੂੰ ਉਘਾੜਿਆ ਹੈ ਅਤੇ ਦਸਿਆ ਹੈ ਕਿ ਗੁਰਸਿਖ ਦੀ ਉਨਤੀ ਤੇ ਵ੍ਰਿਧੀ ਗੁਰੂ ਦੇ "ਚਰਨ ਕਮਲ ਪਰਤਾਪ" ਸਦਕਾ ਹੈ। 2 ਤੋਂ 5ਵੀਂ ਪਉੜੀ ਵਿਚ ਪਰਚਲਤ ਕਰਮ ਕਾਂਡਾਂ ਦੀ ਤੁਲਨਾ ਤੇ ਗੁਰਮੁਖ ਦੇ ਨਿੰਮ੍ਰਤਾ ਵਾਲੇ ਮਾਰਗ ਦੀ ਵਿਆਖਿਆ ਕੀਤੀ ਹੈ। ਅਲਖ ਪ੍ਰਭੂ ਨੂੰ ਲਖਣਾ, ਦੁਨੀਆਂ ਵਿਚ ਨਿਮਰਤਾ ਸਹਿਤ ਵਿਚਰਨਾਂ ਤੇ ਸਾਧ ਸੰਗਤ ਰਾਂਹੀਂ ਆਤਮਕ ਗੁਣਾਂ ਨੂੰ ਗ੍ਰਹਣ ਕਰਨਾ ਗੁਰਮੁਖ ਦਾ ਮੁਖ ਕਰਤਵ ਹੈ। ਭਾਈ ਗੁਰਦਾਸ ਜੀ ਗੰਗਾ ਤੇ ਲਖਮੀ ਦੇ ਦ੍ਰਿਸ਼ਟਾਂਤ ਰਾਂਹੀਂ ਸਾਧ ਸੰਗਤ ਦੀ ਮਹਾਨਤਾ ਨੂੰ 4,5 ਪਉੜੀ ਵਿਚ ਉਘਾੜਦੇ ਹਨ। ਛੇਵੀਂ ਪਉੜੀ ਵਿਚ ਵੀ ਰਾਜਾ ਬਲ ਦੀ ਮਿਥਿਹਾਸਕ ਕਥਾ ਤੋਂ ਸਾਧ ਸੰਗਤ ਦੀ ਸ਼੍ਰੇਸ਼ਟਾ ਨੂੰ ਹੀ ਉਜਾਗਰ ਕੀਤਾ ਹੈ ਪਰ ਸਾਧ ਸੰਗਤ ਤੋਂ ਕੋਈ ਗੁਣ ਪਰਾਪਤ ਕਰਨ ਲਈ ਨਿੰਮ੍ਰਤਾ ਸਹਿਤ ਜਾਣਾ ਪੈਂਦਾ ਹੈ ਇਹ ਭਾਵ ਸਤਵੀਂ ਪਉੜੀ ਵਿਚ ਪਰਸਰਾਮ ਦੀ ਮਿਥਿਹਾਸਕ ਵਾਰਤਾ ਰਾਂਹੀਂ ਸਿੱਧ ਕੀਤਾ ਹੈ। ਜਿਸ ਨੇ ਹੰਕਾਰ ਕਰਕੇ " ਚਰਨ ਕਮਲ ਮਕਰੰਦ ਨਾ ਪਾਇਆ"। 8 ਤੇ 9ਵੀਂ ਪਉੜੀ ਵਿਚ ਰਾਮ ਚੰਦਰ ਤੇ ਕ੍ਰਿਸ਼ਨ ਜੀ ਦੀਆਂ ਵਾਰਤਾਵਾਂ ਰਾਂਹੀਂ ਸਾਧ ਸੰਗਤ ਦੀ ਧੂੜ ਦੇ ਕਲਿਆਣਕਾਰੀ ਅੰਸ਼ ਨੂੰ ਉਘਾੜਿਆ ਹੈ ਅਤੇ ਇਹ ਦਸਿਆ ਹੈ ਕਿ ਸਾਧ ਸੰਗਤ ਦੀ ਪਛਾਣ ਗੁਰੂ ਸ਼ਬਦ ਦੁਆਰਾ ਹੀ ਹੁੰਦੀ ਹੈ। 10 ਤੇ 11ਵੀਂ ਪਉੜੀ ਵਿਚ ਗੁਰੂ ਦੀ ਓਟ ਨੂੰ ਅੰਤਿਮ ਦਸਿਆ ਹੈ। ਸੈਂਠ, ਪ੍ਰਹਿਲਾਦ, ਨਰ ਸਿੰਘ ਆਦਿ ਦੇ ਕਈ ਦ੍ਰਿਸ਼ਟਾਂਤਾਂ ਰਾਂਹੀਂ ਲੇਖਕ ਨੇ ਦਸਿਆ ਹੈ ਕਿ ਗੁਰੂ ਤੋਂ ਹੀ ਗਿਆਨ ਤੇ ਅਗੰਮੀ ਚਿੰਤਨ ਦੀ ਪਰਾਪਤੀ ਹੁੰਦੀ ਹੈ। 12ਵੀਂ ਪਉੜੀ ਵਿਚ ਨਿਮਰਤਾ ਨੂੰ ਉਚਤਾ ਦੀ ਨਿਸ਼ਾਨੀ ਦਸਦਿਆਂ ਹੋਇਆਂ ਬਕਰੀ ਦੇ ਦ੍ਰਿਸ਼ਟਾਂਤ ਰਾਂਹੀਂ 13ਵੀਂ ਪਉੜੀ ਵਿਚ ਸਾਧ ਸੰਗਤ ਨੂੰ ਹੀ ਗੁਰੂ ਦੀ ਸ਼ਰਨ ਦਸਿਆ ਹੈ ਜਿਸ ਤਕ ਪੁਜਣ ਲਈ ਨਿੰਮ੍ਰਤਾ ਤੇ ਗਰੀਬੀ ਦੀ ਹੀ ਅਵਸ਼ਕਤਾ ਹੈ। ਇਹ ਕੁਝ ਮਾਣਸ ਦੇਹੀ ਦੀ ਉਚਤਾ ਪਰਗਟ ਕਰਦਿਆਂ ਭਾਈ ਸਾਹਿਬ ਨੇ 14ਵੀਂ ਪਉੜੀ ਵਿਚ ਦਸਿਆ ਹੈ

15ਵੀਂ ਪਉੜੀ ਵਿਚ ਇਸ ਹਉਮੈਂ ਦੇ ਤਿਆਗ ਰਾਂਹੀ ਸੁਖ ਨੂੰ ਪਰਾਪਤ ਕਰਨ ਵਾਲੇ ਧਾਰਮਕ ਵਿਅਕਤੀਆਂ ਦੇ ਨਾਂ ਗਿਣੇ ਹਨ। ਧਾਰਮਕ ਵਿਤਕਰੇ ਨੂੰ 16ਵੀਂ ਪਉੜੀ ਵਿਚ ਫਕੜ ਦਸਿਆ ਹੈ ਤੇ 17ਵੀਂ,18ਵੀਂ ਪਉੜੀ ਵਿਚ ਫੇਰ ਵਖ ਵੇਖ ਜੁਗਾਂ ਦੇ ਧਰਮ ਦਸਦੇ ਗੁਰਮੁਖ ਦਾ ਧਰਮ ਅਹੰਕ ਦਾ ਤਿਆਗ ਦਸਿਆ ਹੈ। ਇਸ ਤਰਾਂ -ਹੀ ਉਹ ਸੁਖ ਫਲ ਦੀ ਪਰਾਪਤੀ ਕਰਦਾ ਹੈ। ਵਰ ਤੇ ਸਰਾਪ ਦੇ ਭੈ ਤੋਂ ਮੁਕਤ ਹੋ, ਗੁਰਸਿਖਾਂ ਦੇ ਪੈਰਾਂ ਦੀ ਧੂੜ ਬਣ, ਵਰਨਾਂ ਦੇ ਵਿਤਕਰੇ ਤੋਂ ਉਤਾਂਹ ਉਠ ਕੇ ਤੇ ਪਰਚਲਤ ਧਰਮ ਸ਼ਾਸ਼ਤਰਾਂ ਦੇ ਗਿਆਨ ਤੋਂ ਵਖ ਹੋ ਗੁਰਮੁਖ ਪੰਥ ਸਹਿਜ ਭਾਅ ਵਾਲਾ ਇਕ ਵਖਰਾ ਹੀ ਪੰਥ ਹੈ। ਇਸ ਪੰਥ ਤੇ ਚਲਣ ਵਾਲੇ ਰਾਉ ਤੇ ਰੰਕ ਦਾ ਵਿਤਕਰਾ ਵੀ ਨਹੀਂ ਕਰਦੇ। ਸਾਰਿਆਂ ਪ੍ਰਤੀ ਮਨੁਖ ਰੂਪ ਵਿਚ ਆਪਣਾ ਸਤਿਕਾਰ ਪ੍ਰਗਟ ਕਰਦੇ ਹਨ - 14 ਤੇ 20 ਪਉੜੀਆਂ ਵਿਚ ਇਸ ਗੱਲ ਦੀ ਵਿਆਖਿਆ ਹੈ ਤੇ ਅੰਤਮ 21ਵੀਂ ਪਉੜੀ ਵਿਚ ਨਿਮਰਤਾ ਦੇ ਇਸ ਮਾਰਗ ਨੂੰ ਔਖਾ ਦਸਿਆ ਹੈ। ਤਕੜੇ ਆਤਮਬਲੀ ਦੀ ਲੋੜ ਹੈ ਇਸ ਮਾਰਗ ਤੇ ਚਲਕੇ ਕੁਝ ਪਰਾਪਤ ਕਰਨ ਦੀ।

ਚੌਵੀਵੀਂ ਵਾਰ:

24ਵੀਂ ਵਾਰ ਦੀਆਂ 25 ਪਉੜੀਆਂ ਹਨ। ਇਸ ਸਾਰੀ ਵਾਰ ਵਿਚ ਹੀ ਭਾਈ ਸਾਹਿਬ ਨੇ ਪਹਿਲੇ ਛੇਆਂ ਗੁਰੂ ਸਾਹਿਬਾਂ ਦੀ ਉਪਮਾ ਕੀਤੀ ਹੈ। ਪਹਿਲੀਆਂ ਚਾਰ ਪਉੜੀਆਂ ਵਿਚ ਜਗਤ ਗੁਰੂ ਗੁਰੂ ਨਾਨਕ ਜੀ ਦੇ ਆਗਮਨ ਦਾ ਜ਼ਿਕਰ ਕੀਤਾ ਹੈ ਅਤੇ ਕਿਹਾ ਹੈ ਕਿ ਨਿਰੰਕਾਰ ਨੇ ਆਪਣਾ ਰੂਪ ਧਾਰ ਕੇ ਜਗਤ ਵਿਚ ਦਰਸ਼ਨ ਦਿੱਤੇ ਹਨ। ਉਹ ਸੱਚਾ ਪਾਤਸ਼ਾਹ ਬੇਪਰਵਾਹ ਅਤੇ ਅਥਾਹ ਸਾਹਿਬੀ ਵਾਲਾ ਹੈ। ਸਭ ਤੋਂ ਉਚਾ ਹੋ ਕੇ ਵੀ ਉਹ ਗਰੀਬ ਨਿਵਾਜ਼ ਹੈ। ਉਸ ਦੀ ਪਾਤਸ਼ਾਹੀ ਪੱਕੀ ਤੇ ਥਿਰ ਹੈ। ਸਭ ਕੋਈ ਉਸ ਦੇ ਹੁਕਮ ਵਿਚ ਚਲ ਰਿਹਾ ਹੈ। ਪੰਜਵੀਂ ਤੋਂ ਅੱਠਵੀਂ ਪਉੜੀ ਤਕ ਦੂਸਰੇ ਗੁਰੂ ਅੰਗਦ ਜੀ ਮਹਾਰਾਜ ਦੇ ਆਗਮਨ ਦਾ ਜ਼ਿਕਰ ਹੈ ਤੇ ਉਨ੍ਹਾਂ ਦੀ ਮਹਾਨਤਾ ਚੇਲਾ ਹੋਕੇ ਗੁਰੂ ਕਹਾਣ ਵਿਚ ਪ੍ਰਗਟ ਕੀਤੀ ਹੈ। ਬਾਬੇ ਦੇ ਪ੍ਰਕਾਸ਼ ਦਾ ਸਰੂਪ ਲਹਿਣਾ ਹੈ। ਗੁਰੂ ਨਾਨਕ ਜੀ ਨੇ ਆਪਣੀ ਜੋਤ ਗੁਰੂ ਅੰਗਦ ਦੇਵ ਜੀ ਵਿਚ ਜਗਾਈ। ਗੁਰੂ ਅੰਗਦ ਜੀ ਨੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨੂੰ ਤਿਆਗ ਕੇ ਸਹਿਜ ਅਨੰਦ ਪਰਾਪਤ ਕੀਤਾ। ਨੌਵੀਂ ਪਉੜੀ ਤੋਂ ਤੇਰ੍ਹਵੀਂ ਪਉੜੀ ਤਕ ਗੁਰੂ ਅਮਰਦਾਸ ਜੀ ਦਾ ਜ਼ਿਕਰ ਹੈ। ਗੁਰੂ ਅਮਰਦਾਸ ਜੀ ਨੇ ਸੱਚਾ 'ਅਮਰ' ਹੁਕਮ ਵਰਤਾਇਆ ਹੈ। ਭਾਈ ਸਾਹਿਬ ਗੁਰੂ ਅਮਰਦਾਸ ਜੀ ਬਾਰੇ ਕਹਿੰਦੇ ਹਨ ਕਿ ਇੰਨ੍ਹਾਂ ਵਿਚ ਪਹਿਲਾਂ ਹੀ ਅਵਤਾਰ ਦੇ ਚਿੰਨ੍ਹ ਹੈ ਸਨ। ਦੇਵੀ ਦੇਵਤੇ, ਗੁਰ-ਪਰਤਾਪ ਵੇਖ ਕੇ ਇਉਂ ਦੌੜ ਗਏ ਜਿਸ ਤਰ੍ਹਾਂ ਸ਼ੇਰ ਨੂੰ ਵੇਖ ਕੇ ਮਿਰਗਾਂ ਦੀ ਕਤਾਰ ਰਫੂ ਚੱਕਰ ਹੋ ਜਾਂਦੀ ਹੈ। ਅਗਲੀਆਂ ਚਾਰ ਪਉੜੀਆਂ ਵਿਚ ਚੌਥੇ ਗੁਰੂ ਰਾਮਦਾਸ ਜੀ ਦਾ

ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਜੀ ਅੰਦਰ ਆਪਣੀ ਜੋਤ ਤੋਂ ਜੋਤ ਜਗਾ ਕੇ ਨਮਸਕਾਰ ਕੀਤੀ। ਗੁਰੂ ਰਾਮਦਾਸ ਜੀ ਦੇਹ ਵਿਚ ਵਸਤੇ ਹੋਏ ਵਿਦੇਹੀ ਹਨ ਅਤੇ ਲੋਕਾਂ ਦੀ ਪਰਵਿਰਤੀ ਵਿਚ ਵਸਤੇ ਨਿਰਵਿਰਤੀ ਵਿਚ ਹਨ। ਗੁਰੂ ਰਾਮਦਾਸ ਜੀ ਪੂਰਨ ਪੁਰਖ ਪਰਮਾਰਥ ਦੀ ਅਵਧਿ ਆਪ ਹਨ ਤੇ ਗ੍ਰਿਹਸਥੀ ਵੀ ਹਨ। 18,19 ਤੇ 20 ਪਉੜੀਆਂ ਵਿਚ ਗੁਰੂ ਅਰਜਨ ਜੀ ਦਾ ਸਰੂਪ ਬਿਆਨਿਆ ਹੈ। ਉਹ ਸੱਚੇ ਸਿਰਜਣਹਾਰ ਸਨ। ਗੁਰੂ ਅਰਜਨ ਦੇਵ ਜੀ ਪੰਜਵੀਂ ਥਾਂ ਤੇ ਹੋਏ ਅਤੇ ਇਨ੍ਹਾਂ ਨੇ ਗੁਰਬਾਣੀ ਨੂੰ ਵੀ ਇਕੱਠਾ ਕੀਤਾ। ਲੰਗਰ ਦਾ ਰਿਵਾਜ ਵੀ ਇੰਨ੍ਹਾਂ ਗੁਰੂ ਸਾਹਿਬਾਂ ਦੇ ਵੇਲੇ ਹੀ ਚਲਿਆ। ਪਉੜੀ 21 ਗੁਰੂ ਅਰਜਨ ਦੇਵ ਜੀ ਤੋਂ ਗੁਰੂ ਹਰਿ ਗੋਬਿੰਦ ਜੀ ਮਹਾਰਾਜ ਦੀ ਜੋਤ ਜਗੀ ਦਾ ਜ਼ਿਕਰ ਕਰਦੀ ਹੈ। ਗੁਰੂ ਹਰਖ ਸੋਗ ਤੋਂ ਨਿਰਲੇਪ ਹਨ ਜੋ ਗੁਰਸਿਖ ਗੁਰਾਂ ਦੀ ਆਗਿਆ ਲੈ ਕੇ ਉਨ੍ਹਾਂ ਨਿਯਮਾਂ ਅਨੁਸਾਰ ਚਲਦਾ ਹੈ ਉਹ ਮੰਜ਼ਲ ਤੇ ਪਹੁੰਚ ਜਾਂਦਾਹੈ। 22ਵੀਂ ਪਉੜੀ ਵਿਚ ਗੁਰੂ ਦੀ ਮਹਿਮਾਂ ਦਸੀ ਹੈ ਅਤੇ ਸਿੱਖ ਨੂੰ ਉਪਦੇਸ਼ ਕੀਤਾ ਹੈ ਕਿ ਗੁਰੂ ਸਾਹਿਬਾਂ ਦਾ ਚਰਣਾਂ - ਮ੍ਰਿਤ ਛਕਣ। 23ਵੀਂ ਪਉੜੀ ਵਿਚ ਗੁਰੂ ਅਰਜਨ ਜੀ ਦੇ ਜੋਤੀ ਜੋਤ ਸਮੇਂ ਦਾ ਹਾਲ ਦਸਦੇ ਹਨ ਕਿ ਗੁਰੂ ਜੀ ਅੰਤ ਸਮੇਂ ਵੀ ਡੋਲੇ ਨਹੀਂ ਸਗੋਂ ਦੁਖ ਤਸੀਹੇ ਝੱਲ ਕੇ ਵੀ ਅਡੋਲ ਰਹੇ। ਅਖੀਰਲੀ ਪਉੜੀ ਵਿਚ ਦਸਦੇ ਹਨ ਕਿ ਕਿਸ ਤਰ੍ਹਾਂ ਇਕ ਜੋਤ ਤੋਂ ਦੂਸਰੀ ਜੋਤ ਜਗਦੀ ਗਈ।

## 25ਵੀਂ ਵਾਰ:

ਵਾਰ 25 ਦੀਆਂ 20 ਪਉੜੀਆਂ ਹਨ। ਪਹਿਲੀਆਂ ਤਿੰਨ ਪਉੜੀਆਂ ਵਿਚ ਗੁਰਮੁਖ ਮਾਰਗ ਦਸਿਆ ਹੈ ਅਤੇ ਚੋਥੀ ਪਉੜੀ ਵਿਚ ਨਾਮ ਦੇਵ ਭਗਤ ਦਾ ਜ਼ਿਕਰ ਹੈ। ਇਸ ਪਉੜੀ ਵਿਚ ਦਸਿਆ ਹੈ ਕਿ ਪਰਮਾਤਮਾਂ ਹਮੇਸ਼ਾਂ ਆਪਣੇ ਭਗਤ ਦੀ ਪੈਜ ਰਖਦਾ ਹੈ। ਪੰਜਵੀਂ ਪਉੜੀ ਵਿਚ ਭਾਈ ਗੁਰਦਾਸ ਜੀ ਦਸਦੇ ਹਨ ਕਿ ਭਗਤਾਂ ਦੀ ਕੋਈ ਜ਼ਾਤ ਨਹੀਂ ਹੁੰਦੀ। ਸਤਿਗੁਰ ਦੇ ਚਰਨ ਕਮਲਾਂ ਦੀ ਸ਼ਰਨ ਲੈਣ ਕਰਕੇ ਉਹ ਸਦਾ ਉਤਮ ਹਨ। ਛੇਵੀਂ ਪਉੜੀ ਵਿਚ ਭੇਮੂਆਂ, ਰੇਸ਼ਮ ਦੇ ਕੀੜਿਆਂ ਆਦਿਕ ਦੇ ਦ੍ਰਿਸ਼ਟਾਂਤ ਦੇ ਕੇ ਦਸਦੇ ਹਨ ਕਿ ਭਗਤ ਜਨ ਨੀਚ ਜ਼ਾਤ ਹੋ ਕੇ ਵੀ ਉਚੇ ਫਲ ਨੂੰ ਪਰਾਪਤ ਹੁੰਦੇ ਹਨ। ਸਤਵੀਂ ਪਉੜੀ ਤੋਂ ਬਾਰ੍ਹਵੀਂ ਪਉੜੀ ਤੱਕ ਨਿਮਰਤਾ ਦਾ ਭਾਵ ਦਰਸਾਇਆ ਹੈ ਅਤੇ ਨਿਮਰਤਾ ਦੀ ਪਰਾਪਤੀ ਲਈ ਹਉਮੈਂ ਦਾ ਤਿਆਗ ਅਵਸ਼ਕ ਦਸਿਆ ਹੈ। ਕੀੜੀ ਜੋ ਕਿ ਐਡੀ ਨਿੱਕੀ ਹੈ, ਸਭ ਦੇ ਪੈਰਾਂ ਹੇਠ ਆਉਂਦੀ ਹੈ ਉਹ ਵੀ ਆਪਣੀ ਜ਼ਰੂਰਤ ਦੀਚੀਜ਼ ਮਿੱਟੀ ਵਿਚੋਂ ਵੀ ਲੱਭ ਲੈਂਦੀ ਹੈ। ਸ਼ੁਕਦੇਵ ਵਾਲੀ ਪਉੜੀ ਤੋਂ ਦਸਦੇ ਹਨ ਕਿ ਜਦੋਂ ਉਸ ਨੇ ਜਨਕ ਤੋਂ ਨਿੰਮ੍ਰਤਾ ਸਿਖੀ ਤਾਂ ਹੀ ਪਰਮਪਦ ਪਾਇਆ। ਗੁਰਸਿੱਖਾਂ ਦਾ ਰਸਤਾ ਸੱਚਾ ਹੈ। ਹਮੇਸ਼ਾਂ ਗੁਰਸਿਖਾਂ ਦੇ ਚਰਣਾਂ ਮ੍ਰਿਤ ਨੂੰ ਜਗਤ ਭਾਲਦਾ ਹੈ। ਸਿਰ ਦੇ ਮੁਕਾਬਲੇ ਤੇ ਪੈਰਾਂ ਨੂੰ ਹੰਕਾਰ ਰਹਿਤ ਤੇ ਨਰਮ ਦਸਿਆ ਹੈ।

ਇਸ ਲਈ ਹਮੇਸ਼ਾ ਸਾਧਾਂ ਦੇ ਚਰਨਾਂ ਦੀ ਪੂਜਾ ਕਰਨੀ ਚਾਹੀਦੀ ਹੈ। 16ਵੀਂ ਪਉੜੀ ਵਿਚ ਦਸਦੇ ਹਨ ਕਿ ਬੇਪਰਵਾਹ ਖੁਦਾ ਦੀ ਕਚਿਹਰੀ ਵਿਚ ਗਰਬ ਵਾਲਾ ਮੁਜਰਮ ਹੁੰਦਾ ਹੈ ਅਤੇ ਨਿਮਾਣਾਂ ਮਾਣ ਵਾਲਾ ਹੁੰਦਾ ਹੈ। 17ਵੀਂ ਪਉੜੀ ਵਿਚ ਬਕਰੀ ਨੂੰ ਸ਼ੇਰ ਨਾਲੋਂ ਸ੍ਰੇਸ਼ਟ ਦਸਿਆ ਹੈ ਸ਼ੇਰ ਰੂਪੀ ਹੰਕਾਰੀਆਂ ਨਾਲੋਂ ਨਿਮਾਣੀਆਂ ਬਕਰੀਆਂ ਹੀ ਚੰਗੀਆਂ ਹਨ ਜੋ ਕਿ ਜਿਉਂਦੀਆਂ ਵੀ ਤੇ ਮਰ ਕੇ ਕੰਮ ਆਉਂਦੀਆਂ ਹਨ। 18,19 ਤੇ 20ਵੀਂ ਪਉੜੀ ਵਿਚ ਗੁਰਮੁਖ ਤੇ ਚੰਗੀ ਸੰਗਤ ਦੇ ਗੁਣ ਦਸੇ ਹਨ। ਸੰਤਾਂ ਦੀ ਸੰਗਤ ਵਿਚ ਦੋਖੀ ਭੀ ਤਰ ਜਾਂਦੇ ਹਨ।

26ਵੀਂ ਵਾਰ:

26ਵੀਂ ਵਾਰ ਦੀਆਂ ਪਉੜੀਆਂ ਦੀ ਗਿਣਤੀ 35 ਹੈ। ਇਹ ਵਾਰ ਭਾਈ ਗੁਰਦਾਸ ਜੀ ਦੀ ਸਾਰੀਆਂ ਵਾਰਾਂ ਵਿਚੋਂ ਵਡੱਪਣ ਵਿਚ ਦੂਜੇ ਨੰਬਰ ਤੇ ਹੈ। ਇਸ ਵਿਚ ਪਹਿਲੀ ਪਉੜੀ ਤੋਂ ਛੇਵੀਂ ਪਉੜੀ ਤਕ ਸਤਿਗੁਰ ਜੀ ਦਾ ਜਸ ਗਾਇਆ ਹੈ। ਉਸ ਪਰਮਾਤਮਾਂ ਦਾ ਸੱਚੇ ਤਖਤ ਤੇ ਨਿਵਾਸ ਹੈ। ਸਚ ਖੰਡ ਵਸਾਉਣ ਵਾਲਾ ਵੀ ਉਹ ਹੀ ਹੈ। ਆਦਿ- ਪੁਰਖ ਦੇਸ਼ ਕਾਲ ਵਸਤੂ ਦੇ ਭੇਦ ਤੋਂ ਰਹਿਤ ਹੈ। ਸਤਿਗੁਰ ਜੀ ਸੱਚੇ ਦਾਨੀ ਹਨ ਜਿੰਨ੍ਹਾਂ ਨੇ ਅਮੋਲਕ ਮਾਣਸ ਜਨਮ ਸਾਨੂੰ ਦਿੱਤਾ ਹੈ। ਪਰਮਾਤਮਾਂ ਹੀ ਸਾਰੇ ਬ੍ਰਹਿਮੰਡ ਨੂੰ ਰਿਜ਼ਕ ਦੇ ਰਿਹਾ ਹੈ। ਆਪਣੇ ਕਰਮਾਂ ਦਾ ਫਲ ਮਿਲਨ ਦਾ ਜ਼ਿਕਰ ਉਹ ਦਸਵੀਂ ਪਉੜੀ ਵਿਚ ਕਰਦੇ ਹਨ। 11 ਤੇ 12ਵੀਂ ਪਉੜੀ ਵਿਚ ਦਸਦੇ ਹਨ ਕਿ ਗੁਰਮੁਖ ਔਗੁਣਾਂ ਦੇ ਬਦਲੇ ਵੀ ਗੁਣ ਕਰਦੇ ਹਨ। ਇਸ ਕੌਲ ਨੂੰ ਸਿੱਧ ਕਰਨ ਲਈ ਬ੍ਰਿਛ ਤੇ ਕਮਾਦ ਦਾ ਦ੍ਰਿਸ਼ਟਾਂਤ ਦਿੰਦੇ ਹਨ। 14ਵੀਂ ਪਉੜੀ ਤੋਂ 20ਵੀਂ ਪਉੜੀ ਤਕ ਸਤਿਗੁਰ ਨਾਨਕ ਜੀ ਦੀ ਮਹਿਮਾਂ ਦਾ ਵਰਨਣ ਹੈ। ਨਾਮ ਜਪਣ ਤੇ ਪ੍ਰੇਮ ਭਗਤੀ ਦੇ ਰਸਤੇ ਨੂੰ ਉਚਾ ਦਸਿਆ ਹੈ। ਸੱਚ ਹਮੇਸ਼ਾਂ ਸੱਚਾ ਹੈ ਅਤੇ ਕੂੜ ਦਾ ਪਾਜ ਕੂੜਾ ਹੈ। ਕਰਮ ਕਾਂਡਾਂ ਤੇ ਭਰੋਸਾ ਕਰਨ ਨਾਲੋਂ ਸਤਿਗੁਰ ਦਾ ਪ੍ਰੇਮ ਮਾਰਗ ਸੱਚਾ ਰਸਤਾ ਹੈ। 21ਵੀਂ ਪਉੜੀ ਵਿਚ ਗੁਰੂ ਨਾਨਕ ਜੀ ਅੱਗੇ ਨਾਥਾਂ ਦਾ ਨਿਉਣਾਂ, ਬਾਬਰ ਦਾ ਮਿਲਣਾ ਤੇ ਗੁਰੂ ਜੀ ਅੱਗੇ ਝੁਕਣਾ ਆਦਿ ਦਾ ਵਾਕਿਆ ਦਸਿਆ ਹੈ। "ਸ਼ਾਹ ਤੇ ਵਣਜਾਰੇ" ਦਾ ਬਿੰਬ ਵਰਤਦਿਆਂ ਗੁਰੂ ਨਾਨਕ ਦੇਵ ਜੀ ਨੂੰ ਭਾਈ ਗੁਰਦਾਸ ਨੇ "ਪੂਰਾ ਸਾਹ" ਅਤੇ ਤਿੰਨਾਂ ਹੀ ਭਵਣਾਂ ਨੂੰ ਉਸ ਸਾਹ ਦਾ ਵਣਜਾਰਾ ਦਸਿਆ ਹੈ। 23ਵੀਂ ਪਉੜੀ ਵਿਚ ਚੌਦਾਂ ਰਤਨਾਂ ਦਾ ਜ਼ਿਕਰ ਕਰਦੇ ਹਨ ਅਤੇ ਉਨ੍ਹਾਂ ਸਭਨਾਂ ਵਿਚੋਂ ਸ਼ਬਦ ਨੂੰ ਸੱਚਾ ਰਤਨ ਦਸਦੇ ਹਨ। 24ਵੀਂ ਪਉੜੀ ਵਿਚ ਸਿੱਖਾਂ ਵਲੋਂ ਕੀਤੇ ਗਏ ਪ੍ਰਸ਼ਨਾਂ ਦਾ ਵਰਨਣ ਹੈ ਜੋ ਕਿ ਸਿਖ ਗੁਰੂ ਹਰਿ ਗੋਬਿੰਦ ਜੀ ਦੇ ਬੀਰ ਰਸੀ ਜੀਵਨ ਨੂੰ ਧਾਰਨ ਕਰਨ ਕਰਕੇ ਕਰਦੇ ਹਨ। ਅਗਲੀ ਪਉੜੀ ਵਿਚ ਭਾਈ ਸਾਹਿਬ ਜੀ ਦਸਦੇ ਹਨ ਕਿ ਸਿਖ ਧਰਮ ਦੀ ਰਖਿਆ ਕਰਨ ਲਈ ਹੀ ਗੁਰੂ ਜੀ ਨੇ ਬੀਰ ਰਸ ਰੂਪੀ

ਵਾੜ ਬਣਾਈ। 26ਵੀਂ ਪਉੜੀ ਵਿਚ ਦਸਦੇ ਹਨ ਕਿ ਸਿਖ ਨੂੰ ਮੁਰਦਾ ਹੋ ਕੇ ਗੁਰੂ ਰੂਪੀ ਕਬਰ ਵਿਚ ਸਮਾਉਣਾ ਚਾਹੀਦਾ ਹੈ। ਭਾਵ ਆਪਾ ਭਾਵ ਖਤਮ ਕਰਨਾ ਚਾਹੀਦਾ ਹੈ। 27,28 ਅਤੇ 29 ਪਉੜੀਆਂ ਵਿਚ ਦਸਦੇ ਹਨ ਕਿ ਗੁਰਸਿਖ ਕਦੇ ਵੀ ਦੁਨਿਆਵੀ ਦੁਖਾਂ ਦੀ ਪਰਵਾਹ ਨਹੀਂ ਕਰਦੇ। ਇਸੇ ਕਰਕੇ ਇਨ੍ਹਾਂ ਨੂੰ ਗੁਰੂ ਘਰੋ 'ਸਤਿਗੁਰ ਵੰਸੀ ਪਰਮ ਹੰਸ' ਦੀ ਪਦਵੀ ਦਿੱਤੀ ਗਈ ਹੈ। ਅਗਲੀਆਂ ਪਉੜੀਆਂ ਵਿਚ ਦਸਦੇ ਹਨ ਕਿ ਗੁਰੂ ਨਾਨਕ ਦੇ ਮਗਰਲੇ ਗੁਰੂ ਸਾਹਿਬਾਂ ਦੀ ਜੋਂਦੀ ਦੁਨਿਆਵੀ ਪਾਤਸ਼ਾਹਾਂ ਵਰਗੀ ਝੂਠੀ ਨਹੀਂ ਹੈ। ਗੁਰੂ ਦੇ ਬੰਸ ਵਿਚ ਜਿਨ੍ਹਾਂ ਨੇ ਹੰਕਾਰ ਕੀਤਾ ਉਨ੍ਹਾਂ ਦੇ ਨਾਂ ਦਸੇ ਹਨ ਕਿ ਉਹ ਗੁਰੂ ਦੇ ਬੰਸੀ ਹੋਣ ਕਰਕੇ ਵੀ ਗੁਰਮੁਖ ਨਾਂ ਬਣ ਸਕੇ ਜਿਸ ਤਰ੍ਹਾਂ ਚੰਦਨ ਦੀ ਖੁਸ਼ਬੋਈ ਦਾ ਵਾਂਸ ਤੇ ਕੋਈ ਅਸਰ ਨਹੀਂ ਹੁੰਦਾ ਇਵੇਂ ਹੀ ਉਨ੍ਹਾਂ ਨੇ ਵੀ ਗੁਰੂ ਘਰ ਤੋਂ ਕੁਝ ਪਰਾਪਤ ਨਾ ਕੀਤਾ । 34ਵੀਂ ਪਉੜੀ ਵਿਚ ਛੇ ਗੁਰੂ ਸਾਹਿਬਾਂ ਦੇ ਨਾਂ ਲੈ ਕੇ ਵਾਹਿਗੁਰੂ ਦੀ ਦਾਤ ਦਾ ਜ਼ਿਕਰ ਹੈ ਅਤੇ 35ਵੀਂ ਪਉੜੀ ਵਿਚ ਕੁਦਰਤ ਦਾ ਵਰਨਣ ਹੈ ਕਿ ਉਹ ਪਰਮਾਤਮਾਂ ਮਿਣਤੀ ਤੋਂ ਬਾਹਰ ਹੈ, ਜੋਗ, ਵਡਿਆਈ, ਕਰਮ ਸਭ ਉਸੇ ਦੀ ਦਾਤ ਹਨ।

27ਵੀਂ ਵਾਰ :

ਵਾਰ ਨੰਬਰ 27 ਦੀਆਂ 23 ਪਉੜੀਆਂ ਹਨ। ਇਸ ਵਾਰ ਵਿਚ ਗੁਰੂ ਸਿਖ ਦੀ ਪਰਸਪਰ ਪ੍ਰੀਤ ਦਾ ਵਰਨਣ ਹੈ। ਸਤਿਗੁਰ ਨਿਰਇਛਤ ਪ੍ਰੀਤ ਨਾਲ ਸਿਖਾਂ ਦੀ ਹਉਮੈਂ ਤੋੜਦਾ ਹੈ ਅਤੇ ਉਨ੍ਹਾਂ ਨੂੰ ਪਵਿੱਤਰ ਕਰਦਾ ਹੈ। ਪਹਿਲੀ ਪਉੜੀ ਵਿਚ ਭਾਈ ਸਾਹਿਬ ਜੀ ਦੁਨਿਆਵੀ ਪ੍ਰੇਮੀਆਂ ਹੀਰ ਰਾਂਝਾ, ਸੱਸੀ ਪੁੰਨੂੰ, ਲੈਲਾ ਮਜਨੂੰ ਆਦਿਕ ਦਾ ਜ਼ਿਕਰ ਕਰਦੇ ਹਨ। ਅਗਲੀਆਂ ਪਉੜੀਆਂ ਵਿਚ ਅਮਲੀ ਭਵਰ, ਮਿਰਗ, ਹਾਥੀ, ਚੰਦ ਚਕੋਰ, ਚਕਵੀ, ਸੂਰਜ, ਮੋਰ, ਬਬੀਹਾ 'ਰੂਪ' 'ਕਾਮ' ਭੁਖੇ ਆਦਿ ਦੇ ਦ੍ਰਿਸ਼ਟਾਂਤਾਂ ਰਾਂਹੀ ਦਸਦੇ ਹਨ ਕਿ ਸਤਿਗੁਰ ਨਾਲ ਪ੍ਰੇਮ ਕੀਤਿਆਂ ਪਾਪਾਂ ਦਾ ਨਾਸ ਹੁੰਦਾ ਹੈ। ਮੁਰੀਦ ਨੂੰ ਚਾਹੀਦਾ ਹੈ ਕਿ ਪ੍ਰੀਤ ਦਾ ਨਿਰਬਾਹ ਦੁੱਖਾਂ ਸੁੱਖਾਂ ਦੀ ਪਰਵਾਹ ਛੱਡ ਕੇ ਕਰੇ। ਗੁਰਸਿੱਖ ਦੀ ਪ੍ਰੀਤ ਪਰਮਾਰਥਕ ਹੁੰਦੀ ਹੈ। ਦੁਨਿਆਵੀ ਪ੍ਰੀਤਾਂ ਨਾਲੋਂ ਗੁਰਸਿਖ ਦੀ ਪਰਮਾਤਮਾਂ ਨਾਲ ਪ੍ਰੀਤ ਨਿਸ਼ਕਾਮ ਹੈ। ਗੁਰੂ ਤੇ ਸਿਖ ਦਾ ਸੱਚਾ ਸਬੰਧ ਹੈ ਕਿਉਂਕਿ ਇਥੇ ਧਨ ਦਾ ਲਾਲਚ ਨਹੀਂ ਹੁੰਦਾ ਪਰ ਇਸ ਦੇ ਟਾਕਰੇ ਉਤੇ ਦੁਨਿਆਵੀ ਪ੍ਰੀਤ ਧਨ ਬਿਨਾਂ ਨਹੀਂ ਨਿਭਦੀ। ਸੱਚੇ ਵਾਹਿਗੁਰੂ ਨਾਲ ਪ੍ਰੀਤ ਕੀਤਿਆਂ ਸਰੀਰ ਵੀ ਨਿਰਮਲ ਅਤੇ ਸਫਲ ਹੋ ਜਾਂਦਾ ਹੈ ਅਤੇ ਪਰ ਉਪਕਾਰ ਤੋਂ ਬਿਨਾਂ ਹੋਰ ਕੋਈ ਕੰਮ ਨਹੀਂ ਕਰਦਾ। ਸਰੀਰਕ ਅੰਗਾਂ ਦਾ ਵਿਸ਼ੇ ਵਿਕਾਰਾਂ ਤੋਂ ਛੁਟਕਾਰਾ ਹੋ ਜਾਂਦਾ ਹੈ। ਪਰਮਾਤਮਾਂ ਸਰਬ ਸਮਰਥ ਹੈ।

ਦੇਵੀ ਦੇਵਤਿਆਂ ਤੀਰਥਾਂ ਸਭ ਦੀ ਥਾਂ ਇਕੋ ਬ੍ਰਹਮ ਨੂੰ ਹੀ ਚਿਤਰਨਾ ਚਾਹੀਦਾ ਹੈ। ਗੁਰੂ ਦੀ ਪ੍ਰੀਤ ਹੀ ਮਨੁੱਖ ਅੰਦਰੋਂ ਹੰਕਾਰ ਦੇ ਭਾਵਾਂ ਦਾ ਵਿਨਾਸ਼ ਕਰਦੀ ਹੈ। ਦਾਤਾਂ ਪ੍ਰਾਪਤ ਕਰਕੇ ਮਨੁਖ ਹੰਕਾਰੀ ਹੋ ਜਾਂਦਾ ਹੈ। ਜੇਕਰ ਪਰਮਾਤਮਾਂ ਦੇ ਸ਼ਬਦ ਰੂਪੀ ਦਾਤ ਦੀ ਬਖਸ਼ਸ਼ ਨਾ ਹੋਵੇ ਹੰਕਾਰ ਦੂਰ ਨਹੀਂ ਹੁੰਦਾ। ਮੁਰੀਦ ਗੁਰੂ ਦੇ ਪੈਰਾਂ ਦੀ ਧੂੜ ਬਣਕੇ ਰਹਿੰਦਾ ਹੈ, ਜੋ ਹੱਥਾਂ ਨਾਲ ਕਿਰਤ ਕਰਦਾ ਹੈ ਤਾਂ ਹੀ ਗੁਰੂ ਦੀ ਸੇਵਾ ਦਾ ਫਲ ਪਰਾਪਤ ਕਰਦਾ ਹੈ। ਗੁਰੂ ਦੀ ਰੋਸ਼ਨੀ ਪਾ ਕੇ ਹੀ ਮੁਰੀਦ ਗੁਰੂ ਰੂਪ ਹੋ ਜਾਂਦਾ ਹੈ। ਗੁਰੂ ਨਾਲ ਪ੍ਰੀਤ ਕਰਨ ਲਈ ਕਿਸੇ ਕਿਸਮ ਦੇ ਦੁਖ ਤੋਂ ਡਰਨਾਂ ਨਹੀਂ ਚਾਹੀਦਾ ਤਾਂ ਹੀ ਪਰਮਾਤਮਾਂ ਦੀ ਮਿਹਰ ਦੀ ਨਜ਼ਰ ਪਰਾਪਤ ਹੋ ਸਕਦੀ ਹੈ।

28ਵੀਂ ਵਾਰ :

28ਵੀਂ ਵਾਰ ਦੀਆਂ ਪਉੜੀਆਂ 22 ਹਨ। ਤੀਸਰੀ ਪਉੜੀ ਤਕ ਸਿਖੀ ਦੀ ਅਮੋਲਕਾ ਦਸੀ ਹੈਅਤੇ ਕਿਹਾ ਹੈ ਕਿ ਸਿਖੀ ਵਾਲ ਨਾਲੋਂ ਵੀ ਬਰੀਕ ਅਤੇ ਖੰਡੇ ਦੀ ਧਾਰ ਨਾਲੋਂ ਤਿੱਖੀ ਹੈ ਅਤੇ ਦੁਨਿਆਵੀ ਵਿਸ਼ੇ ਵਿਕਾਰਾਂ ਤੋਂ ਰਹਿਤ ਹੈ। ਇਸ ਦੀ ਕੀਮਤ ਪਾਉਣੀ ਬਹੁਤ ਔਖੀ ਹੈ। ਚੌਥੀ ਪਉੜੀ ਤੋਂ ਦਸਵੀਂ ਪਉੜੀ ਤਕ ਦਸਦੇ ਹਨ ਕਿ ਸਿੱਖੀ ਕਿਸ ਤਰ੍ਹਾਂ ਪਰਾਪਤ ਹੁੰਦੀ ਹੈ। ਸਾਧ ਸੰਗਤ ਵਿਚ ਗੁਰਮੁਖਾਂ ਦੀ ਸੇਵਾ ਕਰਕੇ ਹੀ ਗੁਰਸਿਖੀ ਦੀ ਸਿਖਿਆ ਮਿਲਦੀ ਹੈ। ਹਮੇਸ਼ਾਂ ਆਪਣੇ ਆਪ ਵਿਚ ਨਿੰਮ੍ਰਤਾ ਭਾਵ ਰਖਣਾਂ , ਮਿੱਠਾ ਬੋਲਣਾ, ਹੱਥੀਂ ਕਾਰ ਕਰਨੀ, ਈਸ਼ਵਰ ਦੇ ਨਿਯਮ ਅਨੁਸਾਰ ਚਲਣਾਂ ਇੰਨ੍ਹਾਂ ਸਾਰੇ ਕਰਮਾਂ ਤੇ ਅਮਲ ਕਰਕੇ ਗੁਰਸਿਖੀ ਦੀ ਪ੍ਰਾਪਤੀ ਸਹਿਜੇ ਹੀ ਹੋ ਸਕਦੀ ਹੈ। ਗੁਰਸਿਖੀ ਹਾਸਲ ਕਰਕੇ ਮਨੁਖ ਉਚਾ ਹੋ ਜਾਂਦਾ ਹੈ ਫਿਰ ਉਹ ਹੋਰ ਕਿਸੇ ਦੇਵੀ ਦੇਵਤੇ ਦੀ ਪੂਜਾ ਨਹੀਂ ਕਰਦਾ। 11 ਤੋਂ 18 ਤਕ ਦੀਆਂ ਪਉੜੀਆਂ ਵਿਚ ਦਸਿਆ ਹੈ ਕਿ ਗੁਣ ਕੀਤਿਆਂ ਤਾਂ ਸਭ ਗੁਣ ਕਰਦੇ ਹਨ ਪਰ ਗੁਰੂ ਦੇ ਸਿਖ ਅਵਗੁਣ ਕੀਤਿਆਂ ਵੀ ਉਨ੍ਹਾਂ ਦੇ ਬਦਲੇ ਗੁਣ ਕਰਦੇ ਹਨ। ਗੁਰਸਿਖ ਕਦੇ ਵੀ ਪਰਉਪਕਾਰ ਕਰਨ ਤੋਂ ਝਿਜਕਦੇ ਨਹੀਂ ਅਤੇ ਹਮੇਸ਼ਾਂ ਨਿੰਮ੍ਰਤਾ ਵਿਚ ਰਹਿੰਦੇ। ਹਨ। ਗੁਰਸਿਖਾਂ ਦੀ ਸੇਵਾ ਕਰਨ ਵਾਲੇ ਗੁਰਸਿਖ ਭਾਈ ਗੁਰਦਾਸ ਅਨੁਸਾਰ ਸੰਸਾਰ ਵਿਚ ਵਿਰਲੇ ਹੀ ਹੁੰਦੇ ਹਨ। 19ਵੀਂ ਪਉੜੀ ਵਿਚ ਦਸਦੇ ਹਨ ਕਿ ਗੁਰੂ ਤੋਂ ਬਿਨਾਂ ਗਤਿ ਅਸੰਭਵ ਹੈ। ਦੁਨਿਆਵੀ ਪਦਾਰਥਾਂ ਨਾਲ ਸਬੰਧ ਰਖਣ ਵਾਲੇ ਤਾਂ ਮਾਇਆ ਵਿਚ ਹੀ ਖੁਬੇ ਰਹਿੰਦੇ ਹਨ। ਸਿੱਖੀ ਸਭ ਪਦਾਰਥਾਂ ਤੋਂ ਉਤਮ ਹੈ।

29ਵੀਂ ਵਾਰ :

ਉਨੱਤੀਵੀਂ ਵਾਰ ਦੀਆਂ 21 ਪਉੜੀਆਂ ਹਨ। ਪਹਿਲੀਆਂ ਦੋ ਪਉੜੀਆਂ ਵਿਚ ਸਤਿਗੁਰ ਨਾਨਕ ਜੀ ਦੀ ਮਹਿਮਾਂ ਹੈ ਕਿ ਉਨ੍ਹਾਂ ਨੇ ਨਿੰਦਕ ਨੂੰ ਨਾਮ, ਦਾਨ ਇਸ਼ਨਾਨ

ਦੀ ਕਿਰਿਆ ਦਸੀ। ਜੋ ਮਨ ਨੂੰ ਜਿੱਤ ਲੈਂਦਾ ਹੈ ਉਹ ਸਾਰੇ ਜਗਤ ਨੂੰ ਹੀ ਜਿਤ ਸਕਦਾ ਹੈ। ਤਕਰੀਬਨ ਸਾਰੀ ਵਾਰ ਵਿਚ ਹੀ ਸਾਧ ਸੰਗਤ ਦਾ ਬਿਆਨ ਕੀਤਾ ਹੈ। ਜਿਹੜੇ ਆਪਣੀ ਹਉਮੈਂ ਵਿਚ ਰਹਿੰਦੇ ਹਨ ਉਹ ਸਾਧ ਸੰਗਤ ਵਿਚ ਸਾਧੇ ਜਾਂਦੇ ਹਨ। ਸਾਧ ਸੰਗਤ ਸਿਖ ਦੀ ਕਰਨੀ ਨੂੰ ਵੀ ਨਿਰਮਲ ਕਰ ਦਿੰਦੀ ਹੈ। "ਮਿੱਠਾ ਬੋਲਣ, ਨਿਵ ਚਲਣ, ਹੱਥੋਂ ਦੇ ਕਰ ਪਤਿਤ ਪਣਿਤਾ" ਦੇ ਸਦਾਚਾਰਕ ਗੁਣਾਂ ਦਾ ਗ੍ਰਹਿਣ ਕਰਤਾ ਕਰ ਦਿੰਦੀ ਹੈ। ਸਾਧ ਸੰਗਤ ਨੂੰ ਮਿਲਕੇ ਗੁਰਸਿਖ ਵਰਨਾਂ ਭੇਦਾਂ ਤੋਂ ਉਤਾਂਹ ਹੋ ਜਾਂਦਾ ਹੈ ਤੇ ਸੰਸਾਰ ਦੇ ਸਾਰੇ ਪਦਾਰਥ ਉਸਨੂੰ ਪ੍ਰਾਪਤ ਹੋ ਜਾਂਦੇ ਹਨ। ਛੇਵੀਂ ਤੇ ਸਤਵੀਂ ਪਉੜੀ ਵਿਚ ਭਾਈ ਗੁਰਦਾਸ ਜੀ ਦਸਦੇ ਹਨ ਕਿ ਸਾਧ ਸੰਗਤ, ਮਨੁਖ ਅੰਦਰੋਂ ਕਾਮ ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਦੂਰ ਕਰਕੇ ਸਾਰੇ ਦਰਸ਼ਨਾਂ ਦਾ ਗਿਆਨ ਉਸ ਨੂੰ ਦੇ ਦਿੰਦੀ ਹੈ ਤੇ ਸਾਧ ਸੰਗਤ ਵਿਚ ਜਾਣ ਵਾਲਾ ਗੁਰ ਭਾਈਆਂ ਵਿਚ ਬੈਠਨ ਵਾਲਾ ਮਨੁਖ ਪੂਰਨ ਗਿਆਨਵਾਨ ਹੋ ਗੁਰ ਸ਼ਬਦ ਵਿਚ ਲਿਵਲੀਨਤਾ ਪ੍ਰਾਪਤ ਕਰ ਸਹਿਜ ਦੀ ਅਵਸਥਾ ਤੇ ਪੁਜ ਜਾਂਦਾ ਹੈ ਤੇ ਉਸ ਅਵਸਥਾ ਵਿਚ ਇਸ ਬ੍ਰਹਿਮੰਡ ਤੋਂ ਤਰਨਾਂ ਉਸ ਲਈ ਸੌਖਾ ਹੀ ਕੰਮ ਬਣ ਜਾਂਦਾ ਹੈ ਇਹ ਕੁਝ ਭਾਈ ਸਾਹਿਬ ਨੇ ਅੱਠਵੀਂ ਪਉੜੀ ਵਿਚ ਦਸਿਆ ਹੈ। ੯ਵੀਂ ਪਉੜੀ ਵਿਚ ਦਸੇ ਅਨੁਸਾਰ ਸਾਧ ਸੰਗਤ ਵਿਚ ਗਿਆਂ ਵਿਅਕਤੀ ਨੂੰ ਸਾਰੇ ਪਦਾਰਥ ਵੀ ਪ੍ਰਾਪਤ ਹੋ ਜਾਂਦੇ ਹਨ ਤੇ ਉਸ ਦਾ ਆਪਣੇ ਮਨ ਤੇ ਪੂਰਾ ਕਾਬੂ ਹੋ ਜਾਂਦਾ ਹੈ। ਸਾਧ ਸੰਗਤ ਵਿਚ ਹੀ ਗੁਰਸਿਖ ਨਵਧਾ ਭਗਤੀ ਵਾਲੇ ਗੁਣਾਂ ਨੂੰ ਵੀ ਪ੍ਰਾਪਤ ਕਰ ਲੈਂਦਾ ਹੈ ਤੇ ਹਰ ਥਾਂ ਤੇ ਉਸ ਦੀ ਸ਼ੋਭਾ ਤੇ ਵਡਿਆਈ ਹੁੰਦੀ ਹੈ। 11ਵੀਂ ਪਉੜੀ ਵਿਚ ਭਾਈ ਸਾਹਿਬ ਨੇ ਗੁਰਸਿਖ ਦੇ ਸਦਾਚਾਰ ਤੇ ਆਚਰਨਕ ਨਿਯਮਾਂ ਦਾ ਜ਼ਿਕਰ ਕੀਤਾ ਹੈ। ਪਰਾਈਆਂ ਇਸਤ੍ਰੀਆਂ ਵਲ ਨਾਂ ਵੇਖਣਾ, ਪਰਾਏ ਹਕ ਨੂੰ ਸੂਰ ਤੇ ਗਾਂ ਦੇ ਸਮਾਨ ਸਮਝਣਾ, ਪਰਵਾਰ ਦੇ ਮੋਹ ਵਿਚ ਨਾ ਆਉਣਾ, ਕਿਸੇ ਦੀ ਨਿੰਦਿਆ ਨਾਂ ਸੁਨਣੀ, ਹੰਕਾਰ ਨਾ ਕਰਨਾਂ ਤੇ ਸਹਿਜ ਅਵਸਥਾ ਵਿਚ ਰਹਿਣਾਂ ਗੁਰਸਿਖ ਦਾ ਪਰਮ ਨਿਯਮ ਦਸਿਆ ਹੈ ਤੇ ਇਹ ਉਸ ਨੂੰ ਸਾਧ ਸੰਗਤ ਤੋਂ ਪ੍ਰਾਪਤ ਹੁੰਦਾ ਹੈ। ਗੁਰਸਿਖ ਨਿੱਤ ਸ਼ਬਦ ਵਿਚ ਆਪਣੀ ਸੁਰਤ ਜੋੜੀ ਰਖਦਾ ਹੈ ਤੇ ਸਚ ਦਾ ਵਣਜ ਕਰਦਾ ਹੈ। ਹਉਮੈਂ ਦਾ ਤਿਆਗ ਕਰ, ਅਕਾਲ ਪੁਰਖ ਦੇ ਹੁਕਮ ਨੂੰ ਸਿਰ ਮੱਥੇ ਮੰਨ ਦਰਗਾਹ ਵਿਚ ਮਾਨ ਪ੍ਰਾਪਤ ਕਰਦਾ ਹੈ। ਗੁਰਮੁਖ ਦਾ ਵਿਸ਼ਵਾਸ਼ ਇਕ ਅਕਾਲ ਪੁਰਖ ਵਿਚ ਹੈ ਤੇ ਇਸੇ ਦਾ ਗਿਆਨ ਹੀ ਉਹ ਸਾਧ ਸੰਗਤ ਵਿਚ ਮਿਲਕੇ ਕਰਦਾ ਹੈ। 12,13 ਤੇ 14ਵੀਂ ਪਉੜੀ ਵਿਚ ਇੰਨਾਂ ਗੱਲਾਂ ਦਾ ਜ਼ਿਕਰ ਹੈ।

# ਭਾਈ ਗੁਰਦਾਸ ਦੀ ਪਹਿਲੀ ਵਾਰ

(ਇਕ ਆਲੋਚਨਾਤਮਕ ਅਧਿਐਨ)

ਤੀਹਵੀਂ ਵਾਰ

[illegible]

ਇਕੱਤੀਵੀਂ ਵਾਰ:

ਇਕੱਤੀਵੀਂ ਵਾਰ ਦੀਆਂ 20 ਪਉੜੀਆਂ ਹਨ। ਸਾਰੀ ਵਾਰ ਵਿਚ ਤਕਰੀਬਨ ਭਲੇ ਤੇ ਬੁਰੇ ਦਾ ਹੀ ਦ੍ਰਿਸ਼ਟਾਂਤਮਕ ਟਾਕਰਾ ਹੈ। ਬੁਰਿਆਂ ਨੂੰ ਹਮੇਸ਼ਾਂ ਬੁਰੇ ਹੀ ਨਜ਼ਰੀ ਆਉਂਦੇ ਹਨ ਅਤੇ ਭਲਿਆਂ ਨੂੰ ਭਲੇ। ਪਰਮਾਤਮਾਂ ਸਭ ਲਈ ਇਕੋ ਜਿਹਾ ਹੈ ਪਰ ਸਭ ਨੂੰ ਆਪਣੇ ਆਪਣੇਂ ਕਰਮਾਂ ਦਾ ਫਲ ਭੁਗਤਨਾਂ ਪੈਂਦਾ ਹੈ। ਆਤਮਾਂ ਆਪਣੇ ਹੀ ਅੰਤਹਕਰਣ ਸ਼ੀਸ਼ੇ ਵਾਂਗੂ ਪਰਕਾਸ਼ ਰਿਹਾ ਹੈ। ਜਿਹੋ ਜਿਹੀ ਦ੍ਰਿਸ਼ਟੀ ਨਾਲ ਕੋਈ ਦੇਖਦਾ ਹੈ ਉਸ ਤਰ੍ਹਾਂ ਹੀ ਉਸ ਨੂੰ ਦਿਸਦਾ ਹੈ। ਪੂਤਨਾਂ ਦਾ ਦ੍ਰਿਸ਼ਟਾਂਤ ਲੈ ਕੇ ਦਸਦੇ ਹਨ ਕਿ ਪਰਮਾਤਮਾਂ ਪਾਪੀ ਤੋਂ ਪਾਪੀ ਲੋਕਾਂ ਨੂੰ ਵੀ ਤਾਰ ਦਿੰਦਾ ਹੈ ਪਰ ਇਸ ਦਾ ਮਤਲਬ ਇਹ ਨਹੀਂ ਕਿ ਸਾਰੇ ਲੋਕ ਪਾਪ ਹੀ ਕਰਦੇ ਜਾਣ ਕਿਉਂਕਿ ਪਰਮਾਤਮਾਂ ਤਾਰਨ ਵਾਲਾ ਹੈ। ਇਸ ਲਈ ਪਾਪੀ ਦੀ ਰੀਸ ਕਦੇ ਵੀ ਨਹੀਂ ਕਰਨੀ ਚਾਹੀਦੀ। ਭਲਾ ਤੇ ਬੁਰਾ ਆਪਣੀ ਆਪਣੀ ਸੰਗਤ ਤੋਂ ਪਰਖਿਆ ਜਾਂਦਾ ਹੈ, ਉਨ੍ਹਾਂ ਦੇ ਪਾਪ ਤੇ ਪੁੰਨ ਦਾ ਫਲ ਦੁਖ ਤੇ ਸੁਖ ਹੁੰਦਾ ਹੈ। ਰਾਮਚੰਦਰ ਤੇ ਰਾਵਣ ਦਾ ਦ੍ਰਿਸ਼ਟਾਂਤ ਭਲੇ ਤੇ ਬੁਰੇ ਲਈ ਦਿੱਤਾ ਹੈ। ਰਾਵਣ ਨੇਂ ਆਪਣੀ ਬੁਰਾਈ ਦੇ ਕਾਰਣ ਕਾਲਖ ਦਾ ਟਿੱਕਾ ਹੀ ਲਿਆ ਅਤੇ ਰਾਮਚੰਦਰ ਨੇ ਨੇਕੀ ਕਰਕੇ ਵਡਿਆਈ ਅਤੇ ਨਾਮ ਪਾਇਆ। ਮਨੁਖ ਅਸਲ ਵਿਚ ਆਪਣੇ ਆਪ ਦਾ ਸਾਥੀ ਆਪ ਹੈ।

32ਵੀਂ ਵਾਰ:

ਵਾਰ 32 ਦੀਆਂ ਪਉੜੀਆਂ ਦੀ ਗਿਣਤੀ 20 ਹੈ। ਪਹਿਲੀਆਂ ਦੋ ਪਉੜੀਆਂ ਵਿਚ ਗੁਰਮੁਖਾਂ ਦੇ ਲੱਛਣ ਦਸੇ ਹਨ ਕਿ ਗੁਰਮੁੱਖ ਤਾਣ ਹੁੰਦਿਆਂ ਵੀ ਨਿਤਾਣਾ ਹੁੰਦਾ ਹੈ। ਬਾਕੀ ਸਾਰੀ ਵਾਰ ਵਿਚ ਮੂਰਖ ਦਾ ਚਿਤਰ ਕਈਆਂ ਰੰਗਾਂ ਵਿਚ ਖਿਚਿਆ ਹੈ ਅਤੇ ਮੂਰਖ ਤੋਂ ਬਚ ਕੇ ਰਹਿਣ ਲਈ ਚਿਤਾਵਨੀ ਦਿੱਤੀ ਹੈ। ਮੂਰਖ ਮਤ ਹੀਣ ਹੁੰਦਾ ਹੈ ਉਸ ਨੂੰ ਕਿਧਰੇ ਢੋਈ ਨਹੀਂ ਮਿਲਦੀ। ਮੂਰਖ ਦਾ ਕੋਈ ਵੀ ਸਾਥੀ ਨਹੀਂ ਹੁੰਦਾ। ਮੂਰਖ ਲੋਕ ਆਪਣੀ ਮੂਰਖਤਾਈ ਵਿਚ ਹੀ ਉਲੂਆਂ, ਇੱਲਾਂ ਵਾਂਗੂ ਭਟਕ ਭਟਕ ਕੇ ਅਤੇ ਵਾਂਸ ਤੇ ਸਿੰਮਲ ਵਾਂਗੂ ਨਿਰੰਸੋ ਰਹਿਕੇ ਜੀਵਨ ਬਤੀਤ ਕਰ ਦਿੰਦੇ ਹਨ। ਮੂਰਖਾਂ ਦਾ ਉਹਨਾਂ ਦੇ ਭੈੜੇ ਵਰਤਾਵ ਤੋਂ ਹੀ ਅੰਦਾਜ਼ਾ ਲਗ ਜਾਂਦਾ ਹੈ। ਮੂਰਖ ਪੱਥਰ ਵਾਂਗ ਦਿਲ ਦਾ ਕਠੋਰ ਅਤੇ ਦੁਖਦਾਈ ਹੁੰਦਾ ਹੈ ਉਹ ਕਿਸੇ ਤਰ੍ਹਾਂ ਦੇ ਉਪਦੇਸ਼ ਨਾਲ ਵੀ ਪਸੀਜਦਾ ਨਹੀਂ ਅਤੇ ਸੁਖ ਦੀ ਕਦਰ ਨਹੀਂ ਪਛਾਣਦਾ। ਮੂਰਖ ਦੇ ਨਾਲੋਂ ਸਿਆਣੇ ਨਾਲ ਭਿਖਿਆ ਮੰਗ ਕੇ ਖਾਣੀ ਵੀ ਚੰਗੀ ਹੈ। ਮੂਰਖ ਗੁਣਾਂ ਤੋਂ ਬਿਨਾਂ ਹੋਣ ਕਰਕੇ ਆਪਣੇਂ ਅਭਿਮਾਨ ਵਿਚ ਹੀ ਰਹਿੰਦਾ ਹੈ। ਮੂਰਖ ਹਮੇਸ਼ਾਂ ਭੈੜੇ ਨੀਮ ਨੂੰ ਚੰਗਾ ਸਮਝਦਾ ਹੈ ਇਸ ਕਰਕੇ ਭੈੜੇ ਮਨੁਖ

ਦੀ ਹੀ ਰੀਸ ਕਰਦਾ ਹੈ। ਇਸੇ ਤਰ੍ਹਾਂ ਸਮਝ ਨਾਂ ਹੋਣ ਤੇ ਪੰਡਤ ਵੀ ਮੂਰਖ ਹੋ ਸਕਦਾ ਹੈ। ਮੂਰਖਾਂ ਦੀ ਸੰਗਤ ਵਿਚ ਕਾਵਾਂ ਰੌਲੀ ਹੀ ਹੁੰਦੀ ਹੈ, ਸੁਖ ਦੀ ਗੱਲ ਕੋਈ ਨਹੀਂ। ਮੂਰਖ ਨਾਲ ਕਦੇ ਵੀ ਬਹੁਤਾ ਵਰਤਾਰਾ ਨਹੀਂ ਰਖਣਾ ਚਾਹੀਦਾ ਸਗੋਂ ਚੁਪ ਹੀ ਚੰਗੀ ਹੈ।

33ਵੀਂ ਵਾਰ:

ਵਾਰ 33 ਦੀਆਂ ਪਉੜੀਆਂ 22 ਹਨ। ਪਹਿਲੀ ਪਉੜੀ ਵਿਚ ਗੁਰਮੁਖ ਤੇ ਮਨਮੁਖ ਦਾ ਫਰਕ ਦਸਿਆ ਹੈ ਕਿ ਗੁਰਮੁਖ ਜਨਮ ਮਰਨ ਦੀ ਮਾਰ ਤੋਂ ਬਚਿਆ ਰਹਿੰਦਾ ਹੈ, ਮਨਮੁਖ ਦੇ ਗਲ ਚੌਰਾਸੀ ਦੀ ਫਾਸੀ ਬਣੀ ਰਹਿੰਦੀ ਹੈ। ਦੂਸਰੀ ਪਉੜੀ ਵਿਚ ਦਸਦੇ ਹਨ ਕਿ ਹਿੰਦੂ ਤੇ ਮੁਸਲਮਾਨ ਦੋਹਾਂ ਨੂੰ ਇਕੋ ਹੀ ਈਸ਼ਵਰ ਨੇ ਪੈਦਾ ਕੀਤਾ ਹੈ ਪਰ ਇੰਨ੍ਹਾਂ ਨੇ ਆਪਣੇ ਰਸਤੇ ਵਖਰੇ 2 ਬਣਾ ਲਏ ਹਨ। ਆਰਸੀ, ਚਰਖਾ, ਵੇਸ਼ਵਾ, ਕਿਕਰ, ਝੋਕ ਦਾ ਦ੍ਰਿਸ਼ਟਾਂਤ ਦੇ ਕੇ ਦਸਦੇ ਹਨ ਕਿ ਦੁਬਾਜਰੇ ਹਮੇਸ਼ਾਂ ਦੁਖੀ ਰਹਿੰਦੇ ਹਨ ਪਰਮਾਰਥ ਵਿਚ ਵੀ ਦੁਬਿਧਾ ਔਗੁਣਾਂ ਦਾ ਹਾਰ ਹੀ ਗਲ ਵਿਚ ਪਾਉਂਦੀ ਹੈ। ਦੁਬਾਜਰੇ ਦਾ ਕੋਈ ਵਾਹਰੂ ਨਹੀਂ ਬਣਦਾ। ਉਹ ਅਗਲੇ ਦੇ ਮੂੰਹ ਤੇ ਵਡਿਆਈ ਅਤੇ ਪਿੱਠ ਪਿਛੇ ਨਿੰਦਿਆ ਕਰਦਾ ਹੈ। ਕੋਹ ਦੀ ਕਾਲਖ ਵਾਂਗੂ ਜਿੰਨਾਂ ਮਰਜ਼ੀ ਧੋਵੋ ਕਦੇ ਉਜਲਾ ਨਹੀਂ ਹੁੰਦਾ। ਦੁਬਾਜਰਾ ਕਦੇ ਕਿਸੇ ਅੱਗੇ ਨਿਉਂਦਾ ਨਹੀਂ ਜੇਕਰ ਬੱਧਾ ਹੋਇਆ ਨਿਵੇਂ ਤਾਂ ਨਾਂ ਉਸ ਨੂੰ ਕੋਈ ਫਾਇਦਾ ਹੁੰਦਾ ਹੈ ਅਤੇ ਨਾਂ ਦੂਸਰੇ ਨੂੰ । ਦੁਬਾਜਰਾ ਮਨੁਖ ਹਉਮੈਂ ਵਿਚ ਹੀ ਸੜ ਜਾਂਦਾ ਹੈ । ਦੁਬਾਜਰਾ ਮਨੁਖ ਜੇ ਮਨ ਨੂੰ ਲੋਹੇ ਵਾਂਗੂ ਗੁਰਮੁਖ ਦੀ ਭੱਠੀ ਹੇਠ ਦੇਣ ਤਾਂ ਗੁਰਮੁਖ ਹੋ ਸਕਦਾ ਹੈ।

34ਵੀਂ ਵਾਰ:

34ਵੀਂ ਵਾਰ ਦੀਆਂ 21 ਪਉੜੀਆਂ ਹਨ। ਪਹਿਲੀ ਪਉੜੀ ਵਿਚ ਗੁਰੂ ਦੀ ਮਹਿੰਮਾਂ ਦਸੀ ਹੈ। ਬਾਕੀ ਸਾਰੀ ਵਾਰ ਵਿਚ ਬੇਮੁਖ ਮਨੁਖ ਦਾ ਚਿਤਰ ਖਿਚਿਆ ਹੈ। ਆਪਣੇ ਅੰਦਰ ਕੋਈ ਗੁਣ ਨਾਂ ਹੋਣ ਕਰਕੇ ਬੇਮੁਖ ਬਾਹਰ ਸੁਖਾਂ ਨੂੰ ਢੂੰਡਦਾ ਰਹਿੰਦਾ ਹੈ। ਬੇਮੁਖ ਆਪ ਨਲਾਇਕ ਹੋਣ ਕਰਕੇ ਗੁਰੂ ਦਾ ਰਸਤਾ ਨਹੀਂ ਲਭ ਸਕਦੇ ਪਰ "ਗਿਦੜ ਦਾਖ ਨਾ ਅਪੜੇ ਆਖੈ ਥੂ ਕੌੜੀ" ਵਾਂਗੂ ਗੁਰੂ ਦਾ ਰਸਤਾ ਹੀ ਭੈੜਾ ਕਹਿੰਦੇ ਹਨ। ਬੇਮੁਖ ਭਾਵੇਂ ਹੋਰ ਸਭ ਗੱਲਾਂ ਵਿਚ ਸਮਰਥ ਵੀ ਹੋਵੇ ਪਰ ਗੁਰੂ ਤੋਂ ਬਿਨਾਂ ਉਹ ਫਿਰ ਵੀ ਨਿਗੁਣਾਂ ਹੈ। ਬੇਮੁਖ ਦੇ ਸਾਰੇ ਕੰਮ ਪੁੱਠੇ ਹੀ ਹੁੰਦੇ ਹਨ, ਉਸ ਨੇ ਚਲਣਾਂ ਹੀ ਪੁੱਠੇ ਰਸਤੇ ਹੁੰਦਾ ਹੈ। ਪਾਪਾਂ ਦੀ ਮੈਲ ਤਾਂ ਸਾਧ ਸੰਗਤ ਵਿਚ ਜਾ ਕੇ ਲੱਥਦੀ ਹੈ ਪਰ ਬੇਮੁਖ ਕਦੇ ਵੀ ਸਾਧ ਸੰਗਤ ਵਲ ਮੂੰਹ ਨਹੀਂ ਕਰਦਾ। ਇਸ ਲਈ ਉਸ ਦੇ ਪਾਪ ਘਟਨ ਦੀ ਤਾਂ ਕੋਈ ਵੀ ਆਸ ਨਹੀਂ ਹੋ ਸਕਦੀ। ਬੇਮੁਖ ਕੇਦਰ ਹੀਨ ਹੁੰਦੇ ਹਨ ਪਰ ਗੁਰਮੁਖ ਲੋਕਾਂ

ਦੀ ਸਾਧ ਸੰਗਤ ਕਰਕੇ ਗੁਰੂ ਨਾਨਕ ਕੇਂਦਰ ਨਾਲ ਲਿਵ ਜੁੜ ਜਾਂਦੀ ਹੈ। ਬੇਮੁਖਾਂ ਵਿਚ ਕੋਈ ਤਾਕਤ ਨਹੀਂ ਹੁੰਦੀ ਕਿਉਂਕਿ ਉਨ੍ਹਾਂ ਦੀ ਸੁਰਤ ਸਾਰੇ ਪਾਸੇ ਖਿਲਰੀ ਹੁੰਦੀ ਹੈ। ਬੇਮੁਖ ਨਾਲ ਕਦੇ ਵੀ ਅੜਨਾਂ ਨਹੀਂ ਚਾਹੀਦਾ ਕਿਉਂਕਿ ਉਸ ਨਾਲ ਅੜਕੇ ਸਾਰੇ ਪਾਸੇ ਹੀ ਨੁਕਸਾਨ ਲਈ ਥਾਂ ਹੈ।

ਪੈਂਤੀਵੀਂ ਵਾਰ:

ਪੈਂਤੀਵੀਂ ਵਾਰ ਦੀਆਂ 23 ਪਉੜੀਆਂ ਹਨ। ਪਹਿਲੀਆਂ ਸੱਤ ਪਉੜੀਆਂ ਵਿਚ ਨਿੰਦਕਾਂ ਦਾ ਵਰਣਨ ਹੈ। ਨਿੰਦਕ ਦੇ ਮਗਰ ਲੱਗਣ ਵਾਲੇ ਆਪਣਾ ਅਮੋਲਕ ਜੀਵਨ ਗੁਆ ਬੈਠਦੇ ਹਨ। ਗੁਰ ਨਿੰਦਕ ਦਾ ਨਾਮ ਸੁਣ ਕੇ ਨਰਕ ਵੀ ਨੱਕ ਵਟਦਾ ਹੈ। ਗੁਰੂ ਜੀ ਨਿੰਦਕ ਨੂੰ ਤਦ ਤਕ ਨਹੀਂ ਬਖਸ਼ਦੇ ਜਦ ਤਕ ਜਿਸ ਦੀ ਨਿੰਦਾ ਕੀਤੀ ਹੈ ਉਸ ਤੋਂ ਬਖਸ਼ਾਇਆ ਨਾਂ ਜਾਏ। ਨਿੰਦਕ ਕਿਸੇ ਦਾ ਕੁਝ ਨਹੀਂ ਵਿਗਾੜ ਸਕਦਾ ਜੋ ਕੁਝ ਦੂਸਰੇ ਨੂੰ ਕਹਿੰਦਾ ਹੈ ਉਸ ਦਾ ਆਪ ਹੀ ਦੁਖ ਉਠਾਉਂਦਾ ਹੈ। ਅੱਠਵੀਂ, ਨੌਵੀਂ ਪਉੜੀ ਵਿਚ ਅਕਿਰਤਘਣਾ ਦਾ ਜ਼ਿਕਰ ਕਰਦੇ ਹਨ। ਜਿੰਨ੍ਹਾਂ ਨੂੰ ਨਿੰਦਕਾਂ ਨਾਲੋਂ ਵੀ ਭੈੜਾ ਕਿਹਾ ਹੈ। ਅਕਿਰਤਘਣਾਂ ਦੀ ਨਜ਼ਰ ਅਜਿਹੀ ਖੋਟੀ ਹੁੰਦੀ ਹੈ ਕਿ ਉਹ ਅਪਵਿੱਤਰਾਂ ਨੂੰ ਵੀ ਅਪਵਿੱਤਰ ਕਰਦੇ ਹਨ। ਦਸਵੀਂ ਪਉੜੀ ਤੋਂ 16ਵੀਂ ਪਉੜੀ ਤਕ ਲੂਣ ਹਰਾਮੀਆਂ ਨੂੰ ਤਾੜਿਆ ਹੈ। ਧਰਮਸਾਲਾਂ ਦਾ ਪਦਾਰਥਾਂ ਦੀ ਝਾਕ ਰੱਖਣ ਅਤੇ ਛਕਣ ਵਾਲਿਆਂ ਨੂੰ ਦੁਰਕਾਰਿਆ ਹੈ। 17ਵੀਂ ਪਉੜੀ ਤੋਂ ਅੰਤਲੀ ਤਕ ਦਸਦੇ ਹਨ ਕਿ ਸਿਖ ਨੂੰ ਪੱਕੇ ਇਰਾਦੇ ਦਾ ਹੋਣਾਂ ਚਾਹੀਦਾ ਹੈ। ਇਥੋਂ ਤਕ ਕਿ ਜੇ ਗੁਰੂ ਆਪ ਭੀ ਅਜ਼ਮਾਇਸ਼ ਲਈ ਭੁਲਾਵੇ ਤਾਂ ਵੀ ਕਦੇ ਨਾਂ ਭੁਲੇ। ਗੁਰੂ ਦੇ ਹੁਕਮ ਤੋਂ ਆਪਾ ਨਿਛਾਵਰ ਕਰ ਦੇਵੇ। ਜੇਕਰ ਗੁਰੂ ਕੋਈ ਸਾਂਗ ਵਰਤਾਂਦਾ ਹੈ ਤਾਂ ਸਿਖਾਂ ਦਾ ਦੁਖ ਦੂਰ ਕਰਨ ਦਾ ਪ੍ਰਯੋਜਨ ਹੁੰਦਾ ਹੈ। ਗੁਰਸਿਖ ਨੂੰ ਹੰਕਾਰ ਨਹੀਂ ਕਰਨਾ ਚਾਹੀਦਾ ਸਗੋਂ ਨਿਮਾਣਾ ਨਿਤਾਣਾ ਹੋਕੇ ਗੁਰੂ ਦੇ ਚਰਨਾਂ ਤੇ ਪੈਣਾ ਚਾਹੀਦਾ ਹੈ।

36ਵੀਂ ਵਾਰ:

36ਵੀਂ ਵਾਰ ਦੀਆਂ ਪਉੜੀਆਂ 21 ਹਨ। ਇਹ ਵਾਰ ਮੀਣੇ (ਪ੍ਰਿਥੀਏ) ਪ੍ਰਤੀ ਉਚਾਰਨ ਕੀਤੀ ਹੈ। ਗੁਰੂ ਰਾਮਦਾਸ ਜੀ ਨੇ ਕਪਟੀ ਕਰਕੇ ਪ੍ਰਿਥੀਏ ਨੂੰ ਮੀਣਾਂ ਕਿਹਾ ਕਿਹਾ ਸੀ। ਮੀਣਾ ਕਦੇ ਵੀ ਪੂਰੇ ਕੰਮ ਕਰਨ ਤੋਂ ਟਲਦਾ ਨਹੀਂ ਇਸੇ ਕਰਕੇ ਅੰਤ ਨੂੰ ਉਹ ਖਵਾਰ ਹੁੰਦਾ ਹੈ। ਮੀਣੇ ਦੀ ਸੰਗਤ ਹਮੇਸ਼ਾਂ ਖੋਟੀ ਤੇ ਦੁਖਦਾਈ ਹੁੰਦੀ ਹੈ। ਮੀਣਾਂ ਕਦੇ ਵੀ ਉਸ ਪ੍ਰਮਾਤਮਾਂ ਨੂੰ ਯਾਦ ਨਹੀਂ ਕਰਦਾ, ਜਿਸ ਨੇ ਮਾਣਸ ਦਾ ਅਮੋਲਕ ਜਨਮ ਦਿੱਤਾ ਹੈ ਉਸ ਦੀ ਨਿੰਦਿਆ ਹੀ ਕਰਦਾ ਹੈ। ਇਸ ਲਈ ਉਹ ਸਿੱਧਾ ਜਮਪੁਰੀ ਨੂੰ ਹੀ ਜਾਂਦਾ ਹੈ।

ਵਾਹਿਗੁਰੂ ਦੀ ਨਿੰਦਿਆ ਕਰਨ ਕਰਕੇ ਮੀਣੇ ਦੀ ਆਸ ਕਦੇ ਪੂਰੀ ਨਹੀਂ ਹੁੰਦੀ। ਇਸ ਲਈ ਉਹ ਹਮੇਸ਼ਾਂ ਨਿਰਾਸਾ ਹੀ ਰਹਿੰਦਾ ਹੈ। ਮੀਣੇ ਆਪ ਗੁਰੂ ਤੋਂ ਬਿਨਾਂ ਹੋ ਕੇ ਆਪਣੇ ਆਪ ਨੂੰ ਗੁਰੂ ਸਦਵਾਉਂਦੇ ਹਨ ਇਸ ਲਈ ਉਨ੍ਹਾਂ ਦੇ ਚੇਲੇ ਨਿਰਾਸ਼ ਹੀ ਜਾਂਦੇ ਹਨ ਭਾਈ ਸਾਹਿਬ ਨੇ ਗੁਰੂ ਤੋਂ ਬਿਨਾਂ ਮਨੁਖ ਨੂੰ ਹੀਜੜਾ ਕਿਹਾਹੈ। ਸੋ ਪਰਮਾਤਮਾਂ ਦੀ ਅਰਾਧਨਾਂ ਕਰਕੇ ਹੀ ਉਹ ਮਿਲਦਾ ਹੈ। ਹਠਾਂ , ਤਪਾਂ ਨਾਲ ਮੁਕਤੀ ਪਰਾਪਤ ਕਰਨੀ ਕਠਨ ਹੈ। ਅੰਤ ਵਿਚ ਭਾਈ ਸਾਹਿਬ ਜੀ ਨਿਮਰਤਾ ਭਾਵ ਲਿਆ ਕੇ ਕਹਿੰਦੇ ਹਨ ਕਿ ਸਾਰੀ ਦੁਨੀਆਂ ਦੇ ਔਗੁਣ ਮੇਰੇ ਵਿਚ ਹਨ ਮੈਂ ਬੁਰਿਆਂ ਤੋਂ ਵੀ ਬੁਰਾ ਹਾਂ ਵਾਹਿਗੁਰੂ ਹੀ ਬਖਸ਼ ਸਕਦਾ ਹੈ।

37ਵੀਂ ਵਾਰ :

37ਵੀਂ ਵਾਰ ਦੀਆਂ 31 ਪਉੜੀਆਂ ਹਨ। ਪਹਿਲੀਆਂ ਚਾਰ ਪਉੜੀਆਂ ਵਿਚ ਕਾਦਰ ਦੀ ਕੁਦਰਤ ਦਾ ਵਰਣਨ ਕੀਤਾ ਹੈ ਅਤੇ ਦਸਿਆ ਹੈ ਕਿ ਈਸ਼ਵਰ ਦੀ ਰਚਨਾਂ ਨੂੰ ਤਕਿਆਂ ਜੋ ਅਸਚਰਜਤਾ ਪੈਦਾ ਹੁੰਦੀ ਹੈ ਉਸ ਦਾ ਵਰਨਣ ਨਹੀਂ ਕੀਤਾ ਜਾ ਸਕਦਾ। 5,6,7 ਪਉੜੀ ਵਿਚ ਭਾਈ ਸਾਹਿਬ ਦਸਦੇ ਹਨ ਕਿ ਕੇਵਲ ਮਨੁਖ ਦੇਹੀ ਵਿਚ ਹੀ ਚੌਰਾਸੀ ਲਖ ਜੂਨਾਂ ਵਿਚੋਂ ਪਾਰ ਉਤਾਰਾ ਹੁੰਦਾ ਹੈ। ਪਰ ਦੁਖਾਂਤ ਇਹ ਹੈ ਕਿ ਜੰਮਦੇ ਸਾਰ ਹੀ ਮਾਇਆ ਆਪਣਾ ਘੇਰਾ ਪਾ ਲੈਂਦੀ ਹੈ। ਮਾਇਆ ਦੇ ਜੰਜਾਲ ਵਿਚ ਪੈ ਕੇ ਮਨੁਖ ਕਰਤਾ ਨੂੰ ਭੁਲ ਜਾਂਦਾ ਹੈ ਅਤੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਿਚ ਫਸ ਕੇ ਹੰਕਾਰੀ ਹੋ ਜਾਂਦਾ ਹੈ। ਅੱਠਵੀਂ, ਨੌਵੀਂ ਪਉੜੀ ਵਿਚ ਦਸਦੇ ਹਨ ਕਿ ਬੱਚੇ ਨੂੰ ਪਹਿਲਾਂ ਭੈੜੀ ਚੰਗੀ ਚੀਜ਼ ਦਾ ਕੋਈ ਪਤਾ ਨਹੀਂ ਹੁੰਦਾ ਤੇ ਨਾਂ ਹੀ ਉਸ ਦੀ ਐਨੀ ਬੁੱਧੀ ਹੁੰਦੀ ਹੈ ਕਿ ਉਹ ਸੋਚ ਸਕੇ। ਬੱਚਿਆਂ ਨੂੰ ਸਪਸ਼ਟ ਕਿਹਾ ਹੈ ਕਿ ਮਾਤਾ ਪਿਤਾ ਦੇ ਉਪਕਾਰਾਂ ਨੂੰ ਭੁਲਣਾ ਨਹੀਂ ਚਾਹੀਦਾ। ਮਾਂ ਪਿਉ ਨੂੰ ਦੁਖੀ ਕੀਤਿਆਂ ਤੀਰਥ, ਜਪ,ਤਪ, ਪੁੰਨਦਾਨ ਦਾ ਮੁਲ ਰਤਾ ਵੀ ਨਹੀਂ ਰਹਿੰਦਾ ਪਰ ਮਾਇਆ ਦਾ ਪ੍ਰਭਾਵ ਹੈ। ਭਾਈ ਸਾਹਿਬ ਅਨੁਸਾਰ ਸਰਵਣ ਪੁੱਤਰ ਵਿਰਲਾ ਹੀ ਹੁੰਦਾ ਹੈ। 17ਵੀਂ ਪਉੜੀ ਤੋਂ ਲੈ ਕੇ 23ਵੀਂ ਪਉੜੀ ਤਕ ਭਾਈ ਸਾਹਿਬ ਮਨਮੁਖ, ਅਕ੍ਰਿਤਘਣ ਅਤੇ ਨਿਗੁਰੇ ਮਨੁਖ ਬਾਰੇ ਦਸਦੇ ਹਨ ਅਤੇ ਉਨ੍ਹਾਂ ਦੇ ਗੁਣਾਂ ਨੂੰ ਵੀ ਅਵਗੁਣ ਕਰਨ ਦੇ ਸੁਭਾ ਨੂੰ ਉਘਾੜਦੇ ਹਨ। ਨਿਗੁਰੇ ਦੇ ਤਾਂ ਮੱਥੇ ਲੱਗਣਾਂ ਵੀ ਬੁਰਾ ਹੈ। ਜੁਆਰੀਏ ਦੀ ਤਰ੍ਹਾਂ ਆਪਣਾ ਜਨਮ ਹੀ ਹਾਰ ਦਿੰਦੇ ਹਨ। ਅੰਤਲੀਆਂ ਤਿੰਨ ਪਉੜੀਆਂ ਵਿਚ ਨਿੰਮ੍ਰਤਾ ਦਾ ਗੁਣ ਗ੍ਰਹਿਣ ਕਰਨ ਲਈ ਕਹਿੰਦੇ ਹਨ ਅਤੇ ਪਰਮਾਤਮਾਂ ਦੀ ਦਰਗਾਹ ਦਾ ਕੁੱਤਾ ਹੀ ਬਣ ਜਾਣ ਲਈ ਕਹਿੰਦੇ ਹਨ ਤਾਂ ਜੋ ਪ੍ਰਭੂ ਪ੍ਰਾਪਤੀ ਹੋ ਸਕੇ।

38ਵੀਂ ਵਾਰ

ਵਾਰ ਨੰਬਰ 38 ਦੀਆਂ 20 ਪਉੜੀਆਂ ਹਨ। ਇਸ ਵਾਰ ਵਿਚ ਗੁਰਸਿੱਖਾਂ ਦਾ ਦਰਜਾ ਬਹੁਤ ਉਚਾ ਦਸਿਆ ਹੈ। ਉਨ੍ਹਾਂ ਨੂੰ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਤੋਂ ਅਤੀਤ ਪ੍ਰਗਟ ਕੀਤਾ ਹੈ। ਗੁਰਸਿੱਖ ਨੂੰ ਜਾਤ ਪਾਤ, ਮੰਤ੍ਰ- ਮਤਾਤਰਾਂ ਆਦਿ ਸਭ ਤੋਂ ਉਤਾਂਹ ਦਸਿਆ ਹੈ। ਉਹ ਮਨ ਬੁੱਧੀ ਦੇ ਸੁਖਾਂ ਤੋਂ ਉਚਾ ਹੈ। ਪਿਰਮ ਰਸ ਵਿਸਮਾਦ ਵਿਚ ਮਗਨ ਉਸ ਦੇ ਆਚਰਨ ਦੀ ਪਵਿੱਤਰਤਾ ਸਿਖਰ ਉਤੇ ਪਹੁੰਚਾ ਦਿੱਤੀ ਹੈ ਤੇ ਕਿਹਾ ਹੈ ਕਿ ਗੁਰੂ ਨਾਨਕ ਜੀ ਦਾ ਸਿੱਖ ਉਪਮਾਂ ਰਹਿਤ ਹੈ। ਜੇ ਉਹ ਗੁਰੂ ਦੇ ਦਸੇ ਰਾਹਾਂ ਉਤੇ ਚਲੇ ਤਾਂ ਉਸ ਦੇ ਸਾਹਮਣੇ ਕੋਈ ਸ਼ਕਤੀ ਟਿਕ ਨਹੀਂ ਸਕਦੀ। ਅਖੀਰਲੀ ਪਉੜੀ ਵਿਚ ਛੇਆਂ ਗੁਰੂ ਸਾਹਿਬਾਂ ਬਾਰੇ ਦਸਿਆ ਹੈ ਕਿ ਇਕ ਜੋਤ ਤੋਂ ਅਗਲੀ ਜੋਤ ਜਗਦੀ ਗਈ। ਇਸ ਲਈ ਪਰਮੇਸ਼ਰ ਤੋਂ ਬਾਹਰਾ ਦੂਜਾ ਕੋਈ ਨਹੀਂ ਹੈ।

39ਵੀਂ ਵਾਰ :

39ਵੀਂ ਵਾਰ ਦੀਆਂ 21 ਪਉੜੀਆਂ ਹਨ। ਪਹਿਲੀ ਪਉੜੀ ਵਿਚ ਅਕਾਲ ਪੁਰਖ ਦੀ ਮਹਿੰਮਾਂ ਦਾ ਜ਼ਿਕਰ ਹੈ ਕਿ ਉਹ ਸਿਰਜਣਹਾਰ ਸਾਰੇ ਵਿਆਪਕ ਹੈ। ਅਗਲੀਆਂ ਤਿੰਨ ਪਉੜੀਆਂ ਵਿਚ ਛੇ ਗੁਰੂ ਸਾਹਿਬਾਂ ਦਾ ਵਰਨਣ ਹੈ। ਭਾਈ ਸਾਹਿਬ ਦਸਦੇ ਹਨ ਕਿ ਸਾਰੇ ਗੁਰੂ ਸਾਹਿਬਾਂ ਦੀ ਜੋਤ ਇਕੋ ਹੀ ਹੈ। ਪੰਜਵੀਂ ਪਉੜੀ ਵਿਚ ਸਤਿ- ਸੰਗ ਦੀ ਮਹਿੰਮਾਂ ਦਸੀ ਹੈ। ਗੁਰਮੁਖ ਵਿਚ ਗੁਰੂ ਸਮਾਇਆ ਹੋਇਆ ਹੈ। ਛੇਵੀਂ ਪਉੜੀ ਵਿਚ ਭਾਈ ਸਾਹਿਬ ਨੇ ਸਚ ਨੂੰ ਸਾਰੇ ਗਿਆਨ ਧਿਆਨ, ਸਾਰੀਆਂ ਸ਼ਕਤੀਆਂ ਤੋਂ ਉਚਾ ਦਸਿਆ ਹੈ ਤੇ ਸਚ ਦਾ ਗਿਆਨ ਗੁਰੂ ਉਪਦੇਸ਼ ਵਾਲਾ ਹੁੰਦਾ ਹੈ। ਗੁਰਮੁਖ ਵਿਚ ਗੁਰੂ ਦਾ ਆਪਣਾ ਵਾਸ ਹੁੰਦਾ ਹੈ ਇਸ ਪਰਖ ਨੂੰ ਭਾਈ ਸਾਹਿਬ ਨੇ 'ਵੀਹ ਇਕੀਹ ਜਿਵੇਂ ਰਸ ਗੰਨੇ' ਵਾਲਾ ਸੂਖਮ ਫਰਕ ਹੀ ਦਸਿਆ ਹੈ। ਸਤਵੀਂ ਪਉੜੀ ਵਿਚ ਇਹ ਦਸਦਿਆਂ ਹੋਇਆਂ 8ਵੀਂ ਪਉੜੀ ਵਿਚ ਭਾਈ ਗੁਰਦਾਸ ਜੀ ਦਸਦੇ ਹਨ ਕਿ ਨਾਮ ਰਸ ਰਹਿਤ ਤੇ ਪ੍ਰੇਮ ਹੀਣ ਲੋਕ ਰੱਬੀ ਦਰਗਾਹ ਤਕ ਨਹੀਂ ਪਹੁੰਚ ਸਕਦੇ। ਪ੍ਰੇਮ ਰਸ ਦੁਨਿਆਵੀ ਰਸਾਂ ਨਾਲੋਂ ਉਚਾ ਹੈ ਤੇ ਇਸ ਦਾ ਗਿਆਨ ਕੇਵਲ ਗੁਰੂ ਦੁਆਰਾ ਹੀ ਪਰਾਪਤ ਹੁੰਦਾ ਹੈ। ਆਪਣੇ ਸਮਕਾਲੀ ਜੀਵਨ ਦੀ ਧਾਰਮਕ ਖਿਚੋਤਾਣ ਦਾ ਜ਼ਿਕਰ ਭਾਈ ਸਾਹਿਬ ਨੇ ਦਸਵੀਂ ਪਉੜੀ ਵਿਚ ਕੀਤਾ ਹੈ। ਸੱਚੀ ਪ੍ਰੀਤ ਦੇ ਧਿਆਕ ਇਕ ਅਕਾਲ ਪੁਰਖ ਨੂੰ ਹੀ ਸੱਚਾ ਪਾਤਸ਼ਾਹ ਮੰਨਦੇ ਹਨ ਇਹ 11ਵੀਂ ਪਉੜੀ ਵਿਚ ਦਸਿਆ ਹੈ। 12ਵੀਂ ਪਉੜੀ ਵਿਚ ਸਤਿ ਸੰਗਤ ਵਿਚ ਗੁਰੂ ਦਾ ਨਿਵਾਸ ਤੇ 13ਵੀਂ ਵਿਚ ਸਤਿਸੰਗ ਨੂੰ ਸਚ ਖੰਡ ਪ੍ਰਗਟ ਕੀਤਾ ਹੈ ਜਿਥੇ ਸਾਧਕ ਵਿਸਮਾਦਿਨ ਅਵਸਥਾ ਵਿਚ ਆ ਕੇ ਉਸ ਪ੍ਰਭੂ ਨਾਲ ਲਿਵਲੀਨ ਹੋ ਜਾਂਦਾ ਹੈ।

14,15 ਤੇ 16 ਪਉੜੀਆਂ ਵਿਚ ਹਿੰਦੂ ਧਰਮ ਦੀਆਂ ਸਮਕਾਲੀਨ ਪਰਚਲਤ ਸੰਪਰਦਾਵਾਂ ਬ੍ਰਹਮਾਂ, ਵਿਸ਼ਨੂ ਤੇ ਸ਼ਿਵਜੀ ਦੇ ਉਪਾਸ਼ਕਾਂ ਦੁਆਰਾ ਦਸੀ ਗਈ ਜੀਵਨ ਜਾਚ ਨੂੰ ਸਾਧ ਸੰਗਤ ਦੀ ਤੁਲਨਾਂ ਤੇ ਨੀਵੀਂ ਦਸਿਆ ਹੈ। 17ਵੀਂ ਪਉੜੀ ਵਿਚ ਇਹ ਦਸਿਆ ਹੈ ਕਿ ਕੇਵਲ ਸਾਧ ਸੰਗਤ ਦੁਆਰਾ ਹੀ ਬੰਦ ਖਲਾਸੀ ਹੋ ਸਕਦੀ ਹੈ। 18 ਤੇ 19ਵੀਂ ਪਉੜੀ ਵਿਚ ਦੁਨਿਆਵੀ ਪਰਿਵਾਰ ਤੇ ਸਬੰਧਾਂ ਦੀ ਤੁਲਨਾਂ ਤੇ ਸਾਧ ਸੰਗਤ ਦੇ ਸਾਕ ਨੂੰ ਸਚਾ ਤੇ ਉਚਾ ਸਾਕ ਪਰਗਟ ਕੀਤਾ ਹੈ। ਇਹ ਸਬੰਧ ਦੁਨਿਆਵੀ ਸਬੰਧਾਂ ਨਾਲੋਂ ਵਧੇਰੇ ਕਲਿਆਣਕਾਰੀ ਹਨ ਤੇ 20,21 ਪਉੜੀਆਂ ਵਿਚ ਦਸਿਆ ਹੈ ਕਿ ਸਤਿਗੁਰ ਤੇ ਸਿੱਖ ਦਾ ਸਬੰਧ ਮਾਂ ਪਿਤੁ ਦੇ ਸਬੰਧ ਨਾਲੋਂ ਉਚਾ ਸਬੰਧ ਹੈ ਅਤੇ ਇਸ ਲਈ ਸਤਿਗੁਰ ਦੀ ਸੇਵਾ ਤੇ ਵਡਿਆਈ ਬਾਕੀ ਸਾਰੇ ਸਬੰਧਾਂ ਦੀ ਪਾਲਨਾਂ ਦੇ ਮੁਕਾਬਲੇ ਤੇ ਨੀਵੀਂ ਤੇ ਹੇਠਲੀ ਦਿਸ ਆਉਂਦੀ ਹੈ।

40ਵੀਂ ਵਾਰ :

40ਵੀਂ ਵਾਰ ਦੀਆਂ 22 ਪਉੜੀਆਂ ਹਨ। ਇਸ ਵਾਰ ਵਿਚ ਭਾਈ ਸਾਹਿਬ ਪਿਛਲੀਆਂ ਵਾਰਾਂ ਦਾ ਨਿਚੋੜ ਹੀ ਦੇ ਰਹੇ ਹਨ। ਸਾਧ ਸੰਗਤ ਦੀ ਵਡਿਆਈ ਕੀਤੀ ਹੈ। ਸਾਧ ਸੰਗਤ ਵਿਚ ਰਿਹਾ ਸਾਰੇ ਕਿਸਮ ਦੇ ਅਭਿਮਾਨ ਉਡ ਜਾਂਦੇ ਹਨ। ਸਾਧ ਸੰਗਤ ਧੰਨ ਹੈ ਜਿਥੇ ਹਰ ਵਕਤ ਗੁਰੂ ਦੇ ਨਾਮ ਦਾ ਕੀਰਤਨ ਹੁੰਦਾ ਰਹਿੰਦਾ ਹੈ। ਗੁਰੂ ਤੋਂ ਬਿਨਾਂ ਗਤਿ ਨਹੀਂ ਹੁੰਦੀ, ਪਰਮਾਤਮਾਂ ਨੇ ਹੀ ਅਮੁਲਾ ਮਾਣਸ ਜਨਮ ਬਖਸ਼ਿਆ ਹੈ, ਪਰਮਾਤਮਾਂ ਤੋਂ ਗੁਣ ਗ੍ਰਹਿਣ ਕੀਤਿਆਂ ਹੀ ਹੰਕਾਰ ਮਰਦਾ ਹੈ। ਗੁਰਸਿਖਾਂ ਦੇ ਨਿਤ ਦਾ ਕਰਮ, ਸਵੇਰੇ ਉਠਣਾ ਨਾਮ, ਦਾਨ, ਇਸ਼ਨਾਨ ਆਦਿਕ ਦਾ ਜ਼ਿਕਰ ਕੀਤਾ ਹੈ। ਗੁਰਮੁਖ ਹਮੇਸ਼ਾਂ ਵਾਹਿਗੁਰੂ ਦੇ ਹੁਕਮ ਵਿਚ ਚਲਦੇ ਹਨ। ਸੋ ਅਜੇਹੇ ਬੰਦੇ ਵਿਰਲੇ ਹੀ ਹੁੰਦੇ ਹਨ। ਗੁਰੂ ਦੀ ਸ਼ਰਨ ਆ ਕੇ ਸਿਖ ਵੀ ਗੁਰੂ ਸਮਾਨ ਹੀ ਬਣ ਜਾਂਦਾ ਹੈ ਅਤੇ ਪਰਮਾਤਮਾਂ ਦੇ ਸੁਖ ਫਲ ਦੀ ਪਰਾਪਤੀ ਕਰ ਲੈਂਦਾ ਹੈ।

ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਕਈ ਵਿਸ਼ਿਆਂ ਨੂੰ ਲਿਆ ਹੈ ਜਿੰਨ੍ਹਾਂ ਵਿਚ ਗੁਰਸਿਖੀ ਦੇ ਅਸੂਲਾਂ ਨੂੰ ਹੀ ਬਿਆਨ ਕੀਤਾ ਹੈ। ਮੁੱਖੀ ਰੂਪ ਵਿਚ ਇਹ ਸਾਰੇ ਵਿਸ਼ੇ ਹੀ ਗੁਰਬਾਣੀ ਦੀ ਵਿਆਖਿਆ ਕਰਦੇ ਵਿਸ਼ੇ ਹਨ। ਗੁਰਮਤਿ ਦੇ ਵਿਸ਼ੇ ਨਾਲ ਕਿਸੇ ਅੰਗ ਨੂੰ ਲੈਂਦੇ ਅਤੇ ਦ੍ਰਿੜ ਕਰਵਾਉਂਦੇ ਹਨ:

## ਪ੍ਰਭੂ ਉਸਤੱਤੀ:

1 ਭਾਈ ਸਾਹਿਬ ਦੀਆਂ ਪਹਿਲੀਆਂ ਵਾਰਾਂ ਦਾ ਵਿਸ਼ਾ ਪ੍ਰਭੂ ਦੇ ਗੁਣ ਤੇ ਉਸ ਦੀ ਵਡਿਆਈ ਦਸਣੀ ਹੈ। ਇਹ ਉਨ੍ਹਾਂ ਨੇ ਤਕਰੀਬਨ ਸਾਰੀਆਂ ਵਾਰਾਂ ਵਿਚ ਮੰਗਲਾਚਰਨ ਦੇ ਰੂਪ ਵਿਚ ਹੀ ਲਿਆ ਹੈ। ਭਾਈ ਸਾਹਿਬ ਦਸਦੇ ਹਨ ਕਿ ਪ੍ਰਮਾਤਮਾਂ ਇਕ ਹੈ, ਉਹ ਸਰਬ- ਵਿਆਪਕ ਹੈ ਸਾਰੀ ਕੁਦਰਤ ਉਸੇ ਇਕ ਦਾ ਹੀ ਪਸਾਰਾ ਹੈ। ਜੂਨਾਂ ਤੋਂ ਰਹਿਤ ਹੈ। ਉਹ ਹੀ ਮਨੁਖ ਨੂੰ ਜਨਮ ਮਰਨ ਦੇ ਚਕਰ ਵਿਚੋਂ ਕਢਦਾ ਹੈ ਉਹ ਆਪ ਹੀ ਰਸੀਆ ਹੈ ਅਤੇ ਰਸ ਦੇਣ ਵਾਲਾ ਵੀ ਆਪ ਹੀ ਹੈ। ਉਹ ਆਪ ਹੀ ਜਗਤ ਨੂੰ ਉਤਪਨ ਕਰਦਾ ਹੈ ਅਤੇ ਆਪ ਹੀ ਆਪਣੀ ਮਰਜ਼ੀ ਅਨੁਸਾਰ ਉਸ ਨੂੰ ਚਲਾਉਂਦਾ ਹੈ। ਉਸ ਨੇ ਹੀ ਚੌਰਾਸੀ ਲਖ ਜੂਨਾਂ ਬਣਾਈਆਂ ਹਨ ਅਤੇ ਆਪ ਘਟ ਘਟ ਵਿਚ ਵਿਸਰ ਰਿਹਾ ਹੈ। ਹੋਰ ਸੰਸਾਰਕ ਸਾਕ ਝੂਠੇ ਹਨ ਸਿਰਫ ਸਤਿਗੁਰੂ ਹੀ ਅੰਤ ਜਾਨ ਦੇ ਸਹਾਈ ਹਨ। ਪਰਮਾਤਮਾਂ 'ਵੇਦ ਕਤੇਬਹੁ ਬਾਹਰਾ' ਤੇ 'ਕਥਨੀ ਬਦਨੀ ਤੋਂ ਬਾਹਰਾ' ਹੈ, ਉਸ ਦੀ ਰਚੀ ਹੋਈ ਰਚਨਾ ਦੀ ਬੇਅੰਤਤਾ ਗੁਣਾਂ, ਸੁਭਾਵਾਂ, ਪਦਾਰਥਾਂ ਦੀ ਬੇਅੰਤਤਾ ਕਥਨ ਕਰਕੇ ਦਸਦੇ ਕਿ ਮਾਇਆ ਦਾ ਪਾਰਾਵਾਰ ਨਹੀਂ ਹੈ। ਜੋ ਰਚੀ ਹੋਈ ਹੈ, ਤਦ ਰਚਨਹਾਰ ਕੇਡਾ ਕੁ ਬੇਅੰਤ ਹੋਵੇਗਾ? ਸਭ ਪਾਸੇ ਉਸੇ ਦਾ ਪ੍ਰਤਾਪ ਹੋਣ ਕਰਕੇ ਉਸ ਕਾਦਰ ਦਾ ਹੀ ਹੁਕਮ ਚਲ ਰਿਹਾ ਹੈ। ਵਾਰ ਨੰ:18 ਦੀਆਂ 12 ਤਕ ਪਉੜੀਆਂ ਵਿਚ ਤਕਰੀਬਨ ਕਾਦਰ ਦੀ ਮਹਿਮਾਂ ਦਾ ਹੀ ਜ਼ਿਕਰ ਹੈ। ਆਪਣੀ ਸ਼ਕਤੀ ਨੂੰ ਆਪ ਹੀ ਜਾਣਦਾ ਹੈ। ਇਹ ਭਾਈ ਸਾਹਿਬ ਨੇ ਵਾਰ ਨੰਬਰ 1/1, 20/2, 1-7-15/3, 21/5, 9/6, 16/7, 1-2-3/8, 1-2-3-4-5/9, 17/12, 11/13, 12/15, 14-16-17-18/16, ਪਹਿਲੀਆਂ 12 ਪਉੜੀਆਂ/18, 1-2-3-17-18-19-20/21, 1 ਤੋਂ 5-9-15-17/22, 13/25, 14/26, 1-2/37, 1-39 ਵਿਚ ਪਰਮਾਤਮਾਂ ਦੀ ਮਹਿਮਾਂ ਦਾ ਜ਼ਿਕਰ ਕੀਤਾ ਹੈ।

ਗੁਰੂ/ ਸਤਿਗੁਰੂ ਦੀ ਲੋੜ:

2 ਅਗਲਾ ਵਿਸ਼ਾ ਭਾਈ ਸਾਹਿਬ ਨੇ ਗੁਰੂ ਦੀ ਮਹਿਮਾਂ ਦਾ ਲਿਆ ਹੈ। ਭਾਈ ਸਾਹਿਬ ਦਸਦੇ ਹਨ ਕਿ ਗੁਰੂ ਉਸ ਪਰਮਾਤਮਾਂ ਦਾ ਭੇਜਿਆ ਹੋਇਆ ਹੀ ਮਹਾਂ ਪੁਰਖ ਹੁੰਦਾ ਹੈ ਜੋ ਕਿ ਉਸ ਪ੍ਰਭੂ ਨਾਲ ਇਕਮਿਕਤਾ ਕਰਵਾਉਂਦਾ ਹੈ। ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿਚ ਛੇ ਗੁਰੂ ਸਾਹਿਬਾਂ ਦਾ ਜ਼ਿਕਰ ਹਨ ਜਿਨ੍ਹਾਂ ਵਿਚੋਂ ਗੁਰੂ ਨਾਨਕ ਦੇਵ ਜੀ ਦੀ ਜੋਤ ਦਾ ਜ਼ਿਕਰ ਕਰਨਾ ਉਨ੍ਹਾਂ ਦਾ ਮੁਖ ਵਿਸ਼ਾ ਲਗਦਾ ਹੈ ਕਿਉਂਕਿ ਗੁਰੂ ਸਾਹਿਬ ਉਸ ਸਮੇਂ ਆਏ ਜਦੋਂ ਕਿ ਸਾਰੀ ਦੁਨੀਆਂ ਪਾਪਾਂ ਤੇ ਦੁਖਾਂ ਨਾਲ ਕਰਾਹ ਰਹੀ ਸੀ। ਗੁਰੂ ਸਾਹਿਬ ਉਨ੍ਹਾਂ ਲਈ ਇਕ ਚਾਨਣ ਮੁਨਾਰਾ ਸਿੱਧ ਹੋਏ ਬਾਕੀ ਗੁਰੂ ਸਾਹਿਬ ਉਨ੍ਹਾਂ ਦੀ ਹੀ ਜੋਤ ਹਨ। ਭਾਈ ਸਾਹਿਬ ਦਸਦੇ ਹਨ ਕਿ ਉਹ ਗੁਰੂ ਸਚੇ ਰੂਪ ਵਾਲਾ ਹੈ ਜਿਸਨੇ ਲੋਕਾਂ ਨੂੰ ਸਚ ਦਾ ਰਾਹ ਦਸਿਆ ਅਤੇ ਸਾਧ ਸੰਗਤ ਦਾ ਸੱਚਾ ਉਪਦੇਸ਼ ਦਿੱਤਾ। ਗੁਰੂ ਹਰ ਪਾਸਿਓਂ ਪੂਰਾ ਹੈ ਉਸ ਦੀਆਂ ਬਖਸ਼ੀਆਂ ਦਾਤਾਂ ਵੀ ਪੂਰੀਆਂ ਹਨ ਆਪ 'ਕਰਣ ਕਾਰਣ ਸਮਰਥ' ਹਨ, ਗ੍ਰਿਹਸਤ ਵਿਚ ਰਹਿੰਦਿਆਂ ਹੋਇਆਂ ਵੀ ਮਾਇਆ ਤੋਂ ਨਿਰਲੇਪ ਰਹਿੰਦੇ ਹਨ। ਗੁਰੂ ਦਾ ਸ਼ਬਦ ਵੀ ਪਾਰ ਬ੍ਰਹਮ ਦਾ ਰੂਪ ਹੈ। ਗੁਰੂ ਨਾਸ਼ ਤੋਂ ਰਹਿਤ ਤੇ ਜਾਤੀ ਤੋਂ ਰਹਿਤ ਪੂਰਨ ਬ੍ਰਹਮ ਦੀ ਮੂਰਤੀ ਹੈ। ਗੁਰੂ ਨਿਮਾਣਿਆਂ ਦਾ ਮਾਣ ਹਨ। ਗੁਰੂ ਮਲਾਹ ਰੂਪ ਹਨ, ਨਾਮ ਦੇ ਜਹਾਜ਼ ਤੇ ਜਗਿਆਸੂਆਂ ਨੂੰ ਚੜ੍ਹਾ ਕੇ ਸੰਸਾਰ ਸਾਗਰ ਤੋਂ ਪਾਰ ਕਰਨ ਵਾਲੇ ਹਨ। ਸਤਿਗੁਰੂਆਂ ਦਾ ਬਚਨ ਹੀ ਸਾਰਿਆਂ ਦਾ ਮੂਲ ਹੈ। ਸਾਰੇ ਪਦਾਰਥ ਗੁਰੂ ਤੋਂ ਨੀਵੇਂ ਹਨ। ਗੁਰੂ ਦਾ ਦਰਸ਼ਨ ਸਤ ਸਰੂਪ ਹੈ। 24ਵੀਂ ਸਾਰੀ ਵਾਰ ਵਿਚ ਛੇ ਗੁਰੂ ਸਾਹਿਬਾਂ ਦਾ ਜ਼ਿਕਰ ਕੀਤਾ ਹੈ।

ਗੁਰਮੁਖ ਤੇ ਮਨਮੁਖ:

3 ਗੁਰਮੁਖ ਦੇ ਗੁਣ ਤੇ ਮਨਮੁਖ ਦੀਆਂ ਬੁਰਾਈਆਂ ਦਾ ਜ਼ਿਕਰ ਤਾਂ ਤਕਰੀਬਨ ਵਾਰਾਂ ਦੇ ਅੱਧੇ ਹਿੱਸੇ ਵਿਚ ਕੀਤਾ ਗਿਆ ਹੈ। ਗੁਰਮੁਖ ਨੂੰ ਉਚਾ ਦਸਣ ਲਈ ਨਾਲ ਮਨਮੁਖ ਨੂੰ ਲਿਆਂਦਾ ਹੈ ਗੁਰਮੁਖ ਹਮੇਸ਼ਾਂ ਗੁਰੂ ਦੇ ਦਸੇ ਰਾਹ ਉਤੇ ਚਲਦੇ ਹਨ। ਆਸਾ ਵਿਚ ਨਿਰਾਸ਼ ਰਹਿੰਦੇ ਹਨ। ਭਾਈ ਸਾਹਿਬ ਦਸਦੇ ਹਨ ਕਿ ਗੁਰਸਿਖ ਅਮ੍ਰਿਤ ਵੇਲੇ ਇਸ਼ਨਾਨ ਕਰਦੇ ਹਨ, ਇਕ ਮਨ ਹੋ ਕੇ ਗੁਰੂ ਦੀ ਅਰਾਧਨਾ ਕਰਦੇ ਹਨ ਅਤੇ ਸਤਿ-ਸੰਗ ਵਿਚ ਜਾਂਦੇ ਹਨ। ਮਿੱਠੇ ਬਚਨ ਬੋਲਦੇ ਹਨ, ਹਉਮੈਂ ਦਾ ਤਿਆਗ ਕਰਦੇ ਹਨ। ਗੁਰਮੁਖ ਲੋਕ ਹੰਸਾਂ ਵਾਂਗੂ ਤਨੋਂ ਮਨੋ ਪ੍ਰੇਮੀ ਹੋ ਕੇ ਪ੍ਰੇਮ ਕਰਦੇ ਹਨ। ਗੁਰੂ ਦੀ ਮਤ ਨੂੰ ਹਿਰਦੇ ਵਿਚ ਵਸਾ ਕੇ ਆਪਾ ਭਾਵ ਗਵਾ ਦਿੰਦੇ ਹਨ।

ਸਤਿਸੰਗ, ਅਭੇਦਤਾ, ਸ਼ਬਦ ਦੀ ਕਾਰ ਕਰਨੀ, ਨਿਮਰਤਾ, ਪ੍ਰੇਮ, ਮਤ ਉਚੀ ਕਰਨੀ ਆਦਿਕ ਗੁਰਮੁਖਾਂ ਦੇ ਲੱਛਣ ਹਨ। ਗੁਰਮੁਖ ਲੋਕ ਆਪਣੇ ਗੁਰੂ ਨਾਲ ਚਕੋਰ, ਚਾਤ੍ਰਿਕ, ਭੌਰ, ਮੱਛੀ ਵਾਂਗੂ ਪਿਆਰ ਕਰਦੇ ਹਨ। ਸੁਹਾਗਣ, ਹੰਸ,ਪਟ, ਤਿਲ ਆਦਿਕ ਅਨੇਕ ਦ੍ਰਿਸ਼ਟਾਂਤ ਗੁਰਮੁਖਾਂ ਲਈ ਵਰਤੇ ਹਨ। ਗੁਰਮੁਖ ਆਪ ਤਰਦੇ ਅਤੇ ਹੋਰਨਾਂ ਨੂੰ ਵੀ ਤਾਰਦੇ ਹਨ। ਗੁਰਮੁਖ ਹਮੇਸ਼ਾਂ ਸਤਿਗੁਰਾਂ ਦੇ ਚਰਨਾਂ ਦੀ ਧੂੜ ਬਣ ਕੇ ਰਹਿੰਦੇ ਹਨ। ਗੁਰਮੁਖ ਦੇ ਪੁਤਲੇ ਹੁੰਦੇ ਹਨ। ਗੁਰਮੁਖ ਅਵਗੁਣਾਂ ਦੇ ਬਦਲੇ ਵੀ ਗੁਣ ਕਰਦੇ ਹਨ। ਗੁਰਮੁਖ ਧ੍ਰੂਹ ਭਗਤ ਵਾਂਗੂ ਸਚ ਖੰਡ ਵਿਚ ਅਟਲਵਾਸ ਪਾਉਂਦੇ ਹਨ। ਗੁਰਮੁਖ ਵਿਸ਼ੇ ਵਿਕਾਰਾਂ ਦੇ ਪੰਜੇ ਤੋਂ ਦੂਰ ਰਹਿੰਦੇ ਹਨ।

ਇਸ ਦੇ ਉਲਟ ਭਾਈ ਸਾਹਿਬ ਦਸਦੇ ਹਨ ਕਿ ਆਪਣੇ ਮਨ ਦੇ ਪਿਛੇ ਲਗਣ ਵਾਲੇ ਮਨੁਖ, ਮਨਮੁਖ ਹੁੰਦੇ ਹਨ। ਉਹ ਹਮੇਸ਼ਾਂ ਚੰਗੇ ਕੰਮਾਂ ਤੋਂ ਨੱਕ ਵਟਦੇ ਹਨ। ਇਸ ਲਈ ਗੁਰੂ ਦੇ ਸ਼ਬਦ ਤੋਂ ਬਿਨਾਂ ਨਾਸਤਕ ਹੀ ਮਰ ਜਾਂਦੇ ਹਨ। ਭਾਈ ਸਾਹਿਬ ਵੇਸ਼ਵਾ ,ਬਗਲਾ, ਡੱਡੂ, ਉਲੂ, ਸੰਖ, ਅੱਕ ਟਿੱਡਾ ਅਤੇ ਹੋਰ ਅਜੇਹੇ ਜੀਵਾਂ ਦਾ ਦ੍ਰਿਸ਼ਟਾਂਤ ਦੇ ਕੇ ਦਸਦੇ ਹਨ ਕਿ ਮਨਮੁਖ ਵਿਸ਼ੇ ਵਿਕਾਰਾਂ ਦੀ ਅਗ ਵਿਚ ਹੀ ਸੜਦੇ ਰਹਿੰਦੇ ਹਨ ਕਦੇ ਉਨ੍ਹਾਂ ਨੂੰ ਸ਼ਾਂਤੀ ਨਹੀਂ ਮਿਲਦੀ ਨਾ ਹੀ ਉਨ੍ਹਾਂ ਦੀ ਤ੍ਰਿਸ਼ਨਾ ਦੀ ਭਟਕ ਪੂਰੀ ਹੁੰਦੀ ਹੈ, ਗੁਰੂ ਤੋਂ ਬਿਨਾਂ ਜੂਨਾਂ ਵਿਚ ਹੀ ਭਟਕਦਾ ਰਹਿੰਦਾ ਹੈ। ਮਨਮੁਖ ਕੂੜ ਦਾ ਰੂਪ ਤੇ ਖੋਟੇ ਦਾਵਿਆਂ ਵਾਲਾ ਹੁੰਦਾ ਹੈ । ਟੁੱਟੇ ਭਾਂਡੇ ਵਾਂਗੂ ਕਿਸੇ ਦੇ ਕੰਮ ਨਹੀਂ ਆਉਂਦਾ। ਮਨਮੁਖ ਪੱਥਰ ਵਾਂਗੂ ਦਿਲ ਦਾ ਕਠੋਰ ਅਤੇ ਦੁਖਦਾਈ ਹੁੰਦਾ ਹੈ, ਉਹ ਕਿਸੇ ਤਰ੍ਹਾਂ ਉਪਦੇਸ਼ ਨਾਲ ਪਸੀਜਦਾ ਨਹੀਂ ਅਤੇ ਨਾ ਹੀ ਸੁਖ ਦੀ ਕਦਰ ਜਾਣਦਾ ਹੈ। ਭਾਈ ਸਾਹਿਬ ਨੇ ਮਨਮੁਖ ਦਾ ਉਲੇਖ ਦੁਬਾਜਰਾ, ਬੇਮੁਖ, ਮੂਰਖ, ਕੂੜ, ਬੁਰਾ ਆਦਿਕ ਦੇ ਰੂਪ ਵਿਚ ਕੀਤਾ ਹੈ। ਬੇਮੁਖ ਵਿਚ ਸ਼ਰਧਾ , ਪ੍ਰੇਮ, ਆਤਮ ਰਸ ਆਦਿਕ ਨਹੀਂ ਰਹਿੰਦਾ। ਇਸ ਲਈ ਉਹ ਕਦਰ ਯੋਗ ਨਹੀਂ ਰਹਿੰਦਾ। ਸੋ ਭਾਈ ਸਾਹਿਬ ਗੁਰਮੁਖ ਤੇ ਮਨਮੁਖ ਦਾ ਫਰਕ ਦਸਦੇ ਹੋਏ ਲਿਖਦੇ ਹਨ ਕਿ ਗੁਰਮੁਖ ਹਮੇਸ਼ਾਂ ਗੁਰੂ ਦੇ ਹੁਕਮ ਅਨੁਸਾਰ ਕੰਮ ਕਰਦਾ ਹੈ ਅਤੇ ਮਨਮੁਖ ਆਪਣੀ ਮਰਜ਼ੀ ਕਰਦਾ ਹੈ।

ਨਿੰਮ੍ਰਤਾ :

4 ਵਾਰ 2-7-8/4, 19/9, 18/13, 16/14, 3/23 ਆਦਿਕ ਵਿਚ ਭਾਈ ਸਾਹਿਬ ਦਸਦੇ ਹਨ ਕਿ ਨਿੰਮ੍ਰਤਾ ਨਾਲ ਹੀ ਮਨੁਖ ਪ੍ਰਭੂ ਪ੍ਰਾਪਤੀ ਲਈ ਲੋੜੀਦੇ ਸਾਰੇ ਗੁਣ ਹਾਸਲ ਕਰ ਸਕਦਾ ਹੈ। ਧਰਤੀ ਦਾ ਦ੍ਰਿਸ਼ਟਾਂਤ ਦੇ ਕੇ ਦਸਦੇ ਹਨ ਕਿ ਕਿਵੇਂ ਧਰਤੀ ਆਪਾ ਭਾਵ ਗੁਆ ਕੇ ਨਿਮਾਣੀ ਰਹਿੰਦੀ ਹੈ ਇਸੇ ਤਰ੍ਹਾਂ ਚਰਨਾਂ ਬਾਰੇ ਕਹਿੰਦੇ ਹਨ ਕਿ ਪੈਰ ਸਭ ਤੋਂ ਨੀਵੇਂ ਹਨ। ਜੀਭ, ਅੱਖਾਂ, ਕੰਨ ਆਦਿਕ ਤਾਂ ਵਿਸ਼ੇ ਵਿਕਾਰਾਂ ਦੇ ਅਧੀਨ ਹੋ ਜਾਂਦੇ ਹਨ ਪਰ ਪੈਰ ਹਮੇਸ਼ਾਂ ਨੀਵੇਂ ਰਹਿੰਦੇ ਹਨ। ਘਾਹ, ਤਿਲ, ਕੀੜੀ, ਪਾਣੀ, ਖਸਖਸ, ਆਦਿਕ ਤੋਂ ਵੀ ਨਿਮ੍ਰਤਾ ਦਾ ਹੀ ਉਪਦੇਸ਼ ਦਿਵਾਇਆ ਹੈ। ਭਾਈ ਸਾਹਿਬ ਨੀਵੇਂ ਜ਼ਾਤ ਦੇ ਭਗਤਾਂ ਦੇ ਦ੍ਰਿਸ਼ਟਾਂਤ ਤੋਂ ਵੀ ਇਹ ਹੀ ਦਸਦੇ ਹਨ ਕਿ ਨਿੰਮ੍ਰਤਾ ਨਾਲ ਨੀਵੀਆਂ ਜ਼ਾਤਾਂ ਵਾਲੇ ਵੀ ਮੁਕਤੀ ਪ੍ਰਾਪਤ ਕਰ ਲੈਂਦੇ ਹਨ। 'ਨਿਵ ਚਲੈ ਸੋ ਗੁਰ ਪਿਆਰਾ'। ਹੰਕਾਰੀ ਮਨੁਖ ਕਿਸੇ ਵੀ ਕੰਮ ਨਹੀਂ ਆਉਂਦੇ ਆਪਣੇ ਹੰਕਾਰ ਵਿਚ ਹੀ ਖਤਮ ਹੋ ਜਾਂਦੇ ਹਨ। ਨਿੰਮ੍ਰਤਾ ਨਾਲ ਹੀ ਗੁਰਮੁਖ ਲੋਕ ਪਰਮਪਦ ਪ੍ਰਾਪਤ ਕਰਦੇ ਹਨ। ਗੁਰਮਤਿ ਵਾਂਗੂੰ ਹੀ ਭਾਈ ਸਾਹਿਬ ਵੀ ਅਹੰਕਾਰ ਅਥਵਾ ਹਉਮੈਂ ਨੂੰ ਮਨੁਖੀ ਭਟਕਣ ਦਾ ਮੂਲ ਮੰਨਦੇ ਹਨ। ਇਸ ਹਉਮੈਂ ਸਦਕਾ ਹੀ ਮਨੁਖ ਅੰਦਰ ਦਵੈਤ ਭਾਵ ਪੈਦਾ ਹੁੰਦਾ ਹੈ ਤੇ ਇਹ ਦਵੈਤ ਭਾਵ ਹੀ ਮਨੁਖ ਨੂੰ ਆਪਣੇ ਸੋਮੇਂ ਪ੍ਰਮਾਤਮਾਂ ਨੂੰ ਨਿਖੇੜ ਇਸ ਮਾਇਆ (ਬਿਖਿਆ) ਦੇ ਜਾਲ ਵਿਚ ਫਸਾ ਦਿੰਦਾ ਤੇ ਭਟਕਾਂਦਾ ਤੇ ਰੁਆਂਦਾ ਰਹਿੰਦਾ ਹੈ।

ਸਾਧ ਸੰਗਤ :

5 ਭਾਈ ਗੁਰਦਾਸ ਜੀ ਦਸਦੇ ਹਨ ਕਿ ਸਾਧ ਸੰਗਤ ਸਚ ਖੰਡ ਦੇ ਸਮਾਨ ਹੈ। ਉਥੇ ਹੀ ਪ੍ਰਮਾਤਮਾ ਦਾ ਵਾਸਾ ਹੈ। "ਸਾਧ ਸੰਗਿ ਸਚ ਖੰਡ ਵਿਚ ਸਤਿਗੁਰ ਪੁਰਖੁ ਵਸੈ ਨਿਰੰਕਾਰਾ" ਸਾਧ ਸੰਗਤ ਵਿਚ ਜ਼ਾਤ ਪਾਤ ਦਾ ਭੇਦ ਨਹੀਂ ਰਖਿਆ ਜਾਂਦਾ। ਸਾਧ ਸੰਗਤ ਵਿਚ ਹੀ ਸੁਖ ਫਲ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਦੇ ਸਿਖ ਹਮੇਸ਼ਾਂ ਸੰਗਤ ਦੇ ਪੈਰਾਂ ਦੀ ਧੂੜੀ ਲੈਣਾ ਪਸੰਦ ਕਰਦੇ ਹਨ, ਗੁਰਸਿਖ ਪਰਮ ਹੰਸ ਹਨ ਜਿੰਨ੍ਹਾਂ ਨੇ ਸਾਧ ਸੰਗਤ ਵਿਚ ਗੁਰੂ ਦੇ ਚਰਨਾਂ ਦੀ ਸ਼ਰਨ ਲਈ ਹੈ। ਭਾਈ ਸਾਹਿਬ ਸੰਗਤ ਦਾ ਐਨਾ ਅਸਰ ਦਸਦੇ ਹਨ ਕਿ ਮਹਾਂ ਦੁਸ਼ਟ ਪੁਰਸ਼ ਵੀ ਸਾਧ ਸੰਗਤ ਵਿਚ ਜਾ ਕੇ ਸਾਧ ਹੋ ਜਾਂਦਾ ਹੈ। ਹਉਮੈਂ ਅਤੇ ਦੁਰਮਤ ਦਾ ਨਾਸ਼ ਹੋ ਜਾਂਦਾ ਹੈ। ਸਾਧ ਸੰਗਤ ਦੀ ਕ੍ਰਿਪਾ ਨਾਲ ਹੀ ਮਨ ਨੂੰ ਜਿੱਤਿਆ ਜਾ ਸਕਦਾ ਹੈ। ਸਤਿ ਸੰਗੀ ਆਪ ਤਰਦਾ ਅਤੇ ਹੋਰਨਾਂ ਨੂੰ ਤਾਰਦਾ ਹੈ। ਸਾਧ ਸੰਗਤ ਦੀ ਮਹਿਮਾਂ ਬਾਰੇ ਭਾਈ ਸਾਹਿਬ 4/6, 10/9, 20/12, 9/20, 4-5/23, 29ਵੀਂ ਵਾਰ ਆਦਿਕ ਵਿਚ ਦਸਦੇ ਹਨ ਅਤੇ ਚੰਗੀ ਸੰਗਤ ਕਰਨ ਲਈ ਪ੍ਰੇਰਦੇ ਹਨ ਕਿਉਂਕਿ ਬੁਰੀ ਸੰਗਤ ਵਿਚ ਗਿਆਂ ਬੁਰਾ ਅਸਰ ਹੀ ਹੋਣਾ ਹੈ।

ਮਾਣਸ ਜਨਮ ਦੀ ਉਤਮਤਾ:

6 ਭਾਈ ਸਾਹਿਬ ਪਹਿਲੀ ਵਾਰ ਦੀ ਤੀਸਰੀ ਪਉੜੀ ਵਿਚ ਹੀ ਮਨੁਖਾ ਜਨਮ ਦੀ ਅਮੋਲਕਤਾ ਦਸਦੇ ਹੋਏ ਕਹਿੰਦੇ ਹਨ:- 'ਚਉਰਾਸੀਹ ਲਖ ਜੋਨਿ ਵਿਚਿ ਉਤਮੁ ਜਨਮੁ ਸੁ ਮਾਣਸਿ ਦੇਹੀ'। ਪ੍ਰਮਾਤਮਾ ਨੇ ਮਨੁਖ ਨੂੰ ਅੱਖਾਂ ਵੇਖਣ ਲਈ, ਕੰਨ ਸੁਣਨ ਲਈ, ਜੀਭ ਬੋਲਣ ਲਈ, ਹੱਥ ਚੰਗੀ ਕਿਰਤ ਕਰਨ ਲਈ, ਪੈਰ ਸਤਿਸੰਗ ਵਾਸਤੇ ਜਾਣ ਲਈ ਦਿੱਤੇ ਹਨ। ਮਨੁਖਾ ਜਨਮ ਬੁੱਧੀ ਹੋਣ ਕਰਕੇ ਸਭ ਜਨਮਾਂ ਤੋਂ ਉਚਾ ਹੈ ਪਰ ਜੇ ਇਸ ਵਿਚ ਗਰੀਬੀ ਧਾਰ ਕੇ ਸਤਿ ਸੰਗ ਤੇ ਸ਼ਬਦ ਦੀ ਕਮਾਈ ਕੀਤੀ ਜਾਵੇ। ਸਾਰੀਆਂ ਜੂਨੀਆਂ ਇਸੇ ਦੇ ਤਾਬੇ ਕੀਤੀਆਂ ਗਈਆਂ ਹਨ ਇਸੇ ਮਾਣਸ ਜੂਨੀ ਨੂੰ ਹੀ ਸਾਰੀਆਂ ਜੂਨੀਆਂ ਦੀ ਸ਼ਿਰੋਮਣਤਾਈ ਦਿੱਤੀ ਗਈ ਹੈ। ਭਾਈ ਸਾਹਿਬ ਮਨੁਖਾ ਜੂਨ ਦੀ ਸਰਬ ਉਚਤਾ ਦਾ 3/1, 3/15, 2/19, 16/21, 14/23, 26/37 ਅਤੇ 10/40 ਆਦਿਕ ਵਾਰਾਂ ਵਿਚ ਜ਼ਿਕਰ ਕਰਦੇ ਹਨ।

ਕਰਮ ਕਾਂਡਾਂ ਦਾ ਖੰਡਨ:

7 ਭਾਈ ਸਾਹਿਬ ਵਾਰ 15/21, 2-3/23 ਆਦਿਕ ਵਿਚ ਕਰਮ ਕਾਂਡਾਂ ਦਾ ਖੰਡਨ ਕਰਦੇ ਹੋਏ ਦਸਦੇ ਹਨ ਕਿ ਤੀਰਥ ਇਸ਼ਨਾਨ ਕਰਕੇ ਜਾਂ ਦੇਵੀ ਦੇਵਤਿਆਂ ਨੂੰ ਪੂਜ ਕੇ, ਜਪ, ਤਪ, ਹੋਮ, ਯਗ, ਆਦਿਕ ਦੁਨਿਆਵੀ ਕਿਰਿਆ ਕਰਮ ਕਰਕੇ ਮਨੁਖ ਪਵਿੱਤਰ ਨਹੀਂ ਹੋ ਸਕਦਾ ਕਿਉਂਕਿ ਸੱਚੇ ਵਾਹਿਗੁਰੂ ਦੇ ਨਾਮ ਤੋਂ ਬਿਨਾਂ ਇਹ ਸਾਰਾ ਕੁਝ ਪਖੰਡ ਹੀ ਹੈ।

ਸਿੱਖੀ:

8 ਭਾਈ ਸਾਹਿਬ ਦਸਦੇ ਹਨ ਕਿ ਗੁਰਸਿੱਖੀ ਵੱਡੀ ਮਹੀਨ ਹੈ। ਖੰਡੇ ਦੀ ਧਾਰ ਵਾਂਗੂੰ ਤਿੱਖੀ ਤੇ ਤੰਗ ਹੈ। ਭਾਈ ਸਾਹਿਬ ਸਿੱਖੀ ਬਾਰੇ ਇਸ ਤਰ੍ਹਾਂ ਕਹਿੰਦੇ ਹਨ "ਵਾਲਹੁ ਨਿਕੀ ਆਖੀਐ ਖੰਡੇ ਧਾਰਹੁ ਸੁਣੀਐ ਤਿਖੀ" ਪਰ ਅਮੋਲਕ ਹੈ। ਗੁਰਸਿਖੀ ਦੀ ਸਿਖਿਆ ਸਾਧ ਸੰਗਤ ਵਿਚ ਗੁਰਮੁਖਾਂ ਦੀ ਸੇਵਾ ਕਰਕੇ ਪ੍ਰਾਪਤੀ ਹੁੰਦੀ ਹੈ। ਮਿੱਠਾ ਬੋਲਣਾ, ਪ੍ਰਮਾਤਮਾ ਦੇ ਭੈ ਵਿਚ ਚਲਣਾ, ਦਸਾਂ ਨੌਹਾਂ ਦੀ ਕਿਰਤ ਕਰਨੀ, ਆਏ ਗਏ ਦੀ ਸੇਵਾ ਕਰਨੀ, ਗੁਰੂ ਵਿਚ ਭਰੋਸਾ ਰਖਣਾ ਆਦਿਕ ਸਿੱਖੀ ਦੇ ਗੁਣ ਹਨ। ਸਿੱਖੀ ਹੀ ਗੁਰਮੁਖਾਂ ਦਾ ਸੌਖਾ ਰਸਤਾ ਹੈ ਜਿਹੜਾ ਇਸ ਰਸਤੇ ਚਲਦਾ ਹੈ ਉਹ 'ਸਹਜ ਘਰ' ਨੂੰ ਪ੍ਰਾਪਤ ਹੁੰਦਾ ਹੈ। ਸਿੱਖੀ ਸਭ ਤੋਂ ਉਚੀ ਹੈ, ਕਿਉਂਕਿ ਜਿਤਨੇ ਹੋਰ ਸਾਧਨ, ਮਤ ਆਦਿ ਹਨ, ਉਹ ਸਾਰੇ ਪਦਾਰਥਾਂ, ਸ਼ਕਤੀਆਂ ਦੀ ਪ੍ਰਾਪਤੀ ਦੇ ਹਨ। ਗੁਰਸਿਖੀ ਪ੍ਰੇਮ

ਦਾ ਰੂਪ ਹੈ, ਇਹ ਕੇਵਲ ਪਿਆਰੇ ਕਰਤਾ ਦੇ ਪ੍ਰੇਮ ਵਿਚ ਪਿਆਰੇ ਨੂੰ ਪ੍ਰਾਪਤ ਕਰਕੇ ਉਸੇ ਦੇ ਰੰਗ ਵਿਚ ਰੰਗੀ ਜਾਂਦੀ ਹੈ। ਇਹ ਭਾਈ ਸਾਹਿਬ ਨੇ ਵਾਰ 2/9,5/11, ਅਤੇ 28ਵੀਂ ਵਾਰ ਵਿਚ ਤਕਰੀਬਨ ਸਾਰੀ ਵਿਚ ਹੀ ਸਿੱਖੀ ਦੀ ਅਮੋਲਕਤਾ,ਨਿਸ਼ਕਾਮਤਾ, ਸਿੱਖੀ ਦਾ ਕਰਤਬ, ਸਿੱਖੀ ਦੀ ਸ਼ਿਰੋਮਣਤਾਈ ਆਦਿਕ ਦਾ ਜ਼ਿਕਰ ਕੀਤਾ ਹੈ।

## ਗੁਰੂ ਤੇ ਚੇਲੇ ਦਾ ਸਬੰਧ:

9 ਭਾਈ ਗੁਰਦਾਸ ਜੀ ਗੁਰੂ ਨਾਨਕ ਜੀ ਅਤੇ ਗੁਰੂ ਅੰਗਦ ਦੇਵ ਜੀ ਦਾ ਜ਼ਿਕਰ ਲੈ ਕੇ ਗੁਰੂ ਤੇ ਚੇਲੇ ਦਾ ਸਬੰਧ ਦਸਦੇ ਹਨ ਕਿ ਗੁਰੂ ਦੀ ਮਤ ਪਾ ਕੇ ਚੇਲਾ ਵੀ ਗੁਰੂ ਰੂਪ ਹੀ ਹੋ ਜਾਂਦਾ ਹੈ। ਭਾਈ ਸਾਹਿਬ ਦਸਦੇ ਹਨ ਕਿ ਗੁਰੂ ਤੇ ਚੇਲੇ ਦੀ ਰਹੁ-ਰੀਤੀ ਅਲਖ ਤੇ ਅਭੇਵ ਹੈ। ਭਾਈ ਸਾਹਿਬ ਦਸਦੇ ਹਨ ਕਿ ਗੁਰੂ ਦਾ ਚੇਲਾ ਪ੍ਰਮਾਣੀਕ ਗੁਰਮੁਖ ਜਾਣੀਦਾ ਹੈ।

" ਗੁਰ ਚੇਲਾ ਪਰਵਾਣੁ ਗੁਰਮੁਖਿ ਜਾਣੀਐ"

ਚੇਲਾ ਉਹ ਹੁੰਦਾ ਹੈ ਜੋ ਮੁਰਦਾ ਹੋ ਰਹੇ, ਆਪਾ ਭਾਵ ਨਾ ਜਣਾਵੇ। ਅਨਿੰਨ ਭਗਤ ਰਹੇ, ਆਪਣੇ ਆਪ ਨੂੰ ਗੁਰੂ ਦੇ ਚਰਨਾਂ ਦੀ ਖਾਕ ਸਮਝੇ। ਪੀਰਾਂ ਨਾਲ ਮੁਰੀਦਾਂ ਦੀ ਪ੍ਰੀਤ ਓੜਕ ਤਕ ਨਿਭਦੀ ਹੈ।

" ਪੀਰ ਮੁਰੀਦਾਂ ਪਿਰਹੜੀ ਉਹੁ ਨਿਬਹੈ ਨਾਲੇ "

ਸਿਖ ਦੀ ਪ੍ਰੀਤ ਸਦਾ ਸਥਿਰ ਰਹਿਣ ਵਾਲੀ ਹੈ। ਹਮੇਸ਼ਾਂ ਉਚੀ ਜਾਂਦੀ ਹੈ ਕਿਉਂਕਿ ਉਹ ਬੇਅੰਤ ਸਾਂਈ ਨਾਲ ਹੈ। ਇਸੇ ਕਰਕੇ ਉਸ ਦੀ ਕਥਾ ਵਰਣਨ ਨਹੀਂ ਕੀਤੀ ਜਾਂਦੀ। ਦੁਨਿਆਵੀ ਸਬੰਧ ਸਾਰੇ ਧਨ ਪਦਾਰਥ ਨਾਲ ਹੁੰਦੇ ਹਨ ਪਰ ਇਕ ਗੁਰ ਚੇਲੇ ਦੀ ਪ੍ਰੀਤ ਹੀ ਐਸੀ ਹੈ ਜਿਸ ਦਾ ਸਬੰਧ ਧਨ ਨਾਲ ਨਹੀਂ ਹੁੰਦਾ, ਉਹ ਹੀ ਸੱਚੀ ਪ੍ਰੀਤ ਹੈ ਅਤੇ ਸਚੀ ਤ੍ਰਿਪਤੀ ਬਖਸ਼ਦੀ ਹੈ। ਬੰਧਨ ਕੱਟੇ ਜਾਂਦੇ ਹਨ, ਹਉਮੈਂ ਟੁਟ ਜਾਂਦੀ ਹੈ। ਸੋ ਗੁਰੂ ਤੇ ਚੇਲੇ ਦਾ ਸਬੰਧ ਭਾਈ ਸਾਹਿਬ ਵਾਰ 2-3-4-18-19/3 ਵਿਚ ਦਸਦੇ ਹਨ। 27ਵੀਂ ਸਾਰੀ ਵਾਰ ਵਿਚ ਪੀਰ ਤੇ ਮੁਰੀਦ ਦੀ ਪ੍ਰੀਤ, ਸੱਚਾ ਸਬੰਧ ਉਨ੍ਹਾਂ ਦੇ ਪਵਿੱਤਰ ਕੰਮ, ਸੱਚੀ ਲਗਨ, ਮੁਰੀਦ ਦੀ ਸੇਵਾ ਦਾ ਰੂਪ ਆਦਿਕ ਦਾ ਜ਼ਿਕਰ ਕਰਦੇ ਹਨ।

## ਭਾਈ ਗੁਰਦਾਸ ਦੀ ਪਹਿਲੀ ਵਾਰ ਦੀ ਪਉੜੀ ਕਰਮ - ਅਨੁਸਾਰ ਵਿਸ਼ਾ ਉਸਾਰੀ।

ਸਭ ਤੋਂ ਪਹਿਲੀ ਗੱਲ ਇਹ ਹੈ ਕਿ ਇਸ ਵਾਰ ਦਾ ਅਕਾਰ ਭਾਈ ਸਾਹਿਬ ਦੀਆਂ ਬਾਕੀ ਸਾਰੀਆਂ ਵਾਰਾਂ ਨਾਲੋਂ ਵੱਡਾ ਹੈ। ਇਸ ਵਾਰ ਦੀਆਂ 49 ਪਉੜੀਆਂ । ਦੋ ਹੋਰ ਵਾਰਾਂ 26ਵੀਂ ਅਤੇ 11ਵੀਂ ਨੂੰ ਛੱਡ ਕੇ ਜਿਨ੍ਹਾਂ ਦੀਆਂ ਪਉੜੀਆਂ ਦੀ ਗਿਣਤੀ ਕ੍ਰਮ ਅਨੁਸਾਰ 35 ਅਤੇ 31 ਹੈ। ਬਾਕੀ ਵਾਰਾਂ ਆਕਾਰ ਵਜੋਂ ਇਸ ਵਾਰ ਨਾਲੋਂ ਅੱਧੇ ਆਕਾਰ ਦੀਆਂ ਵੀ ਨਹੀਂ। ਇਸ ਲੰਬਾਈ ਨੇ ਕਈ ਅਲੋਚਕਾਂ ਵਿਚ ਇਹ ਸ਼ੱਕ ਪੈਦਾ ਕਰ ਦਿੱਤਾ ਹੈ ਕਿ ਇਸ ਵਿਚ ਸ਼ਾਇਦ ਕੁਝ ਰਲਾ ਹੋਵੇ ਅਤੇ ਇਸੇ ਦ੍ਰਿਸ਼ਟੀ ਨਾਲ ਵੇਖਦਿਆਂ ਸ: ਹਰਿੰਦਰ[1] ਸਿੰਘ ਰੂਪ ਅਤੇ ਗਿਆਨੀ ਹਜ਼ਾਰਾ[2] ਸਿੰਘ ਜੀ ਨੇ ਇਸ ਵਾਰ ਦੀ ਅੰਤਲੀ ਪਉੜੀ ਵਿਚ ਸੰਭਵ ਰਲਾ ਦਾ ਜ਼ਿਕਰ ਕੀਤਾ ਹੈ। ਸ: ਹਰਿੰਦਰ ਸਿੰਘ ਰੂਪ ਅਨੁਸਾਰ ਪਹਿਲੀ ਵਾਰ ਦੀ 49ਵੀਂ ਪਉੜੀ ਵਿਚ 'ਜਪਾਵੈ' ਕਾਫੀਆ ਚਾਰ ਵਾਰ ਆਇਆ ਹੈ ਅਤੇ ਦੋ ਵਾਰੀ ' ਸਮਾਵੈ ' ਤੇ ਇਸ ਤੇ ਪਉੜੀ ਸਮਾਪਤ ਹੁੰਦੀ ਹੈ। ਭਾਈ ਸਾਹਿਬ ਨੀ ਉਚੀ ਕਾਵਿ - ਪੱਧਰ ਨੂੰ ਮੁਖ ਰਖਦਿਆਂ ਇਸ ਦੀ ਉਨ੍ਹਾਂ ਤੋਂ ਆਸ ਨਹੀਂ ਕੀਤੀ ਜਾਂਦੀ ਅਤੇ ਉਹਨਾਂ ਨੇ ਇਸ ਤਰ੍ਹਾਂ ਦੇ ਕਾਫੀਏ ਦੀ ਵਰਤੋਂ ਹੋਰ ਕਿਧੇ ਵੀ ਨਹੀਂ ਕੀਤੀ।

ਗਿਆਨੀ ਹਜ਼ਾਰਾ ਸਿੰਘ ਜੀ ਅਨੁਸਾਰ ਪਹਿਲੀ ਵਾਰ ਦੀ 49ਵੀਂ ਪਉੜੀ ਵਿਚੋਂ ਸਤਿਜੁਗ, ਤ੍ਰੇਤਾ, ਦੁਆਪਰ ਤੇ ਕਲਿਜੁਗ ਵਿਚੋਂ ਵਾਸਦੇਵ, ਰਾਮ, ਹਰਿ-ਕ੍ਰਿਸ਼ਨ ਅਤੇ ਗੋਵਿੰਦ ਤੋਂ ਵਾ, ਰਾ, ਹ, ਗੋ ਆਦਿਕ ਅੱਖਰ ਲਏ ਹਨ। ਇਸ ਹਿਸਾਬ ਨਾਲ ਇਹ 'ਵਾਰਾਹਗੋ' ਅੱਖਰ ਬਣਿਆ ਸੀ, 'ਵਾਹਿਗੁਰੂ ਨਾ ਬਣਿਆ, ਜੇ ਦੁਆਪਰ, ਤ੍ਰੇਤੇ ਅਤੇ ਕਲਿਜੁਗ ਦਾ ਕ੍ਰਮ ਬਦਲੋ ਤਾਂ 'ਵਾਹਗੋਰਾ' ਬਣਦਾ ਹੈ।

ਜੇ ਭਾਈ ਗੁਰਦਾਸ ਜੀ ਵੇਲੇ ਗੁਰੂ ਹਰਿ ਗੋਬਿੰਦ ਜੀ ਹੈ ਸਨ ਤਾਂ ਅੱਖਰ 'ਹ' ਲੈਣਾ ਚਾਹੀਦਾ ਸੀ, ਹਰਿ ਗੋਬਿੰਦ ਵਿਚੋਂ 'ਗ' ਕਿਵੇਂ ਲਿਆ।

---

1: ਹਰਿੰਦਰ ਸਿੰਘ ਰੂਪ 'ਵਾਰਾਂ ਭਾਈ ਗੁਰਦਾਸ'

2: 'ਵਾਰਾਂ ਭਾਈ ਗੁਰਦਾਸ' ਗਿਆਨੀ ਹਜ਼ਾਰਾ ਸਿੰਘ ਪੰਡਤ, ਦਸੰਬਰ,1951 ਖਾਲਸਾ ਸਮਾਚਾਰ ਅੰਮ੍ਰਿਤਸਰ।

ਕ੍ਰਿਸ਼ਨ ਤੇ ਰਾਮ ਕੇਵਲ ਅਵਤਾਰ ਮੰਨੇ ਜਾਂਦੇ ਹਨ ਅਤੇ ਕ੍ਰਿਸ਼ਨ ਤੋਂ ਛੁਟ ਬਾਕੀ ਦੇ ਅਵਤਾਰ ਵੀ ਸੰਪੂਰਨ ਨਹੀਂ ਮੰਨੇ ਜਾਂਦੇ। ਭਾਈ ਸਾਹਿਬ ਨੇ ਇਨ੍ਹਾਂ ਨੂੰ ਗੋਰੂ ਕਿਸ ਤਰ੍ਹਾਂ ਆਖਿਆ।

ਪੰਡਤ ਕਰਤਾਰ ਸਿੰਘ ਜੀ ਦਾਖਾ ਇਸ ਪਉੜੀ ਨੂੰ ਭਾਈ ਸਾਹਿਬ ਦੀ ਕਿਰਤ ਨਹੀਂ ਮੰਨਦੇ ਪਰ ਲਿਖਦੇ ਹਨ ਕਿ ਜੇ ਉਨ੍ਹਾਂ ਦੀ ਮੰਨ ਕੇ ਅਰਥ ਕਰਨੇ ਵੀ ਹੋਣ ਤਾਂ ਤੁਲ ਯੋਗਤਾ ਅਲੰਕਾਰ ਦੁਆਰਾ ਇਉਂ ਲਾ ਲਏ ਕਿ ਚੌਹਾਂ ਜੁਗਾਂ ਦੇ ਜਾਪਾਂ ਵਾਲੇ ਨਾਵਾਂ ਦੇ ਪਹਿਲੇ ਅਖਰਾਂ ਦੇ ਸਮੁਦਾਇ ਤੋਂ ਇਹ ਅੱਖਰ ਬਣਿਆ ਹੈ। ਭਾਵੇਂ ਇਹ ਸਿੱਧ ਹੋ ਜਾਂਦਾ ਹੈ ਕਿ ਇਸ ਵਾਰ ਵਿਚ ਰਲਾ ਦੀ ਗੁੰਜਾਇਸ਼ ਹੈ ਪਰ ਇਸ ਨੂੰ ਨਿਖੇੜਨਾ ਐਨਾ ਆਸਾਨ ਨਹੀਂ।

ਇਸ ਵਾਰ ਦੀ ਦੂਜੀ ਮਹਾਨਤਾ ਇਸ ਵਾਰ ਵਿਚ ਗੁਰੂ ਨਾਨਕ ਸਾਹਿਬ ਜੀ ਦੀ ਦਿੱਤੀ ਜੀਵਨੀ ਕਰਕੇ ਹੈ। ਇਹ ਵਾਰ ਗੁਰੂ ਨਾਨਕ ਦੇਵ ਜੀ ਦੀਆਂ ਮਿਲਦੀਆਂ ਜੀਵਨੀਆਂ ਵਿਚੋਂ ਸਭ ਤੋਂ ਪੁਰਾਣੀ ਹੈ ਤੇ ਗੁਰੂ ਨਾਨਕ ਜੀ ਦੇ ਜੀਵਨ ਲਿਖਣ ਵਾਲੇ ਇਤਿਹਾਸਕਾਰਾਂ ਦਾ ਮੁਖ ਸੋਮਾ ਹੈ। ਇਸੇ ਕਰਕੇ ਇਹ ਵਾਰ ਇਤਿਹਾਸਕਾਰਾਂ ਲਈ ਵੀ ਵਿਸ਼ੇਸ਼ ਮਹਾਨਤਾ ਵਾਲੀ ਬਣ ਗਈ ਹੈ। ਕਿਉਂਕਿ ਭਾਈ ਗੁਰਦਾਸ ਜੀ ਗੁਰੂ ਸਾਹਿਬਾਂ ਦੇ ਸਮੇਂ ਹੀ ਹੋਏ ਸਨ ਅਤੇ ਗੁਰਮਤ ਵਿਚ ਹੀ ਸਾਰੀ ਉਮਰ ਗੁਜ਼ਾਰਨ ਕਰਕੇ ਉਹ ਗੁਰੂ ਸਾਹਿਬ ਬਾਰੇ ਜ਼ਿਆਦਾ ਸਚਾਈ ਪ੍ਰਗਟ ਕਰ ਸਕਦੇ ਸਨ। ਬਾਕੀ ਦੇ ਸਾਖੀਕਾਰ ਭਾਈ ਗੁਰਦਾਸ ਜੀ ਤੋਂ ਬਾਦ ਦੀ ਉਪਜ ਹਨ।

## ਪਹਿਲੀ ਪਉੜੀ:

ਪਹਿਲੀ ਪਉੜੀ ਵਿਚ ਮੰਗਲਾਚਰਣ ਦਿੰਦੇ ਹੋਏ ਭਾਈ ਗੁਰਦਾਸ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪ੍ਰਣਾਮ ਕਰਦੇ ਹਨ ਜਿਨ੍ਹਾਂ ਨੇ ਵਾਹਿਗੁਰੂ ਦੇ ਨਾਮ ਦਾ ਮੰਤਰ ਸੰਸਾਰਕ ਜੀਵਾਂ ਨੂੰ ਦਿੱਤਾ ਅਤੇ ਉਨ੍ਹਾਂ ਜੀਵਾਂ ਤੋਂ ਸੰਸਾਰ ਰੂਪੀ ਸਮੁੰਦਰ ਵਿਚੋਂ ਕੱਢਿਆ, ਜਨਮ ਮਰਣ ਕੱਟਿਆ, ਜਮਾਂ ਦਾ ਡੰਡਾ ਸਿਰੋਂ ਉਤਾਰਿਆ ਅਤੇ ਉਨ੍ਹਾਂ ਨੂੰ ਮੁਕਤੀ ਦਾ ਜੀਵਨ ਬਖਸ਼ਿਆ। ਜਿਨ੍ਹਾਂ ਪ੍ਰਾਣੀਆਂ ਨੇ ਉਸ ਵਾਹਿਗੁਰੂ ਦੀ ਸ਼ਰਨ ਲੈ ਲਈ ਹੈ ਉਨ੍ਹਾਂ ਨੂੰ ਸੱਚੇ ਸ਼ਬਦ ਦਾ ਉਪਦੇਸ਼ ਮਿਲ ਗਿਆ ਹੈ ਅਤੇ ਫਿਰ ਉਹ ਸੱਚੇ ਪੁਰਖ ਦੀ ਪ੍ਰੇਮਾ ਭਗਤੀ, ਨਾਮ, ਦਾਨ, ਇਸ਼ਨਾਨ ਆਦਿਕ ਵਸਤਾਂ ਪ੍ਰਾਪਤ ਕਰਕੇ ਹੋਰਨਾਂ ਨੂੰ ਉਪਦੇਸ਼ ਕਰਦੇ ਹਨ। ਭਾਈ ਸਾਹਿਬ ਜੀ ਕਹਿੰਦੇ ਹਨ ਕਿ ਇਹ ਸੰਸਾਰ ਕਰਮਾਂ ਦੀ ਖੇਤੀ ਹੈ। ਜਿਹੋ ਜਿਹਾ ਕੋਈ ਕਰਮ ਕਰਦਾ ਹੈ ਉਹੋ ਜਿਹੀ ਹੀ ਫਲ ਪ੍ਰਾਪਤ ਕਰ ਲੈਂਦਾ ਹੈ।

## ਦੂਸਰੀ ਪਉੜੀ:

ਦੂਸਰੀ ਪਉੜੀ ਵਿਚ ਭਾਈ ਸਾਹਿਬ ਜੀ ਜਗਤ ਦੀ ਉਤਪਤੀ ਦੇ ਸਮੇਂ ਦਾ ਹਾਲ ਦਸਦੇ ਹਨ ਕਿ ਉਸ ਵੇਲੇ ਕੋਈ ਵੀ ਜੀਵ ਨਹੀਂ ਸੀ। ਚਾਰੇ ਪਾਸੇ ਹਨੇਰਾ ਹੀ ਹਨੇਰਾ ਸੀ। ਫਿਰ ਦਸਦੇ ਹਨ ਕਿ ਪਰਮਾਤਮਾਂ ਨੇ ਪਉਣ, ਪਾਣੀ, ਅੱਗ, ਧਰਤੀ ਅਤੇ ਆਕਾਸ਼ ਪੰਜਾਂ ਤੱਤਾਂ ਨਾਲ ਸੰਸਾਰ ਦੀ ਰਚਨਾ ਕੀਤੀ ਅਤੇ ਛੇਵਾਂ ਪ੍ਰਭੂ ਗੁਪਤ ਰੂਪ ਹੋ ਕੇ ਆਪ ਇਸ ਸ੍ਰਿਸ਼ਟੀ ਵਿਚ ਸਮਾਇਆ ਹੋਇਆ ਹੈ। ਪੰਜ ਤੱਤਾਂ ਤੋਂ ਪੰਜੀ ਪ੍ਰਾਕ੍ਰਿਤਾਂ ਜਿਹੜੇ ਆਪੋ ਵਿਚ ਦੁਸ਼ਮਣ ਸਨ, ਮੇਲ ਕੇ ਮਿੱਤਰ ਬਣਾ ਕੇ ਸਰੀਰ ਬਣਾ ਦਿੱਤਾ। ਚਾਰ ਖਾਣੀਆਂ ਅੰਡਜ, ਜੇਰਜ, ਸੇਤਜ ਤੇ ਉਤਭੁਜ ਅਤੇ ਚਾਰ ਬਾਣੀਆਂ ਪਰਾ, ਪਸੰਤੀ, ਮਧਮਾ ਅਤੇ ਬੈਖਰੀ ਆਦਿਕ ਵਿਚ ਚੌਰਾਸੀ ਲੱਖ ਜੂਨਾਂ ਦੀ ਵੰਡ ਕੀਤੀ ਅਤੇ ਇਨ੍ਹਾਂ ਦੇ ਚਰਿੱਤਰਾਂ ਤੋਂ ਆਵਾਗੌਣ ਦਾ ਚਕਰ ਚਲਾ ਦਿੱਤਾ।

## ਤੀਸਰੀ ਪਉੜੀ:

ਤੀਸਰੀ ਪਉੜੀ ਵਿਚ ਭਾਈ ਗੁਰਦਾਸ ਜੀ ਦਸਦੇ ਹਨ:-

" ਚਉਰਾਸੀਹ ਲਖ ਜੋਨਿ ਵਿਚਿ ਉਤਮੁ ਜਨਮੁ ਸੁ ਮਾਣਸਿ ਦੇਹੀ" ।

ਕਿ ਸਾਰਿਆਂ ਜਨਮਾਂ ਵਿਚੋਂ ਮਨੁਖ ਦਾ ਜਨਮ ਅਮੋਲਕ ਹੈ। ਪਰਮਾਤਮਾ ਨੇ ਮਨੁਖ ਨੂੰ ਅੱਖਾਂ ਵੇਖਣ ਲਈ, ਕੰਨ ਸੁਣਨ ਲਈ, ਮੂੰਹ ਚੰਗੇ ਬੋਲ ਬੋਲਣ ਲਈ, ਹੱਥ ਸ਼ੁਭ ਕੰਮ ਕਰਨ ਲਈ, ਪੈਰ ਸਤਿਸੰਗ ਵਿਚ ਚਲ ਕੇ ਜਾਣ ਲਈ ਆਦਿਕ ਸਭ ਸਹੂਲਤਾਂ ਦਿੱਤੀਆਂ ਹਨ

ਕਿ ਮਨੁਖ ਧਰਮ ਦੀ ਕਮਾਈ ਕਰਕੇ ਵੰਡ ਕੇ ਖਾਵੇ। ਭਾਈ ਸਾਹਿਬ ਜੀ ਦਸਦੇ ਹਨ ਕਿ ਕੇਵਲ ਗੁਰਮੁਖਾਂ ਦਾ ਜਨਮ ਹੀ ਸਫਲ ਹੋ ਸਕਦਾ ਹੈ ਕਿਉਂਕਿ ਉਹ ਹੀ ਪ੍ਰਭੂ ਦਾ ਨਾਮ ਪੜ੍ਹ, ਸੁਣ ਕੇ ਹੋਰਾਂ ਨੂੰ ਸੁਣਾਉਂਦੇ, ਗੁਰਭਾਈਆਂ ਨੂੰ ਸੰਤੁਸ਼ਟ ਕਰਦੇ ਅਤੇ ਉਨ੍ਹਾਂ ਦੇ ਚਰਨ ਧੋ ਕੇ ਚਰਨ ਅੰਮ੍ਰਿਤ ਪੀਦੇ ਹਨ। ਇਸ ਪਉੜੀ ਦੇ ਅਖੀਰ ਵਿਚ ਭਾਈ ਗੁਰਦਾਸ ਜੀ ਦਸਦੇ ਹਨ ਕਿ ਨਿਮ੍ਰਤਾ ਦਾ ਪੱਲਾ ਕਦੇ ਵੀ ਛੱਡਣਾ ਨਹੀਂ ਚਾਹੀਦਾ। ਜੋ ਗੁਰਸਿਖ ਨਿਮ੍ਰਤਾ ਧਾਰਨ ਕਰਦੇ ਹਨ ਉਹ ਆਪ ਤਰਦੇ ਹਨ ਅਤੇ ਆਪਣੇ ਸਾਥੀਆਂ ਨੂੰ ਵੀ ਤਾਰਦੇ ਹਨ।

" ਆਪਿ ਤਰੇ ਗੁਰਸਿਖ ਤਰੇਂਦਾ ਹੀ "

ਚੌਥੀ ਪਉੜੀ:

ਚੌਥੀ ਪਉੜੀ ਵਿਚ ਭਾਈ ਗੁਰਦਾਸ ਜੀ ਪਰਮਾਤਮਾਂ ਦੇ ਇਕ ਕਵਾਉ ਦੇ ਪਸਾਰੇ ਦਾ ਜ਼ਿਕਰ ਕਰਦੇ ਹੋਏ ਕਹਿੰਦੇ ਹਨ ਕਿ ਪੰਜਾਂ ਤੱਤਾਂ ਤੋਂ ਦੁਨੀਆਂ ਰਚਕੇ ਆਪ ਘਟਿ ਘਟਿ ਵਿਚ ਵਿਆਪ ਰਿਹਾ ਹੈ। ਪਰ ਕੁਦਰਤ ਨੂੰ ਸਾਜਣ ਵਾਲੇ ਉਸ ਕਾਦਰ ਨੂੰ ਕੋਈ ਨਹੀਂ ਵੇਖ ਸਕਿਆ। ਜਿਸ ਨੇ ਇਕ ਮਾਇਆ ਤੋਂ ਲੱਖਾਂ ਬ੍ਰਹਿਮੰਡ ਰਚ ਦਿੱਤੇ ਅਤੇ ਲੱਖਾਂ ਤੋਂ ਅਸੰਖ ਨੂੰ ਸਾਜਿਆ ਹੈ। ਉਹ ਇਕ ਰੋਮ ਵਿਚ ਕਰੋੜਾਂ ਦੀ ਗਿਣਤੀ ਵਿਚ ਬ੍ਰਹਿਮੰਡ ਰੱਖੇ ਹਨ ਅਤੇ ਹਰ ਬ੍ਰਹਿਮੰਡ ਵਿਚ ਦਸ ਦਸ ਅਵਤਾਰ ਸਾਜੇ ਹਨ ਅਰਥਾਤ ਬੇਅੰਤ ਹੀ ਬ੍ਰਹਿਮੰਡ ਤੇ ਬੇਅੰਤ ਹੀ ਅਵਤਾਰ ਹਨ। ਕਈ ਵੇਦਾਂ ਦੇ ਵਕਤਾ ਬਿਆਸ ਕਰ ਦਿੱਤੇ ਕਈ ਧਾਰਮਿਕ ਗ੍ਰੰਥ, ਕਈ ਮੁਹੰਮਦ ਅਤੇ ਕਈ ਉਸ ਦੇ ਯਾਰ ਬਣਾ ਦਿੱਤੇ। ਅਖੀਰ ਵਿਚ ਭਾਈ ਸਾਹਿਬ ਜੀ ਦਸਦੇ ਹਨ ਕਿ:-

"ਕੁਦਰਤਿ ਇਕੁ ਏਤਾ ਪਸਾਰਾ।"

ਅਤੇ ਇਸ ਤਰ੍ਹਾਂ ਭਾਈ ਸਾਹਿਬ ਜੀ ਇਸ ਪਉੜੀ ਰਾਹੀਂ ਗੁਰਬਾਣੀ ਦੇ ਇਸ ਸਿਧਾਂਤ ਦੀ ਵਿਆਖਿਆ ਕਰਦੇ ਹਨ ਕਿ ਇਹ ਪ੍ਰਕ੍ਰਿਤੀ ਉਸ ਅਕਾਲ ਪੁਰਖ ਦਾ ਹੀ ਪ੍ਰਤੱਖ ਰੂਪ ਹੈ।

ਪੰਜਵੀਂ ਪਉੜੀ:

ਪੰਜਵੀਂ ਪਉੜੀ ਵਿਚ ਭਾਈ ਗੁਰਦਾਸ ਜੀ ਚਾਰ ਜੁਗਾਂ ਤੇ ਚਾਰ ਵਰਣਾਂ ਦੀ ਵੰਡ ਦਾ ਵਰਣਨ ਕਰਦੇ ਹਨ। ਭਾਈ ਸਾਹਿਬ ਜੀ ਦਸਦੇ ਹਨ ਕਿ ਅਕਾਲ ਪੁਰਖ ਨੇ ਆਪ ਹੀ ਚਾਰ ਜੁਗਾਂ ਦੀ ਥਾਪਨਾ ਕਰਕੇ, ਸਤਿਜੁਗ, ਤ੍ਰੇਤਾ, ਦੁਆਪਰ ਤੇ ਕਲਿਜੁਗ ਰਚੇ ਹਨ। ਚਾਰੇ ਜੁਗਾਂ ਵਿਚ ਵੱਖ ਵੱਖ ਵਰਣਾਂ ਦੀ ਪ੍ਰਧਾਨਤਾ ਰਹੀ ਹੈ। ਸਤਿਜੁਗ ਵਿਚ ਲੋਕ ਮੋਹ ਮਾਇਆ ਤੋਂ ਨਿਰਲੇਪ ਰਹਿੰਦੇ ਸਨ ਅਤੇ ਬਣ ਵਿਚ ਤਪੱਸਿਆ ਕਰਦੇ ਹੋਏ

ਕੰਦ ਮੂਲ ਖਾ ਕੇ ਹੀ ਸਮਾਂ ਲੰਘਾਉਂਦੇ ਸਨ। ਲੱਖਾਂ ਵਰ੍ਹਿਆਂ ਦੀ ਉਮਰ ਹੋਣ ਤੇ ਵੀ ਰਹਿਣ ਲਈ ਮਕਾਨ ਜਾਂ ਮੰਦਰ ਨਹੀਂ ਬਣਾਉਂਦੇ ਸਨ। ਪਰ ਫਿਰ ਵੀ ਲੋਕ ਨਾਸ਼ਵਾਨ ਦੁਨੀਆਂ ਨੂੰ ਵੇਖ ਕੇ ਵੀ ਆਪਣੇ ਆਪ ਨੂੰ ਸਦਾ ਕਾਇਮ ਰਹਿਣ ਵਾਲੇ ਸਮਝਦੇ ਸਨ। ਸਤਿਜੁਗ ਵਿਚ ਪ੍ਰਧਾਨਤਾ ਬ੍ਰਾਹਮਣ ਦੀ ਸੀ।

ਛੇਵੀਂ ਪਉੜੀ:

ਇਸ ਪਉੜੀ ਵਿਚ ਭਾਈ ਸਾਹਿਬ ਜੀ ਦਸਦੇ ਹਨ ਕਿ ਤ੍ਰੇਤੇ ਜੁਗ ਵਿਚ ਛੱਤਰੀ ਵਰਣ ਵਿਚ ਰਾਮ ਚੰਦਰ ਦਾ ਰੂਪ ਧਾਰ ਕੇ ਸੂਰਜਬੰਸੀ ਰਾਜਾ ਹੋਇਆ। ਮੋਹ ਮਾਇਆ ਦੇ ਪਾਸਾਰੇ ਨਾਲ ਇਕ ਲੱਖ ਸਾਲ ਉਮਰ ਵਿਚੋਂ 90 ਹਜ਼ਾਰ ਘਟ ਗਈ ਅਤੇ ਬਾਕੀ ਦਸ ਹਜ਼ਾਰ ਹੀ ਰਹਿ ਗਈ। ਦੁਆਪਰ ਵਿਚ ਕ੍ਰਿਸ਼ਨ ਨਾਮ ਵਾਲੇ ਨੇ ਰੂਪ ਧਾਰਿਆ ਤੇ ਇਸ ਤਰ੍ਹਾਂ ਹਰੇਕ ਜੁਗ ਵਿਚ ਉਮਰ ਤੇ ਆਚਾਰ ਘਟਦੇ ਗਏ। ਰਿਗ-ਵੇਦ ਵਿਚੋਂ ਬ੍ਰਾਹਮਣ ਕਰਮ ਕਰਾਉਂਦੇ ਸਨ, ਉਹ ਪੂਰਬ ਵੱਲ ਪਰਮਾਤਮਾਂ ਨੂੰ ਸਮਝਕੇ, ਉਸ ਪਾਸੇ ਵੱਲ ਮੂੰਹ ਕਰਕੇ ਸ਼ੁਭ ਕੰਮ ਕਰਦੇ ਸਨ। ਖੱਤਰੀ ਯਜੁਰਵੇਦ ਅਨੁਸਾਰ ਦੱਖਣ ਵੱਲ ਮੂੰਹ ਕਰਕੇ ਪੁੰਨ ਦਾਨ ਕਰਦੇ ਸਨ। ਵੈਸ਼ ਲੋਕ ਸ਼ਾਮ ਵੇਦ ਨੂੰ ਮੰਨ ਕੇ ਪੱਛਮ ਵੱਲ ਮੂੰਹ ਕਰਕੇ ਪ੍ਰਣਾਮਾਂ ਕਰਦੇ ਸਨ। ਸੋ ਇਸੇ ਤਰ੍ਹਾਂ ਹੀ ਰਿਗਵੇਦ ਨੂੰ ਮੰਨਣ ਵਾਲੇ ਨੀਲੇ, ਯੁਜਰ ਵੇਦ ਨੂੰ ਮੰਨਣ ਵਾਲੇ ਪੀਲੇ, ਸਾਮਵੇਦ ਨੂੰ ਮੰਨਣ ਵਾਲੇ ਚਿੱਟੇ ਕਪੜੇ ਪਾ ਕੇ ਪਾਠ ਕਰਦੇ ਸਨ। ਤਿੰਨਾਂ ਜੁਗਾਂ ਦੇ ਪ੍ਰਧਾਨ ਵੱਖਰੀ ਵੱਖਰੀ ਤਰ੍ਹਾਂ ਧਰਮ ਨੂੰ ਮੰਨਦੇ ਸਨ।

ਸੱਤਵੀਂ ਪਉੜੀ:

ਸੱਤਵੀਂ ਪਉੜੀ ਵਿਚ ਭਾਈ ਗੁਰਦਾਸ ਜੀ ਕਲਿਜੁਗ ਦਾ ਵਰਨਣ ਕਰਦੇ ਹਨ। ਭਾਈ ਸਾਹਿਬ ਜੀ ਕਹਿੰਦੇ ਹਨ:-

" ਕਲਿਜੁਗ ਚਉਥਾ ਥਾਪਿਆ ਸੂਦ੍ਰ ਬਿਰਤਿ ਜੁਗ ਮਹਿ ਵਰਤਾਈ"।

ਇਸ ਜੁਗ ਵਿਚ ਲੋਕਾਂ ਦਾ ਵਰਤਾਵ ਹੀ ਇਕ ਦੂਸਰੇ ਲਈ ਭੈੜਾ ਹੋ ਗਿਆ। ਰਿਗ, ਯੁਜਰ ਤੇ ਸਾਮ ਆਦਿਕ ਵੇਦਾਂ ਅਨੁਸਾਰ ਲੋਕਾਂ ਨੇ ਚਲਣਾ ਛੱਡ ਦਿੱਤਾ। ਮਾਇਆ ਨੇ ਸਾਰੀ ਸ੍ਰਿਸ਼ਟੀ ਨੂੰ ਠੱਗ ਲਿਆ। ਸਾਰੇ ਜਗਤ ਵਿਚ ਕਲਾ ਕਲੇਸ਼ ਵਧ ਗਏ ਅਤੇ ਲੋਕ ਅਹੰਕਾਰ ਵਿਚ ਸੜਨ ਲੱਗੇ। ਸੂਦਰਾਂ ਦੀ ਉਹ ਬਿਰਤੀ ਹੋ ਗਈ ਜਦੋਂ ਕਿ ਉਨ੍ਹਾਂ ਨੂੰ ਆਪਣੀ ਜਮਾਤੀ ਚੇਤੰਨਤਾ ਨਾ ਰਹੀ ਅਤੇ ਉਨ੍ਹਾਂ ਵਿਚ ਜਹਾਲਤ ਤੇ ਗੈਰ ਇਨਸਾਨੀਅਤ ਫੈਲ ਗਈ। ਸਾਰਾ ਸਮਾਜ ਮਾਇਆ ਦੇ ਅਧੀਨ ਹੋ ਗਿਆ। ਜਾਤਾਂ, ਧਰਮਾਂ ਦੀ ਆਪਸ ਵਿਚ ਕਲਾਹ ਅਰੰਭੀ ਗਈ। ਨਫਰਤ ਤੇ ਵੈਰ ਦਾ ਭਾਵ ਪ੍ਰਚਲਤ ਹੋ ਗਿਆ। ਰਾਜੇ ਬੇਅਦਲੀ ਹੋ ਗਏ, ਨਿਆਂ ਛੱਡ ਬੈਠੇ ਅਤੇ ਪਰਜਾ ਉਤੇ ਹਾਕਮ ਲੋਕਾਂ ਦਾ ਕਸਾਈਆਂ

## ਕਾਂਡ ਤੀਜਾ

ਭਾਈ ਗੁਰਦਾਸ ਦੀ ਪਹਿਲੀ ਵਾਰ ਦੀ ਪਉੜੀ ਕਰਮ - ਅਨੁਸਾਰ ਵਿਚਾਰ ਉਸਾਰੀ = ੫੩-72

******

ਵਰਗਾ ਵਤੀਰਾ ਹੋ ਗਿਆ। ਕਲਜੁਗ ਕੈਂਚੀ ਵਾਂਗ ਵਰਤ ਗਿਆ। ਜੋ ਥੋੜਾ ਬਹੁਤਾ ਧਰਮ ਸੀ ਉਹ ਪਹਿਲੇ ਤਿੰਨਾਂ ਜੁਗਾਂ ਵਿਚ ਹੀ ਰਹਿ ਗਿਆ ਅਤੇ ਚੌਥੇ ਜੁਗ ਕਲਿਜੁਗ ਵਿਚ ਤਾਂ ਉਪਕਾਰ ਦਾ ਨਾਮ ਨਿਸ਼ਾਨ ਹੀ ਨਾਂ ਰਿਹਾ। ਸਾਰੀ ਸ੍ਰਿਸ਼ਟੀ ਵਿਚੋਂ ਚੰਗੇ ਕੰਮ ਖਤਮ ਹੋ ਗਏ। ਗੱਲ ਕੀ ਸਾਰੀ ਦੁਨੀਆਂ ਹੀ ਭ੍ਰਿਸ਼ਟ ਹੋ ਗਈ।

ਅੱਠਵੀਂ ਪਉੜੀ:

ਇਸ ਪਉੜੀ ਵਿਚ ਭਾਈ ਸਾਹਿਬ ਜੀ ਨੇ ਛੇ ਸ਼ਾਸਤਰਾਂ ਨੂੰ ਲਿਆ ਹੈ ਤੇ ਉਹਨਾਂ ਦੇ ਵੇਦਾਂ ਨਾਲ ਸਬੰਧ ਵਲ ਇਸ਼ਾਰਾ ਕਰਦੇ ਹਨ ਕਿ ਸਭ ਲੋਕ ਬ੍ਰਾਹਮਣਾਂ ਦੀ ਰੀਤ ਅਨੁਸਾਰ ਹੀ ਪਰਮਾਤਮਾਂ ਦੇ ਗੁਣ ਗਾ ਰਹੇ ਹਨ। ਬੇਸ਼ਕ ਗਾਉਂਦੇ, ਪੜ੍ਹਦੇ ਤਾਂ ਸਾਰੇ ਹੀ ਹਨ ਪਰ ਪਰਮਪਦ ਕੋਈ ਹੀ ਪਾਉਂਦਾ ਹੈ। ਅਸਚਰਜਤਾ ਵਾਲੀ ਗੱਲ ਇਹ ਹੈ ਕਿ ਪੜ੍ਹ ਗੁਣ ਕੇ ਵੀ ਕੋਈ ਭੇਦ ਨਹੀਂ ਪਾ ਸਕਦਾ। ਪਰਮਾਤਮਾਂ ਸਾਰੇ ਜੁਗਾਂ ਵਿਚ ਇਕ ਹੀ ਹੈ ਪਰ ਕਲਿਜੁਗ ਵਿਚ ਪਤਾ ਨਹੀਂ ਕਿਉਂ ਵੱਖਰੇ ਵੱਖਰੇ ਹਨ। ਇਸੇ ਲਈ ਇਸ ਜੁਗ ਵਿਚ ਪੜ੍ਹਨ ਲਿਖਣ ਦੇ ਬਾਵਜੂਦ ਵੀ ਭਰਮ ਨਹੀਂ ਮਿਟਦਾ। ਚਾਰ ਵੇਦਾਂ ਅਤੇ ਛੇ ਸ਼ਾਸਤਰਾਂ ਦੇ ਦਸੇ ਅਨੁਸਾਰ ਸਾਰੇ ਆਪੋ ਆਪਣੀ ਦ੍ਰਿਸ਼ਟੀ ਅਨੁਸਾਰ ਪੂਜਾ ਕਰਦੇ ਹਨ। ਸੋ ਇਸ ਪਉੜੀ ਵਿਚ ਭਾਈ ਸਾਹਿਬ ਜੀ ਨੇ ਉਸ ਸਮੇਂ ਦੀਆਂ ਅਨੇਕ ਪੂਜਾ ਦਾ ਵਿਉਰਾ ਦਿੱਤਾ ਹੈ।

ਨੌਵੀਂ ਪਉੜੀ:

ਨੌਵੀਂ ਪਉੜੀ ਵਿਚ ਦਸਦੇ ਹਨ ਕਿ ਗੌਤਮ ਰਿਖੀ ਨੇ ਰਿਗਵੇਦ ਨੂੰ ਪੜ੍ਹ ਵਿਚਾਰ ਕੇ, ਨਿਆਂ ਸ਼ਾਸਤਰ ਨੂੰ ਚੰਗੀ ਤਰ੍ਹਾਂ ਘੋਖ ਕੇ ਦਸਿਆ ਕਿ ਸਾਰੀ ਸ੍ਰਿਸ਼ਟੀ ਹੀ ਪਰਮਾਤਮਾ ਦੇ ਹੱਥ ਵਿਚ ਹੈ, ਉਸ ਦੇ ਹੁਕਮ ਤੋਂ ਬਿਨਾਂ ਹੋਰ ਕੋਈ ਕੰਮ ਨਹੀਂ ਹੋ ਸਕਦਾ। ਪਾਪ ਪੁੰਨ ਤੋਂ ਪਰਮਾਤਮਾ ਅਲੱਗ ਰਹਿੰਦਾ ਹੈ। ਲੋਕਾਂ ਨੇ ਉਸ ਦੇ ਬਾਹਰ ਰੂਪੀ ਆਕਾਰ ਨੂੰ ਵੇਖ ਕੇ ਹੀ ਉਸ ਵਿਚ ਸਾਰਾ ਕੁਝ ਭੁਲਾ ਛੱਡਿਆ ਹੈ। ਪਰ ਉਸ ਕਾਦਰ ਨੂੰ ਕਿਸੇ ਨੇ ਨਹੀਂ ਦੇਖਿਆ। ਗੌਤਮ ਰਿਸ਼ੀ ਨੇ ਵੀ ਨਿਆਏ ਸ਼ਾਸਤਰ ਵਿਚ ਰੱਬ ਦੇ ਇਸ ਸੰਕਲਪ ਨੂੰ ਸਪਸ਼ਟ ਨਹੀਂ ਕੀਤਾ। ਰਿਗਵੇਦ ਅਨੁਸਾਰ ਪਰਮਾਤਮਾਂ ਇਕ ਹੈ ਤੇ ਹੋਰ ਕੋਈ ਨਹੀਂ ਪਰ ਅਸਲ ਗੱਲ ਇਹ ਹੈ ਕਿ ਸਤਿਗੁਰ ਤੋਂ ਬਿਨਾਂ ਇਸ ਦੀ ਸੋਝੀ ਕੋਈ ਵੀ ਨਹੀਂ ਪਾ ਸਕਦਾ।

" ਸਤਿਗੁਰ ਬਿਨਾਂ ਨ ਸੋਝੀ ਪਾਈ, "

ਦਸਵੀਂ ਪਉੜੀ:

ਇਸ ਪਉੜੀ ਵਿਚ ਭਾਈ ਗੁਰਦਾਸ ਜੀ ਦਸਦੇ ਹਨ ਕਿ ਜੈਮਿਨ ਰਿਸ਼ੀ ਨੇ ਮੀਮਾਂਸਾ ਸ਼ਾਸਤਰ ਰਚ ਕੇ ਉਸ ਵਿਚ ਯੁਜਰ ਵੇਦ ਬਾਰੇ ਦਸਿਆ ਕਿ ਹਰ ਇਕ ਦਾ ਨਿਬੇੜਾ ਕਰਮਾਂ ਉਪਰ ਹੀ ਹੋਵੇਗਾ। ਕਰਮਾਂ ਦੀ ਵਾਸ਼ਨਾ ਦਾ ਬੱਧਾ ਹੋਇਆ ਹੀ ਇਨਸਾਨ ਇਸ ਦੁਨੀਆਂ ਵਿਚ ਚੱਕਰ ਲਾਉਂਦਾ ਹੈ। ਮਨ ਵਿਚੋਂ ਸੰਸੇ, ਵਿਕਾਰ ਖਤਮ ਨਹੀਂ ਹੁੰਦੇ। ਮਾਇਆ ਤੇ ਬ੍ਰਹਮ ਇਕੋ ਰੂਪ ਹੀ ਹਨ, ਕਰਮਾਂ ਦੀ ਖੇਡ ਵਿਚ ਮਨੁਖ ਆਪਾ ਭੁਲਾ ਦਿੰਦਾ ਹੈ। ਭਾਈ ਸਾਹਿਬ ਦਾ ਵਿਚਾਰ ਹੈ ਕਿ ਜੈਮਨਿ ਰਿਸ਼ੀ ਨੇ ਯੁਜਰ-ਵੇਦ ਦੇ ਆਧਾਰ ਤੇ ਮੀਮਾਸਾ ਵਿਚ ਕਰਮ ਧਰਮ ਦਾ ਭੁਲੇਖਾ ਪਾ ਦਿੱਤਾ। ਕਰਮਾਂ ਦਾ ਹੀ ਜਗਤ ਵਿਚ ਉਪਦੇਸ਼ ਕੀਤਾ ਪਰ ਭਾਈ ਸਾਹਿਬ ਜੀ ਸਿੱਟਾ ਇਹ ਕੱਢਦੇ ਹਨ ਕਿ ਸਤਿਗੁਰ ਤੋਂ ਬਿਨਾ ਸੰਸਾ ਦੂਰ ਨਹੀਂ ਹੋ ਸਕਦਾ।

ਗਿਆਰ੍ਹਵੀਂ ਪਉੜੀ:

ਗਿਆਰ੍ਹਵੀਂ ਪਉੜੀ ਵਿਚ ਭਾਈ ਸਾਹਿਬ ਜੀ ਦਸਦੇ ਹਨ ਕਿ ਬਿਆਸ ਨੇ ਸਾਮਵੇਦ ਨੂੰ ਚੰਗੀ ਤਰ੍ਹਾਂ ਪੜ੍ਹ ਕੇ ਇਹ ਸਿੱਟਾ ਕੱਢਿਆ ਕਿ ਆਤਮਾ ਕਥਨੀ ਤੇ ਬਦਨੀ ਤੋਂ ਬਾਹਰ ਹੈ। ਪਰ ਉਹ ਆਪਣੇ ਆਪ ਨੂੰ ਹੀ ਬ੍ਰਹਮ ਅਖਵਾਉਣ ਲੱਗਾ ਅਤੇ ਇਸੇ ਹੰਕਾਰ ਕਰਕੇ ਹੀ ਪ੍ਰੇਮਾ ਭਗਤੀ ਨਾ ਸਿਖੀ ਅਤੇ ਮਾਨਸਿਕ ਸ਼ਾਂਤੀ ਤੋਂ ਅਭਿਜ ਰਿਹਾ। ਮਾਇਆ ਦਾ ਭੂਤ ਸਿਰ ਤੇ ਛਾਇਆ ਰਿਹਾ। ਪਰ ਅਜਮਾਂ ਦੇ ਡੰਡੇ ਦਾ ਖਿਆਲ ਆਉਣ ਕਰਕੇ ਨਾਰਦ ਮੁਨੀ ਦੀ ਸ਼ਰਨੀ ਪਿਆ ਅਤੇ ਉਸ ਤੋਂ ਚੰਗੇ ਗੁਣ ਹਾਸਲ ਕਰਕੇ ਪਾਰ ਹੋਇਆ। ਸੋ ਭਾਈ ਸਾਹਿਬ ਜੀ ਦਸਦੇ ਹਨ ਕਿ ਵਾਹਿਗੁਰੂ ਦੀ ਸ਼ਰਨ ਪਏ ਤੋਂ ਬਿਨਾਂ ਕੋਈ ਵੀ ਅਜ ਤਕ ਤਰਿਆ ਨਹੀਂ। ਹੰਕਾਰੀ ਮਨੁਖ ਕਦੇ ਵੀ ਵਾਹਿਗੁਰੂ ਦੀ ਬਖਸ਼ਿਸ਼ ਤੋਂ ਬਿਨਾਂ ਸ਼ਾਂਤੀ ਪ੍ਰਾਪਤ ਨਹੀਂ ਕਰ ਸਕਦਾ।

ਬਾਰ੍ਹਵੀਂ ਪਉੜੀ:

ਦੁਆਪਰ ਜੁਗ ਬੀਤਣ ਪਿਛੋਂ ਕਲਜੁਗ ਸ਼ੁਰੂ ਹੋ ਗਿਆ। ਅਥਰਬਣ ਵੇਦ ਦੀ ਸਥਾਪਨਾ ਹੋਈ ਅਤੇ ਗੁਰਮੁਖ ਲੋਕ ਉਤਰ ਵੱਲ ਮੂੰਹ ਕਰਕੇ ਭਜਨ ਕਰਨ ਲੱਗੇ। ਕਪਲ ਨਾਂ ਦੇ ਰਿਖੀ ਨੇ ਅਥਰਬਣ ਵੇਦ ਨੂੰ ਚੰਗੀ ਤਰ੍ਹਾਂ ਵਿਚਾਰਿਆ ਅਤੇ ਇਹ ਦਸਿਆ ਕਿ ਗਿਆਨ ਰੂਪੀ ਰਸ ਪੀ ਕੇ ਮਨੁਖ ਨੂੰ ਨਿਤ ਦੇ ਸੱਚ ਝੂਠ ਦਾ ਨਿਤਾਰਾ ਕਰਨਾ ਚਾਹੀਦਾ ਹੈ। ਕਰਮ ਯੋਗ ਨਾਲ ਮਨੁਖ ਕੁਝ ਪ੍ਰਾਪਤ ਨਹੀਂ ਕਰਨ ਲੱਗਾ। ਉਸ ਨੇ ਦਸਿਆ ਕਿ:-

"ਗਿਆਨ ਬਿਨਾ ਨਹਿ ਪਾਈਐ ਜੇ ਕੋਈ ਕੋਟਿ ਜਤਨ ਕਰਿ ਧਾਈ"

ਗਿਆਨ ਦੇ ਮੱਤ ਕਰਕੇ ਹੀ ਸੁਖ ਪਰਾਪਤ ਹੋਵੇਗਾ ਅਤੇ ਜਨਮ ਮਰਣ ਦਾ ਸੰਸਾ ਖਤਮ ਹੋਵੇਗਾ। ਭਾਈ ਸਾਹਿਬ ਦਸਦੇ ਹਨ ਕਿ ਇਸ ਸਹਿਜਪਦ ਦੀ ਪ੍ਰਾਪਤੀ ਵੀ ਗੁਰਮੁਖ ਸਹਿਜੇ ਹੀ ਗੁਰੂ ਦੀ ਸ਼ਰਨ ਦੁਆਰਾ ਪ੍ਰਾਪਤ ਕਰ ਲੈਂਦਾ ਹੈ।

ਤੇਰ੍ਹਵੀਂ ਪਉੜੀ:

ਕਣਾਦਿਕ ਰਿਖੀ ਨੇ ਅਥਰਬਾਣ ਵੇਦ ਨੂੰ ਵਿਚਾਰ ਕੇ ਬਾਸੇਖਕ ਸ਼ਾਸਤਰ ਰਾਂਹੀ ਇਹ ਸਿੱਟਾ ਕੱਢਿਆ ਹੈ ਕਿ ਹਰ ਚੀਜ਼ ਸਮੇਂ ਅਨੁਸਾਰ ਹੀ ਫਲ ਦਿੰਦੀ ਹੈ ਤੇ ਫਲ ਵੀ ਉਹੋ ਜਿਹਾ ਜੇਹੋ ਜਿਹਾ ਕੋਈ ਕੰਮ ਕਰਦਾ ਹੈ। ਸਾਰੀ ਸ੍ਰਿਸ਼ਟੀ ਹੀ ਉਸ ਅਕਾਲਪੁਰਖ ਦੇ ਨਿਯਮ ਅਨੁਸਾਰ ਚਲ ਰਹੀ ਹੈ। ਨਿਯਮਬੱਧ ਹੋਣ ਵਾਲਾ ਵਿਅਕਤੀ ਹੀ ਪਰਮਪਦ ਪ੍ਰਾਪਤ ਕਰ ਸਕਦਾ ਹੈ। ਜੇਕਰ ਆਪਣੇ ਕੋਲੋਂ ਕੁਝ ਨਾ ਹੋਵੇ ਤਾਂ ਦੂਸਰਿਆਂ ਲਈ ਵੀ ਚੰਗਾ ਮੰਦਾ ਨਹੀਂ ਸੋਚਣਾ ਚਾਹੀਦਾ। ਕਣਾਦਿਕ ਰਿਖੀ ਦੇ ਮੱਤ ਅਨੁਸਾਰ ਤਾਂ ਕਿ ਜਿਸ ਤਰ੍ਹਾਂ ਦਾ ਕੋਈ ਕਰਮ ਕਰੇਗਾ ਉਸੇ ਤਰ੍ਹਾਂ ਦਾ ਹੀ ਫਲ ਪਾਏਗਾ ਪਰ ਸਤਿਜੁਗ ਵਿਚ ਇਹ ਬੇਇਨਸਾਫੀ ਹੋਈ ਕਿ ਇਕ ਆਦਮੀ ਦੇ ਬੁਰੇ ਕੰਮ ਦੇ ਬਦਲੇ ਸਾਰੇ ਦੇਸ਼ ਨੂੰ ਹੀ ਨੁਕਸਾਨ ਪਹੁੰਚਦਾ ਸੀ, ਤ੍ਰੇਤੇ ਵਿਚ ਇਕ ਦੇ ਬਦਲੇ ਸਾਰੇ ਸ਼ਹਿਰ ਨੂੰ ਨੁਕਸਾਨ ਪਹੁੰਚਦਾ ਸੀ ਤੇ ਦੁਆਪਰ ਵਿਚ ਇਕ ਦੇ ਬਦਲੇ ਇਕ ਵੰਸ ਨੂੰ ਹੀ ਮਾਰਿਆ ਜਾਂਦਾ ਸੀ ਅਤੇ ਕਲਿਜੁਗ ਵਿਚ "ਜੋ ਛੇੜੇ ਸੋ ਪਾਵੈ" ਦਾ ਸਿਧਾਂਤ ਲਾਗੂ ਹੋ ਗਿਆ।

ਚੌਦ੍ਹਵੀਂ ਪਉੜੀ:

ਪਾਤੰਜਲ ਰਿਖੀ ਨੇ ਵੀ ਵੇਦਾਂ ਦੀ ਵਿਚਾਰ ਕਰਕੇ ਪਾਤੰਜਲ ਸ਼ਾਸਤਰ ਦੀ ਰਚਨਾ ਕੀਤੀ। ਇਸ ਵਿਚ ਯੋਗ ਅਤੇ ਕਥਨ ਹੀ ਸਨ। ਜਿਵੇਂ ਆਰਸੀ ਤੋਂ ਜੰਗਾਲ ਲਾਹੁਣ ਤੋਂ ਬਿਨਾਂ ਉਸ ਵਿਚ ਮੂੰਹ ਨਹੀਂ ਦੇਖਿਆ ਜਾ ਸਕਦਾ, ਉਸੇ ਤਰ੍ਹਾਂ ਇਸ ਸ਼ਾਸਤਰ ਅਨੁਸਾਰ ਯੋਗ ਤੋਂ ਬਿਨਾਂ ਭਰਮ ਦਾ ਜਾਲ ਵੀ ਨਹੀਂ ਤੋੜਿਆ ਜਾ ਸਕਦਾ ਤੇ ਇਸ ਨਾਲ ਹੀ ਵਿਅਕਤੀ ਨੂੰ ਰਿਧੀਆਂ ਸਿਧੀਆਂ ਦੀ ਪ੍ਰਾਪਤੀ ਹੁੰਦੀ ਹੈ। ਅੱਠਵੀਂ ਪਉੜੀ ਤੋਂ ਭਾਈ ਸਾਹਿਬ ਵੱਖ ਵੱਖ ਸ਼ਾਸਤਰਾਂ ਤੇ ਵਿਚਾਰ ਕਰਦੇ, ਗੁਰਮੁਖਾਂ ਦੇ ਮਾਰਗ ਨੂੰ ਉਚਾ ਦਸਦੇ ਆ ਰਹੇ ਸਨ। ਹੁਣ ਸਾਰੇ ਸ਼ਾਸਤਰਾਂ ਦੇ ਅੰਤ ਉਤੇ ਇਹ ਫਿਰ ਭਗਤੀ ਮਾਰਗ ਨੂੰ ਸਭ ਤੋਂ ਉਤਮ ਪ੍ਰਗਟ ਕਰਦੇ ਹਨ। ਇਸ ਨਾਲ ਫਲ ਤਤਕਾਲ ਮਿਲ ਜਾਂਦਾ ਹੈ। ਨਿਸ਼ਕਾਮ ਹੋਕੇ ਕੀਤੇ "ਨਾਮ ਦਾਨ ਇਸ਼ਨਾਨ" ਨੂੰ ਭਾਈ ਸਾਹਿਬ ਮੁਖ ਦਸਦੇ ਹਨ।

ਪੰਦਰ੍ਹਵੀਂ ਪਉੜੀ:

ਭਾਈ ਗੁਰਦਾਸ ਜੀ ਪੰਦਰ੍ਹਵੀਂ ਪਉੜੀ ਵਿਚ ਦਸਦੇ ਹਨ ਕਿ ਹਰ ਜੁਗ

ਵਿਚ ਮਨੁਖੀ ਆਤਮਾ ਦੁਨਿਆਵੀ ਵਾਸ਼ਨਾ ਦੀ ਬੱਧੀ ਹੋਈ ਆਉਂਦੀ ਜਾਂਦੀ ਰਹਿੰਦੀ ਹੈ। ਹਰ ਵਾਰ ਦੇਹ ਵਟਦੀ ਹੈ ਪਰ ਇਸ ਦਾ ਭੇਦ ਕੋਈ ਗਿਆਨਵਾਨ ਹੀ ਪਾ ਸਕਦਾ ਹੈ। ਸਤਿਜੁਗ ਵਿਚ ਦ੍ਵੈਤ ਭਾਵ ਕਰਕੇ ਤ੍ਰੇਤੇ ਵਿਚ ਫਿਰ ਜਨਮ ਲੈਂਦਾ ਹੈ। ਤ੍ਰੇਤੇ ਵਿਚ ਕਰਮਾਂ ਦਾ ਬੰਨ੍ਹਿਆਂ ਹੋਇਆ ਦੁਆਪਰ ਵਿਚ ਫਿਰ ਆ ਜਾਂਦਾ ਹੈ। ਦੁਆਪਰ ਵਿਚ 'ਮੈਂ' ਦੇ ਅਹੰਕਾਰ ਵਿਚ ਹੀ ਮਰ ਜਾਂਦਾ ਹੈ। ਤਿੰਨਾਂ ਜੁਗਾਂ ਵਿਚ ਕਰਮ ਕਰਦਾ ਹੋਇਆ ਜੰਮਣ ਮਰਨ ਦਾ ਫਿਕਰ ਨਹੀਂ ਮਕਾਉਂਦਾ। ਕਲਿਜੁਗ ਵਿਚ ਫਿਰ ਆਉਂਦਾ ਹੈ। ਮਨੁਖ ਵਾਸ਼ਨਾ ਵਿਚ ਹੀ ਭਟਕਦਾ ਰਹਿੰਦਾ ਹੈ ਪਰ ਇਹ ਖਿਆਲ ਨਹੀਂ ਕਰਦਾ ਕਿ ਇਕ ਵਾਰ ਸਮਾਂ ਹੱਥੋਂ ਲੰਘਿਆ ਮੌਕਾ ਮੁੜ ਕੇ ਹੱਥ ਨਹੀਂ ਆਉਂਦਾ। ਸੋ ਭਾਈ ਗੁਰਦਾਸ ਮਨੁਖ ਨੂੰ ਇਹ ਦਸਦੇ ਹਨ ਕਿ:-

" ਅਉਸਰੁ ਚੁਕਾ ਹਥ ਨ ਆਵੈ "

<u>ਸੋਲ੍ਹਵੀਂ ਪਉੜੀ:</u>

ਇਸ ਪਉੜੀ ਵਿਚ ਭਾਈ ਗੁਰਦਾਸ ਜੀ ਕਲਿਜੁਗ ਦੇ ਫਲ ਬਾਰੇ ਚਾਨਣਾ ਪਾਉਂਦੇ ਹਨ। ਭਾਈ ਸਾਹਿਬ ਜੀ ਦਸਦੇ ਹਨ ਕਿ ਇਸ ਜੁਗ ਵਿਚ ਕੰਮਾਂ ਨੂੰ ਤਾਂ ਕੁਝ ਸਮਝਿਆ ਹੀ ਨਹੀਂ ਜਾਂਦਾ। ਪਰਮਾਤਮਾਂ ਦੀ ਬੰਦਗੀ ਅਤੇ ਪ੍ਰੇਮਾ ਭਗਤੀ ਤੋਂ ਬਿਨਾਂ ਕੋਈ ਠਿਕਾਣਾ ਨਹੀਂ ਮਿਲਣਾ। ਪਿਛਲੇ ਤਿੰਨਾਂ ਜੁਗਾਂ ਦੀ ਕਮਾਈ ਦਾ ਫਲ ਇਸ ਜੁਗ ਵਿਚ ਲਹਿ ਜਾਂਦਾ ਹੈ ਅਰਥਾਤ ਇਥੇ ਛੁਟਕਾਰੇ ਦਾ ਅਵਸਰ ਹੈ। ਮਨੁਖਾ ਜਨਮ ਨੂੰ ਪਰਾਪਤ ਕਰਕੇ ਜੇ ਕੋਈ ਹੁਣ ਭੁਲ ਗਿਆ ਤਾਂ ਉਸ ਨੂੰ ਲੋਕ ਤੇ ਪ੍ਰਲੋਕ ਵਿਚ ਕੋਈ ਥਾਂ ਨਹੀਂ ਮਿਲਣੀ। ਅਥਰਬਣ ਵੇਦ ਵਿਚ ਵੀ ਕਲਿਜੁਗ ਦੇ ਇਨ੍ਹਾਂ ਹੀ ਚਾਲਣਾ ਦਾ ਵਿਕਾਸ ਹੈ। ਇਥੇ ਪ੍ਰੇਮਾ ਭਗਤੀ ਹੀ ਜੱਗ, ਹੋਮ ਤੇ ਪੁਰਬਾਂ ਦੀ ਕਮਾਈ ਹੈ। ਚੰਗੇ ਕੰਮ ਕਰਕੇ ਵੀ ਜੇ ਕੋਈ ਆਪਣੇ ਆਪ ਨੂੰ ਨੀਵਾਂ ਸਮਝੇ ਤਦ ਹੀ ਉਹ ਲੇਖੇ ਲਗ ਸਕਦਾ ਹੈ। ਕਲਿਜੁਗ ਵਿਚ ਇਕ ਪਰਮਾਤਮਾਂ ਦੇ ਨਾਂ ਦੀ ਹੀ ਵਡਿਆਈ ਸਮਝੀ ਜਾਂਦੀ ਹੈ।

<u>ਸਤਾਰ੍ਹਵੀਂ ਪਉੜੀ:</u>

ਸਤਾਰ੍ਹਵੀਂ ਪਉੜੀ ਵਿਚ ਭਾਈ ਸਾਹਿਬ ਜੀ ਜੁਗਾਂ ਦੀ ਤਬਦੀਲੀ ਬਾਬਤ ਕਹਿੰਦੇ ਹਨ ਕਿ ਜਦੋਂ ਜੁਗਾਂ ਵਿਚ ਬਦਲੀ ਆਉਂਦੀ ਹੈ ਤਾਂ ਉਸ ਦਾ ਵਰਤਾਰਾ ਇਹ ਹੁੰਦਾ ਹੈ ਕਿ ਜੱਗ ਵਿਚ ਵੈਰ ਭਾਵ ਪੈਦਾ ਹੋ ਜਾਂਦੇ ਹਨ। ਸਾਰੇ ਪਾਪ ਦਾ ਹੀ ਵਰਤਾਰਾ ਹੋ ਜਾਂਦਾ ਹੈ ਅਤੇ ਸੰਸਾਰ ਵਿਚ ਭ੍ਰਿਸ਼ਟਾਚਾਰੀ ਫੈਲ ਜਾਂਦੀ ਹੈ। ਇਕ ਵਰਣ ਦੂਸਰੇ ਨੂੰ ਚੰਗਾ ਨਹੀਂ ਸਮਝਦਾ ਅਤੇ ਆਪਸ ਵਿਚ ਲੜ ਲੜ ਕੇ ਮਰਦੇ ਹਨ। ਅਗਿਆਨਤਾ ਹੋਣ ਕਰਕੇ ਕੋਈ ਕਿਸੇ ਨੂੰ ਸਮਝਦਾ ਨਹੀਂ ਇਥੋਂ ਤਕ ਕਿ ਪਰਮਾਤਮਾਂ ਦੀ ਹੀ ਨਿੰਦਿਆ ਕਰਦੇ ਹਨ

ਜਿਸ ਵਿਚ ਗੁਰੂ ਦੇ ਉਪਦੇਸ਼ ਹੋਣ ਅਤੇ ਜਿਸ ਦੇ ਆਸਰੇ ਭਵਜਲ ਤੋਂ ਪਾਰ ਉਤਾਰਾ ਹੋਵੇ ਉਹ ਹੀ ਵੇਦ ਹੈ। ਐਸੇ ਗੁਰੂ ਤੋਂ ਬਿਨਾਂ ਪ੍ਰਭੂ ਪਰਾਪਤੀ ਨਹੀਂ ਹੋ ਸਕਦੀ। ਗੁਰੂ ਤੇ ਪਰਮੇਸ਼ਰ ਇਕ ਰੂਪ ਹਨ। ਗੁਰੂ ਹੀ ਸੱਚਾ ਸ਼ਾਹ ਹੈ ਤੇ ਜਗਤ ਦਾ ਵਣਜਾਰਾ ਹੈ। ਜਿਸ ਤਰ੍ਹਾਂ ਸੂਰਜ ਦੇ ਚੜ੍ਹਿਆਂ ਹਨ੍ਹੇਰਾ ਮਿਟ ਜਾਂਦਾ ਹੈ ਇਸੇ ਤਰ੍ਹਾਂ ਹੀ ਗੁਰੂ ਦੇ ਅਵਤਾਰ ਧਾਰਿਆਂ ਅਗਿਆਨਤਾ ਰੂਪੀ ਹਨ੍ਹੇਰਾ ਦੂਰ ਹੋ ਜਾਂਦਾ ਹੈ।

ਅਠਾਰ੍ਹਵੀਂ ਪਉੜੀ:

ਬੁੱਧ ਨੇ ਕਲਿਜੁਗ ਵਿਚ ਅਵਤਾਰ ਧਾਰਿਆ ਪਰ ਗਿਆਨ ਅਗਿਆਨ ਦਾ ਫੈਸਲਾ ਕਿਤੇ ਵੀ ਨਹੀਂ ਹੋਇਆ। ਹਰ ਕੋਈ ਆਪਣੀ ਮਨਮਰਜ਼ੀ ਕਰਦਾ ਹੈ। ਕੋਈ ਕਿਸੇ ਨੂੰ ਰੋਕ ਨਹੀਂ ਸਕਦਾ। ਕੋਈ ਪੱਥਰਾਂ ਨੂੰ ਪੂਜਦਾ ਹੈ ਤੇ ਕੋਈ ਮੜ੍ਹੀਆਂ ਨੂੰ। ਬੋਧੀ ਲੋਕ ਵਹਿਮਾਂ ਭਰਮਾਂ ਵਿਚ ਫਸ ਕੇ ਜਾਦੂ ਟੂਣਿਆਂ ਵਿਚ ਵਿਸ਼ਵਾਸ਼ ਕਰਨ ਲੱਗੇ। ਆਪੋ ਧਾਪੀ ਹੋ ਕੇ ਸਭ ਨੇ ਵੱਖਰਾ ਵੱਖਰਾ ਧਰਮ ਚਲਾ ਲਿਆ। ਕੋਈ ਚੰਦ ਨੂੰ ਪੂਜਦਾ ਹੈ, ਕੋਈ ਸੂਰਜ ਨੂੰ, ਕੋਈ ਧਰਤੀ ਅਤੇ ਆਕਾਸ਼ ਨੂੰ ਪੂਜਣ ਲੱਗਾ। ਕੋਈ ਪਉਣ, ਪਾਣੀ, ਅੱਗ ਨੂੰ ਤੇ ਕੋਈ ਧਰਮਰਾਜ ਨੂੰ ਹੀ ਖੁਸ਼ ਕਰਨ ਲੱਗਾ। ਇਸ ਤਰ੍ਹਾਂ ਬੋਧੀ ਲੋਕ ਫੋਕੇ ਕਰਮਾਂ ਵਿਚ ਪੈ ਕੇ ਪਰਮਾਤਮਾਂ ਨੂੰ ਭੁਲ ਗਏ। ਅਸਲੀ ਪਰਮਾਤਮਾਂ ਨੂੰ ਪੂਜਨ ਦੇ ਥਾਂ ਲੋਕੀ ਬੁਤ-ਪ੍ਰਸਤੀ ਹੋ ਗਏ।

ਉਨ੍ਹੀਵੀਂ ਪਉੜੀ:

ਉਨ੍ਹੀਵੀਂ ਪਉੜੀ ਵਿਚ ਭਾਈ ਸਾਹਿਬ ਦਸਦੇ ਹਨ ਕਿ ਦੁਨੀਆਂ ਵਿਚ ਬਦਅਮਨੀ ਫੈਲ ਗਈ। ਚਾਰ ਵਰਣ ਅਤੇ ਚਾਰ ਆਸ਼ਰਮ ਬਣ ਗਏ। ਲੋਕ ਇਕ ਦੂਸਰੇ ਨੂੰ ਨਫ਼ਰਤ ਕਰਨ ਲੱਗੇ। ਜੋਗੀਆਂ ਅਤੇ ਸੰਨਿਆਸੀਆਂ ਨੇ ਆਪੋ ਆਪਣੇ ਪੰਥ ਚਲਾ ਲਏ। ਜੰਗਮ, ਸਰੇਵੜੇ ਸਭ ਜਾਤੀਆਂ ਨੇ ਲੜਾਈ ਝਗੜੇ ਸ਼ੁਰੂ ਕਰ ਦਿੱਤੇ। ਬ੍ਰਾਹਮਣਾਂ ਨੇ ਵੀ ਬਹੁਤ ਤਰੀਕਿਆਂ ਨਾਲ ਵੇਦਾਂ ਦੀ ਵੱਖ ਵੱਖ ਵਿਆਖਿਆ ਕਰਕੇ ਛੇ ਸ਼ਾਸਤਰਾਂ ਅਤੇ ਹੋਰ ਅਨੇਕਾਂ ਤਰ੍ਹਾਂ ਦੇ ਗ੍ਰੰਥਾਂ ਦੀ ਰਚਨਾਂ ਕਰ ਆਪਸ ਵਿਚ ਲੜਨਾ ਅਰੰਭ ਦਿੱਤਾ ਅਤੇ ਅਨੇਕਾਂ ਭਰਮਾਂ,ਵਹਿਮਾਂ ਦਾ ਪ੍ਰਚਾਰ ਹੋ ਗਿਆ। ਤਵੀਤ, ਧਾਗੇ, ਜਾਦੂ, ਟੂਣੇ, ਕਰਾਮਾਤਾਂ ਹੋਣੀਆਂ ਸ਼ੁਰੂ ਹੋ ਗਈਆਂ। ਭਲੇ ਬੁਰੇ ਰੂਪ ਵਟਾਉਣ ਲੱਗੇ। ਸੋ ਕਲਿਜੁਗ ਵਿਚ ਬੁਰੇ ਕੰਮਾਂ ਵਿਚ ਫਸ ਕੇ ਸਦਾਚਾਰ ਤੇ ਵਾਹਿਗੁਰੂ ਨੂੰ ਭੁਲ ਬੈਠੇ ਅਤੇ ਲੋਕਾਂ ਵਿਚ ਮਜ਼੍ਹਬਾਂ ਧਰਮਾਂ ਦੀਆਂ ਲੜਾਈਆਂ ਝਗੜੇ ਸ਼ੁਰੂ ਹੋ ਗਏ।

ਵੀਹਵੀਂ ਪਉੜੀ:

ਇਸ ਪਉੜੀ ਵਿਚ ਭਾਈ ਗੁਰਦਾਸ ਜੀ ਦਸਦੇ ਹਨ ਕਿ ਮੁਸਲਮਾਨਾਂ

ਦਾ ਮਤ ਸ਼ੁਰੂ ਹੋਣ ਵੇਲੇ ਵੀ ਸਮਾਜ ਵਿਚ ਅਨੇਕ ਮੱਤ ਸਨ ਜੋ ਆਪਸ ਵਿਚ ਵੈਰ ਵਿਰੋਧ ਕਰਕੇ ਲੜ ਰਹੇ ਸਨ। ਪ੍ਰੇਮਾਂ ਭਗਤੀ ਦੀ ਥਾਂ ਇਸ ਮੁਸਲਮਾਨ ਮੱਤ ਨੇ ਵੀ ਤੋਕੇ ਪਾਖੰਡਾਂ, ਰੋਜੇ, ਈਦ, ਨਿਮਾਜ਼ ਆਦਿਕ ਕਰਮਾਂ ਵਿਚ ਦੁਨੀਆਂ ਨੂੰ ਧੱਕ ਦਿੱਤਾ। ਪੀਰ ਪੈਗੰਬਰ ਨੂੰ ਹਉਮੈਂ ਨੇ ਜਕੜ ਲਿਆ। ਉਹ ਗਰੀਬਾਂ ਦੇ ਘਾਤਕ ਹੋ ਗਏ ਅਤੇ ਬੁੱਤ ਪੂਜਾ ਦੇ ਸਥਾਨਾਂ ਨੂੰ ਢਾਹੁਣਾ ਹੀ ਉਨ੍ਹਾਂ ਆਪਣਾ ਕਰਤਵ ਮਿਥ ਲਿਆ, ਗਊਆਂ ਨੂੰ ਮਾਰਨ ਲੱਗੇ। ਸੋ ਇਸ ਤਰ੍ਹਾਂ ਧਰਤੀ ਉਤੇ ਪਾਪ ਹੀ ਪਾਪਵਰਤ ਗਿਆ। ਦੇਸ਼ ਭੇਦ, ਜ਼ਾਤ, ਜੰਗ ਤੇ ਇਸਤ੍ਰੀ ਕਰਕੇ ਸਾਰੇ ਵੈਰ ਵੱਧ ਗਿਆ। ਸੋ ਭਾਈ ਸਾਹਿਬ ਵੀ ਦਸਦੇ ਹਨ ਕਿ ਮੁਸਲਮਾਨੀ ਮੱਤ ਵੀ ਸਮਾਂ ਪਾ ਕੇ ਗਿਰਾਵਟ ਵੱਲ ਨੂੰ ਧੱਕਿਆ ਗਿਆ ਤੇ ਉਸ ਧਰਮ ਦੇ ਰਾਜਨੀਤਕ ਆਗੂਆਂ ਨੇ ਵੀ ਹਰ ਪਾਸੇ ਪਾਪ ਹੀ ਪਾਪ ਫੈਲਾ ਦਿੱਤਾ।

ਇੱਕੀਵੀਂ ਪਉੜੀ:

ਇਕੀਵੀਂ ਪਉੜੀ ਵਿਚ ਭਾਈ ਸਾਹਿਬ ਜੀ ਹਿੰਦੂਆਂ ਤੇ ਮੁਸਲਮਾਨਾਂ ਦਾ ਆਪਸ ਵਿਚ ਟਾਕਰਾ ਦਸਦੇ ਹਨ ਕਿ ਦੋਵਾਂ ਕੌਮਾਂ ਦੇ ਆਪਣੇ ਆਪਣੇ ਮਜ਼੍ਹਬ ਸਨ। ਹੰਕਾਰ ਕਰਕੇ ਇਕ ਦੂਸਰੇ ਨਾਲ ਜ਼ਿਆਦਤੀ ਕਰਨ ਲਗ ਪਏ। ਹਿੰਦੂਆਂ ਨੇ ਗੰਗਾ ਤੇ ਮੁਸਲਮਾਨਾਂ ਨੇ ਮੱਕਾ ਆਪਣਾ ਤੀਰਥ ਅਸਥਾਨ ਮੰਨ ਲਿਆ। ਮੁਸਲਮਾਨਾਂ ਤੇ ਹਿੰਦੂਆਂ ਦੇ ਰਸਮ ਰਿਵਾਜ ਵੀ ਵੱਖ ਵੱਖ ਹੋ ਗਏ ਅਤੇ ਗੁਰੂ ਵੀ ਰਾਮ ਤੇ ਰਹੀਮ ਜੋ ਇਕੋ ਸਨ ਪਰ ਰਸਤੇ ਵਖਰੇ ਵਖਰੇ ਬਣਾ ਲਏ। ਧਰਮ ਦੀਆਂ ਵਸਤਾਂ ਨੂੰ ਭੁਲ ਕੇ ਮਾਇਆ ਦੇ ਸੰਸਾਰ ਵਿਚ ਵਿਚਰਨ ਲਗੇ। ਬ੍ਰਾਹਮਣਾਂ ਤੇ ਮੌਲਾਣਿਆਂ ਨੇ ਸਚ ਨੂੰ ਤਿਆਗ ਦਿੱਤਾ ਅਤੇ ਆਪੋ ਵਿਚ ਲੜ੍ਹਨ ਲਗੇ।ਪਰ ਭਾਈ ਸਾਹਿਬ ਜੀ ਦਸਦੇ ਹਨ ਕਿ:

" ਸਿਰੋ ਨ ਮਿਟੇ ਆਵਣ ਜਾਣੇ "

ਚੌਰਾਸੀ ਦਾ ਭਾਰ ਸਿਰ ਉਤੇ ਹੀ ਰਿਹਾ।

ਬਾਈਵੀਂ ਪਉੜੀ:

ਇਸ ਵਿਗੜੀ ਹੋਈ ਧਾਰਮਿਕ ਹਾਲਤ ਨੂੰ ਵੇਖ ਕੇ ਹੀ ਅਕਾਲ ਪੁਰਖ ਨੇ ਇਹ ਨਿਰਣਾ ਕੀਤਾ ਕਿ ਉਹ ਆਪ ਇਸ ਜਗਤ ਉਤੇ ਆਏ। ਕਰਣ ਕਾਰਨ, ਸਰਬ ਸਮਰਥ ਨੇ ਆਪ ਹੀ ਸੰਸਾਰ ਦੀ ਰੱਖਿਆ ਕੀਤੀ। ਪਰਮਾਤਮਾਂ ਨੂੰ ਇਸ ਰੱਖਿਆ ਲਈ ਉਭਾਰਨ ਵਾਲੀ ਹਾਲਤ ਸੀ ਕਿ ਗੁਰੂ ਤੋਂ ਬਿਨਾਂ ਸਾਰੀ ਲੁਕਾਈ ਹੀ ਅਗਿਆਨ ਰੂਪੀ ਅੰਧੇਰੇ ਵਿਚ ਲੜ ਲੜ ਕੇ ਮਰ ਰਹੀ ਸੀ ਤੇ ਧਰਮ ਰੂਪੀ ਧੌਲ ਦਇਆ ਤੋਂ ਬਿਨਾਂ ਪਾਪ ਵਿਚ ਨਿਘਰਨ ਲੱਗ ਪਿਆ ਸੀ। ਇਕ ਪੈਰ ਤੇ ਖੜੋਤਾ ਪਾਪਾਂ ਨਾਲ ਭਾਰਾ ਹੋ ਗਿਆ

ਪਾਪ ਨੂੰ ਖਤਮ ਤੇ ਧਾਰਮ ਨੂੰ ਸਹਾਰਾ ਦੇਣ ਵਾਲਾ ਕੋਈ ਗਿਆਨੀ ਪੁਰਸ਼ ਨਜ਼ਰ ਨਹੀਂ ਆਉਂਦਾ ਸੀ। ਇਸ ਲਈ ਧਰਮ ਰੂਪੀ ਬੈਲ ਪਾਪਾਂ ਵਿਚ ਖੜੋਤਾ ਹਾਲ ਦੁਹਾਈ ਪਾ ਰਿਹਾ ਸੀ।

ਤੇਈਵੀਂ ਪਉੜੀ:

" ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰ ਨਾਨਕ ਜਗ ਮਾਹਿ ਪਠਾਇਆ। " ਈਸ਼ਵਰ ਨੇ ਧਰਮ ਦੀ ਪੁਕਾਰ ਸੁਣ ਕੇ ਗੁਰੂ ਨਾਨਕ ਜੀ ਨੂੰ ਦੁਨੀਆਂ ਵਿਚ ਭੇਜਿਆ। ਗੁਰੂ ਜੀ ਨੇ ਸਿਖਾਂ ਨੂੰ ਚਿਰਣਾਮ੍ਰਿਤ ਪੀਣ ਭਾਵ ਨਿੰਮ੍ਰਤਾ ਤੇ ਭਗਤੀ ਮਾਰਗ ਦਸਿਆ। ਪਾਰ ਬ੍ਰਹਮ ਪੂਰਣ ਪ੍ਰਮਾਤਮਾਂ ਨੂੰ ਕਲਿਜੁਗ ਵਿਚ ਇਕ ਕਰਕੇ ਵਿਖਾਇਆ ਅਰਥਾਤ ਸੰਸਾਰ ਨੂੰ ਇਕ ਪ੍ਰਭੂ ਵਿਚ ਵਿਸ਼ਵਾਸ਼ ਰਖਣ ਲਈ ਦ੍ਰਿੜ ਬਣਾਇਆ ਧਰਮ ਦੇ ਸਾਰੇ ਅੰਗ ਸਿਖਾਏ ਅਤੇ ਸਾਰੀਆਂ ਜ਼ਾਤਾਂ ਨੂੰ ਬਰਾਬਰ ਕੀਤਾ। ਜਗਤ ਨੂੰ ਇਹ ਦਸਿਆ ਕਿ ਰਾਜਾ ਤੇ ਗਰੀਬ ਧਰਮ ਦੇ ਮਾਮਲੇ ਵਿਚ ਸਾਰੇ ਹੀ ਬਰਾਬਰ ਹਨ। ਨਿੰਮ੍ਰਤਾ ਭਾਵ ਸਭ ਗੁਣਾਂ ਤੋਂ ਚੰਗਾ ਹੈ। ਪਰਮਾਤਮਾਂ ਨੇ ਉਲਟਾ ਖੇਲ ਇਹ ਵਰਤਾਇਆ ਕਿ ਉਚੇ ਸਿਰ ਨੂੰ ਨੀਵੇਂ ਪੈਰਾਂ ਉਤੇ ਨਿਵਾ ਦਿੱਤਾ। ਗੁਰੂ ਨਾਨਕ ਨੇ ਸਤਿਨਾਮ ਦਾ ਮੰਤਰ ਪੜ੍ਹ, ਸੁਣਾ ਕੇ ਕਲਿਜੁਗ ਦੇ ਜੀਵਾਂ ਦਾ ਪਾਰ ਉਤਾਰਾ ਕੀਤਾ। ਸੋ ਕਲਿਜੁਗ ਦਾ ਉਧਾਰ ਕਰਨ ਲਈ ਹੀ ਗੁਰੂ ਨਾਨਕ ਦੇਵ ਜੀ ਜਗਤ ਵਿਚ ਆਏ।

ਚੌਵੀਵੀਂ ਪਉੜੀ:

ਚੌਵੀਵੀਂ ਪਉੜੀ ਵਿਚ ਭਾਈ ਗੁਰਦਾਸ ਜੀ ਵੇਲੇ ਦੇ ਸੰਕਲਪ ਅਨੁਸਾਰ ਗੁਰੂ ਨਾਨਕ ਜੀ ਦੇ ਜੀਵਨ ਦਾ ਅਰੰਭ ਕਰਦੇ ਹਨ। ਗੁਰੂ ਸਾਹਿਬਾਂ ਦੀ ਪੂਰਬ-ਕਮਾਈ ਦਾ ਜ਼ਿਕਰ ਕਰਦੇ ਹਨ। ਭਾਈ ਸਾਹਿਬ ਜੀ ਦਸਦੇ ਹਨ ਕਿ ਪਹਿਲਾਂ ਗੁਰੂ ਨਾਨਕ ਜੀ ਨੇ ਅਕਾਲ ਪੁਰਖ ਦੀ ਦਰਗਾਹੋਂ ਬਖਸ਼ਿਸ਼ ਦਾ ਦਾਨ ਲਿਆ ਅਤੇ ਫਿਰ ਆਪ ਨੇ ਪ੍ਰੇਮਾ ਭਗਤੀ ਦੀ ਘਾਲ ਕਮਾਈ ਕੀਤੀ। ਰੇਤ ਤੇ ਅੱਕ ਦਾ ਭੋਜਨ ਕਰਕੇ, ਰੋੜਾਂ ਦਾ ਬਿਸਤਰਾ ਕੀਤਾ ਅਰਥਾਤ ਰਸਾਂ ਕਸਾਂ ਦੇ ਸੁਆਦ ਛੱਡ ਕੇ ਦੁਖਾਂ ਸੁਖਾਂ ਨੂੰ ਬਰਾਬਰ ਸਮਝਿਆ। ਵਾਹਿਗੁਰੂ ਨਾਲ ਇਕ ਮਿਕ ਹੋਣ ਲਈ ਬਹੁਤ ਭਗਤੀ ਕੀਤੀ ਜੋ ਗੁਰੂ ਜੀ ਨੂੰ ਸਚੇ ਦੀ ਦਰਗਾਹ ਵਿਚੋਂ ਨੌ ਨਿਧੀਆਂ, ਨਾਮ ਨਿੰਮ੍ਰਤਾ, ਪਤਿ ਦਾ ਸਿਰੋਪਾ ਆਦਿ ਅਮੋਲਕ ਵਸਤਾਂ ਪਰਾਪਤ ਹੋਈਆਂ। ਪਰ ਜਦੋਂ ਗੁਰੂ ਜੀ ਨੇ ਸ੍ਰਿਸ਼ਟੀ ਨੂੰ ਧਿਆਨ ਨਾਲ ਦੇਖਿਆ ਤਾਂ ਸਾਰੀ ਪ੍ਰਿਥਵੀ ਪਾਪਾਂ ਦੀ ਅੱਗ ਵਿਚ ਸੜਦੀ ਦਿਸਣ ਲੱਗੀ ਤੇ ਗਿਆਨ ਦੇ ਚਾਨਣ ਤੋਂ ਬਿਨਾਂ ਸਾਰੀ ਲੁਕਾਈ ਦੁਖਾਂ ਵਿਚ ਪੁਕਾਰਦੀ ਸੁਣਾਈ ਦਿੱਤੀ। ਇਸੇ ਕਰਕੇ ਗੁਰੂ ਜੀ ਨੇ ਮਾਇਆ ਤੋਂ

ਦੂਰ ਰਹਿਣ ਦਾ ਰਾਹ ਦਸਿਆ ਅਤੇ ਧਰਤੀ ਦੇ ਲੋਕਾਂ ਦਾ ਉਧਾਰ ਕਰਨ ਲਈ ਦੇਸ਼ਾਂ ਪ੍ਰਦੇਸ਼ਾਂ ਦੀ ਯਾਤਰਾ ਸ਼ੁਰੂ ਕਰ ਦਿੱਤੀ।

ਪੰਝੀਵੀਂ ਪਉੜੀ:

ਇਸ ਪਉੜੀ ਵਿਚ ਭਾਈ ਗੁਰਦਾਸ ਜੀ ਦਸਦੇ ਹਨ ਕਿ ਪ੍ਰੇਮਾ ਭਗਤੀ ਤੋਂ ਬਿਨਾਂ ਕੋਈ ਚੀਜ਼ ਵੀ ਲੇਖੇ ਨਹੀਂ ਲਗਦੀ। ਗੁਰੂ ਜੀ ਨੇ ਸਾਰੇ ਤੀਰਥ ਅਸਥਾਨਾਂ ਤੇ ਦਿਨ ਦਿਹਾਰਾ ਤੇ ਦੇਖਿਆ ਕਿ ਲੋਕ ਵਿਖਾਵੇ ਵਜੋਂ ਪਿਛਲੇ ਧਰਮ ਤੇ ਕਰਮ ਬਹੁਤ ਕਰਦੇ ਸਨ ਪਰ ਉਹ ਸਾਰਾ ਕੁਝ ਪ੍ਰੇਮਾ ਭਗਤੀ ਨਾਲ ਤੇ ਸਚੇ ਦਿਲੋਂ ਨਹੀਂ ਸੀ ਕੀਤਾ ਜਾਂਦਾ। ਹਉਂ ਤੇ ਅਹੰ ਵਧੇਰਾ ਸੀ। ਕਲਿਜੁਗ ਵਿਚ ਤਾਂ ਹੋਰ ਵੀ ਭੇਖਾਂ ਪਾਖੰਡਾਂ ਨੇ ਦੁਨੀਆਂ ਨੂੰ ਭਰਮਾਂ ਵਿਚ ਪਾ ਦਿੱਤਾ ਸੀ ਅਤੇ ਇਨ੍ਹਾਂ ਭੇਖਾਂ ਨਾਲ ਪਰਮਾਤਮਾਂ ਦੀ ਪਰਾਪਤੀ ਨਹੀਂ ਹੋ ਸਕਦੀ ਸੀ। ਹਉਮੈਂ ਭਾਵ ਖਤਮ ਕਰਨਾ ਹੀ ਭੇਖਾਂ ਪਾਖੰਡਾਂ ਨੂੰ ਖਤਮ ਕਰਨ ਦੀ ਆਵਸ਼ਕਤਾ ਸੀ। ਗੁਰਸਿਖ ਭਾਵੇਂ ਉਚੀ ਜ਼ਾਤ ਦਾ ਹੋਵੇ ਭਾਵੇਂ ਨੀਵੀਂ ਜ਼ਾਤ ਦਾ ਨਿਉਂ ਕੇ ਚਲਣਾ ਉਸ ਦੀ ਵਡਿਆਈ ਹੈ ਤਾਂ ਹੀ ਕੁਝ ਕਮਾਈ ਪ੍ਰਭੂ ਦੇ ਦਰ ਤੇ ਕਬੂਲ ਪੈ ਸਕਦੀ ਹੈ।

" ਪੂਰਬ ਧਰਮ ਬਹੁ ਕਰਮ ਕਰਿ ਭਾਉ ਭਗਤਿ ਬਿਨ ਕਿਤੇ ਨਾ ਲੇਖੈ "

ਹੀ ਚੂਲ ਹੈ ਜਿਸ ਦੁਆਲੇ ਇਸ ਪਉੜੀ ਦਾ ਸਾਰਾ ਭਾਵ ਘੁੰਮਦਾ ਹੈ।

ਛੱਬੀਵੀਂ ਪਉੜੀ:

ਛੱਬੀਵੀਂ ਪਉੜੀ ਵਿਚ ਭਾਈ ਸਾਹਿਬ ਜੀ ਦਸਦੇ ਹਨ ਕਿ ਗੁਰੂ ਜੀ ਨੇ ਵੇਖਿਆ ਕਿ ਸਾਰੇ ਵੱਡੇ ਵੱਡੇ ਆਗੂ ਸਿੱਧ, ਨਾਥ, ਜਤੀ ਸਤੀ, ਭੈਰੋਂ ਸਭ ਦੂਈ ਭਾਵ ਵਿਚ ਗ੍ਰਸੇ ਹੋਏ ਹਨ ਅਤੇ ਚੇਲੇ ਵੀ ਹਉਮੈਂ ਵਿਚ ਖਚਤ ਹਨ, ਪਰਮਾਰਥ ਕਿਤੇ ਨਹੀਂ ਹੋ ਰਿਹਾ। ਸਭ ਪਾਸੇ ਧੋਖਾ ਤੇ ਵਿਹਾਰ ਜਾਂ ਹੰਕਾਰ ਦਾ ਤੋਰਾ ਤੁਰ ਰਿਹਾ ਹੈ। ਗੁਰੂ ਜੀ ਨੇ ਤੀਰਥਾਂ ਅਤੇ ਮੇਲਿਆਂ ਤੇ ਵੀ ਲੋਕਾਂ ਨੂੰ ਵੇਖਿਆ ਪਰ ਗੁਰਮੁਖ ਕੋਈ ਵੀ ਨਹੀਂ ਦਿਸਿਆ। ਜਿਸ ਤਰ੍ਹਾਂ ਭਾਈ ਗੁਰਦਾਸ ਜੀ ਕਹਿੰਦੇ ਹਨ:-

" ਗੁਰਮੁਖਿ ਕੋਇ ਨ ਦਿਸਈ ਢੂੰਡੇ ਤੀਰਥਿ ਜਾਤ੍ਰੀ ਮੇਲੇ "

ਇਸੇ ਤਰ੍ਹਾਂ ਤੀਰਥਾਂ ਦੀ ਹਾਲਤ ਬਾਰੇ ਆਪ ਵੀ ਗੁਰੂ ਜੀ ਨੇ ਆਸਾ ਮਹੱਲਾ 5 ਵਿਚ

PUNJABI UNIVERSITY LIBRARY

ਕਿਹਾ ਹੈ :-

" ਤੀਰਥ ਜਾਉ ਤ ਹਉ ਹਉ ਕਰਤੇ
ਪੰਡਿਤ ਪੂਛਉ ਤ ਮਾਇਆ ਰਾਤੇ।
ਸੋ ਅਸਥਾਨ ਬਤਾਵਹੁ ਮੀਤਾ
ਜਾਕੈ ਹਰਿ ਹਰਿ ਮੀਤਾ।"

ਗੁਰੂ ਜੀ ਨੇ ਹਿੰਦੂ, ਤੁਰਕ, ਪੀਰ ਪੈਗੰਬਰ ਤੇ ਕਈ ਕੌਮਾਂ ਵੇਖੀਆਂ ਪਰ ਅੰਤ ਵੇਖਿਆ ਕਿ ਅਗਿਆਨੀਆਂ ਨੇ ਜਨਤਾ ਨੂੰ ਵੀ ਅਗਿਆਨ ਵਿਚ ਪਾ ਛੱਡਿਆ ਹੈ।

" ਅੰਧੀ ਅੰਧੇ ਖੂਹੇ ਠੇਲੇ "

ਸਤਾਈਵੀਂ ਪਉੜੀ:

" ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।"

ਇਹ ਭਾਈ ਸਾਹਿਬ ਜੀ ਦੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਬਾਰੇ ਸਭ ਤੋਂ ਮਸ਼ਹੂਰ ਪਉੜੀ ਹੈ। ਭਾਈ ਗੁਰਦਾਸ ਜੀ ਦਸਦੇ ਹਨ ਕਿ ਜਦੋਂ ਗੁਰੂ ਨਾਨਕ ਦੇਵ ਜੀ ਪ੍ਰਗਟ ਹੋਏ ਤਾਂ ਅਗਿਆਨ ਦਾ ਗੁਬਾਰ ਖਤਮ ਹੋ ਗਿਆ ਅਤੇ ਗਿਆਨ ਰੂਪੀ ਚਾਨਣ ਸਾਰੇ ਪਾਸੇ ਫੈਲ ਗਿਆ। ਜਿਸ ਤਰ੍ਹਾਂ ਸੂਰਜ ਦੇ ਚੜ੍ਹਿਆਂ ਤਾਰੇ ਅਲੋਪ ਹੋ ਜਾਂਦੇ ਹਨ ਤੇ ਹਨ੍ਹੇਰਾ ਦੂਰ ਹੋ ਜਾਂਦਾ ਹੈ, ਸ਼ੇਰ ਦੇ ਗਰਜਿਆਂ ਹਰਨਾਂ ਦੀ ਡਾਰ ਡਰਦੀ ਹੋਈ ਤਿੱਤਰ ਹੋ ਜਾਂਦੀ ਹੈ ਤੇ ਧੀਰਜ ਨਹੀਂ ਧਰਦੀ ਇਉਂ ਗੁਰੂ ਜੀ ਦੇ ਜਨਮ ਤੋਂ ਬਾਦ ਪਾਪਾਂ ਨੂੰ ਭਾਜੜ ਪੈ ਗਈ। ਜਿਸ ਥਾਂ ਬਾਬਾ ਪੈਰ ਰਖਦਾ ਸੀ ਉਹ ਹੀ ਪੂਜਾ ਦੀ ਥਾਂ ਬਣ ਜਾਂਦੀ ਸੀ। ਜਗਤ ਦੇ ਸਾਰੇ ਪ੍ਰਸਿੱਧ ਅਸਥਾਨ ਗੁਰੂ ਦੇ ਨਾਮ ਨਾਲ ਪ੍ਰਸਿੱਧ ਹੋ ਗਏ। ਘਰ ਘਰ ਵਿਚ ਧਰਮਸਾਲਾਂ ਬਣ ਗਈਆਂ ਅਤੇ ਵਿਸਾਖੀ ਦੀ ਤਰ੍ਹਾਂ ਕੀਰਤਨ ਹੋਣ ਲੱਗਾ। ਗੁਰੂ ਨਾਨਕ ਜੀ ਨੇ ਚਾਰੇ ਦਿਸ਼ਾ ਤਾਰ ਦਿੱਤੀਆਂ, ਨੌ ਖੰਡ ਪ੍ਰਿਥਵੀ ਵਿਚ ਸਚ ਦਾ ਮੇਲ ਹੋ ਗਿਆ। ਭਾਈ ਸਾਹਿਬ ਗੁਰੂ ਨਾਨਕ ਜੀ ਨੂੰ ਕਲਿਜੁਗ ਵਿਚ ਸ੍ਰੋਮਣੀ ਗੁਰੂ ਮੰਨਦੇ ਹਨ ਜਿਨ੍ਹਾਂ ਨੇ ਪਾਪਾਂ ਦਾ ਅੰਧਕਾਰ ਦੂਰ ਕੀਤਾ ਅਤੇ ਸਾਰੇ ਜਗਤ ਵਿਚ ਫਿਰ ਫਿਰ ਕੇ ਉਪਦੇਸ਼ ਨਾਲ ਨਿਹਾਲ ਕੀਤਾ।

ਅਠਾਈਵੀਂ ਪਉੜੀ:

ਇਸ ਪਉੜੀ ਵਿਚ ਭਾਈ ਸਾਹਿਬ ਜੀ ਗੁਰੂ ਨਾਨਕ ਦੇਵ ਜੀ ਦਾ ਸੁਮੇਰ ਪਰਬਤ ਤੇ ਜਾਣ ਦਾ ਹਵਾਲਾ ਦਿੰਦੇ ਹਨ ਕਿ ਨੌ ਖੰਡਾਂ ਵਾਲੀ ਧਰਤੀ ਵੇਖਣ ਤੋਂ ਬਾਦ ਫਿਰ ਗੁਰੂ ਸਾਹਿਬ ਸੁਮੇਰ ਪਹਾੜ ਤੇ ਗਏ ਅਤੇ ਉਥੇ ਸਿੱਧਾਂ ਦੀ ਇਕ ਮੰਡਲੀ

ਨਾਲ ਵਾਰਤਾਲਾਪ ਕੀਤੀ। ਚੌਰਾਸੀ ਸਿੱਧਾਂ ਦੇ ਟੋਲੇ ਨੇ ਆਪਣੇ ਤਕ ਗੁਰੂ ਜੀ ਦੀ ਪਹੁੰਚ ਵੇਖ ਕੇ ਉਨ੍ਹਾਂ ਦੀ ਸਿੱਧੀ ਦੀ ਸ਼ਕਤੀ ਪੁੱਛੀ ਪਰ ਗੁਰੂ ਜੀ ਨੇ ਉਤਰ ਵਿਚ ਵੀ ਉਪਦੇਸ਼ ਦਿੱਤਾ ਕਿ ਮੈਂ ਨਾਮ ਜਪਿਆ ਤੇ ਪ੍ਰੇਮ ਕੀਤਾ ਹੈ। ਜਦ ਉਨ੍ਹਾਂ ਨੇ ਗੁਰੂ ਜੀ ਦਾ ਨਾਮ ਪੁਛਿਆ ਤਾਂ ਵੀ ਉਪਦੇਸ਼ ਹੀ ਦਿੱਤਾ ਕਿ ਮੁਕਤੀ ਨਾਮ ਜਪਣ ਨਾਲ ਹੀ ਮਿਲਦੀ ਹੈ।

" ਨੀਚੁ ਕਹਾਇ ਊਚ ਘਰਿ ਆਈ "

ਅਨੁਸਾਰ ਹੀ ਉਚੀ ਪਦਵੀ ਪਰਾਪਤ ਕਰ ਸਕੀਦੀ ਹੈ। ਇਸੇ ਤਰ੍ਹਾਂ ਸੁਖਮਣੀ ਸਾਹਿਬ ਵਿਚ ਵੀ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ:-

" ਆਪਸ ਕਉ ਜੋ ਜਾਣੈ ਨੀਚਾ
ਸੋਊ ਗਨੀਐ ਸਭ ਤੇ ਊਚਾ।"

ਉਨੱਤੀਵੀਂ ਪਉੜੀ:

ਇਸ ਪਉੜੀ ਵਿਚ ਵੀ ਸਿੱਧਾਂ ਨਾਲ ਗੁਰੂ ਜੀ ਦੇ ਪ੍ਰਸ਼ਨ ਉਤਰ ਹੀ ਹਨ। ਸਿੱਧਾਂ ਨੂੰ ਗਿਆਨ ਹੋ ਗਿਆ ਸੀ ਕਿ ਇਹ ਗੁਰੂ ਕਲਿਜੁਗ ਨੂੰ ਤਾਰਨ ਵਾਸਤੇ ਆਇਆ ਹੈ ਤਾਂ ਉਨ੍ਹਾਂ ਨੇ ਗੁਰੂ ਜੀ ਤੋਂ ਮਾਤ ਲੋਕ ਭਾਵ ਦੁਨੀਆਂ ਦੇ ਲੋਕਾਂ ਦਾ ਹਾਲ ਪੁਛਿਆ ਤਾਂ ਗੁਰੂ ਜੀ ਨੇ ਦਸਿਆ ਕਿ ਸਾਰੇ ਪਾਸੇ ਪਾਪ ਹੀ ਵਰਤ ਰਿਹਾ ਹੈ, ਸੱਚ ਕਿਤੇ ਨਜ਼ਰੀ ਨਹੀਂ ਪੈਂਦਾ, ਝੂਠ ਮੱਸਿਆ ਦੀ ਰਾਤ ਵਾਂਗ ਵਰਤ ਰਿਹਾ ਹੈ ਤੇ ਮੈਂ ਸੱਚ ਦੀ ਭਾਲ ਵਿਚ ਫਿਰਦਾ ਹਾਂ। ਪਾਪ ਨੇ ਧਰਤੀ ਨੂੰ ਘੇਰ ਲਿਆ ਹੈ। ਧਰਮ ਰੂਪੀ ਬੈਲ ਧਰਤੀ ਹੇਠ ਖੜੋਤਾ ਪੁਕਾਰ ਰਿਹਾ ਹੈ। ਤੁਸੀਂ ਤਾਂ(ਸਿੱਧ) ਪਹਾੜਾਂ ਵਿਚ ਲੁਕ ਬੈਠੇ ਹੋ। ਜਗਤ ਨੂੰ ਸ਼ੁਭ ਮਾਰਗ ਲਾਉਣ ਦਾ ਆਪਣਾ ਫਰਜ਼ ਭੁਲਾ ਬੈਠੇ ਹੋ, ਜਗਤ ਦੀ ਮੁਕਤੀ ਕੌਣ ਕਰੇ। ਜੋਗੀ ਲੋਕ ਗਿਆਨ ਤੋਂ ਖਾਲੀ ਰਾਤ ਦਿਨ ਸਰੀਰ ਤੇ ਸੁਆਹ ਮਲ ਛਡਦੇ ਹਨ। ਸੱਚੇ ਗੁਰੂ ਤੋਂ ਬਿਨਾਂ ਸਾਰਾ ਜਗਤ ਡੁੱਬ ਰਿਹਾ ਹੈ।

ਤੀਹਵੀਂ ਪਉੜੀ:

ਤੀਹਵੀਂ ਪਉੜੀ ਵਿਚ ਗੁਰੂ ਜੀ ਸਿੱਧਾਂ ਨੂੰ ਮਾਤ ਲੋਕ ਦਾ ਹਾਲ ਦਸਦੇ ਹਨ ਕਿ ਲੋਕਾਂ ਵਿਚ ਹੱਕ ਨਾ ਹੱਕ ਦੀ ਕੋਈ ਵਿਚਾਰ ਨਹੀਂ ਰਹੀ। ਪਰਜਾ ਦੇ ਸੁਆਮੀ ਰਾਜੇ ਹੀ ਪਾਪ ਕਰਨ ਲੱਗ ਪਏ ਹਨ, ਵਾੜ ਜਿਹੜੀ ਖੇਤ ਦੇ ਬਚਾ ਲਈ ਕੀਤੀ ਸੀ ਉਸ ਨੇ ਹੀ ਖੇਤ ਨੂੰ ਖਾਣਾ ਸ਼ੁਰੂ ਕਰ ਦਿੱਤਾ ਹੈ। ਗਿਆਨ ਵਿਹੂਣੀ ਪਰਜਾ ਮੁਖੋਂ ਝੂਠ ਕੁਧਰਮ ਦੇ ਸ਼ਬਦ ਬੋਲਦੀ ਹੈ। ਗੁਰੂ ਤੇ ਚੇਲੇ ਦਾ ਸਬੰਧ ਉਲਟਾ ਹੋ ਗਿਆ ਹੈ। ਚੇਲੇ

ਸਾਜ ਵਜਾਉਂਦੇ ਹਨ ਤੇ ਗੁਰੂ ਨਚਦੇ ਹਨ, ਸੇਵਕ ਘਰਾਂ ਵਿਚ ਬੈਠੇ ਹਨ ਤੇ ਗੁਰੂ ਉਨ੍ਹਾਂ ਦੇ ਘਰੀਂ ਜਾਂਦੇ ਹਨ। ਕਾਜ਼ੀ ਜਿਨ੍ਹਾਂ ਦੇ ਹੱਥ ਨਿਆਂ ਕਰਨਾ ਹੈ ਰਿਸ਼ਵਤ ਲੈ ਕੇ ਅਨਿਆਂ ਕਰਦੇ ਹਨ। ਗ੍ਰਹਿਸਤ ਧਰਮ ਸਿਰਫ ਪੈਸੇ ਤਕ ਹੀ ਸੀਮਤ ਰਹਿ ਗਿਆ ਹੈ। ਗੱਲ ਕੀ

" ਵਰਤਿਆ ਪਾਪ ਸਭਸ ਜਗ ਮਾਹੀ "

ਦਾ ਹੀ ਸਾਰੇ ਪਸਾਰਾ ਹੈ। ਧਰਮ ਪਰ ਲਾ ਕੇ ਉਡ ਗਿਆ ਹੈ।

ਇਕੱਤੀਵੀਂ ਪਉੜੀ:

ਇਸ ਪਉੜੀ ਵਿਚ ਸਿੱਧਾਂ ਵਲੋਂ ਗੁਰੂ ਜੀ ਦੀ ਪ੍ਰੀਖਿਆ ਦਾ ਹਵਾਲਾ ਹੈ। ਸਿੱਧਾਂ ਨੇ ਸੋਚਿਆ ਕਿ ਕਿਸੇ ਲਾਲਚ ਨਾਲ ਗੁਰੂ ਜੀ ਨੂੰ ਆਪਣੇ ਮਤ ਵਿਚ ਕਰ ਲਿਆ ਜਾਵੇ ਕਿਉਂਕਿ ਅਜੇਹਾ ਜੋਗੀ ਸਾਡੇ ਪੰਥ ਨੂੰ ਰੋਸ਼ਨ ਕਰ ਦੇਵੇਗਾ। ਤਦ ਨਾਥਾਂ ਨੇ ਗੁਰੂ ਜੀ ਨੂੰ ਤਲਾ ਤੋਂ ਪਾਣੀ ਲਿਆਉਣ ਲਈ ਲੋਟਾ ਦਿੱਤਾ ਤੇ ਉਥੇ ਤਲਾ ਵਿਚ ਗੁਰੂ ਜੀ ਦੇ ਭਰਮਾਉਣ ਲਈ ਰਤਨ ਜਵਾਹਰ ਭਰ ਦਿੱਤ। ਪਰ ਸਤਿਗੁਰ ਜੀ ਤਾਂ ਆਪ ਹੀ ਜਾਣੀ ਜਾਣ ਸਨ।

" ਕਿਹੜਾ ਝੱਲੇ ਗੁਰੂ ਦੀ ਝਾਲਾ"

ਅਨੁਸਾਰ ਗੁਰੂ ਜੀ ਨੂੰ ਹੀਰੇ ਜਵਾਹਰਾਤਾਂ ਦੀ ਜ਼ਰਾ ਵੀ ਚਾਹ ਨਾ ਫੁਰੀ। ਗੁਰੂ ਸਾਹਿਬਾਂ ਨੇ ਸਿੱਧਾਂ ਨੂੰ ਆ ਕੇ ਕਿਹਾ ਕਿ ਤਲਾ ਵਿਚ ਤਾਂ ਪਾਣੀ ਹੈ ਨਹੀਂ ਤਾਂ ਸਿੱਧ ਬੜੇ ਹੈਰਾਨ ਹੋਏ। ਫੇਰ ਸ਼ਬਦ ਦੀ ਚਰਚਾ ਹੋਈ ਤਾਂ ਗੁਰੂ ਜੀ ਨੇ ਸ਼ਬਦ ਨਾਲ ਸਿੱਧ ਮੰਡਲੀ ਜਿੱਤ ਲਈ ਤੇ ਆਪਣਾ ਪੰਥ ਨਿਰਾਲਾ ਕਰਕੇ ਉਨ੍ਹਾਂ ਨੂੰ ਵਿਖਾ ਦਿੱਤਾ ਕਿ

" ਕਲਿਜੁਗਿ ਨਾਨਕ ਨਾਮੁ ਸੁਖਾਲਾ "

ਅਨੁਸਾਰ ਕਲਿਜੁਗ ਵਿਚ ਸਤਿਗੁਰ ਦਾ ਦਸਿਆ ਨਾਮ ਹੀ ਸੁਖਾਂ ਦਾ ਘਰ ਹੈ।

ਬੱਤੀਵੀਂ ਪਉੜੀ:

ਇਸ ਪਉੜੀ ਵਿਚ ਭਾਈ ਗੁਰਦਾਸ ਜੀ ਗੁਰੂ ਜੀ ਦੀ ਮੱਕੇ ਦੀ ਯਾਤਰਾ ਦਾ ਜ਼ਿਕਰ ਕਰਦੇ ਹਨ ਕਿ ਗੁਰੂ ਜੀ ਮੱਕੇ ਦੇ ਮੌਲਵੀਆਂ ਦਾ ਹੰਕਾਰ ਤੋੜਨ ਲਈ ਉਨ੍ਹਾਂ ਦਾ ਹੀ ਭੇਖ ਧਾਰ ਕੇ ਨੀਲੇ ਕਪੜੇ ਪਹਿਨ ਕੇ, ਹੱਥ ਮਾਲਾ, ਕੱਛ ਵਿਚ ਕਿਤਾਬ, ਆਸਣ, ਨਮਾਜ਼ ਪੜ੍ਹਨ ਵਾਲਾ ਮੁਸੱਲਾ ਲੈ ਕੇ ਮੱਕੇ ਜਾ ਪੁੱਜੇ ਅਤੇ ਮਸੀਤ ਵਿਚ ਜਾਕੇ ਬੈਠ ਗਏ ਜਿਥੇ ਹਾਜੀਆਂ ਨੇ ਹੱਜ ਕਰਨਾ ਸੀ। ਜਦੋਂ ਰਾਤ ਪਈ ਤਾਂ ਬਾਬਾ ਜੀ ਮੱਕੇ ਵੱਲ ਪੈਰ ਕਰਕੇ ਸੌਂ ਗਏ। 'ਜੀਵਨ' ਮੁਲਾਂ ਨੇ ਗੁਰੂ ਜੀ ਦੇ ਲੱਤ ਮਾਰੀ ਤੇ ਕਿਹਾ ਕਿ ਕਿਹੜਾ ਟੱਗ ਇਥੇ ਸੁੱਤਾ ਹੈ, ਲੱਤਾਂ ਖੁਦਾ ਵਲ ਕੀਤੀਆਂ ਹਨ, ਕਿਉਂ ਪਾਪੀ ਹੋ ਕੇ ਲੰਮਾ ਪਿਆ ਹੈ। ਜਦੋਂ ਉਸ ਨੇ ਗੁਰੂ ਬਾਬੇ ਨੂੰ ਲੱਤ ਤੋਂ ਫੜ ਕੇ ਘਸੀਟਿਆ ਤਾਂ ਮੱਕਾ

ਵੀ ਨਾਲ ਹੀ ਫਿਰ ਗਿਆ। ਸਾਰੇ ਹੈਰਾਨ ਹੋ ਕੇ ਨਮਸਕਾਰਾਂ ਕਰਨ ਲੱਗੇ। ਸਾਰੇ ਮੁਲਾਣੇ ਗੁਰੂ ਦੀ ਸ਼ਰਨੀ ਹਿੱਗ ਪਏ ਅਤੇ ਪਰਮੇਸ਼ਰ ਦੇ ਭਾਣੇ ਉੱਪਰ ਭਰੋਸਾ ਕਰਨ ਲੱਗੇ।

ਤੇਤੀਵੀਂ ਪਉੜੀ:

ਤੇਤੀਵੀਂ ਪਉੜੀ ਵਿਚ ਭਾਈ ਸਾਹਿਬ ਜੀ ਮੱਕੇ ਦੇ ਕਾਜ਼ੀਆਂ ਨਾਲ ਗੁਰੂ ਜੀ ਦੇ ਪ੍ਰਸ਼ਨ ਉਤਰਾਂ ਦਾ ਹਵਾਲੇ ਦਿੰਦੇ ਹਨ ਕਿ ਜਦੋਂ ਗੁਰੂ ਜੀ ਦੇ ਫਿਰਨ ਨਾਲ ਮੱਕਾ ਵੀ ਨਾਲ ਫਿਰ ਗਿਆ ਤਾਂ ਸਾਰੇ ਹੈਰਾਨ ਹੋਏ ਇਕੱਠੇ ਹੋਏ ਅਤੇ ਗੁਰੂ ਜੀ ਨਾਲ ਸਵਾਲ ਜਵਾਬ ਕਰਨ ਲੱਗੇ ਤੇ ਗੁਰੂ ਜੀ ਤੋਂ ਮਜ਼੍ਹਬ ਬਾਰੇ ਪੁਛਣ ਲੱਗੇ ਕਿ ਈਸ਼ਵਰ ਨੇ ਐਡਾ ਵੱਡਾ ਪਸਾਰਾ ਵਰਤਾਇਆ ਹੈ ਕੋਈ ਵੀ ਉਸ ਦੀ ਕੁਦਰਤ ਦਾ ਥਾਹ ਨਹੀਂ ਪਾ ਸਕਦਾ। ਪੁਛਣ ਲੱਗੇ ਕਿ

" ਹਿੰਦੂ ਵੱਡਾ ਕਿ ਮੁਸਲਮਾਨੋਈ "। ਪਰ ਗੁਰੂ ਜੀ ਦਸਿਆ ਕਿ " ਸ਼ੁਭਿ ਅਮਲਾਂ ਬਾਝਹੁ ਦੋਨੋ ਰੋਈ" । ਚੰਗੇ ਕਰਮਾਂ ਤੋਂ ਬਿਨਾਂ ਪਰਮਾਤਮਾਂ ਦੀ ਦਰਗਾਹ ਵਿਚ ਪਰਮਪਦ ਪਰਾਪਤ ਨਹੀਂ ਕਰ ਸਕਦੇ। ਪਾਪ ਕਰਦੇ ਹੋਏ ਜ਼ਾਹਰੀ ਸੂਰਤਾਂ ਵਿਚ ਛੁਪਾ ਕੇ ਧਰਮੀ ਬਣਦੇ ਹਨ, ਪਰ ਇਹ ਰੰਗ ਨਹੀਂ ਰਹਿ ਸਕਦਾ ਜਿਸ ਤਰ੍ਹਾਂ ਕਸੁੰਭੇ ਦਾ ਰੰਗ ਕੱਚਾ ਹੋਣ ਕਰਕੇ ਉਤਰ ਜਾਂਦਾ ਹੈ। ਹਿੰਦੂ ਤੇ ਮੁਸਲਮਾਨ ਦੋਵੇਂ ਆਪੋ ਵਿਚ ਈਰਖਾ ਕਰਦੇ ਹਨ ਪਰ ਇਨ੍ਹਾਂ ਨੂੰ ਇਹ ਨਹੀਂ ਪਤਾ ਕਿ ਰਾਮ ਤੇ ਰਹੀਮ ਦੋਵਾਂ ਦਾ ਦਰਜਾ ਬਰਾਬਰ ਹੀ ਹੈ, ਝੂਠੇ ਰਸਤਿਆਂ ਤੇ ਦੁਨੀਆਂ ਭਟਕਦੀ ਫਿਰਦੀ ਹੈ। ਹਿੰਦੂ-ਮੁਸਲਮਾਨ ਦੋਵੇਂ ਹੀ ਸ਼ੈਤਾਨੀ ਦੇ ਰਸਤੇ ਤੇ ਚਲ ਰਹੇ ਹਨ।

ਚੌਤੀਵੀਂ ਪਉੜੀ:

ਚੌਤੀਵੀਂ ਪਉੜੀ ਵਿਚ ਭਾਈ ਗੁਰਦਾਸ ਜੀ ਦਸਦੇ ਹਨ ਕਿ ਗੁਰੂ ਜੀ ਨੇ ਮੱਕੇ ਵਿਚ ਕਾਜ਼ੀਆਂ ਨੂੰ ਹਰਾ ਕੇ ਆਪਣੀ ਪੂਜਾ ਕਰਵਾਈ ਅਤੇ ਉਥੇ ਆਪਣੀ ਖੜਾਂਵ ਨਿਸ਼ਾਨੀ ਰੱਖੀ। ਜਿਥੇ ਵੀ ਗੁਰੂ ਜੀ ਗਏ ਉਥੇ ਸਭ ਨੂੰ ਉਪਦੇਸ਼ ਦੀ ਵਰਖਾ ਕੀਤੀ। ਹਿੰਦੂ ਤੇ ਮੁਸਲਮਾਨ ਸਭ ਦਾ ਫਿਰਕੂਪੁਣਾ ਖਤਮ ਕਰਕੇ ਗੁਰੂ ਨਾਨਕ ਦੇਵ ਜੀ ਨੂੰ ਹੀ ਪੂਜਣ ਲਗ ਪਏ। ਰੋਸ਼ਨੀ ਦੇਣ ਵਾਲਾ ਗੁਰੂ ਰੂਪੀ ਸੂਰਜ ਹੁਣ ਛੁਪਾਇਆ ਹੋਇਆ ਨਹੀਂ ਛੁਪਦਾ। ਉਜਾੜ ਵਿਚ ਜਦ ਸ਼ੇਰ ਗਰਜਿਆ ਤਾਂ ਹਰਨਾਂ ਦੀ ਡਾਰ ਨੂੰ ਭਾਜੜ ਪੈ ਗਈ। ਜੇ ਕੋਈ ਚੰਦ ਦੀ ਚਾਨਣੀ ਨੂੰ ਲੁਕਾ ਦੇਣਾ ਚਾਹੇ ਤਾਂ ਉਹ ਲੁਕਦੀ ਨਹੀਂ। ਗੁਰੂ ਜੀ ਨੇ ਉਦਯ ਅਸਤ ਤਕ ਦੀ ਨੌ ਖੰਡ ਪ੍ਰਿਥਵੀ ਸਾਰੀ ਨਿਵਾ ਲਈ। ਜਗਤ ਵਿਚ ਸ਼ਕਤੀ ਵਰਤਾ ਦਿੱਤੀ।

ਪੈਂਤੀਵੀਂ ਪਉੜੀ:

ਇਸ ਪਉੜੀ ਵਿਚ ਭਾਈ ਸਾਹਿਬ ਗੁਰੂ ਨਾਨਕ ਦੇਵ ਜੀ ਦੀ ਬਗਦਾਦ ਫੇਰੀ ਦਾ ਜ਼ਿਕਰ ਕਰਦੇ ਹਨ ਕਿ ਜਦੋਂ ਗੁਰੂ ਨਾਨਕ ਜੀ ਮਹਾਰਾਜ ਬਗਦਾਦ ਗਏ ਤਾਂ ਉਨ੍ਹਾਂ ਦੇ ਨਾਲ ਮਰਦਾਨਾ ਰਬਾਬੀ ਵੀ ਸੀ ਅਤੇ ਉਨ੍ਹਾਂ ਨੇ ਬਾਹਰ ਹੀ ਆਸਣ ਲਗਾ ਲਏ। ਗੁਰੂ ਜੀ ਦੇ ਸਤਿਨਾਮ ਮੰਤਰ ਦੀ ਬਾਂਗ ਸੁਣ ਕੇ ਸਾਰਾ ਜਹਾਨ ਚੁੱਪ ਹੋ ਗਿਆ। ਨਗਰੀ ਵਿਚ ਵੀ ਮੌਨ ਵਰਤ ਗਈ ਅਤੇ ਉਥੋਂ ਦਾ ਪੀਰ ਪਰੇਸ਼ਾਨ ਹੋ ਗਿਆ। ਉਹ ਧਿਆਨ ਨਾਲ ਵੇਖਣ ਲੱਗਾ ਕਿ ਕੌਣ ਐਸਾ ਬੇਪਰਵਾਹ ਫਕੀਰ ਆਇਆ ਹੈ ਜਿਸ ਦਾ ਅਸਰ ਸਾਰੇ ਲੋਕਾਂ ਤੇ ਹੋ ਗਿਆ। ਉਹ ਪੁਛਣ ਲੱਗਾ ਕਿ ਤੈਨੂੰ ਕਿਹੜੇ ਗੁਰੂ ਨੇ ਭੇਖ ਦਿੱਤਾ ਹੈ ਤਾਂ ਮਰਦਾਨੇ ਨੇ ਜੁਆਬ ਦਿੱਤਾ ਕਿ ਇਹ ਗੁਰੂ ਨਾਨਕ ਕਲਿਜੁਗ ਵਿਚ ਰੱਬ ਦਾ **ਭੇਖੀ** ਆਇਆ ਹੈ। ਧਰਤੀ, ਅਕਾਸ਼ ਅਤੇ ਚਾਰੇ ਦਿਸ਼ਾਵਾਂ ਵਿਚ ਪ੍ਰਸਿੱਧ ਹੈ।

ਛੱਤੀਵੀਂ ਪਉੜੀ:

ਬਗਦਾਦ ਦੇ ਫਕੀਰ ਨੇ ਜਦ ਝਗੜਾ ਕਰਕੇ ਬਾਰੇ ਨਾਨਕ ਤੋਂ ਸਵਾਲ ਪੁੱਛੇ ਤਾਂ ਤਸੱਲੀ ਹੋਣ ਤੇ ਉਸ ਨੇ ਸਮਝਿਆ ਕਿ ਇਹ ਕੋਈ ਵੱਡਾ ਸ਼ਕਤੀਵਾਨ ਫਕੀਰ ਹੈ। ਪੀਰ ਨੇ ਸਵਾਲ ਕੀਤਾ ਕਿ ਕੋਈ ਤਿੰਨ ਲੋਕ ਅਕਾਸ਼, ਧਰਤੀ ਤੇ ਪਤਾਲ ਮੰਨਦੇ ਹਨ ਅਤੇ ਕਈ ਸੱਤ ਅਕਾਸ਼ ਤੇ ਸੱਤ ਪਤਾਲ ਦੱਸਦੇ ਹਨ ਪਰ ਆਪ ਲੱਖਾਂ ਪਤਾਲ ਅਤੇ ਲੱਖਾਂ ਅਕਾਸ਼ ਕਿਵੇਂ ਕਹਿੰਦੇ ਹੋ। ਫਿਰ ਫਕੀਰ ਕਹਿਣ ਲੱਗਾ ਜੇਕਰ ਸਾਨੂੰ ਲੱਖਾਂ ਅਕਾਸ਼ ਪਤਾਲ ਵਿਖਾਵੇ ਤਾਂ ਹੀ ਯਕੀਨ ਹੋ ਸਕਦਾ ਹਵੇ ਤਾਂ ਬਾਬਾ ਜੀ ਉਸ ਦੇ ਪੁਤਰ ਨੂੰ ਨਾਲ ਲੈ ਕੇ ਧੁਰ ਪਤਾਲ ਚਲੇ ਗਏ ਤੇ ਉਥੋਂ ਸਾਧ ਸੰਗਤ ਦੇ ਜੋੜ ਮੇਲ ਵਿਚੋਂ ਕੜਾਹ ਪ੍ਰਸ਼ਾਦ ਦਾ ਕੌਲ ਲਿਆਕੇ ਪੀਰ ਨੂੰ ਇਹ ਦਸਿਆ ਕਿ ਜਿਹੜੇ ਬਾਲਕ ਵਾਂਗੂੰ ਨਿਰ ਅਭਿਮਾਨ ਹੁੰਦੇ ਹਨ ਉਹ ਹੀ ਵੇਖ ਸਕਦੇ ਹਨ ਅਤੇ ਦੂਸਰਾ ਇਹ ਕਿ ਗੁਰੂ ਦੇ ਸ਼ਬਦ ਦਾ ਪ੍ਰਤਾਪ ਕਈ ਅਕਾਸ਼ਾਂ ਤੇ ਪਤਾਲਾਂ ਵਿਚ ਹੈ। ਰੱਬੀ ਸ਼ਕਤੀ ਛੁਪਾਈ ਨਹੀਂ ਛੁਪਦੀ

" ਜ਼ਾਹਰੀ ਕਲਾ ਨ ਛਪੈ ਛਪਾਈ। "

ਸੈਂਤੀਵੀਂ ਪਉੜੀ:

ਗੁਰੂ ਜੀ ਨੇ ਗੜ੍ਹ ਬਗਦਾਦ ਤੇ ਮੱਕੇ ਮਦੀਨੇ ਨੂੰ ਜਿੱਤ ਕੇ ਉਥੋਂ ਦੇ ਮੁਲਾਣਿਆਂ ਨੂੰ ਨਿਵਾ ਦਿੱਤਾ। ਚੌਰਾਸੀ ਸਿੱਧਾਂ, ਛੇ ਦਰਸ਼ਨਾਂ ਦੇ ਪਾਖੰਡਾਂ ਨੂੰ ਖੇਰੂੰ ਖੇਰੂੰ ਕਰ ਦਿੱਤਾ। ਅਕਾਸ਼ ਪਤਾਲ ਅਤੇ ਧਰਤੀ ਸਭ ਨੂੰ ਜਿੱਤ ਲਿਆ। ਨੌ ਖੰਡਾਂ ਦੀ ਧਰਤੀ ਉਤੇ ਸਤਿਨਾਮ ਦਾ ਅਜਿਹਾ ਚੱਕਰ ਚਲਾਇਆ ਕਿ ਦੇਵ ਦਾਨਵ ਸਾਰੇ ਹਾਰ ਕੇ ਸ਼ਰਨੀ ਆ ਪਏ। ਰਾਖਸ਼, ਦੈਤ, ਚਿਤ੍ਰ ਗੁਪਤ ਸਾਰਿਆਂ ਨੂੰ ਹੀ ਬਖਸ਼ਿਆ। ਇੰਦਰ ਦੇ

ਅਖਾੜੇ ਵਿਚ ਅਪੱਛਰਾਂ ਨੇ ਗੁਰੂ ਨਾਨਕ ਜੀ ਦੇ ਆਗਮਨ ਵਿਚ ਗੀਤ ਗਾਏ। ਇੰਦਰ ਦੇਵਤਿਆਂ ਦੇ ਦਰਬਾਰ ਖੁਸ਼ੀ ਹੋਈ ਤੇ ਉਥੇ ਰਾਗ ਤੇ ਰਾਗਨੀਆਂ ਖੁਸ਼ੀ ਦੇ ਸਾਜ਼ਿਆਂ ਤੇ ਵਜਾ ਰਹੀਆਂ ਹਨ ਕਿ ਗੁਰੂ ਨਾਨਕ ਜੀ ਨੇ ਸਤਿਨਾਮ ਦਾ ਚੌਰ ਸਾਰੇ ਝੁਲਾ ਦਿੱਤਾ ਹੈ ਅਤੇ ਗੁਰੂ ਨਾਨਕ 'ਕਲਿਤਾਰਨ' ਆਇਆ ਹੈ। ਹਿੰਦੂ ਤੇ ਮੁਸਲਮਾਨ ਸਾਰਿਆਂ ਨੇ ਗੁਰੂ ਜੀ ਅੱਗੇ ਸੀਸ ਨਿਵਾਇਆ। ਦ੍ਰਿਸ਼ਯ ਤੇ ਅਦ੍ਰਿਸ਼ਯ ਜਗਤ ਵਿਚ ਸਾਰੇ ਹੀ ਖੁਸ਼ੀ ਹੋਈ ਹੈ।

<u>ਅਠੱਤੀਵੀਂ ਪਉੜੀ:</u>

ਅਠੱਤੀਵੀਂ ਪਉੜੀ ਵਿਚ ਗੁਰੂ ਜੀ ਦੇ ਕਰਤਾਰਪੁਰ ਵਿਚ ਪ੍ਰਵੇਸ਼ ਕਰਨ ਦਾ ਜ਼ਿਕਰ ਹੈ ਕਿ ਗੁਰੂ ਜੀ ਨੇ ਤੁਰਤ ਫਿਰ ਕੇ ਸੰਸਾਰ ਨੂੰ ਤਾਰਿਆ ਅਤੇ ਫਿਰ ਕਰਤਾਰਪੁਰ ਵਿਚ ਬੈਠ ਕੇ ਸਤਿਸੰਗ ਦੀ ਰਸਮ ਤੋਰੀ ਅਤੇ ਉਦਾਸੀ ਦਾ ਭੇਖ ਉਤਾਰ ਦਿੱਤਾ ਅਤੇ ਸੰਸਾਰਕ ਚੀਜ਼ਾਂ ਵਿਚ ਵਿਚਰਨ ਲੱਗੇ। ਗੁਰੂ ਜੀ ਨੇ ਉਲਟੀ ਗੰਗਾ ਇਹ ਚਲਾ ਦਿੱਤਾ ਕਿ ਅੰਗਦ ਚੇਲੇ ਨੂੰ ਗੁਰੂ ਥਾਪ ਦਿੱਤਾ ਕਿਉਂਕਿ ਪੁਤਰਾਂ ਨੇ ਬਚਨ ਪੂਰਾ ਨਾ ਕੀਤਾ, ਮਨ ਖੋਟੇ ਹੋਣ ਕਰਕੇ ਤੰਗ ਆ ਗਏ। ਬਾਣੀ ਦਾ ਉਚਾਰਨ ਕੀਤਾ ਤਾਂ ਕਿ ਅਗਿਆਨ ਰੂਪੀ ਅੰਧੇਰਾ ਦੂਰ ਕਰਕੇ ਗਿਆਨ ਦਾ ਚਾਨਣ ਕਰਿਆ ਜਾਵੇ। ਗਿਆਨ ਗੋਸ਼ਟ ਅਤੇ ਚਰਚਾ ਹੋਣ ਲੱਗੀਆਂ ਅਤੇ ਇਕ ਰਸ ਸ਼ਬਦ ਦਾ ਉਚਾਰਨ ਹੋਣ ਲੱਗਾ। ਸੰਧਿਆ ਵੇਲੇ ਰਹਿਰਾਸ ਤੇ ਆਰਤੀ ਗਾਈ ਜਾਵੇ ਅਤੇ ਅੰਮ੍ਰਿਤ ਵੇਲੇ ਜਪੁਜੀ ਦਾ ਪਾਠ ਹੋਣ ਲੱਗਾ। ਗੁਰਮੁਖਾਂ ਨੇ ਗੁਰੂ ਤੇ ਭਰੋਸਾ ਕੀਤਾ ਅਤੇ ਅਥਰਬਣ ਵੇਦ ਦਾ ਭਾਰ ਲਾਹ ਦਿੱਤਾ ਅਤੇ ਗੁਰੂ ਬਾਣੀ ਉਪਰ ਭਰੋਸਾ ਕੀਤਾ।

<u>ਉਨਤਾਲੀਵੀਂ ਪਉੜੀ:</u>

ਇਸ ਪਉੜੀ ਵਿਚ ਅਚਲ ਵਟਾਲੇ ਸ਼ਿਵਰਾਤ੍ਰੀ ਦੇ ਮੇਲੇ ਤੇ ਜੋਗੀਆਂ ਨਾਲ ਹੋਈ ਗਲਬਾਤ ਦਾ ਜ਼ਿਕਰ ਹੈ। ਗੁਰੂ ਜੀ ਵੀ ਸ਼ਿਵਰਾਤ੍ਰੀ ਦਾ ਮੇਲਾ ਸੁਣ ਕੇ ਅਚਲਵਟਾਲੇ ਆਏ ਅਤੇ ਗੁਰੂ ਸਾਹਿਬ ਦੇ ਆਇਆਂ ਦੀ ਧੁੰਨ ਸੁਣ ਕੇ ਸਾਰੀ ਸੰਗਤ ਗੁਰੂ ਮਹਾਰਾਜ ਦੇ ਦਰਸ਼ਨ ਕਰਨ ਆਈ। ਮਾਇਆ ਦੀ ਖੂਬ ਵਰਖਾ ਹੋਣ ਲੱਗੀ ਅਤੇ ਰਿਧਾਂ, ਸਿਧਾਂ ਅਤੇ ਨੌ ਨਿਧਾਂ ਦਿਨੋਂ ਦਿਨ ਵਧੀਕ ਹੋਣ ਲੱਗੀਆਂ। ਜੋਗੀਆਂ ਨੇ ਇਸ ਕੌਤਕ ਨੂੰ ਵੇਖ ਕੇ ਬਹੁਤ ਗੁੱਸਾ ਖਾਧਾ ਅਤੇ ਆਪਣੀ ਕਰਾਮਾਤ ਨਾਲ ਗੁਰੂ ਜੀ ਦਾ ਮਾਇਆ ਵਾਲਾ ਲੋਟਾ ਛੁਪਾ ਲਿਆ। ਜੋਗੀਆਂ ਨੂੰ ਆਪਣੀ ਭਗਤੀ ਭੁਲ ਗਈ ਅਤੇ ਉਨ੍ਹਾਂ ਦੀ ਸੁਰਤ ਮਾਇਆ ਦੇ ਲੋਟੇ ਵਿਚ ਹੀ ਲਗ ਗਈ। ਅੰਤਰਜਾਮੀ ਗੁਰੂ ਬਾਬੇ ਨੇ ਜੋਗੀਆਂ ਦਾ ਲੁਕਾਇਆ ਹੋਇਆ ਲੋਟਾ ਕੱਢ ਲਿਆ ਇਸ ਨਾਲ ਉਹ ਹੋਰ ਵੀ

ਐਥੇ ਹੋਣ ਲੱਗ ਪਏ।

ਚਾਲੀਵੀਂ ਪਉੜੀ:

ਸਿੱਧ ਈਰਖਾ ਖਾ ਕੇ ਗੁਰੂ ਜੀ ਨਾਲ ਵਾਦ-ਵਿਵਾਦ ਕਰਨ ਲਈ ਆ ਗਏ। ਭੰਗਰਨਾਥ ਗੁਰੂ ਜੀ ਨੂੰ ਕਹਿਣ ਲੱਗਾ ਕਿ ਤੂੰ ਦੁੱਧ ਵਿਚ ਕਾਂਜੀ ਕਿਉਂ ਪਾਈ ਹੈ ਹੁਣ ਤਾਂ ਦੁੱਧ ਦਾ ਮਟਕਾ ਹੀ ਫਿੱਟ ਗਿਆ ਹੈ ਰਿੜਕਨ ਨਾਲ ਮੱਖਣ ਕੀ ਨਿਕਲਨਾ ਹੈ। ਪਹਿਲਾਂ ਉਦਾਸੀ ਦਾ ਭੇਖ ਬਣਾਇਆ ਅਤੇ ਹੁਣ ਸੰਸਾਰੀ ਰੀਤ ਕਿਉਂ ਚਲਾਈ ਹੈ। ਗੁਰੂ ਸਾਹਿਬ ਬੋਲੇ ਭੰਗਰਨਾਥ ਤੇਰੀ ਮਾਂ ਕੁਚੱਜੀ ਸੀ ਅਰਥਾਤ ਤੇਰੀ ਬੁੱਧੀ ਖਰਾਬ ਹੈ। ਉਸ ਨੇ ਹਿਰਦੇ ਦਾ ਭਾਂਡਾ ਨਹੀਂ ਜਾਣਿਆ ਭੇਖ ਰੂਪੀ ਕੁਚੱਜੇ ਭਾਉ ਨਾਲ ਦੁੱਧ ਨੂੰ ਸਾੜ ਬੈਠੀ ਹੈ। ਵਿਰਕਤ ਹੋਕੇ ਗ੍ਰਹਿਸਤ ਨੂੰ ਛੱਡ ਕੇ ਫੇਰ ਉਨ੍ਹਾਂ ਸੰਸਾਰੀਆਂ ਦੇ ਘਰ ਮੰਗਣ ਜਾਂਦੇ ਹੋ ਅਤੇ ਉਦਾਂ ਗ੍ਰਹਿਸਤੀਆਂ ਦੀ ਨਿੰਦਾ ਕਰਦੇ ਹੋ। ਸੋ ਦਿੱਤੇ ਤੋਂ ਬਿਨਾਂ ਕਿਸੇ ਨੂੰ ਕੁਝ ਨਹੀਂ ਮਿਲਦਾ।

" ਬਿਨ ਦਿਤੇ ਕਛੁ ਹਥਿ ਨ ਆਈ। "

ਇਕਤਾਲੀਵੀਂ ਪਉੜੀ:

ਇਹ ਸੁਣ ਕੇ ਸਿੱਧਾਂ ਨੇ ਕਰਾਮਾਤਾਂ ਦਿਖਾਉਣੀਆਂ ਸ਼ੁਰੂ ਕਰ ਦਿੱਤੀਆਂ। ਤੰਤਰਾਂ ਮੰਤਰਾਂ ਦੀਆਂ ਧੁਨੀਆਂ ਲਾ ਕੇ ਸਭ ਔਖਧੀਆਂ ਦਸਣ ਲੱਗੇ। ਜੋਗੀਆਂ ਨੇ ਆਪਣਾ ਰੂਪ ਸ਼ੇਰਾਂ, ਬਘਿਆੜਾਂ ਵਿਚ ਵਟਾ ਲਿਆ। ਇਕ ਜੋਗੀ ਖੰਭ ਲਾ ਕੇ ਉਡਣ ਲੱਗ ਪਿਆ ਜਿਸ ਤਰ੍ਹਾਂ ਪੰਛੀ ਅਕਾਸ਼ ਵਿਚ ਉਡਾਰੀਆਂ ਲਾਉਂਦੇ ਹਨ। ਇਕ ਸੱਪ ਬਣ ਕੇ ਫੁਕਾਰੇ ਮਾਰਨ ਲੱਗਾ, ਇਕ ਨੇ ਅੱਗ ਦੀ ਵਰਖਾ ਕਰਨੀ ਸ਼ੁਰੂ ਕਰ ਦਿੱਤੀ। ਭੰਗਰਨਾਥ ਨੇ ਤਾਰੇ ਤੋੜਨੇ ਸ਼ੁਰੂ ਕਰ ਦਿੱਤੇ ਅਤੇ ਇਕ ਹੋਰ ਮਿਰਗਾਨੀਆਂ ਉਪਰ ਚੜ੍ਹ ਕੇ ਤਰਨ ਲੱਗਾ। ਸਿੱਧਾਂ ਦੇ ਕਰੋਧ ਦੀ ਅੱਗ ਬੁਝਾਈ ਹੋਈ ਬੁਝਦੀ ਨਹੀਂ ਸੀ ਅਰਥਾਤ ਅਨੇਕ ਪ੍ਰਕਾਰ ਦੇ ਨਾਟਕ ਚੇਟਕ ਕਰਕੇ ਸਿੱਧਾਂ ਨੇ ਗੁਰੂ ਜੀ ਨੂੰ ਭਰਮਾਉਣਾ ਚਾਹਿਆ ਪਰ ਸੱਚੇ ਗੁਰੂ ਅੱਗੇ ਸਿੱਧਾਂ ਦੀ ਕੋਈ ਪੇਸ਼ ਨਹੀਂ ਗਈ।

ਬਿਆਲੀਵੀਂ ਪਉੜੀ:

ਸੋ ਸਿੱਧ ਆਪਣੀਆਂ ਕਰਾਮਾਤਾਂ ਦਿਖਾ ਕੇ ਗੁਰੂ ਜੀ ਤੋਂ ਕਰਾਮਾਤ ਮੰਗਣ ਲੱਗੇ ਕਿਉਂਕਿ ਉਹ ਲੋਕ ਕਰਾਮਾਤ ਨੂੰ ਵੱਡੀ ਗੱਲ ਸਮਝਦੇ ਸਨ। ਗੁਰੂ ਜੀ ਨੂੰ ਕਹਿਣ ਲੱਗੇ ਕਿ ਤੂੰ ਜਗਤ ਨੂੰ ਕਰਾਮਾਤ ਦੱਸੀ ਹੈ। ਸਾਨੂੰ ਵੀ ਕੋਈ ਕਰਾਮਾਤ ਦਸ ਢਿਲ ਕਾਹਨੂੰ ਲਾ ਛੱਡੀ ਹੈ। ਗੁਰੂ ਜੀ ਕਹਿਣ ਲੱਗੇ ਕਿ ਸਾਡੇ ਧਿਆਨ ਵਿਚ ਤਾਂ ਜੋਗੀ ਕੋਈ ਵਸਤ ਨਹੀਂ ਹੈ। ਗੁਰੂ ਦੀ ਸੰਗਤ ਤੋਂ ਬਾਣੀ ਤੋਂ ਬਿਨਾਂ ਹੋਰ ਕੋਈ ਆਸਰਾ ਨਹੀਂ ਹੈ। ਗੁਰੂ ਹੀ ਕਲਿਆਣ

ਰੂਪ ਕਰਤਾ ਪੁਰਖ ਹੈ। ਸਿੱਧ ਜੰਤਰ ਮੰਤਰ ਕਰਕੇ ਹਾਰ ਗਏ ਪਰ ਗੁਰੂ ਜੀ ਦੇ ਸ਼ਬਦ ਅੱਗੇ ਉਨ੍ਹਾਂ ਦੀ ਕੋਈ ਪੇਸ਼ ਨਹੀਂ ਚੱਲੀ। ਦਾਤਾ ਗੁਰੂ ਆਪ ਹੀ ਹੈ ਅਤੇ ਉਸ ਦੀ ਕੀਮਤ ਅਜ ਤਕ ਕਿਸੇ ਨੇ ਵੀ ਨਹੀਂ ਪਾਈ। ਫਿਰ ਉਹ ਦੀਨ ਹੋ ਕੇ ਸਤਿਗੁਰ ਨਾਨਕ ਦੀ ਸ਼ਰਨੀ ਪੈ ਗਏ।

ਤਰਤਾਲੀਵੀਂ ਪਉੜੀ:

ਇਸ ਪਉੜੀ ਵਿਚ ਗੁਰੂ ਜੀ ਸਿੱਧਾਂ ਨੂੰ ਸਮਝਾਉਂਦੇ ਹਨ ਕਿ ਮੇਰਾ ਸੱਚਾ ਬਚਨ ਇਹ ਹੈ ਕਿ ਸਚੇ ਨਾਮ ਤੋਂ ਬਿਨਾਂ ਹੋਰ ਕਰਾਮਾਤਾਂ ਸਾਡੇ ਕੋਲ ਨਹੀਂ ਹਨ। ਕਪੜੇ ਅੱਗ ਦੇ ਪਹਿਨਾ, ਹਿਮਾਲਾ ਵਿਚ ਬਰਫ ਦੇ ਮੰਦਰ ਬਣਾ ਕੇ ਜਾ ਰਹਾਂ, ਰਸੋਈ ਲੋਹੇ ਦੀ ਕਰਾਂ ਤੇ ਸਾਰੀ ਧਾਰਤੀ ਨੂੰ ਨੱਥ ਕੇ ਚਲਾਵਾਂ। ਐਨਾ ਪਾਸਾਰ ਕਰਾਂ ਕੇ ਸਾਰੀ ਧਾਰਤੀ ਮੇਰੇ ਅੱਗੇ ਲਗ ਤੁਰੇ। ਧਰਤੀ ਅਤੇ ਆਕਾਸ਼ ਨੂੰ ਤੋਲ ਵੇਖਾਂ। ਐਨੀ ਤਾਕਤ ਆਪਣੇ ਵਿਚ ਰਖਾਂ ਕਿ ਜੋ ਮਰਜ਼ੀ ਕਰਵਾ ਲਵਾਂ ਪਰ ਫਿਰ ਵੀ ਇਹ ਸਾਰਾ ਕੁਝ ਸਤਿਨਾਮ ਤੋਂ ਬਿਨਾਂ ਬੱਦਲ ਦੀ ਛਾਂ ਵਾਂਗ ਹੈ। ਇਥੇ ਭਾਈ ਸਾਹਿਬ ਨੇ ਗੁਰੂ ਨਾਨਕ ਜੀ ਦਾ 'ਮੋਤੀ ਤਾਂ ਮੰਦਰ ਉਸਰਹਿ' ਵਾਲੇ ਸ਼ਬਦ ਦਾ ਹੀ ਵੇਰਵਾ ਲਿਆ ਹੈ। ਗੁਰੂ ਜੀ ਫੁਰਮਾਉਂਦੇ ਹਨ ਕਿ ਸਿੱਧੀਆਂ ਦੇ ਬਲ ਕੁਛ ਨਹੀਂ, ਇਹ ਵਾਹਿਗੁਰੂ ਤੋਂ ਮੋੜ ਕੇ ਹਉਮੈਂ ਵਿਚ ਫਸਾਉਂਦੇ ਹਨ, ਸਤਿਨਾਮ ਵਡੀ ਕਰਾਮਾਤ ਹੈ, ਜੋ ਹਉਮੈਂ ਤੋਂ ਛੁਟਕਾਰਾ ਦਿੰਦੀ ਹੈ।

ਚੁਤਾਲੀਵੀਂ ਪਉੜੀ:

ਗੁਰੂ ਜੀ ਨੇ ਸਿੱਧਾਂ ਨਾਲ ਚਰਚਾ ਕਰਕੇ ਉਨ੍ਹਾਂ ਨੂੰ ਸਿੱਧੇ ਰਸਤੇ ਪਾ ਕੇ ਸ਼ਾਂਤ ਕੀਤਾ। ਸ਼ਿਵਰਾਤ੍ਰੀ ਦੇ ਮੇਲੇ ਵਿਚ ਗੁਰੂ ਨਾਨਕ ਜੀ ਨੇ ਜਿੱਤ ਪਰਾਪਤ ਕੀਤੀ ਅਤੇ ਛੇ ਦਰਸ਼ਨਾਂ ਨੇ ਗੁਰੂ ਜੀ ਨੂੰ ਨਮਸਕਾਰ ਕੀਤੀ। ਸਾਰੇ ਸਿੱਧ ਗੁਰੂ ਨਾਨਕ ਜੀ ਦੀ ਵਡਿਆਈ ਦੇ ਸ਼ਬਦ ਉਚਾਰਨ ਲੱਗੇ ਕਿ ਵੱਡੇ ਪੁਰਖ ਨੇ ਕਲਿਜੁਗ ਵਿਚ ਗਿਆਨ ਦੀ ਜੋਤ ਜਗਾਈ ਹੈ। ਅਚਲ ਦੇ ਮੇਲੇ ਤੋਂ ਚਲ ਕੇ ਗੁਰੂ ਜੀ ਮੁਲਤਾਨ ਦੀ ਯਾਤਰਾ ਲਈ ਚਲ ਪਏ ਅੱਗੋਂ ਮੁਲਤਾਨ ਦੇ ਪੀਰ ਦੁੱਧ ਦਾ ਕਟੋਰਾ ਭਰ ਕੇ ਲੈ ਆਏ। ਬਾਬੇ ਨੇ ਇਕ ਚੰਬੇਲੀ ਦਾ ਫੁਲ ਦੁੱਧ ਉਪਰ ਰਖ ਦਿੱਤਾ। ਪੀਰਾਂ ਦਾ ਮਤਲਬ ਸੀ ਕਿ ਇਥੇ ਤਾਂ ਅੱਗੇ ਹੀ ਪੀਰ ਬਹੁਤ ਹਨ ਤੂੰ ਕਿਸ ਤਰ੍ਹਾਂ ਰਹੇਂਗਾ ਤਾਂ ਗੁਰੂ ਨਾਨਕ ਜੀ ਨੇ ਦਸਿਆ ਕਿ ਫੁਲ ਵਾਂਗਰ ਰਹਾਂਗੇ ਅਤੇ ਨਾਮ ਦੀ ਖੁਸ਼ਬੋਈ ਲਾਉਣ ਆਏ ਹਾਂ ਜਾਂ ਜਿਵੇਂ ਗੰਗਾ ਸਮੁੰਦਰ ਵਿਚ ਪੈਂਦੀ ਅਗਲੇ ਪਾਣੀ ਨਾਲ ਵਿਰੋਧ ਨਹੀਂ ਕਰਦੀ।

ਪੰਤਾਲੀਵੀਂ ਪਉੜੀ:

ਮੁਲਤਾਨ ਦੀ ਯਾਤਰਾ ਕਰਕੇ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਆਏ। ਗੁਰੂ ਦੀ ਦਿਨੋਂ ਦਿਨ ਸ਼ੋਭਾ ਵਧਣ ਲੱਗੀ। ਇਸ ਲਈ ਕਿ ਗੁਰੂ ਜੀ ਨੇ ਲੋਕਾਂ ਤੋਂ ਨਾਮ ਦਾ ਜਾਪ ਕਰਾਇਆ। ਨਾਮ ਤੋਂ ਬਿਨਾਂ ਹੋਰ ਸਭ ਦੁਨਿਆਵੀ ਪਦਾਰਥ ਕਸ਼ਟ ਪੈਦਾ ਕਰਦੇ ਹਨ। ਸਾਰੇ ਜਗਤ ਵਿਚ ਹੁਕਮ ਦਾ ਸਿੱਕਾ ਵਰਤਾਇਆ ਅਤੇ ਹਉਮੈਂ ਤੋਂ ਬਿਨਾਂ ਪੰਥ ਤੋਰਿਆ। ਲਹਿਣੇ ਨੂੰ ਆਪਣੇ ਜਿਉਂਦੇ ਜੀਅ ਗੁਰਿਆਈ ਬਖਸ਼ੀ ਆਪਣੀ ਜੋਤ ਉਸ ਵਿਚ ਬਦਲ ਦਿੱਤੀ। ਇਸ ਭੇਤ ਨੂੰ ਕੋਈ ਵੀ ਜਾਣ ਨਹੀਂ ਸਕਿਆ ਕਿ ਸਰੀਰ ਨੂੰ ਪਲਟ ਕੇ ਗੁਰੂ ਅੰਗਦ ਦਾ ਸਰੂਪ ਆਪਣੇ ਵਰਗਾ ਬਣਾ ਦਿੱਤਾ।

ਛਿਆਲੀਵੀਂ ਪਉੜੀ:

ਇਸ ਪਉੜੀ ਵਿਚ ਦਸਿਆ ਹੈ ਕਿ ਜਦੋਂ ਉਹ ਹੀ ਪਦਵੀ ਗੁਰੂ ਅੰਗਦ ਦੇਵ ਜੀ ਨੂੰ ਮਿਲੀ,ਉਹ ਹੀ ਛਤਰ ਉਨ੍ਹਾਂ ਦੇ ਸਿਰ ਤੇ ਝੂਲਣ ਲੱਗਾ ਤਾਂ ਗੁਰੂ ਅੰਗਦ ਦੇਵ ਜੀ ਦੀ ਵੀ ਉਸੇ ਤਰ੍ਹਾਂ ਹੀ ਜਗਤ ਵਿਚ ਵਡਿਆਈ ਹੋਣ ਲਗ ਪਈ। ਪਰ ਅੰਗਦ ਸਾਹਿਬ ਕਰਤਾਰਪੁਰ ਤੋਂ ਚਲੇ ਗਏ ਅਤੇ ਖਡੂਰ ਵਿਚ ਜਾਕੇ ਗੁਰੂ ਅਮਰਦਾਸ ਜੀ ਨੂੰ ਗੁਰੂ ਨਾਨਕ ਸਾਹਿਬ ਦੀ ਗੱਦੀ ਸੌਂਪ ਦਿੱਤੀ ਤੇ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਵਸਾਇਆ।

ਸੰਤਾਲੀਵੀਂ ਪਉੜੀ:

ਜੋ ਜਿਸ ਚੀਜ਼ ਦੇ ਯੋਗ ਹੋਵੇ ਉਹ ਉਸ ਨੂੰ ਮਿਲ ਜਾਂਦੀ ਹੈ। ਗੁਰੂ ਰਾਮਦਾਸ ਜੀ ਸੋਢੀ ਜ਼ਾਤ ਦੇ ਸਨ ਪਰ ਗੁਰ ਗੱਦੀ ਉਤੇ ਬੈਠ ਕੇ ਸਤਿਗੁਰੂ ਰਾਮਦਾਸ ਅਖਵਾਉਣ ਲੱਗੇ। ਉਨ੍ਹਾਂ ਨੇ ਅੰਮ੍ਰਿਤਸਰ ਵਿਚ ਸਰੋਵਰ ਖੁਦਵਾਇਆ। ਜੋ ਪਰਮਾਤਮਾਂ ਨੂੰ ਚੰਗਾ ਲਗਦਾ ਹੈ ਉਹ ਹੀ ਹੁੰਦਾ ਹੈ। ਪਾਰਬ੍ਰਹਮ ਦੇ ਹੁਕਮ ਨਾਲ ਗੁਰਗੱਦੀ ਘਰ ਵਿਚ ਹੀ ਗੁਰੂ ਅਰਜਨ ਜੀ ਮਹਾਰਾਜ ਨੂੰ ਮਿਲ ਗਈ ਕਿਉਂਕਿ ਮਾਤਾ ਭਾਨੀ ਜੀ ਨੇ ਪਿਤਾ ਗੁਰੂ ਅਮਰਦਾਸ ਜੀ ਤੋਂ ਵਚਨ ਲਿਆ ਸੀ।

ਅਠਤਾਲੀਵੀਂ ਪਉੜੀ:

ਗੁਰੂ ਹਰਗੋਬਿੰਦ ਜੀ ਤੋਂ ਪਹਿਲਾਂ ਪੰਜ ਗੁਰੂ ਸਾਹਿਬਾਨ ਹੋ ਚੁੱਕੇ ਸਨ ਅਤੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਸਨ। ਜਿਸ ਤਰ੍ਹਾਂ ਗੁਰੂ ਅਰਜਨ ਜੀ ਹੀ ਹਰਿ ਗੋਬਿੰਦ ਜੀ ਦਾ ਸਰੂਪ ਬਣ ਕੇ ਆ ਗਏ ਸਨ, ਇਸ ਤਰ੍ਹਾਂ ਸੋਢੀਆਂ ਦੀ ਹੀ ਪੀੜ੍ਹੀ ਚਲ ਪਈ। ਛੇਵੇਂ ਗੁਰੂ ਸਾਹਿਬ ਵੈਰੀਆਂ ਨੂੰ ਖਤਮ ਕਰਨ ਵਾਲੇ ਸਨ ਅਤੇ ਮਹਾਨ

ਯੋਧਾ ਸਨ। ਸਿਖ ਗੁਰੂ ਸਾਹਿਬ ਤੋਂ ਪੁਛਦੇ ਹਨ ਕਿ ਛੇ ਗੁਰੂ ਸਾਹਿਬਾਨ ਤਾਂ ਅਸੀਂ ਦੇਖੇ ਹਨ ਹੋਰ ਕਿੰਨੇ ਹੋਣਗੇ ਤਾਂ ਘਟਿ ਘਟਿ ਦੇ ਜਾਨਣਹਾਰ ਗੁਰੂ ਬੋਲੇ ਕਿ ਸਤਿਗੁਰ ਅਵਤਾਰੀ ਰੂਪ ਚਾਰ ਹੋਰ ਧਾਰੇਗਾ ਪਰ ਸੋਢੀ ਵੰਸ਼ ਦਾ ਕੋਈ ਅੰਤ ਨਹੀਂ ਹੋਵੇਗਾ।

<u>ਉਣੰਜਵੀਂ ਪਉੜੀ:</u>

ਪਉੜੀ ਨੰਬਰ 49 ਵਿਚ 'ਵਾਹਿਗੁਰੂ' ਸ਼ਬਦ ਦੀ ਬਨਾਵਟ ਦਸੀ ਹੈ ਕਿ ਸਤਿਜੁਗ ਵਿਚ ਵਾਸਦੇਵ ਦਾ ਅਵਤਾਰ ਹੋਇਆ ਉਥੋਂ 'ਵ' ਲਿਆ। ਦੁਆਪਰ ਵਿਚ ਹਰੀ ਕ੍ਰਿਸ਼ਨ ਤੋਂ 'ਹ' ਲਿਆ। ਲੋਕ ਹਰਿ ਹਰਿ ਦਾ ਨਾਮ ਜਪਣ ਲੱਗੇ। ਤ੍ਰੇਤੇ ਯੁਗ ਵਿਚ ਰਾਮ ਚੰਦਰ ਜੀ ਨੇ ਅਵਤਾਰ ਧਾਰਿਆ ਉਥੋਂ 'ਰ' ਸ਼ਬਦ ਲਿਆ ਅਤੇ ਕਲਜੁਗ ਵਿਚ ਗੁਰੂ ਗੋਬਿੰਦ ਜੀ ਤੋਂ 'ਗ' ਸ਼ਬਦ ਲੈ ਕੇ ਵਾਹਿਗੁਰੂ ਦੀ ਸਥਾਪਨਾ ਹੋਈ।

## ਤਤਕਰਾ

**ਕਾਂਡ ਚੌਥਾ**

ਇਸ ਵਾਰ ਵਿਚ ਦਿੱਤੀ ਗੁਰੂ ਨਾਨਕ ਦੀ ਜੀਵਨੀ ਦਾ ਆਲੋਚਨਾਤਮਕ ਅਧਿਐਨ = 73-92

| | | | |
|---|---|---|---|
| 1. | ਸੁਮੇਰ ਪਰਬਤ ਦੀ ਯਾਤਰਾ | ... | ੭੯ |
| 2. | ਮੱਕੇ ਦੀ ਯਾਤਰਾ | ... | ੮੦ - ੮੧ |
| 3. | ਬਗਦਾਦ ਗਮਨ | ... | ੮੧ - ੮੨ |
| 4. | ਸ਼ਿਵਰਾਤ੍ਰੀ ਦਾ ਮੇਲਾ | ... | ੮੨ |
| 5. | ਮੁਲਤਾਨ ਦੀ ਯਾਤਰਾ | ... | ੮੩ - ੮੫ |
| 6. | ਕਰਾਮਾਤਾਂ | ... | ੮੫ - ੮੬ |
| 7. | ਗੁਰੂ ਨਾਨਕ ਦੇਵ ਜੀ ਦੀ ਸ਼ਖਸੀਅਤ | ... | ੮੬ - ੯੨ |

ਭਾਈ ਗੁਰਦਾਸ ਜੀ ਦੁਆਰਾ ਰਚਿਤ ਵਾਰਾਂ ਵਿਚ ਪ੍ਰਯੁਕਤ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਦਾ ਆਲੋਚਨਾਤਮਕ ਅਧਿਐਨ ਕਰਨ ਤੋਂ ਪਹਿਲਾਂ ਸਾਨੂੰ ਪੁਰਾਤਨ ਪੰਜਾਬੀ ਵਾਰਤਕ ਵਿਚ ਗੁਰੂ ਨਾਨਕ ਜੀ ਦੀ ਜੀਵਨੀ ਸਬੰਧੀ ਮਿਲਦੀਆਂ ਜਨਮ ਸਾਖੀਆਂ ਉਤੇ ਸੰਖੇਪ ਝਾਤ ਮਾਰ ਲੈਣੀ ਚਾਹੀਦੀ ਹੈ।

ਗੁਰੂ ਨਾਨਕ ਦੇਵ ਜੀ ਦੇ ਜੀਵਨ ਸਬੰਧ ਨਿਮਨ ਲਿਖਤ ਜਨਮ-ਸਾਖੀਆਂ ਸਾਨੂੰ ਪ੍ਰਾਪਤ ਹਨ:-

1. ਪੁਰਾਤਨ ਜਨਮਸਾਖੀ
2. ਸਚ ਖੰਡ ਪੋਥੀ(ਮਿਹਰਬਾਨ ਰਚਿਤ)
3. ਭਾਈ ਬਾਲੇ ਵਾਲੀ ਜਨਮ ਸਾਖੀ
4. ਗਿਆਨ ਰਤਨਾਵਲੀ

ਉਪਰ ਦੀਆਂ ਜਨਮ ਸਾਖੀਆਂ ਵਿਚ ਸਾਖੀਆਂ ਦਾ ਵੇਰਵਾ ਤੇ ਗਿਣਤੀ ਭਿੰਨ ਭਿੰਨ ਹੈ। 'ਪੁਰਾਤਨ ਜਨਮਸਾਖੀ' ਵਿਚ ਕੁਲ 57 ਸਾਖੀਆਂ ਹਨ। 'ਸਚਖੰਡ ਪੋਥੀ' ਵਿਚ ਸਾਖੀਕਾਰ ਦਾ ਵਧੇਰੇ ਜੋਰ, ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਪਰਮਾਰਥ ਲਿਖਣ ਉਤੇ ਹੈ। ਇਨ੍ਹਾਂ ਪਰਮਾਰਥਾਂ ਦੀ ਪ੍ਰਿਸ਼ਟ ਭੂਮੀ ਵਜੋਂ ਕਰਤਾ ਨੇ ਬਹੁਤ ਸਾਰੀਆਂ ਸਾਖੀਆਂ ਵੀ ਲਿਖੀਆਂ ਹਨ। ਇਸ ਦੇ ਪਹਿਲੇ ਭਾਗ ਵਿਚ ਆਈਆਂ ਗੋਸ਼ਟਾਂ ਦੀ ਗਿਣਤੀ 153 ਹੈ। ਭਾਈ ਬਾਲੇ ਵਾਲੀ ਜਨਮਸਾਖੀ ਦੀ ਛੋਟੀ ਤੋਂ ਛੋਟੀ ਸੈਂਚੀ ਵਿਚ 75 ਤੋਂ ਵੱਧ ਸਾਖੀਆਂ ਮਿਲਦੀਆਂ ਹਨ। ਇਸੇ ਤਰ੍ਹਾਂ ਗਿਆਨ ਰਤਨਾਵਲੀ ਨੂੰ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦਾ ਵਾਰਤਕ ਰੂਪ ਕਿਹਾ ਜਾਂਦਾ ਹੈ। ਇਸ ਵਿਚ ਤਿੰਨੇ ਜਨਮਸਾਖੀਆਂ ਵਿਚੋਂ ਘੱਟ ਜਾਂ ਵੱਧ ਗਿਣਤੀਆਂ ਵਿਚ ਕੁਝ ਸਾਖੀਆਂ ਲੈ ਕੇ ਵੀ ਦਰਜ ਕੀਤੀਆਂ ਗਈਆਂ ਹਨ। ਕੁਲ ਸਾਖੀਆਂ ਦੀ ਗਿਣਤੀ 229 ਤਕ ਪਹੁੰਚਦੀ ਹੈ। ਇਨ੍ਹਾਂ ਜਨਮਸਾਖੀਆਂ ਵਿਚ ਬਹੁਤ ਸਾਰੀਆਂ ਅਜਿਹੀਆਂ ਸਾਖੀਆਂ ਮਿਲਦੀਆਂ ਹਨ ਜਿਹੜੀਆਂ 'ਤੱਥ ਅਤੇ ਸੱਚ' ਦੀ ਕਸਵੱਟੀ ਤੇ ਪੂਰੀਆਂ ਨਹੀਂ ਉਤਰਦੀਆਂ। ਬਹੁਤ ਸਾਰੀਆਂ ਐਸੀਆਂ ਘਟਨਾਵਾਂ ਵੀ ਮਿਲਦੀਆਂ ਹਨ ਜਿਹੜੀਆਂ ਇਤਿਹਾਸਕ ਪੱਖ ਤੋਂ ਠੀਕ ਨਹੀਂ ਜਾਪਦੀਆਂ। ਇਨ੍ਹਾਂ ਵਿਚ ਕਰਾਮਾਤੀ ਅੰਸ਼ ਰੱਜ ਕੇ ਆਇਆ ਹੈ। ਜੋ ਗੁਰੂ ਮਾਰਗ ਅਨੁਸਾਰ ਠੀਕ ਨਹੀਂ। ਲੇਖਕ ਆਪਣੀ ਲੋਰ ਵਿਚ ਬਹੁਤ ਸਾਰੇ ਅਜੇਹੇ ਵਿਅਕਤੀਆਂ ਦਾ ਵੀ ਜ਼ਿਕਰ ਕਰ ਗਏ ਹਨ ਜਿਹੜੇ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਨਹੀਂ ਸਨ, ਪਰ ਲੋਕਾਂ ਦੀ ਭੇਟ ਗੁਰੂ ਨਾਨਕ ਨਾਲ ਕਰਵਾਈ

ਗਈ ਹੈ। ਸਾਖੀਕਾਰਾਂ ਨੇ ਆਪਣੀ ਮਨੋਬਿਰਤੀ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਜੀਵਨ ਨੂੰ ਪੇਸ਼ ਕੀਤਾ ਹੈ। ਗੁਰੂ ਨਾਨਕ ਜੀ ਦਾ ਜਿਹੜਾ ਰੂਪ ਇਨ੍ਹਾਂ ਸਾਖੀਆਂ ਤੋਂ ਉਘੜਦਾ ਹੈ ਉਹ 'ਪੁਰਾਣ ਪੁਰਸ਼' ਵਾਲਾ ਹੈ। ਸੋ ਇਨ੍ਹਾਂ ਜਨਮਸਾਖੀਆਂ ਨੂੰ ਪ੍ਰਮਾਣਿਕ ਜੀਵਨੀਆਂ ਵਜੋਂ ਗ੍ਰਹਿਣ ਨਹੀਂ ਕੀਤਾ ਜਾ ਸਕਦਾ।

ਭਾਈ ਮਨੀ ਸਿੰਘ ਜੀ ਰਚਿਤ 'ਗਿਆਨ ਰਤਨਾਵਲੀ' ਨੂੰ ਆਮ ਕਰਕੇ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦਾ ਵਾਰਤਕ ਰੂਪ ਹੀ ਆਖਿਆ ਜਾਂਦਾ ਹੈ ਪਰ ਜਿਵੇਂ ਕਿ ਪਿੱਛੇ ਜ਼ਿਕਰ ਆ ਚੁੱਕਾ ਹੈ। ਇਸ ਰਚਨਾਂ ਵਿਚ ਵੀ ਬਹੁਤ ਸਾਰੀਆਂ ਗੱਲਾਂ 'ਤੱਥ ਤੇ ਸੱਚ' ਦੀ ਕਸਵੱਟੀ ਤੋਂ ਤਿਲਕ ਜਾਂਦੀਆਂ ਹਨ। ਇਸ ਰਚਨਾਂ ਵਿਚ ਆਈਆਂ ਸਾਖੀਆਂ, ਪਾਠਕ ਨੂੰ ਸ਼ਸ਼ੋਪੰਜ ਵਿਚ ਪਾ ਦੇਂਦੀਆਂ ਹਨ। ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਵਿਚ, ਗੁਰੂ ਨਾਨਕ ਜੀ ਨਾਲ ਸਬੰਧ ਰੱਖਣ ਵਾਲੀਆਂ ਘਟਨਾਵਾਂ ਦੀ ਗਿਣਤੀ ਬਹੁਤ ਥੋੜੀ ਹੈ। ਪਹਿਲੀ ਵਾਰ ਅਤੇ ਗਿਆਨ ਰਤਨਾਵਲੀ ਦੇ ਤੁਲਨਾਤਮਕ ਅਧਿਐਨ ਤੋਂ ਇਹ ਗੱਲ ਪ੍ਰਗਟ ਹੁੰਦੀ ਹੈ ਕਿ ਇਸ ਰਚਨਾਂ ਦੇ ਕਰਤਾ ਨੇ ਪਹਿਲੀ ਵਾਰ ਨੂੰ ਅੰਸ਼ ਮਾਤਰ ਹੀ ਅਪਣਾਇਆ ਹੈ ਤੇ ਇਸ ਸੁਤੰਤਰ ਟੀਕੇ ਰਾਹੀਂ, ਵਾਰ ਤੋਂ ਬਾਹਰ ਦੀ ਸਾਮਗਰੀ ਨੂੰ ਭਰਪੂਰ ਰੂਪ ਵਿਚ ਵਰਤਿਆ ਹੈ। 'ਸਚਖੰਡ ਪੋਥੀ' ਵਾਲੇ ਨੇ ਗੁਰੂ ਨਾਨਕ ਜੀ ਨੂੰ ਆਪਣੀਆਂ ਦੋ ਗੋਸ਼ਟਾਂ ਵਿਚ ਰਾਜਾ ਜਨਕ ਦਾ ਅਵਤਾਰ ਸਿੱਧ ਕਰਨ ਦਾ ਯਤਨ ਕੀਤਾ ਤਿਵੇਂ ਹੀ ਗਿਆਨ ਰਤਨਾਵਲੀ ਦੇ ਕਰਤਾ ਨੇ ਗੁਰੂ ਸਾਹਿਬ ਨੂੰ ਵਿਸ਼ਨੂੰ ਦਾ ਅਵਤਾਰ ਸਿੱਧ ਕਰਨ ਦਾ ਯਤਨ ਕੀਤਾ ਹੈ। ਇਹ ਗੱਲਾਂ ਉਪਰੋਕਤ ਰਚਨਾਵਾਂ ਨੂੰ ਪੌਰਾਣਿਕ ਰੰਗਣ ਪ੍ਰਦਾਨ ਕਰ ਇਤਿਹਾਸਕ ਤੌਰ ਤੇ ਪ੍ਰਮਾਣੀਕ ਨਹੀਂ ਰਹਿਣ ਦਿੰਦੀਆਂ।

ਭਾਈ ਗੁਰਦਾਸ ਜੀ ਜੀਵਨੀਕਾਰ ਨਹੀਂ ਸਨ ਤੇ ਨਾ ਹੀ ਇਤਿਹਾਸਕਾਰ ਸਨ। ਉਹ ਸਭ ਨਾਲੋਂ ਪਹਿਲਾਂ ਤੇ ਮੁਖ ਰੂਪ ਵਿਚ 'ਗੁਰੂ ਸਿਧਾਂਤ' ਵਿਖਿਆਤਾ ਹਨ। ਗੁਰੂ ਘਰ ਦੇ ਬੌਧਿਕ ਸੰਪੰਨ, ਸੁਚੇਤ ਅਤੇ ਅਨਿੰਨ ਭਗਤ ਹੋਣ ਕਾਰਣ ਉਨ੍ਹਾਂ ਦੀ ਕੋਸ਼ਿਸ਼, ਗੁਰੂ ਮਾਰਗ ਦੇ ਵਿਚਾਰਾਂ, ਉਦਗਾਰਾਂ ਅਤੇ ਸਿਧਾਂਤਾਂ ਨੂੰ ਆਪਣੇ ਕਾਵਿ ਰਾਹੀਂ ਸਵਿਸਤਾਰ ਪ੍ਰਚਾਰਨ ਅਤੇ ਪ੍ਰਸਾਰਨ ਵਿਚ ਹੈ। ਭਾਈ ਸਾਹਿਬ ਨੇ ਆਪਣੀ ਵਾਰ ਵਿਚ ਗੁਰੂ ਨਾਨਕ ਜੀ ਨਾਲ ਸਬੰਧਤ ਉਹ ਹੀ ਘਟਨਾਵਾਂ ਚੁਣੀਆਂ ਹਨ, ਜਿਨ੍ਹਾਂ ਨੂੰ ਉਨ੍ਹਾਂ ਨੇ ਜ਼ਰੂਰੀ ਸਮਝਿਆ ਜੇਕਰ ਉਹ ਗੁਰੂ ਵਿਅਕਤੀਆਂ ਦੀ ਜੀਵਨ ਕਹਾਣੀ ਨੂੰ ਲਿਖ ਦੇਂਦੇ ਤਾਂ ਸ਼ਾਇਦ ਇਹ ਰਚਨਾਵਾਂ ਸਭ ਨਾਲੋਂ ਵੱਧ ਪ੍ਰਮਾਣੀਕ ਰੂਪ ਵਾਲੀਆਂ ਹੁੰਦੀਆਂ ਕਿਉਂਕਿ :-

1. ਭਾਈ ਗੁਰਦਾਸ ਤੀਜੇ ਗੁਰੂ ਅਮਰਦਾਸ ਜੀ ਤੋਂ ਲੈ ਕੇ ਛੇਵੇਂ ਗੁਰੂ ਹਰਿਗੋਬਿੰਦ ਜੀ ਤਕ ਦੇ ਸੰਪਰਕ ਵਿਚ ਰਹੇ।

2. ਭਾਈ ਸਾਹਿਬ ਅਜਿਹੇ ਕਈ ਵਿਅਕਤੀਆਂ ਨੂੰ ਵੀ ਜਰੂਰ ਮਿਲੇ ਹੋਣਗੇ, ਜਿੰਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨ ਦਾ ਅਵਸਰ ਪ੍ਰਾਪਤ ਹੋਇਆ ਹੋਵੇਗਾ। ਉਦਾਹਰਣ ਵਜੋਂ ਬਾਬਾ ਬੁੱਢਾ ਜੀ ਦਾ ਨਾਂ ਲਿਆ ਜਾ ਸਕਦਾ ਹੈ।

3. ਗੁਰੂ ਗ੍ਰੰਥ ਸਾਹਿਬ ਦੇ ਸੰਪਾਦਕ ਗੁਰੂ ਅਰਜਨ ਦੇਵ ਜੀ ਨਾਲ 'ਬਾਣੀ ਇਕੱਤਰ ਕਰਨ ਵਿਚ ਅਤੇ ਇਕੱਤਰ ਹੋਈ ਸਾਮਗਰੀ ਵਿਚੋਂ 'ਸੱਚੀ ਤੇ ਕੱਚੀ' ਬਾਣੀ ਦੀ ਪਹਿਚਾਣ ਕਰਨ ਵਿਚ ਅਤੇ 'ਆਦਿ ਗ੍ਰੰਥ' ਦੇ ਲਿਖਾਰੀ ਦੇ ਤੌਰ ਤੇ ਸਹਾਇਕ ਵਜੋਂ ਆਪ ਨੇ ਬਹੁਤ ਸਾਰਾ ਕੰਮ ਕੀਤਾ।

4. ਲਿਖਤੀ ਰੂਪ ਵਿਚ ਪ੍ਰਾਪਤ ਹੋਈਆਂ ਰਚਨਾਵਾਂ ਜੋ ਗੁਰੂ ਨਾਨਕ ਜੀ ਦੇ ਜੀਵਨ ਦੀਆਂ ਕੁਝ ਕੁ ਘਟਨਾਵਾਂ ਨਾਲ ਸਬੰਧ ਰੱਖਦੀਆਂ ਹਨ, ਵਿਚ ਭਾਈ ਗੁਰਦਾਸ ਦੀਆਂ ਵੱਖ ਵੱਖ ਵਾਰਾਂ ਵਿਚ ਆਈਆਂ ਪਉੜੀਆਂ ਸ਼ਾਇਦ ਸਭ ਨਾਲੋਂ ਵੱਧ ਪੁਰਾਤਨ ਹਨ।

5. ਆਪ ਦੀਆਂ ਵਾਰਾਂ ਨੂੰ 'ਆਦਿ ਗ੍ਰੰਥ' ਦੀ ਕੁੰਜੀ ਹੋਣ ਦਾ ਮਾਣ ਪ੍ਰਾਪਤ ਹੈ।

ਭਾਈ ਗੁਰਦਾਸ ਰਚਿਤ ਵਾਰਾਂ ਦੀ ਗਿਣਤੀ 40 ਮੰਨੀ ਜਾਂਦੀ ਹੈ। ਇੰਨ੍ਹਾਂ ਵਾਰਾਂ ਵਿਚੋਂ, ਪਹਿਲੀ, ਗਿਆਰ੍ਹਵੀਂ, ਵੀਹਵੀਂ, ਚੌਵੀਵੀਂ ਅਤੇ ਛੱਬੀਵੀਂ ਵਾਰ ਵਿਚ ਗੁਰੂ ਨਾਨਕ ਜੀ ਦਾ ਜ਼ਿਕਰ ਮਿਲਦਾ ਹੈ। ਪਰ ਸਭ ਨਾਲੋਂ ਵੱਧ ਜ਼ਿਕਰ ਪਹਿਲੀ ਵਾਰ ਵਿਚ ਹੀ ਆਉਂਦਾ ਹੈ। ਜੇਕਰ ਇੰਜ ਕਹਿ ਲਿਆ ਜਾਵੇ ਕਿ ਭਾਈ ਸਾਹਿਬ ਨੇ ਆਪਣੀ ਪਹਿਲੀ ਵਾਰ ਗੁਰੂ ਨਾਨਕ ਜੀ ਦੀ ਸ਼ਖਸੀਅਤ ਪ੍ਰਤੀ ਹੀ ਲਿਖੀ ਹੈ ਤਾਂ ਵੀ ਗਲਤ ਨਹੀਂ ਹੋਵੇਗਾ।

ਪਹਿਲੀ ਵਾਰ ਦੀਆਂ 49 ਪਉੜੀਆਂ ਹਨ। ਜਿੰਨ੍ਹਾਂ ਵਿਚ ਪਹਿਲੀਆਂ 22 ਪਉੜੀਆਂ ਤੇ ਆਖਰੀ 4 ਪਉੜੀਆਂ ਦਾ ਸਿੱਧੇ ਰੂਪ ਵਿਚ ਗੁਰੂ ਨਾਨਕ ਜੀ ਦੇ ਜੀਵਨ ਪ੍ਰਸੰਗ ਨਾਲ ਕੋਈ ਸਬੰਧ ਨਹੀਂ।

ਸੋ ਇਸ ਤਰ੍ਹਾਂ ਨਾਲ ਵਿਚਲੀਆਂ 23 ਪਉੜੀਆਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਖਸੀਅਤ ਦਾ ਵਰਨਣ ਕੀਤਾ ਹੈ। ਪਹਿਲੀਆਂ 22 ਪਉੜੀਆਂ ਵੀ ਵਾਰ ਦੇ ਪ੍ਰਸੰਗ ਵਜੋਂ ਬੇਲੋੜੀਆਂ ਨਹੀਂ ਆਖੀਆਂ ਜਾ ਸਕਦੀਆਂ। ਇੰਨ੍ਹਾਂ ਦੀ ਮਹੱਤਤਾ ਬਹੁਤ ਹੈ। ਵਿਸ਼ੇ[1] ਨਿਰੂਪਣ ਅਤੇ ਮਜ਼ਮੂਨ ਉਸਾਰੀ ਦੇ ਪੱਖੋਂ ਇੰਨ੍ਹਾਂ ਦੀ ਵਰਤੋਂ ਪਿਛੋਕੜ ਦੇ ਤੌਰ ਤੇ ਕੀਤੀ ਗਈ ਹੈ। ਇਹ ਪ੍ਰਿਸ਼ਟ ਭੂਮੀ ਸਾਰੇ ਪ੍ਰਸੰਗ ਦੇ ਸਮੁੱਚੇ ਪ੍ਰਭਾਵ ਨੂੰ ਬਹੁਤ ਵਧਾ ਦਿੰਦੀ ਹੈ। ਇਸੇ

---

1. ਗਿਆਨੀ ਲਾਲ ਸਿੰਘ 'ਗੁਰਦਾਸ ਦਰਸ਼ਨ'

ਇਸੇ ਤਰ੍ਹਾਂ ਆਖਰੀ ਚਾਰ ਪਉੜੀਆਂ ਵੀ ਖਾਸ ਮਹੱਤਤਾ ਵਾਲੀਆਂ ਨਹੀਂ ਹਨ। ਜਿੰਨ੍ਹਾਂ ਵਿਚ ਗੁਰੂ ਨਾਨਕ ਜੀ ਦੁਆਰਾ ਨਿਸਚਿਤ ਅਤੇ ਸੁਦ੍ਰਿੜ੍ਹ ਕਰ ਦਿੱਤੇ ਗਏ ਮਾਰਗ ਦੀ ਲੋੜ ਅਤੇ ਵ੍ਰਿਧੀ ਦਾ ਪ੍ਰਗਟਾਵਾ ਹੈ। ਗੁਰੂ ਨਾਨਕ ਜੋ ਤੋਂ ਗੁਰੂ ਅੰਗਦ ਦੇਵ ਜੀ ਅੰਦਰ ਜੋ 'ਸੱਚ' ਦੀ ਜੋਤ ਵਿਦਮਾਨ ਹੋਈ ਸੀ ਉਹ ਅਗੋਂ ਕਿਵੇਂ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਹਰਿਗੋਬਿੰਦ ਜੀ ਤੱਕ ਪੁਜਦੀ ਤੇ ਨਟ ਨਟ ਬਨਦੀ ਗਈ, ਦਾ ਵਰਨਣ ਇੰਨ੍ਹਾਂ ਪਉੜੀਆਂ ਵਿਚ ਮਿਲਦਾ ਹੈ। ਸੋ ਇਸ ਤਰ੍ਹਾਂ ਨਾਲ ਸਾਰੀ ਵਾਰ ਦੀਆਂ ਪਉੜੀਆਂ ਇਕ ਜੁਲਾਈ ਵਿਚ ਪਰੋ ਦਿੱਤੀਆਂ ਗਈਆਂ ਹਨ ਤੇ ਸਾਰੀਆਂ ਦਾ ਕੇਂਦਰ ਬਿੰਦੂ 'ਗੁਰੂ ਨਾਨਕ' ਉਘੜ ਕੇ ਪਾਠਕ ਦੀਆਂ ਅੱਖਾਂ ਸਾਹਮਣੇ ਆ ਜਾਂਦਾ ਹੈ।

ਭਾਈ ਗੁਰਦਾਸ ਦੀਆਂ ਇੰਨ੍ਹਾਂ 23 ਪਉੜੀਆਂ ਵਿਚ ਮੋਟੇ ਤੌਰ ਤੇ ਹੇਠ ਲਿਖੀਆਂ ਘਟਨਾਵਾਂ ਦਾ ਵਰਨਣ ਵਿਸ਼ੇਸ਼ ਤੌਰ ਤੇ ਆਇਆ ਹੈ। ਪਹਿਲਾਂ ਸਮੁੱਚਾ ਸੰਖੇਪ ਹਵਾਲਾ ਤੀਰਥਾਂ ਤੇ ਜਾਣ ਦਾ ਹੈ।

1. ਸੁਮੇਰ ਪਰਬਤ ਦੀ ਯਾਤਰਾ (2/28)
"ਫਿਰਿ ਜਾਇ ਚੜ੍ਹਿਆ ਸੁਮੇਰ ਪਰ, ਸਿਧ ਮੰਡਲੀ ਦ੍ਰਿਸ਼ਟੀ ਆਈ"

2. ਮੱਕੇ ਦੀ ਯਾਤਰਾ ( 32 )
"ਬਾਬਾ ਫਿਰਿ ਮਕੇ ਗਇਆ ਨੀਲ ਬਸਤ੍ਰ ਧਾਰਿ ਬਨਵਾਰੀ"

3. ਬਗਦਾਦ ਗਮਨ (35 )
"ਫਿਰਿ ਬਾਬਾ ਗਇਆ ਬਗਦਾਦ ਨੋ ਬਾਹਰਿ ਜਾਇ ਕੀਆ ਅਸਥਾਨਾ"

4. ਸ਼ਿਵਰਾਤ੍ਰੀ ਦਾ ਮੇਲਾ ਤੇ ਜੋਗੀਆਂ ਸਿੱਧਾਂ ਨਾਲ ਗੋਸ਼ਟ (39 )
"ਮੇਲਾ ਸੁਣਿ ਸ਼ਿਵਰਾਤਿ ਬਾਬਾ ਅਚਲ ਵਟਾਲੇ ਆਈ।"

5. ਮੁਲਤਾਨ ਦੀ ਯਾਤਰਾ (44 )
"ਮੇਲਿਉ ਬਾਬਾ ਉਠਿਆ ਮੁਲਤਾਨੇ ਦੀ ਜਾਰਤਿ ਜਾਈ।"

6. ਗੁਰੂ ਅੰਗਦ ਜੀ ਨੂੰ ਗੁਰਿਆਈ (45 )
"ਥਾਪਿਆ ਲਹਿਣਾ ਜੀਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ।"

ਇੰਨ੍ਹਾਂ ਉਪਰੋਕਤ ਘਟਨਾਵਾਂ ਦੇ ਵਰਨਣ ਤੋਂ ਇਲਾਵਾ ਥਾਉਂ ਥਾਈਂ ਭਾਈ ਗੁਰਦਾਸ ਜੀ ਨੇ ਵਿਸਤਾਰ ਵਰਨਣ ਦੀ ਕੋਸ਼ਿਸ਼ ਨਹੀਂ ਕੀਤੀ। ਤੀਰਥਾਂ, ਪੁਰਬਾਂ ਦੀ ਯਾਤਰਾ ਦਾ ਵਰਨਣ ਵੀ ਸੰਕੇਤ ਮਾਤਰ ਹੈ। ਸਾਖੀਆਂ ਵਰਗੀ ਵਸਤੂ ਦਾ ਅਭਾਵ ਹੈ।

ਜਨਮ, ਸਮਾਂ, ਸਥਾਨ, ਵਖ ਵਖ ਉਦਾਸੀਆਂ ਦਾ ਵੇਰਵਾ ਨਹੀਂ। ਜਿਨ੍ਹਾਂ ਲੋਕਾਂ ਨਾਲ ਜਨਮਸਾਖੀਆਂ ਦੇ ਪ੍ਰਸੰਗ ਵਿਚ, ਮੁਲਾਕਾਤਾਂ ਹੋਈਆਂ ਲਿਖੀਆਂ ਹਨ ਉਨ੍ਹਾਂ ਦੇ ਨਾਵਾਂ ਥਾਵਾਂ ਦਾ ਵਿਸਤਾਰ ਵੀ ਨਹੀਂ ਮਿਲਦਾ। ਸ਼ਾਇਦ ਉਹ ਇਨ੍ਹਾਂ ਗੱਲਾਂ ਨੂੰ ਜ਼ਰੂਰੀ ਵੀ ਨਹੀਂ ਸਮਝਦੇ। ਭਾਈ ਸਾਹਿਬ ਨੇ ਕੇਵਲ ਇਤਨਾ ਲਿਖ ਕੇ ਹੀ ਗੱਲ ਖਤਮ ਕਰ ਦਿੱਤੀ ਹੈ ਕਿ ਜਿਤਨੀ ਵੀ ਧਰਤੀ ਹੈ ਬਾਬਾ ਜੀ ਨੇ ਉਥੇ ਉਥੇ ਜਾ ਕੇ ਹੀ ਉਪਦੇਸ਼ ਕੀਤਾ, ਡਿਗਿਆਂ, ਢੱਠਿਆਂ ਨੂੰ ਚੁੱਕਿਆ*, 'ਰਾਣਾ ਰੰਕ' ਦੀ ਬਰਾਬਰੀ ਦਾ ਸੰਦੇਸ਼ ਦਿੱਤਾ ਤੇ 'ਨਿਰਮਲ ਪੰਥ' ਉਤੇ ਚਲਣ ਲਈ ਪ੍ਰੇਰਿਆ।

"ਬਾਬੇ ਤਾਰੇ ਚਾਰ ਚੱਕ ਨੌ ਖੰਡ ਪ੍ਰਿਥਮੀ ਸਚਾ ਢੋਆ" (27/7 )

ਕਿਉਂਕਿ ਇਕ ਵਾਰ ਲੇਖਕ ਦੇ ਰੂਪ ਵਿਚ ਭਾਈ ਗੁਰਦਾਸ ਦਾ ਮੁੱਖ ਉਦੇਸ਼ ਗੁਰੂ ਨਾਨਕ ਸਾਹਿਬ ਦੀ ਸਤੁਤੀ ਕਰਨਾ ਹੀ ਸੀ ਅਤੇ ਸਾਰੇ ਪ੍ਰਚੱਲਤ ਮਤ ਮਤਾਂਤਰਾਂ ਦੇ ਟਾਕਰੇ ਉਤੇ ਉਨ੍ਹਾਂ ਨੂੰ ਮਹਾਨ ਪ੍ਰਗਟ ਕਰਨਾ ਸੀ, ਜੋ ਉਨ੍ਹਾਂ ਨੇ ਕਰ ਦਿੱਤਾ ਹੈ।

ਸੋ ਉਪਰੋਕਤ ਸਾਖੀਆਂ ਦੇ ਸੰਕੇਤਾਂ ਬਾਰੇ ਕੁਝ ਸਵਿਸਤਾਰ ਵਿਚਾਰ ਕਰਨੀ ਬਣਦੀ ਹੈ। ਹੁਣ ਤਕ ਦੀ ਪ੍ਰਾਪਤ ਹੋਈ ਇਤਿਹਾਸਕ ਖੋਜ ਅਨੁਸਾਰ ਉਪਰੋਕਤ ਸਾਰੀਆਂ ਘਟਨਾਵਾਂ ਦੇ ਇਤਿਹਾਸਕ ਪ੍ਰਮਾਣ ਮਿਲ ਚੁੱਕੇ ਹਨ।

ਮੈਕਾਲਫ[2], ਖੁਸ਼ਵੰਤ ਸਿੰਘ[3], ਪ੍ਰਿੰ: ਸਾਹਿਬ ਸਿੰਘ[4] ਤੇ ਪ੍ਰਿੰ: ਸਤਿਬੀਰ ਸਿੰਘ[5] ਵਰਗੇ ਸਿੱਖ ਇਤਿਹਾਸ ਖੋਜੀਆਂ ਨੇ ਆਪਣੀਆਂ ਰਚਨਾਵਾਂ ਵਿਚ ਉਪਰ ਆਈਆਂ ਛੇ ਘਟਨਾਵਾਂ ਵਿਚੋਂ ਪਹਿਲਾ ਜ਼ਿਕਰ ਸੁਮੇਰ ਪਰਬਤ ਤੇ ਹੋਈ ਸਿੱਧਾਂ ਨਾਲ ਗੋਸ਼ਟ ਦਾ ਹੈ। ਇਸ ਦਾ ਜ਼ਿਕਰ ਭਾਈ ਗੁਰਦਾਸ ਦੀ 28ਵੀਂ ਪਉੜੀ ਵਿਚ ਆਇਆ ਹੈ, ਜੋ ਹੇਠ ਲਿਖੇ ਅਨੁਸਾਰ ਹੈ:-

"ਬਾਬੇ ਡਿੱਠੀ ਪਿਰਥਮੀ ਨਵੈ ਖੰਡਿ ਜਿਥੈ ਤਕਿ ਆਹੀ।
ਫਿਰਿ ਜਾਇ ਚੜ੍ਹਿਆ ਸੁਮੇਰ ਪਰ, ਸਿਧ ਮੰਡਲੀ ਦ੍ਰਿਸ਼ਟੀ ਆਈ।
ਚਉਰਾਸੀਹ ਸਿਧ ਗੋਰਖਾਦਿ, ਮਨਿ ਅੰਦਰਿ ਗਣਤੀ ਵਰਤਾਈ।
ਸਿਧ ਪੁਛਣਿ ਸੁਣਿ ਬਾਲਿਆ। ਕਉਣੁ ਸਕਤਿ ਤੁਹਿ ਏਥੇ ਲਿਆਈ।
ਹਉ ਜਪਿਆ ਪਰਮੇਸਰੋ, ਭਾਉ ਭਗਤਿ ਸੰਗਿ ਤਾੜੀ ਲਾਈ।
ਆਖਣਿ ਸਿਧ ਸੁਣਿ ਬਾਲਿਆ। ਆਪਣਾ ਨਾਉਂ ਤੁਮ ਦੇਹੁ ਬਤਾਈ?
ਬਾਬਾ ਆਖੇ ਨਾਥ ਜੀ ਨਾਨਕ ਨਾਮ ਜਪੇ ਗਤਿ ਪਾਈ।
ਨੀਚੁ ਕਹਾਇ ਊਚ ਘਰਿ ਆਈ।" (28 )

---

2. Macauliff "The History of the Sikhs"
3. ਖੁਸ਼ਵੰਤ ਸਿੰਘ " " " " "
4. ਪ੍ਰਿੰ:ਸਾਹਿਬ ਸਿੰਘ 'ਗੁਰਮਤ ਪ੍ਰਕਾਸ਼'
5. ਪ੍ਰਿੰ:ਸਤਿਬੀਰ ਸਿੰਘ 'ਸਾਡਾ ਇਤਿਹਾਸ'

ਇਸੇ ਤਰ੍ਹਾਂ ਅੱਗੇ 29,30 ਅਤੇ 31ਵੀਂ ਪਉੜੀ ਵਿਚ ਸਿੱਧਾਂ ਨਾਲ ਵਿਚਾਰ ਚਰਚਾ ਦਾ ਜ਼ਿਕਰ ਹੈ। ਇਸ ਵਿਚਾਰ ਚਰਚਾ ਵਿਚ ਹੀ ਸਿੱਧਾਂ ਦੇ ਮਨ ਵਿਚ ਇਹ ਖਾਹਿਸ਼ ਪ੍ਰਗਟਦੀ ਹੈ ਕਿ ਕਿਵੇਂ ਨਾ ਕਿਵੇਂ ਨਾਨਕ ਸਾਡੇ ਮਾਰਗ ਨੂੰ ਗ੍ਰਹਿਣ ਕਰ ਲਵੇ ਜਿਸ ਦਾ ਜ਼ਿਕਰ ਭਾਈ ਗੁਰਦਾਸ ਜੀ ਇਸ ਤਰ੍ਹਾਂ ਕਰਦੇ ਹਨ:-

"ਸਿਧੀ ਮਨੇ ਬੀਚਾਰਿਆ ਕਿਵੇਂ ਦਰਸ਼ਨ ਏ ਲੇਵੈ ਬਾਲਾ।
ਐਸਾ ਜੋਗੀ ਕਲੀ ਮਹਿ ਹਮਰੇ ਪੰਥ ਕਰੇ ਉਜਿਆਲਾ।"

(31/1- 2 )

ਭਾਈ ਸਾਹਿਬ ਨੇ ਇਸ ਘਟਨਾ ਰਾਂਹੀਂ ਦੋ ਗੱਲਾਂ ਵਿਸ਼ੇਸ਼ ਤੌਰ ਤੇ ਪ੍ਰਗਟਾਈਆਂ ਹਨ। ਇਕ ਗੁਰੂ ਨਾਨਕ ਜੀ ਦੇ ਪ੍ਰੇਮਾ ਭਗਤੀ ਦੇ ਮਾਰਗ ਦੀ ਅਤੇ ਦੂਸਰੀ ਗੁਰੂ ਨਾਨਕ ਦੇਵ ਜੀ ਦੀ ਅਸੀਸ ਸ਼ਕਤੀ ਦੀ।

**ਸੁਮੇਰ ਪਰਬਤ** :— '<u>ਸੁਮੇਰ</u>' ਪਰਬਤ ਤੋਂ ਭਾਵ ਹੈ ਪਹਾੜਾਂ ਵਿਚੋਂ ਉਚਾ ਪਹਾੜ। ਪ੍ਰੋ: ਸਾਹਿਬ ਸਿੰਘ ਇਸ ਸੁਮੇਰ ਪਰਬਤ ਦੀ ਯਾਤਰਾ ਬਾਰੇ ਗਵਾਹੀ ਦਿੰਦੇ ਹੋਏ ਲਿਖਦੇ ਹਨ ਕਿ ਗੁਰੂ[6] ਨਾਨਕ ਜੰਮੂ ਦੇ ਰਸਤੇ ਪ੍ਰਸਿੱਧ ਵੈਸ਼ਨਵ ਦੇਵੀ ਦੇ ਮੰਦਰ ਤੋਂ ਹੁੰਦੇ ਹੋਏ ਅਗੇ ਅਮਰਨਾਥ ਦੇ ਮੰਦਰ ਤੱਕ ਵੀ ਪੁਜੇ। (ਅਮਰਨਾਥ ਦੇ ਮੰਦਰ ਦੇ ਨੇੜੇ ਕੁਝ ਮੀਲ ਉਰੇ ਗੁਰਦੁਆਰਾ ਪਟਣ ਸਾਹਿਬ ਵੀ ਬਣਿਆ ਹੋਇਆ ਹੈ) ਅਤੇ ਇਸ ਤਸਂ ਅੱਗੇ ਅਮਰਨਾਥ ਮੰਦਰ ਦੀ ਪਰਬਤ-ਧਾਰਾ ਤੋਂ ਅਗਲੀ ਉਚੀ ਧਾਰਾ ਜਿਸਨੂੰ ਸੁਮੇਰ ਆਖਦੇ ਹਨ, ਵਲ ਸ਼ਿਵਜੀ ਦੇ ਪ੍ਰਸਿੱਧ ਉਪਾਸ਼ਕ ਜੋਗੀ ਸਿੱਧਾਂ ਵਲ ਵੀ ਡੇਰਾ ਪਾਇਆ। ਉਥੇ ਪਹੁੰਚ ਕੇ ਉਨ੍ਹਾਂ ਦਾ ਮੇਲ ਸਿਧਾਂ ਦੀ ਇਕ ਮੰਡਲੀ ਨਾਲ ਹੋਇਆ।" ਜੋਗੀ, ਸਿਧ ਆਦਿਕ ਲੋਕਾਂ ਦੀ ਉਨ੍ਹਾਂ ਦਿਨਾਂ ਵਿਚ ਬੜੀ ਪ੍ਰਸਿੱਧੀ ਸੀ। ਪਰ ਗੁਰੂ ਨਾਨਕ ਜੀ ਨੇ ਇਹ ਅਨੁਭਵ ਕਰ ਲਿਆ ਸੀ ਕਿ ਇਹ ਲੋਕ 'ਨਿਜਮੁਕਤੀ' ਦੇ ਸੁਵਾਰਥ ਤੋਂ ਅੱਗੇ ਲੰਘਣ ਤੋਂ ਅਸਮਰਥ ਹੈ ਅਤੇ ਜਾਂ ਫਿਰ ਰਿੱਧੀਆਂ ਸਿੱਧੀਆਂ ਦੀ ਸ਼ਕਤੀ ਦੇ ਹੰਕਾਰ ਚੱਕਰ ਵਿਚ ਉਲਝੇ ਫਿਰਦੇ ਹਨ। ਸੋ ਉਨ੍ਹਾਂ ਨੂੰ ਸੱਚੇ ਤੇ ਸਹੀ ਮਾਰਗ ਦਾ ਗਿਆਨ ਕਰਾਉਣਾ ਅਤਿ ਲੁੜੀਂਦਾ ਬਣਦਾ ਸੀ।

---

6 : ਪ੍ਰੋ: ਸਾਹਿਬ ਸਿੰਘ 'ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੀਵਨ ਬ੍ਰਿਤਾਂਤ'

## ਮੱਕੇ ਦੀ ਯਾਤਰਾ:

ਮੱਕੇ ਦੀ ਯਾਤਰਾ ਪ੍ਰਤਿ ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਦੀ 32ਵੀਂ ਪਉੜੀ ਵਿਚ ਇਉਂ ਲਿਖਿਆ ਹੈ:-

"ਬਾਬਾ ਫਿਰ ਮੱਕੇ ਗਇਆ ਨੀਲ ਬਸਤਰ ਧਾਰਿ ਬਨਵਾਰੀ।
ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸਲਾ ਧਾਰੀ ।
ਬੈਠਾ ਜਾਇ ਮਸੀਤ ਵਿਚਿ ਜਿਥੈ ਹਾਜੀ ਹਜਿ ਗੁਜਾਰੀ ।
ਜਾ ਬਾਬਾ ਸੁਤਾ ਰਾਤਿ ਨੋ ਵਲਿ ਮਹਿਰਾਬੇ ਪਾਇ ਪਸਾਰੀ।
ਜੀਵਣਿ ਮਾਰੀ ਲਤਿ ਦੀ ਕੇਹੜਾ ਸੁਤਾ ਕੁਫਰ ਕੁਫਾਰੀ ?
ਲਤਾ ਵਲਿ ਖੁਦਾਇ ਦੇ ਕਿਉਂ ਕਰਿ ਪਇਆ ਹੋਇ ਬਜਿਗਾਰੀ।
ਟੰਗੋ ਪਕੜਿ ਘਸੀਟਿਆ ਫਿਰਿਆ ਮਕਾ ਕਲਾ ਦਿਖਾਰੀ ।
ਹੋਇ ਹੈਰਾਨੁ ਕਰਨਿ ਜੁਹਾਰੀ।" (ਪਉੜੀ 32)

ਮੁਸਲਮਾਨੀ ਧਰਮ ਦਾ ਕੇਂਦਰ ਮੱਕਾ ਹੈ। ਹਜ਼ਰਤ ਮੁਹੰਮਦ ਦੁਆਰਾ ਚਲਾਏ ਮਾਰਗ ਅਵਲੰਬੀਆਂ ਲਈ ਜੀਵਨ ਵਿਚ ਇਕ ਵਾਰੀ 'ਹੱਜ' ਕਰਨਾ ਲਾਜ਼ਮੀ ਹੈ, ਚਾਹੇ ਉਹ ਕਿਸੇ ਵੀ ਦੇਸ਼ ਨਾਲ ਸਬੰਧ ਰਖਦਾ ਹੋਵੇ। ਹਿੰਦੁਸਤਾਨ ਵਿਚ ਗੁਰੂ ਨਾਨਕ ਜੀ ਦੇ ਸਮੇਂ ਤਕ ਮੁਸਲਮ ਧਰਮ ਵੱਖ ਵੱਖ ਰਾਜ ਘਰਾਣਿਆਂ ਕਾਰਣ ਕਾਫੀ ਫੈਲ ਚੁੱਕਾ ਸੀ। ਸੋ ਭਾਰਤੀ ਮੁਸਲਮਾਨ ਹੱਜ ਕਰਨ ਅਕਸਰ ਜਾਂਦੇ ਹੋਣਗੇ। ਗੁਰੂ ਨਾਨਕ ਹਿੰਦੁਸਤਾਨ ਦੇ ਵੱਖ ਵੱਖ ਪ੍ਰਸਿੱਧ ਤੀਰਥਾਂ ਤੇ ਜਾ ਕੇ ਹਿੰਦੂ ਧਰਮ ਦੇ ਵਰਨ ਦੇ ਆਗੂਆਂ ਨੂੰ ਮਿਲ ਚੁੱਕੇ ਸਨ। ਸਿੱਧਾਂ ਨਾਥਾਂ ਨਾਲ ਵੀ ਮੁਲਾਕਾਤ ਹੋ ਚੁੱਕੀ ਸੀ। ਸੋ ਹੁਣ ਇਸ ਮੱਧਯੁਗ ਦੇ ਵੱਡੇ ਧਰਮ ਸਥਾਨ ਤੇ ਜਾਣ ਦਾ ਵਿਚਾਰ ਬਣਨਾ ਕੋਈ ਅਣਹੋਣੀ ਗੱਲ ਨਹੀਂ ਹੈ। ਮੁਸਲਮਾਨੀ ਨੌਵਾਂ ਮਹੀਨਾਂ ਰਮਜ਼ਾਨ ਰੋਜ਼ਿਆਂ ਦਾ ਮਹੀਨਾ ਹੈ। ਰਮਜ਼ਾਨ ਤੋਂ ਅਗਲੇ ਮਹੀਨੇ ਨੂੰ ਸ਼ਵਾਲ ਆਖਦੇ ਹਨ। ਪਹਿਲੀ ਸ਼ਵਾਲ ਤੋਂ ਰੋਜ਼ਿਆਂ ਤੋਂ ਪਿੱਛੋਂ ਈਦ ਆਉਂਦੀ ਹੈ। ਈਦੁਲ ਫਿਤਰ ਹਜ(ਮੱਕੇ ਵਿਚ ਕਾਬਾ ਮੰਦਰ ਦਾ ਵਿਚਾਰ) ਹਿਜਰੀ ਸਾਲ ਦੇ ਅਖੀਰਲੇ ਮਹੀਨੇ ਜ਼ੁਲ ਹਿਜ਼ਰੀ ਵਿਚ ਹੁੰਦਾ ਹੈ। ਜ਼ੁਲ ਹਿਜਰ ਦੀ ਦਸਵੀਂ ਤਾਰੀਖ ਨੂੰ ਆਉਂਦੀ ਹੈ। 'ਈਦੁਲ ਜੁਹਾ' ਮੱਕੇ ਵਿਚ 'ਜ਼ੁਲ ਹਿਜਰ' ਦੀ ਪਹਿਲੀ ਤਾਰੀਖ ਨੂੰ ਪਹੁੰਚਣਾ ਹਾਜੀ ਵਾਸਤੇ ਜਰੂਰੀ ਬਣਦਾ ਹੈ। ਇਤਿਹਾਸਕ ਗਵਾਹੀਆਂ ਅਨੁਸਾਰ ਗੁਰੂ ਨਾਨਕ ਜੀ ਭਾਰਤ ਤੋਂ ਜਾ ਰਹੇ ਹਾਜੀਆਂ ਨਾਲ ਮੱਕੇ ਗਏ ਸਨ। ਹਜ ਦੇ ਸਮੇਂ ਮੱਕੇ ਪਹੁੰਚਣ ਦੀ ਗਵਾਹੀ ਭਾਈ ਗੁਰਦਾਸ ਇਸ ਹੇਠ ਲਿਖੀ ਪੰਗਤੀ ਤੋਂ ਵੀ ਮਿਲਦੀ ਹੈ:-

"ਬੈਠਾ ਜਾਇ ਮਸੀਤ ਵਿਚਿ ਜਿਥੈ ਹਾਜੀ ਹਜ ਗੁਜਾਰੀ।"(32/3)

ਅਨਮਤੀਆਂ ਨੂੰ ਹਜ ਕਰਨ ਦੀ ਮਨਾਹੀ ਹੈ। ਸੋ ਪਹਿਲਾਂ ਤਾਂ ਹਾਜੀਆਂ ਦੇ ਕਾਫ਼ਲੇ ਵਿਚ ਹਮਸਫ਼ਰ ਹੋਣਾਂ ਹੀ ਔਖਾ ਹੈ, ਜੇ ਇਹ ਮੁਸ਼ਕਲ ਦੀ ਘਾਟੀ ਕਿਵੇਂ ਨਾ ਕਿਵੇਂ ਸਰ ਹੋ ਜਾਵੇ ਤਾਂ ਮੱਕੇ ਵਿਚ ਪ੍ਰਵੇਸ਼ ਸੰਭਵ ਨਹੀਂ। ਸੋ ਭਾਈ ਗੁਰਦਾਸ ਦੀ ਹੇਠ ਲਿਖੀ ਪੰਗਤੀ ਤੋਂ ਜੋ ਕਿ ਇਸ ਯਾਤਰਾ ਦੀ ਸਚਿਆਈ ਨੂੰ ਹੋਰ ਮਜ਼ਬੂਤ ਕਰਦੀ ਹੈ, ਇਹ ਗਲ ਸੁਤੇਸਿਧ ਪ੍ਰਗਟ ਹੋ ਜਾਂਦੀ ਹੈ, ਕਿ ਆਪ ਮੁਸਲਮਾਨੀ ਭੇਸ ਵਿਚ, ਹਾਜੀਆਂ ਦੇ ਕਾਫ਼ਲੇ ਨਾਲ, ਮੱਕੇ ਪਹੁੰਚੇ ਸਨ। ਇਥੋਂ ਹੀ ਮਦੀਨੇ ਦੀ ਯਾਤਰਾ ਕੀਤੀ ਸੀ।

## ਬਗਦਾਦ ਗਮਨ

ਫਿਰਿ ਬਗਦਾਦ ਫੇਰੀ ਬਾਰੇ ਭਾਈ ਸਾਹਿਬ ਦੀ ਰਚਨਾਂ ਵਿਚੋਂ ਪਉੜੀ ਨੰ: 35 ਤੇ 36 ਵਿਚ ਹਵਾਲੇ ਮਿਲਦੇ ਹਨ ਜੋ ਇਸ ਪ੍ਰਕਾਰ ਹਨ:-

"ਫਿਰਿ ਬਾਬਾ ਗਇਆ ਬਗਦਾਦ ਨੋ ਬਾਹਰਿ ਜਾਇ ਕੀਆ ਅਸਥਾਨਾ।
ਇਕ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ ।
ਦਿੱਤੀ ਬਾਂਗ ਨਿਵਾਜਿ ਕਰਿ ਸੁੰਨਿ ਸਮਾਧਿ ਹੋਆ ਜਹਾਨਾ ।
ਸੁੰਨ ਮੁੰਨਿ ਨਗਰੀ ਭਈ ਦੇਖਿ ਪੀਰ ਭਇਆ ਹੈਰਾਨਾ ।
ਵੇਖੈ ਧਿਆਨੁ ਲਗਾਇ ਕਰਿ ਇਕੁ ਫਕੀਰੁ ਵਡਾ ਮਸਤਾਨਾ ।
ਪੁਛਿਆ ਫਿਰਿਕੈ ਦਸਤਗੀਰ ਕਉਣ ਫਕੀਰ ਕਿਸਕਾ ਘਰਿਆਨਾ ?
ਨਾਨਕ ਕਲਿ ਵਿਚਿ ਆਇਆ ਰਬੁ ਫਕੀਰੁ ਇਕੋ ਪਹਿਚਾਨਾ ।
ਧਰਤਿ ਆਕਾਸ਼ ਚਹੁਦਿਸ ਜਾਨਾ।" (ਪਉੜੀ 35 )

ਬਗਦਾਦ ਮੁਸਲਮਾਨੀ ਵਿਚਾਰਧਾਰਾ ਦਾ ਗੜ੍ਹ ਸੀ। ਬਗਦਾਦ[7] ਵਿਚ ਖਿਲਾਫ਼ਤ 88 ਸਾਲ ਟਿਕੀ ਰਹੀ ਸੀ, ਇਸੇ ਸ਼ਹਿਰ ਵਿਚ ਹੀ ਪ੍ਰਾਚੀਨ ਯੂਨਾਨੀ ਚਿੰਤਕਾ ਅਫ਼ਲਾਤੂਨ ਅਤੇ ਅਰਸਤੂ ਆਦਿ ਦੇ ਜਗਤ ਪ੍ਰਸਿੱਧ ਗ੍ਰੰਥਾਂ ਦੇ ਤਰਜਮੇ ਹੋਏ ਹਨ। ਪੰਚ ਤੰਤ੍ਰ, ਸੂਰਯ ਸਿਧਾਂਤ, ਮਹਾਂਬ੍ਰਿਹਦ, ਜਾਤਕ ਆਦਿ ਫ਼ਲਸਫ਼ੇ, ਗਣਤ ਅਤੇ ਜੋਤਿਸ਼ ਦੇ ਅਮੁਲੇ ਭੰਡਾਰ ਨੂੰ ਅਰਬੀ ਵਿਚ ਉਲਥਾਇਆ ਗਿਆ ਸੀ। ਸੋ ਅਜੇਹੀ ਮਹੱਤਤਾ ਭਰਪੂਰ ਥਾਂ ਤੇ ਗੁਰੂ ਨਾਨਕ ਦੇਵ ਜੀ ਜ਼ਰੂਰ ਪਹੁੰਚੇ ਹੋਣਗੇ। ਦੂਜੀ ਗੱਲ ਬਗਦਾਦ ਦੇ ਪੀਰ ਦਸਤਗੀਰ ਦੀ ਪੀਰੀ ਪੰਜਾਬ ਵਿਚ ਵੀ ਪਹੁੰਚੀ ਹੋਈ ਸੀ ਤੇ ਗੁਰੂ ਨਾਨਕ ਦੇਵ ਜੀ ਨੂੰ ਕਿਸੇ ਨਾ ਕਿਸੇ

---

7. ਸੂਫ਼ੀ ਕਾਵਿ ਅੰਕ (ਪੰਜਾਬੀ ਦੁਨੀਆਂ) ਪੰਨਾ 2.

ਪੜਾਅ ਤੇ ਇਨ੍ਹਾਂ ਨਾਲ ਵੀ ਵਾਹ ਪਿਆ ਹੋਵੇਗਾ। ਸੋ ਸੱਤ ਧਰਤੀਆਂ, ਸੱਤ ਆਕਾਸ਼ ਕਹਿਣ ਵਾਲਿਆਂ ਤੇ ਸੰਗੀਤ ਆਤਮਾ ਦੀ ਖੁਰਾਕ ਹੈ ਤੋਂ ਮੂੰਹ ਮੋੜਨ ਵਾਲਿਆਂ ਨੂੰ ਸਹੀ ਗੱਲ ਦਸਣ ਤੇ ਸਿੱਧੇ ਰਾਹ ਪਉਣ ਲਈ ਉਨ੍ਹਾਂ ਆਪਣੇ ਉਦਾਸੀਆਂ ਦੇ ਪ੍ਰੋਗਰਾਮ ਵਿਚ ਬਗਦਾਦ ਨੂੰ ਜ਼ਰੂਰ ਸ਼ਾਮਲ ਕੀਤਾ ਹੋਵੇਗਾ।

'ਬਗਦਾਦ ਫੇਰੀ' ਦੀ ਇਕ ਗਵਾਹੀ, ਬਗਦਾਦ ਰੇਲਵੇ ਸਟੇਸ਼ਨ ਤੋਂ ਡੇਢ ਕੁ ਮੀਲ ਦੀ ਵਿਥ ਤੇ ਪੀਰ ਬਹਿਲੋਲ ਦੀ ਕਬਰ ਕੋਲ ਤੁਰਕੀ ਭਾਸ਼ਾ ਵਿਚ ਲਿਖੇ ਇਕ ਖਤਬੇ ਤੋਂ ਵੀ ਮਿਲਦੀ ਹੈ। ਜਿਸ ਦਾ ਅੰਗਰੇਜ਼ੀ ਵਿਚ ਅਨੁਵਾਦ ਹੇਠ ਲਿਖੇ ਅਨੁਸਾਰ ਹੈ:-[8]

"In memory of the Guru that his Divine Master Baba Nanak Faqir Aulia. This building has been raised a new with the help of seven sainks; and the chronogram reads, 'The blended disciple has produced a spring of grace - year 92)"

## ਸ਼ਿਵਰਾਤ੍ਰੀ ਦਾ ਮੇਲਾ

ਅਚਲ ਵਟਾਲੇ ਦੇ ਸ਼ਿਵਰਾਤ੍ਰੀ ਦੇ ਮੇਲੇ ਤੇ ਕਰਤਾਰਪੁਰੋਂ ਗੁਰੂ ਸਾਹਿਬ, ਜੋਗੀਆਂ ਨਾਥਾਂ ਨੂੰ ਜਾ ਕੇ ਮਿਲੇ ਤੇ ਗਿਆਨ ਗੋਸ਼ਟ ਕੀਤੀ। ਪਹਿਲੀ ਮਿਲਣੀ, ਉਨ੍ਹਾਂ ਦੇ ਅਸਲ ਟਿਕਾਣਿਆਂ ਤੇ ਜਾ ਕੇ ਹੋਈ ਸੀ ਤੇ ਦੂਸਰੀ ਮਿਲਣੀ ਮੇਲੇ ਵਿਚ ਇਕੱਠੀ ਹੋਈ ਸਾਰੀ ਜਨਤਾ ਦੇ ਇਕੱਠ ਵਿਚ ਹੋਈ ਤਾਂ ਜੋ ਲੋਕ ਅੱਖਾਂ ਸਾਹਮਣੇ ਉਨ੍ਹਾਂ ਜੋਗੀਆਂ ਦੇ ਥੋਥੇ ਤੇ ਥੋਦੇ ਵਿਚਾਰਾਂ ਨੂੰ ਬਦਲਦੇ ਸੰਕਲਪ ਤੇ ਸਮਾਜ ਦੇ ਪ੍ਰਸੰਗ ਵਿਚ ਦੇਖ ਸਕਣ। ਦੂਸਰੀ ਮਿਲਣੀ ਦਾ ਸਮਾਂ ਪ੍ਰਿੰ: ਸਾਹਿਬ ਸਿੰਘ ਜੀ ਅਨੁਸਾਰ 1586 ਸੰਮਤ ਦਾ ਹੈ ਜਦੋਂ ਗੁਰੂ ਨਾਨਕ ਜੀ ਨੂੰ ਕਰਤਾਰਪੁਰ ਟਿਕਿਆਂ ਨੌ ਸਾਲ ਹੋ ਚੁੱਕੇ ਸਨ। ਇਹ ਵਟਾਲੇ ਤੋਂ ਤਿੰਨ ਮੀਲ ਦੱਖਣ ਵਾਲੇ ਪਾਸੇ ਅਚਲ ਜੋਗੀਆਂ ਦਾ ਪ੍ਰਸਿੱਧ ਸਥਾਨ ਸੀ, ਜਿਸ ਦਾ ਜ਼ਿਕਰ ਭਾਈ ਸਾਹਿਬ ਨੇ ਆਪਣੀ ਪਹਿਲੀ ਵਾਰ ਦੀ 39ਵੀਂ ਪਉੜੀ ਵਿਚ ਕੀਤਾ ਹੈ ਇਸੇ ਮੁਲਾਕਾਤ ਨਾਲ ਸਬੰਧਤ ਅਗਲੀਆਂ ਸਾਢੇ ਚਾਰ ਪਉੜੀਆਂ ਸਿੱਧਾਂ ਨਾਲ ਹੋਈ ਵਿਚਾਰ ਚਰਚਾ ਦਾ ਸਾਰ ਹਨ। ਗੁਰੂ ਨਾਨਕ ਜੀ ਦੀ ਪ੍ਰਸਿੱਧ ਬਾਣੀ 'ਸਿਧਗੋਸ਼ਟ' ਵੀ ਇਸੇ ਵਿਚਾਰ ਚਰਚਾ ਪ੍ਰਤਿ ਲਿਖੀ ਗਈ ਮੰਨੀ ਜਾਂਦੀ ਹੈ।

---

8. Teja Singh 'A Short History of the Sikhs' page 3[illegible]

**ਮੁਲਤਾਨ ਦੀ ਯਾਤਰਾ:**

" ਮੇਲਿਉ ਬਾਬਾ ਉਠਿਆ, ਮੁਲਤਾਨ ਦੀ ਜਾਰਤ ਜਾਈ"

(44/ 5 )

ਮੁਲਤਾਨ ਨੂੰ ਪੀਰੀ ਪੁਰ ਕਹਿਆ ਜਾਂਦਾ ਹੈ। ਭਾਈ ਗੁਰਦਾਸ ਜੀ ਦੀ ਗਵਾਹੀ ਅਨੁਸਾਰ ਗੁਰੂ ਨਾਨਕ 'ਅਚਲ ਵਟਾਲੇ' ਸ਼ਿਵਰਾਤ੍ਰੀ ਦੇ ਮੇਲੇ ਤੋਂ ਸਿੱਧੇ ਹੀ ਮੁਲਤਾਨ ਨੂੰ ਚੱਲੇ ਗਏ ਸਨ। ਇਹ ਉਸ ਸਮੇਂ ਦੀ ਗੱਲ ਹੈ ਜਦੋਂ ਆਪ ਆਪਣੀਆਂ ਚਾਰ ਲੰਮੀਆਂ ਉਦਾਸੀਆਂ ਖਤਮ ਕਰ ਚੁੱਕੇ ਸਨ ਤੇ ਕਰਤਾਰਪੁਰ ਟਿਕ ਕੇ ਉਦਾਸੀ ਭੇਖ ਉਤਾਰ ਕੇ, ਕਿਰਤ ਵਿਰਤ ਰਾਂਹੀ ਲੋਕਾਂ ਨੂੰ ਤਾਰ ਰਹੇ ਸਨ। ਇਕ ਇਤਿਹਾਸਕ ਗਵਾਹੀ ਅਨੁਸਾਰ ਗਜ਼ਨੀ ਦੇ ਇਲਾਕੇ ਦਾ ਜੰਮਪਲ ਇਕ ਸੂਫੀ ਫਕੀਰ 'ਸ਼ਮਸ ਤਬਰੇਜ਼' ਭੀ ਆਪਣਾ ਵਤਨ ਛੱਡ ਕੇ ਮੁਲਤਾਨ ਆ ਵਸਿਆ ਸੀ। ਪਰ 'ਅਨਲਹੱਕ' ਦਾ ਨਾਹਰਾ ਮਾਰਨ ਕਰਕੇ ਉਸ ਨੂੰ ਸ਼ਹੀਦ ਕਰ ਦਿੱਤਾ ਗਿਆ। ਦੋਹਾਂ ਤਰ੍ਹਾਂ ਦੇ ਪੀਰ ਤੇ ਸੂਫੀ ਲੋਕ ਉਥੇ ਵਸਦੇ ਸਨ। ਸ਼ਰੀਅਤ ਦੇ ਅਨੁਸਾਰ ਕਟੜ ਪੰਥੀ ਤੇ ਸ਼ਰੀਅਤ ਤੋਂ ਮੁਨਕਰ 'ਅਹੁੰਅਸਮੀ' ਵਾਲੇ ਆਪਸੀ ਖਹਿ ਖਹਿ, ਜਨ ਸਾਧਾਰਨ ਲਈ ਮਾਰੂ ਬਣ ਰਹੀ ਸੀ ਸੋ ਗੁਰੂ ਸਾਹਿਬ ਉਨ੍ਹਾਂ ਵਿਚ ਚੰਬੇਲੀ ਵਰਗੀ, ਮਿਠਸ ਤੇ ਕੋਮਲਤਾ ਦੇ ਸੰਦੇਸ਼ ਲੈ ਕੇ ਪਹੁੰਚੇ। ਜੇ ਮੱਕਾ ਮਦੀਨਾ ਅਤੇ ਬਗਦਾਦ ਪਹੁੰਚ ਸਕਦੇ ਸਨ ਤਾਂ ਮੁਲਤਾਨ ਕਰਤਾਰਪੁਰੋਂ ਬਹੁਤਾ ਦੂਰ ਨਹੀਂ ਸੀ।

ਇੰਨ੍ਹਾਂ ਉਪਰੋਕਤ ਹਵਾਲਿਆਂ ਤੋਂ ਪਿੱਛੋਂ ਕੁਝ ਇਕ ਗੱਲਾਂ, ਕਰਤਾਰਪੁਰ ਦੀ ਮਹੱਤਤਾ ਸਬੰਧੀ, ਗੁਰੂ ਨਾਨਕ ਜੀ ਦੇ ਪੁਤਰਾਂ ਸਬੰਧੀ ਅਤੇ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਬਾਰੇ, ਸੰਕੇਤਕ ਰੂਪ ਵਿਚ ਵੀ ਮਿਲਦੀਆਂ ਹਨ। ਇਹ ਸਾਰੀਆਂ ਗੱਲਾਂ ਕਰਤਾਰਪੁਰ ਦੀ ਇਤਿਹਾਸਕ ਧਰਤੀ ਤੇ ਹੋਈਆਂ ਜਿਸ ਨੂੰ ਗੁਰੂ ਸਾਹਿਬ ਨੇ ਆਪ ਪਰਮਾਤਮਾਂ ਦੇ ਸ਼ੁਕਰਾਨੇ ਵਜੋਂ ਕਰਤਾਰ ਦੇ ਨਾਂ ਉਤੇ ਉਸਾਰਿਆ ਸੀ।

ਕਰਤਾਰਪੁਰ ਵਿਚਲੀਆਂ ਘਟਨਾਵਾਂ ਦਾ ਸੰਕੇਤ ਮਾਤਰ ਵਰਨਣ ਇਸ ਪ੍ਰਕਾਰ ਹੈ:-

"ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖੁ ਉਦਾਸੀ ਸਗਲ ਉਤਾਰਾ।
ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ ।
ਉਲਟੀ ਗੰਗ ਵਹਾਈਓਨਿ ਗੁਰ ਅੰਗਦੁ ਸਿਰਿ ਉਪਰਿ ਧਾਰਾ।"(38)

1. ਉਦਾਸੀ ਭੇਖ ਉਤਾਰ ਦਿੱਤਾ ਗਿਆ ਜੋ ਲੋਕਾਈ ਦੇ ਭਲੇ ਵਾਸਤੇ ਥਾਂ ਪੁਰ ਥਾਂ, ਜਾ ਕੇ ਵਖ ਵਖ ਧਰਮਾਂ ਦੇ ਆਗੂਆਂ ਨੂੰ ਮਿਲਣ ਵਾਸਤੇ ਧਾਰਣ ਕੀਤਾਂ ਸੀ। ਇਹ ਪ੍ਰਗਟ ਕਰ ਦਿੱਤਾ ਕਿ ਭੇਖ ਦਾ ਆਤਮਾ ਦੀ ਪਵਿੱਤਰਤਾ ਨਾਲ ਕੋਈ ਸਬੰਧ ਨਹੀਂ।

2. ਸਿੱਖ ਮਾਰਗ ਦਾ ਕੇਂਦਰ ਸਥਾਪਤ ਕਰਨ ਲਈ 'ਗੱਦੀ' ਅਰਥਾਤ ਮੰਜੀ ਦੀ ਪ੍ਰਥਾ ਕਾਇਮ ਕੀਤੀ ਤਾਂ ਜੋ ਜਨ ਸਾਧਾਰਣ ਨੂੰ ਸੱਚ ਮਾਰਗ ਦੀ ਓਟ ਮਿਲਦੀ ਰਹੇ।

3. ਗੱਦੀ ਦੀ ਜੱਦੀ ਪਰੰਪਰਾ ਨੂੰ ਮੁਕਾ ਦਿੱਤਾ। ਯੋਗਤਾ ਉਤੇ ਨਿਰਭਰ ਬਣਾ ਦਿੱਤਾ।

4. ਸੱਚ ਦੀ ਖੋਜ ਵਾਸਤੇ ਗਿਆਨ ਗੋਸ਼ਟ ਤੇ ਸ਼ੁਧ ਚਰਚਾ ਦੀ ਪ੍ਰਥਾ ਨੂੰ ਸ਼ੁਰੂ ਕੀਤਾ। ਫੋਕਟ ਗਿਆਨ ਨੂੰ ਮੁਕਾਇਆ।

5. ਸੱਚੇ ਪ੍ਰਭੂ ਦੀ ਉਸਤਤ ਵਿਚ ਲਿਖੀਆਂ ਬਾਣੀਆਂ ਪੜ੍ਹਨ, ਸਮਝਣ ਤੇ ਗਾਉਣ ਦੀ ਰਵਾਇਤ ਬੰਨ੍ਹ ਦਿੱਤੀ।

<u>ਕਰਾਮਾਤਾਂ</u>

ਭਾਈ ਗੁਰਦਾਸ ਜੀ ਦੀਆਂ ਬਿਆਨੀਆਂ ਇੰਨ੍ਹਾਂ ਛੇ ਘਟਨਾਵਾਂ ਵਿਚੋਂ ਘੱਟੋ ਘੱਟ ਦੋ ਵਿਚ 'ਕਰਾਮਾਤੀ' ਰੰਗ ਦੀ ਹਲਕੀ ਜਿਹੀ ਝਿਲਕ ਵੀ ਪੈਂਦੀ ਹੈ। ਇਸ ਦਾ ਕਾਰਣ ਕੀ ਹੈ? ਭਾਈ ਗੁਰਦਾਸ ਵਰਗਾ ਸੁਚੇਤ ਤੇ ਚਿੰਤਕ ਕਲਾਕਾਰ ਕੀ ਅਜੇਹੀ ਗੱਲ ਤੇ ਟਪਲਾ ਖਾ ਸਕਦਾ ਹੈ? ਇਹ ਗੱਲ ਵਿਚਾਰਣ ਯੋਗ ਹੈ। ਇਹ ਦੋਵੇਂ ਕਰਾਮਾਤੀ ਘਟਨਾਵਾਂ ਭਾਰਤ ਤੋਂ ਬਾਹਰ ਨਾਲ ਸਬੰਧਤ ਹਨ। ਇਕ ਮੱਕੇ ਦੀ ਸਾਖੀ ਵਿਚ ਹੈ ਤੇ ਇਕ ਬਗਦਾਦ ਦੀ ਸਾਖੀ ਵਿਚ।

ਬਾਬਾ ਜੀ ਮੱਕੇ ਜਾਂਦੇ ਹਨ। ਰਾਤ ਨੂੰ ਸੌਣ ਲੱਗਿਆਂ ਕਾਬੇ ਵਲ ਪੈਰ ਕਰਕੇ ਸੌਂ ਜਾਂਦੇ ਹਨ। 'ਜੀਵਨ' ਉਨ੍ਹਾਂ ਨੂੰ ਲੱਤਾਂ ਤੋਂ ਘਸੀਟ ਕੇ ਦੂਜੇ ਪਾਸੇ ਕਰ ਦਿੰਦਾ ਹੈ। ਕਾਬੇ ਦਾ ਮੂੰਹ ਵੀ ਉਸੇ ਪਾਸੇ ਘੁੰਮ ਜਾਂਦਾ ਹੈ। ਭਾਈ ਗੁਰਦਾਸ ਜੀ ਇਸ ਘਟਨਾ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਹਨ:-

"ਜਾ ਬਾਬਾ ਸੁਤਾ ਰਾਤਿ ਨੋ ਵਲਿ ਮਹਿਰਾਬੇ ਪਾਇ ਪਸਾਰੀ।
ਜੀਵਣਿ ਮਾਰੀ ਲਤਿ ਦੀ ਕੇਹੜਾ ਸੁਤਾ ਕੁਫਰ ਕੁਫਾਰੀ।
ਲਤਾ ਵਲਿ ਖੁਦਾਇਦੇ ਕਿਉਂ ਕਰਿ ਪਇਆ ਹੋਇ ਬਜਗਾਰੀ।
ਟੰਗੋਂ ਪਕੜਿ ਘਸੀਟਿਆ ਫਿਰਿਆ ਮਕਾ ਕਲਾ ਦਿਖਾਰੀ"

(ਪਉੜੀ 32)

ਦੂਸਰੀ ਕਰਾਮਾਤ ਬਗਦਾਦ ਫੇਰੀ ਸਮੇਂ ਦੀ ਹੈ। ਪੀਰ ਦਸਤਗੀਰ ਨੂੰ ਗੁਰੂ ਸਾਹਿਬ ਦੇ ਇਸ ਵਚਨ ਤੇ ਵਿਸ਼ਵਾਸ਼ ਨਹੀਂ ਆਉਂਦਾ ਕਿ ਧਰਤੀਆਂ ਅਤੇ ਆਕਾਸ਼ ਸੱਤ ਸੱਤ ਨਹੀਂ ਹਨ ਸਗੋਂ ਅਨੇਕ ਹਨ। ਉਸ ਨੂੰ ਵਿਸ਼ਵਾਸ਼ ਦਿਵਾਉਣ ਲਈ ਉਸ ਦੇ ਪੁੱਤਰ ਨੂੰ ਅੱਖ ਝਮਕਣ ਦੀ ਦੇਰੀ ਵਿਚ ਲੱਖਾਂ ਆਕਾਸ਼ਾਂ ਪਾਤਾਲਾਂ ਦੇ ਦਰਸ਼ਨ ਕਰਾ ਦਿੰਦੇ ਹਨ। ਨਾਲ ਹੀ ਪ੍ਰਸਾਦਿ ਦਾ ਕਚ ਕੌਲ ਵੀ ਭਰ ਕੇ ਲਿਆਉਂਦੇ ਹਨ। ਭਾਈ ਗੁਰਦਾਸ ਦੇ ਸ਼ਬਦਾਂ ਵਿਚ ਇੰਨ੍ਹਾਂ ਗੱਲਾਂ ਦਾ ਜ਼ਿਕਰ ਇਸ ਪ੍ਰਕਾਰ ਮਿਲਦਾ ਹੈ:-

"ਪੁਛੇ ਪੀਰ ਤਕਰਾਰ ਕਰਿ ਏਹ ਫਕੀਰ ਵਡਾ ਅਤਾਈ।
ਏਥੇ ਵਿਚਿ ਬਗਦਾਦ ਦੇ ਵਡੀ ਕਰਾਮਾਤਿ ਦਿਖਲਾਈ।
ਪਾਤਾਲਾ ਆਕਾਸ਼ ਲਖ ਓੜਕਿ ਭਾਲੀ ਖਬਰੁ ਸੁਣਾਈ।
ਫੇਰਿ ਦੁਰਾਇਣ ਦਸਤਗੀਰ ਅਸੀਂ ਭਿ ਵੇਖਾ ਜੋ ਤੁਹਿ ਪਾਈ।
ਨਾਲਿ ਲੀਤਾ ਬੇਟਾ ਪੀਰ ਦਾ ਅਖੀ ਮੀਟਿ ਗਇਆ ਹਵਾਈ।
ਲਖ ਆਕਾਸ਼ ਪਾਤਾਲ ਲਖ ਅਖ ਫੁਰੰਕ ਵਿਚਿ ਸਭਿ ਦਿਖਲਾਈ।
ਭਰਿ ਕਚ ਕੌਲ ਪ੍ਰਸਾਦਿ ਦਾ ਧੁਰੋ ਪਤਾਲੋ ਲਈ ਕੜਾਹੀ।
ਜ਼ਾਹਰ ਕਲਾ ਨ ਛਪੈ ਛਪਾਈ।"(ਪਉੜੀ 36 )

ਗੁਰੂ ਨਾਨਕ ਜੀ ਦੀ ਸ਼ਖਸੀਅਤ ਅਤੇ ਉਨ੍ਹਾਂ ਦੇ ਦ੍ਰਿੜ ਕਰਾਏ ਮਾਰਗ ਨੂੰ ਗੁਰੂ ਨਾਨਕ ਜੀ ਦੇ ਸਮਕਾਲੀ ਸਮਾਜ ਦਾ ਮੁਅਜ਼ਜਾ ਆਖਿਆ ਜਾਂਦਾ ਹੈ। ਉਨ੍ਹਾਂ ਨੇ ਆਪਣੇ ਵਿਸ਼ਾਲ ਅਧਿਐਨ ਤੇ ਯਤਨਾਂ ਰਾਂਹੀ ਜਿਤਨੀਆਂ ਵੀ ਤਬਦੀਲੀਆਂ ਸਮਕਾਲੀ ਸਮਾਜ ਅਤੇ ਲੋਕਾਂ ਵਿਚ ਲਿਆਂਦੀ, ਉਹ ਅਜ ਦੇ ਅਤਿ ਦੇ ਬੌਧਿਕ ਪ੍ਰਾਣੀ ਨੂੰ ਵੀ ਹੈਰਾਨੀ ਵਿਚ ਪਾ ਦਿੰਦੀਆਂ ਹਨ। ਅਜ ਦੇ ਬਹੁਤੇ ਬੌਧਿਕ ਚਿੰਤਕ ਇਸ ਗੱਲ ਤੇ ਸਹਿਮਤ ਹੋ ਗਏ ਹਨ ਕਿ ਗੁਰੂ ਨਾਨਕ ਮੱਧਯੁਗੀ ਧਰਮ ਪ੍ਰਚਾਰਕਾਂ ਤੇ ਲੋਕ ਸੁਧਾਰਕਾਂ ਵਿਚੋਂ ਮੁਖੀ ਗਿਣੇ ਜਾ ਸਕਦੇ ਸਨ। ਭਾਈ ਗੁਰਦਾਸ ਜੀ ਦੇ ਸਮੇਂ ਵੀ ਅਕਸਰ ਲੋਕ ਗੁਰੂ ਨਾਨਕ ਜੀ ਦੇ ਕਾਰਨਾਮਿਆਂ ਨੂੰ ਸੁਣ ਕੇ ਹੈਰਾਨ ਤੇ ਚਕ੍ਰਿਤ ਹੁੰਦੇ ਹੋਣਗੇ। ਸੋ ਇਸ ਉਤਸ਼ਾਹ ਤੇ ਅਸਚਰਜਤਾ ਭਰੇ ਮਾਹੌਲ ਵਿਚ, ਗੁਰੂ ਨਾਨਕ ਦੇਵ ਜੀ ਦੀਆਂ ਜੀਵਨ ਘਟਨਾਵਾਂ ਨੂੰ ਕਰਾਮਾਤੀ ਰੰਗਣ ਦੀ ਪੁਠ ਜ਼ਰੂਰ ਚੜ੍ਹਦੀ ਰਹੀ ਹੋਵੇਗੀ। ਜੋ ਅਸਚਰਜਤਾ ਵਾਲੀ ਗੱਲ ਨਹੀਂ। ਸ਼ਰਧਾਵਾਨ ਬੁੱਧੀ ਵੀ ਤਾਂ ਅਨਭੋਲ ਹੀ ਕਰਾਮਾਤਾਂ ਨੂੰ ਪ੍ਰਵਾਨ ਕਰ ਲੈਂਦੀ ਹੈ। ਸਾਧਾਰਨ ਬੁੱਧੀ ਵਾਲੇ ਲੋਕਾਂ ਲਈ ਕਿਸੇ ਵੱਡੇ ਆਂ ਪੁਰਖ ਅੰਦਰ ਕਰਾਮਾਤੀ ਅੰਸ਼ ਦਾ ਹੋਣਾ ਹੀ ਰਬ ਦੀ ਹਾਜ਼ਰੀ ਦਾ ਸਬੂਤ ਹੈ। ਸੋ ਜੋ ਰੂਪ ਗੁਰੂ ਨਾਨਕ ਜੀ ਦੀਆਂ ਜੀਵਨ ਘਟਨਾਵਾਂ ਦਾ ਹੋਂਦ ਵਿਚ ਆ ਚੁੱਕਾ ਸੀ। ਉਸ ਸੰਕਲਪ

ਤੋਂ ਬਾਹਰ ਜਾ ਕੇ ਝਾਤੀ ਮਾਰਨੀ ਤੇ ਸਹੀ ਰੂਪ ਦਾ ਪ੍ਰਗਟਾਵਾ ਕਰਨਾ, ਮੱਧਯੁਗੀ ਬੌਧਿਕ ਚੇਤੰਨਤਾ ਵਿਚ ਕਠਨ ਨਹੀਂ ਤਾਂ ਕੁਝ ਹੱਦ ਤਕ ਔਖਾ ਜ਼ਰੂਰ ਸੀ। ਭਾਈ ਗੁਰਦਾਸ ਜੀ ਇਸ ਗੱਲ ਵੱਲੋਂ ਪੂਰੇ ਚੇਤੰਨ ਸਨ। ਕਰਾਮਾਤਾਂ ਵਿਚ ਵਿਸ਼ਵਾਸ਼ ਨਹੀਂ ਕਿਉਂਕਿ ਇਹ ਗੁਰੂ ਮਾਰਗ ਅਨੁਸਾਰ ਠੀਕ ਨਹੀਂ ਫਿਰ ਵੀ ਇਹ ਰੰਗ ਆ ਹੀ ਗਿਆ ਹੈ ਪਰ ਉਨ੍ਹਾਂ ਨਾਲੋਂ ਬਾਈ ਸਪਸ਼ਟ ਜ਼ਰੂਰ ਕਰ ਦਿੱਤਾ ਹੈ ਕਿ ਇਹ ਕਰਾਮਾਤ ਨਹੀਂ ਸੱਚ ਉਤੇ ਵਿਸ਼ਵਾਸ਼ ਅਤੇ ਆਚਰਨ ਸ਼ਕਤੀ ਹੈ ਜਿਹੜੀ ਵੱਡੇ ਤੋਂ ਵੱਡੇ ਕੰਮ ਵੀ ਸੰਭਵ ਬਣਾ ਦਿੰਦੀ ਹੈ। ਉਨ੍ਹਾਂ ਨੇ ਸਾਰੀਆਂ ਗੱਲਾਂ ਦੇ ਬਾਵਜੂਦ ਗੁਰੂ ਨਾਨਕ ਜੀ ਨੂੰ ਪੁਰਾਣ ਪੁਰਸ਼ ਨਹੀਂ ਬਣਾਇਆ।

"ਸਿਧ ਪੁਛਣ ਸੁਣਿ ਬਾਲਿਆ ਕਉਣੁ ਸਕਤਿ ਤੁਹਿ ਏਥੇ ਲਿਆਈ।
ਹਉ ਜਪਿਆ ਪਰਮੇਸਰੋ, ਭਾਉ ਭਗਤਿ ਸੰਗ ਤਾੜੀ ਲਾਈ।"
(ਪਉੜੀ 28 )

"ਬਾਬਾ ਬੋਲੇ ਨਾਥ ਜੀ ਅਸਾਂ ਤੇ ਵੇਖਣਿ ਜੋਗੀ ਵਸਤੁ ਨ ਕਾਈ।
ਗੁਰੂ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀਂ ਹੈ ਰਾਈ।"
(ਪਉੜੀ 42 )

"ਬਾਬਾ ਬੋਲੇ ਨਾਥ ਜੀ ਸਬਦੁ ਸੁਨਹੁ ਸਚੁ ਮੁਖਹੁ ਅਲਾਈ।
ਬਾਝੋਂ ਸਚੇ ਨਾਮ ਦੇ ਹੋਰੁ ਕਰਾਮਾਤਿ ਅਸਾਂ ਤੇ ਨਾਹੀ।"
(ਪਉੜੀ 43 )

## ਗੁਰੂ ਨਾਨਕ ਦੇਵ ਜੀ ਦੀ ਸ਼ਖਸੀਅਤ:

ਗੁਰੂ ਨਾਨਕ ਜੀ ਇਕ ਅਨੂਪਮ ਤੇ ਅਨੂਠੀ ਸ਼ਖਸੀਅਤ ਵਾਲੇ ਕਰਤਾਰੀ ਪੁਰਸ਼ ਸਨ। ਜਿਨ੍ਹਾਂ ਨੂੰ ਕਰਤਾਰ ਨੇ ਖੁਦ ਤਿੰਨ ਯੁਗਾਂ ਦੀ ਫੈਲਾਈ ਅਸਥਿਰਤਾ ਤੋਂ ਪਿਛੋਂ ਹੋਂਦ ਵਿਚ ਲਿਆਂਦਾ। ਕਲਿਯੁਗ ਨੂੰ ਰਸਾਤਲ ਟੋਏ ਵਿਚੋਂ ਕੱਢਣ ਲਈ ਭੇਜਿਆ ਸੀ। ਭਾਈ ਗੁਰਦਾਸ ਜੀ ਅਨੁਸਾਰ ਕੋਈ ਪੂਰਨ ਮਨੁਖ ਹੀ ਇਸ ਘੋਰ ਕਲੀਕਾਲ ਦੇ ਵਾਸੀਆਂ ਨੂੰ ਤਾਰ ਸਕਦਾ ਸੀ, ਧਾਰਮਿਕ, ਸਮਾਜਕ, ਰਾਜਨੀਤਕ ਤੇ ਸਦਾਚਾਰਕ ਕੀਮਤਾਂ ਜੀਵਨ ਵਿਚੋਂ ਮੁੱਕ ਚੁੱਕੀਆਂ ਸਨ। ਅਜਿਹੀ ਸਾਰੀ ਅਵਸਥਾ ਦਾ ਵਰਨਣ ਭਾਈ ਸਾਹਿਬ ਨੇ ਇਸ ਤਰ੍ਹਾਂ ਕੀਤਾ ਹੈ:-

"ਕਲਿਜੁਗ ਚੌਥਾ ਥਾਪਿਆ ਸੂਦਰ ਬਿਰਤਿ ਜਗ ਮਹਿ ਵਰਤਾਈ।"
(ਪਉੜੀ 7 )

"ਵਰਤਿਆ ਪਾਪ ਜਗਤ੍ਰ ਤੇ ਧਉਲ ਉਡੀਣਾ ਨਿਸਦਿਨ ਰੋਆ।
ਬਾਝ ਦਇਆ ਬਲਹੀਣ ਹੋਇ ਨਿਘਰ ਚਲੋ ਰਸਾਤਲਿ ਟੋਆ।"

(ਪਉੜੀ 22)

"ਤੰਤ੍ਰ ਮੰਤ੍ਰ ਪਾਖੰਡ ਕਰਿ ਕਲਹਿ ਕ੍ਰੋਧੁ ਬਹੁਵਾਦਿ ਵਧਾਵੈ।
ਆਪੋ ਧਾਪੀ ਹੋਇਕੈ ਨਿਆਰੇ ਨਿਆਰੇ ਧਰਮ ਚਲਾਵੈ ।"

(ਪਉੜੀ 18)

"ਤੰਤ ਮੰਤ ਰਸਾਇਣਾ ਕਰਾਮਾਤਿ ਕਾਲਖ ਲਪਟਾਏ।
ਇਕਸਿ ਤੇ ਬਹੁ ਰੂਪਿ ਕਰਿ ਰੂਪ ਕਰੂਪੀ ਘਣੇ ਦਿਖਾਏ।"

(ਪਉੜੀ 19)

"ਕਾਜੀ ਹੋਇ ਰਿਸ਼ਵਤੀ ਵੱਢੀ ਲੈ ਕੇ ਹੱਕ ਗਵਾਈ।
ਇਸਤ੍ਰੀ ਪੁਰਖੈ ਦਾਮਿ ਹਿਤੁ ਭਾਵੈ ਆਇ ਕਿਥਾਊ ਜਾਈ।
ਵਰਤਿਆ ਪਾਪ ਸਭਸ ਜਗ ਮਾਂਹੀ।"

(ਪਉੜੀ 30)

"ਹਉਮੈ ਅੰਦਰਿ ਸਭਿ ਕੋ ਡੁਬੇ ਗੁਰੂ ਸਣੇ ਬਹੁ ਚੇਲੈ।
ਗੁਰਮੁਖਿ ਕੋਇ ਨ ਦਿਸਈ ਢੂੰਡੇ ਤੀਰਥ ਜਾਤ੍ਰੀ ਮੇਲੈ।"

(ਪਉੜੀ 26)

ਅਜਿਹੀ ਖਿਚੋਤਾਣ ਅਤੇ ਹਉਮੈਂ ਭਰੀ ਹਾਲਤ ਲਈ ਇਨਕਲਾਬੀ ਰੂਹ ਵਾਲੀ ਰੂਹਾਨੀ ਸ਼ਖਸੀਅਤ ਦੀ ਲੋੜ ਸੀ। ਇਨਕਲਾਬੀ ਪੁਰਖ ਅਥਾਹ ਅਤੇ ਅਸੀਮ ਸ਼ਕਤੀ ਦਾ ਮਾਲਕ ਹੋਣਾ ਚਾਹੀਦਾ ਹੈ ਉਚੇ ਸੁਚੇ ਆਦਰਸ਼, ਸਦਾਚਾਰ ਅਤੇ ਦ੍ਰਿੜ ਵਿਸ਼ਵਾਸ਼ ਦਾ ਧਾਰਨੀ ਹੋਣਾ ਚਾਹੀਦਾ ਹੈ, ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਜੀ ਨੂੰ ਇਨਕਲਾਬੀ ਰੂਹ ਅਤੇਸ਼ਕਤੀ ਸੰਪੰਨ ਸ਼ਖਸੀਅਤ ਦੇ ਰੂਪ ਵਿਚ ਪੇਸ਼ ਕੀਤਾ ਹੈ। ਇਸ ਸ਼ਖਸੀਅਤ ਵਿਚ ਦੋ ਹੋਰ ਗੱਲਾਂ ਦਾ ਵੀ ਹੋਣਾ ਜਰੂਰੀ ਹੈ:- ਇਕ ਨਿਮਰਤਾ ਗਰੀਬੀ ਤੇ ਦੂਜਾ ਘਾਲਣਾ ਦੀ ਸਮਰਥਾ। ਨਿੰਮਰਤਾ ਤੇ ਗਰੀਬੀ ਦੀ ਦਾਤ ਪ੍ਰਭੂ ਨੇ ਆਪ ਦਿੱਤੀ ਸੀ, ਦੇਣੀ ਬਣਦੀ ਹੀ ਸੀ ਕਿਉਂਕਿ ਸੇਵਕ ਦੀ ਘਾਲਣਾ ਦਾ ਮੁਲ ਪਾਉਣਾ ਵੀ ਤਾਂ ਜਰੂਰੀ ਹੁੰਦਾ ਹੈ। ਸੱਚੀ ਦਰਗਾਹ ਦਾ ਇਹ ਸਦੀਵੀ ਦਸਤੂਰ ਚਲਿਆ ਆਉਂਦਾ ਹੈ। ਭਾਈ ਗੁਰਦਾਸ ਨੇ ਬਖਸ਼ਸ਼ ਅਰਥਾਤ 'ਨਦਰ- ਏ- ਕਰਮ' ਦੇ ਸਿਧਾਂਤ ਨੂੰ ਵੀ ਅੱਖੋਂ ਪ੍ਰੋਖੇ ਨਹੀਂ ਕੀਤਾ ਜਿਸ ਨੂੰ ਉਹ 'ਬਖਸ਼ੰਦਰ' ਕਰਕੇ ਲਿਖਦੇ ਹਨ। ਇਸ ਸਾਰੀ ਗੱਲ ਨੂੰ ਉਨ੍ਹਾਂ ਆਪਣੀ ਇਸ ਵਾਰ ਦੀ 24ਵੀਂ ਪਉੜੀ ਵਿਚ ਇਸ ਤਰ੍ਹਾਂ ਲਿਖਿਆ ਹੈ:-

"ਪਹਿਲਾਂ ਬਾਰੇ ਪਾਯਾ ਬਖਸ ਦਰਿ ਪਿਛੋਂ ਦੇ ਫਿਰਿ ਘਾਲਿ ਕਮਾਈ।
ਰੇਤੁ ਅਕੁ ਆਹਾਰੁ ਕਰਿ ਰੋੜਾ ਕੀ ਗੁਰ ਕਰੀ ਵਿਛਾਈ।
ਬਾਬਾ ਪੈਧਾ ਸਚ ਖੰਡਿ, ਨਉ ਨਿਧਿ ਨਾਮੁ ਗਰੀਬੀ ਪਾਈ।
ਭਾਰੀ ਕਰੀ ਤਪਸਿਆ ਵਡੇ ਭਾਗੁ ਹਰਿ ਸਿਉਂ ਬਣਿ ਆਈ

1/24

ਭਾਈ ਗੁਰਦਾਸ ਨੇ ਬੜੀ ਖੂਬਸੂਰਤੀ ਨਾਲ ਆਪਣੀਆਂ ਉਪਰੋਕਤ ਗੱਲਾਂ ਨੂੰ ਪ੍ਰਗਟਾਇਆ ਹੈ।

ਇਸ ਅਥਾਹ ਅਤੇ ਅਸੀਮ ਸ਼ਕਤੀ ਦੇ ਮਾਲਿਕ ਨੇ ਜਿਥੇ ਵੀ ਆਪਣੇ ਚਰਣ ਪਾਏ, ਵਿਜੈ ਹਾਸਲ ਕੀਤੀ ਉਹ ਹਿੰਦੂਆਂ ਦੇ ਵੱਡੇ ਵੱਡੇ ਤੀਰਥਾਂ ਤੇ ਗਏ, ਪਹਾੜਾਂ ਦੇ ਅਤਿ ਕਠੋਰ ਰਸਤਿਆਂ ਰਾਂਹੀ ਸਿੱਧਾਂ ਨਾਥਾਂ ਕੋਲ ਪਹੁੰਚੇ, ਵੱਡੇ ਵੱਡੇ ਪੰਡਤਾਂ ਨਾਲ ਗਿਆਨ ਗੋਸ਼ਟਾਂ ਕੀਤੀਆਂ। ਰਾਜਿਆਂ ਰਾਣਿਆਂ ਨੂੰ ਮਿਲੇ, ਮੁਲਾਂ ਮੁਲਾਣਿਆਂ ਨੂੰ ਮਿਲੇ, ਮੁਸਲਮਾਨੀ ਮੁਤਬਰਕ ਥਾਵਾਂ ਜਿਵੇਂ, ਮੱਕਾ ਮਦੀਨਾ, ਬਗਦਾਦ ਆਦਿ ਸਭ ਥਾਂ ਪਹੁੰਚ ਕੇ ਡੰਕੇ ਦੀ ਚੋਟ ਨਾਲ ਆਪਣੇ ਨਿਰਮਲ ਪੰਥ ਦਾ ਸੰਦੇਸ਼ ਦਿੱਤਾ ਅਤੇ ਵਿਜੈਈ ਹੋ ਕੇ ਨਿਕਲੇ। ਸੋ ਭਾਈ ਗੁਰਦਾਸ ਇਸ ਅਧਿਆਤਮਕ ਮਾਰਗ ਦੇ ਸ਼ਾਹ ਸਵਾਰ ਜੇਤੂ ਨੂੰ ਆਪਣੀ ਰਚਨਾਂ ਵਿਚ ਇਸ ਤਰ੍ਹਾਂ ਪੇਸ਼ ਕਰਦੇ ਹਨ:-

"ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ

( ਪਉੜੀ 27 )

"ਸਤਿਗੁਰ ਅਗਮ ਅਗਾਧਿ ਪੁਰਖੁ ਕੇਹੜਾ ਝਲੈ ਗੁਰੂ ਦੀ ਝਾਲਾ।"

(ਪਉੜੀ 31 )

"ਗੜ ਬਗਦਾਦ ਨਿਵਾਇਕੈ ਮਕਾ ਮਦੀਨਾ ਸਭੇ ਨਿਵਾਇਆ।"

(ਪਉੜੀ 37 )

ਭਾਈ ਗੁਰਦਾਸ ਨੇ ਗੁਰੂ ਜੀ ਦੀ ਸੁਭਾਖਾ ਵਲ ਵੀ ਵਾਰ ਵਾਰ ਸੰਕੇਤ ਕੀਤਾ ਹੈ। ਸੁਭਾਖਾ ਤੋਂ ਭਾਵ ਸ਼ਬਦ ਦੀ ਸੁਹਜ ਭਰੀ ਸੁਹਣੀ, ਰਸੀਲੀ ਤੇ ਮੌਕੇ ਅਨੁਸਾਰ ਵਰਤੋਂ ਹੈ। ਸ਼ਬਦ ਸ਼ਕਤੀ ਹੈ, ਸ਼ਬਦ ਬ੍ਰਹਮ ਹੈ, ਸ਼ਬਦ ਦਾ ਹੀ ਸਾਰਾ ਪਾਸਾਰਾ ਹੈ। ਸ਼ਬਦ ਖਸਮ ਦੀ ਬਾਣੀ ਵੀ ਹੈ। ਗੁਰੂ ਜੀ ਇਸ ਸ਼ਬਦ ਸ਼ਕਤੀ ਦੀ ਰੱਜ ਕੇ ਵਰਤੋਂ ਕਰਦੇ ਹਨ।

ਸ਼ਬਦ ਦੇ ਨਾਲ ਸੁਰ ਦਾ ਮੇਲ ਕਰਕੇ ਇਸ ਦੀ ਸਮਰਥਾ ਹੋਰ ਵੀ ਵਧ ਜਾਂਦੀ ਹੈ। ਦੋਵੇਂ ਚੀਜ਼ਾਂ - ਸ਼ਬਦ ਅਤੇ ਸੁਰ ਆਤਮਾ ਦੀ ਸਵੱਛਤਾ ਤੇ ਪਵਿੱਤਰਤਾ ਦਾ ਜਿਊਂਦਾ ਜਾਗਦਾ ਪ੍ਰਮਾਣ ਹਨ, ਸੰਗੀਤ ਨੂੰ ਆਤਮਾ ਦੀ ਖੁਰਾਕ ਮੰਨਿਆ ਜਾਂਦਾ ਹੈ। ਸੋ ਗੁਰੂ ਸਾਹਿਬ ਨੇ ਦੋਹਾਂ ਚੀਜਾਂ ਨੂੰ ਅਨਿੱਖੜ ਬਣਾ ਕੇ ਵਰਤਿਆ ਤੇ ਰੱਜ ਕੇ ਵਰਤਿਆ। ਇਤਿਹਾਸ ਇਸ ਗੱਲ ਦੀ ਗਵਾਹੀ ਦੇਂਦਾ ਹੈ ਕਿ ਜਦੋਂ ਕਦੀ ਵੀ ਗੁਰੂ ਨਾਨਕ ਜੀ ਨੂੰ 'ਸਚ' ਦੀ ਬਾਣੀ, ਇਲਾਹੀ ਬਾਣੀ ਜਾਂ ਧੁਰਕੀ ਬਾਣੀ ਉਤਰਦੀ ਤਾਂ ਉਹ ਮਰਦਾਨੇ ਨੂੰ ਹੁਕਮ ਕਰਦੇ 'ਮਰਦਾਨਿਆਂ ਵਜਾ ਰਬਾਬ' ਤੇ ਫਿਰ ਉਨ੍ਹਾਂ ਇਲਾਹੀ ਵਜਦ ਦੀਆਂ ਘੜੀਆਂ ਵਿਚ ਗੁਰੂ ਨਾਨਕ ਦੇ ਸੰਪਰਕ ਵਿਚ ਆਏ ਕਠੋਰ ਹਿਰਦੇ ਇਸ ਸ਼ਕਤੀ ਦੀ ਸਮ-ਰਥਾ ਦੀ ਤਾਬ ਨਹੀਂ ਝੱਲਦੇ, ਢਲ ਜਾਂਦੇ ਪਿਘਲ ਕੇ ਰਹਿ ਜਾਂਦੇ। ਬਗਦਾਦ ਵਿੱਚ ਇਸੇ ਸ਼ਬਦ ਅਤੇ ਸੁਰ ਦੇ ਸੁਮੇਲ ਨੇ ਪੀਰ ਦਸਤਗੀਰ ਜਾਂ ਜਿਵੇਂ ਇਤਿਹਾਸ ਦਸਦਾ ਹੈ ਉਸ ਦੇ ਪ੍ਰਮੁਖ ਚੇਲੇ ਬਹਿਲੋਲ ਨੂੰ ਗੁਰੂ ਚਰਨਾਂ ਦਾ ਪ੍ਰੇਮੀ ਬਣਾ ਦਿੱਤਾ ਸੀ।

ਇਸ ਸ਼ਬਦ ਸ਼ਕਤੀ ਵਲ ਭਾਈ ਗੁਰਦਾਸ ਨੇ ਆਪਣੀ ਰਚਨਾਂ ਵਿਚ ਇਸ ਪ੍ਰਕਾਰ ਜ਼ਿਕਰ ਕੀਤਾ ਹੈ:-

"ਸ਼ਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਆਪਣਾ ਪੰਥੁ ਨਿਰਾਲਾ
ਕਲਿਜੁਗਿ ਨਾਨਕ ਨਾਮੁ ਸੁਖਾਲਾ। " (ਪਉੜੀ 31 )

"ਬਾਬਾ ਬੋਲੇ ਨਾਥ ਜੀ ਸ਼ਬਦ ਸੁਨਹੁ ਸਚੁ ਮੁਖਹੁ ਅਲਾਈ"
(ਪਉੜੀ 43 )

"ਸਿਧਿ ਤੰਤ੍ਰ ਮੰਤ੍ਰ ਕਰ ਝੜਿ ਪਏ ਸਬਦਿ ਗੁਰੂ ਕੇ ਕਲਾ ਛਪਾਈ। "
(ਪਉੜੀ 42 )

ਗੁਰੂ ਨਾਨਕ ਸਾਂਝੇ ਪੀਰ ਸਨ। ਉਹ 'ਲੋਕ ਹਿਤੈਸ਼ੀ' ਸਨ। 'ਨਿਜ' ਦੀ ਥਾਂ ਤੇ ਸਰਬ ਲੋਕਾਈ ਦਾ ਭਲਾ ਉਨ੍ਹਾਂ ਦੇ ਜੀਵਨ ਦਾ ਮੁਖ ਕਰਤਵ ਸੀ। ਇਸੇ ਲਈ ਜਦੋਂ ਉਨ੍ਹਾਂ ਸਾਰੀ ਧਰਤੀ ਨੂੰ ਈਰਖਾ, ਦਵੇਸ਼ ਦੀ ਕਾਲਖ ਅੰਦਰ ਗ੍ਰਸਿਆ ਹੁੰਦੇ ਤਕਿਆ ਤਾਂ ਧਰਤ ਲੋਕਾਈ ਦੀ ਸੋਧਣਾ ਖਾਤਰ, ਆਪਣੇ ਨਿਜੀ ਸੁਖਾਂ ਨੂੰ ਤਿਲਾਂਜਲੀ ਦੇਣ ਵਿਚ ਵੀ ਸੰਕੋਚ ਨਹੀਂ ਕੀਤਾ। ਭਾਈ ਗੁਰਦਾਸ ਨੇ ਇਸ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ:-

"ਬਾਬਾ ਦੇਖੈ ਧਿਆਨ ਧਰਿ ਜਲਤੀ ਸਭਿ ਪ੍ਰਿਥਵੀ ਦਿਸਿਆਈ
ਬਾਝਹੁ ਗੁਰੂ ਗੁਬਾਰ ਹੈ, ਹੈ ਹੈ ਕਰਦੀ ਸੁਣੀ ਲੁਕਾਈ
ਬਾਬਾ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।
ਚੜਿਆ, ਸੋਧਣਿ ਧਰਤਿ ਲੁਕਾਈ। (ਪਉੜੀ 24 )

ਉਪਰਲੀਆਂ ਤੁਕਾਂ ਤੋਂ ਕਈ ਵਾਰੀ ਪਾਠਕ ਭੁਲੇਖਾ ਖਾ ਜਾਂਦੇ ਹਨ ਕਿ ਕੀ ਭਾਈ ਗੁਰਦਾਸ ਜੀ ਦੀਆਂ ਨਜ਼ਰਾਂ ਵਿਚ ਗੁਰੂ ਨਾਨਕ ਜੀ ਨੇ 'ਉਦਾਸੀ ਮਾਰਗ' ਨੂੰ ਅਪਣਾਇਆ ਸੀ? ਪਰ ਇਹ ਗਲ ਚੇਤੇ ਰੱਖਣੀ ਬਣਦੀ ਹੈ ਕਿ 'ਸੁਥਾਈ' ਵਾਸਤੇ 'ਉਦਾਸੀ' ਮਾਰਗ ਬਿਲਕੁਲ ਅਸਫਲ ਮਾਰਗ ਹੈ, ਉਹ ਫਿਰ 'ਨਿੱਜ' ਵਲ ਲੈ ਜਾਂਦਾ ਹੈ, ਪਰਵਿਰਤੀ ਮਾਰਗ ਦ੍ਰਿੜ੍ਹ ਕਰਾਉਣ ਵਾਲੇ ਨਿਵਰਤੀ ਮਾਰਗ ਨੂੰ ਅਪਣਾਉਣ ਲੱਗੇ? ਉਦਾਸ ਤੋਂ ਭਾਵ ਯਾਤਰਾ ਹੈ, ਯਾਤਰਾ ਸ਼ਬਦ ਦੀ ਥਾਂ ਤੇ ਭਾਈ ਸਾਹਿਬ ਨੇ ਉਦਾਸੀ ਸ਼ਬਦ ਦੀ ਵਰਤੋਂ ਕੀਤੀ ਹੈ। ਇਸ ਦਾ ਸ਼ਾਇਦ ਕਾਰਨ ਇਹ ਹੋ ਸਕਦਾ ਹੈ ਕਿ ਭਾਈ ਗੁਰਦਾਸ ਜੀ ਦੇ ਸਮੇਂ ਤਕ ਇਹ ਸ਼ਬਦ ਕਾਫੀ ਪ੍ਰਚੱਲਤ ਹੋ ਚੁੱਕਿਆ ਹੋਵੇਗਾ। ਤੇ ਗੁਰੂ ਨਾਨਕ ਜੀ ਦੇ ਵੱਖ ਵੱਖ ਦਿਸ਼ਾਵਾਂ ਵੱਲ ਕੀਤੇ ਪ੍ਰਚਾਰ ਤੇ ਸੁਧਾਰ ਦੌਰਿਆਂ ਲਈ ਇਸੇ ਨੂੰ ਲੋਕ ਵਰਤਦੇ ਹੋਣਗੇ। ਭਾਈ ਸਾਹਿਬ ਭਾਸ਼ਾ ਦੇ ਚਮਤਕਾਰ ਤੋਂ ਭਲੀ ਭਾਂਤ ਵਾਕਿਫ਼ ਹੋਣ ਕਾਰਣ ਇਸ ਸ਼ਬਦ ਦੀ ਕੀਮਤ ਨੂੰ ਵੀ ਜਾਣੇ ਪਹਿਚਾਣਦੇ ਸਨ। ਸੋ ਇਸ ਨੂੰ ਬਦਲਣ ਦੀ ਥਾਂ ਉਨ੍ਹਾਂ ਉਸੇ ਹੀ ਰੂਪ ਵਿਚ ਇਸ ਨੂੰ ਵਰਤਣਾ ਜ਼ਰੂਰੀ ਸਮਝਿਆ।

ਉਹ ਉਦਾਸੀ ਮਾਰਗ ਨੂੰ ਚੰਗਾ ਨਹੀਂ ਸਮਝਦੇ ਸਨ ਤਾਂ ਹੀ ਸਿੱਧ ਗੋਸ਼ਟ ਸਮੇਂ ਸਿੱਧਾਂ ਨੂੰ ਆਖਿਆ ਸੀ :-

"ਨਾਨਕ ਆਖੇ ਭੰਗਰਨਾਥ ਤੇਰੀ ਮਾਉ ਕੁਚਜੀ ਆਹੀ।
ਭਾਂਡਾ ਧੋਇ ਨ ਜਾਤਿਓਨਿ ਭਾਇ ਕੁਚਜੇ ਫੁਲੁ ਸੜਾਈ।
ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰਿ ਉਨਹੂ ਕੈ ਘਰਿ ਮੰਗਣਿ ਜਾਈ।"

(ਪਉੜੀ 40)

ਸੋ ਭਾਈ ਗੁਰਦਾਸ ਦੀਆਂ ਨਜ਼ਰਾਂ ਵਿਚ ਗੁਰੂ ਨਾਨਕ ਉਦਾਸ ਨਹੀਂ ਸਗੋਂ ਪਰਵਿਰਤੀ ਮਾਰਗ ਦੇ ਪ੍ਰਚਾਰਕ ਵਾਲੇ ਸਨ। ਇਸੇ ਲਈ ਉਨ੍ਹਾਂ ਆਪਣਾ ਨਿਰੋਲ ਨਿਰਾਲਾ ਪੰਥ 'ਨਿਰਮਲ ਪੰਥ' ਚਲਾਇਆ ਸੀ।

ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਜੀ ਦੀ ਸ਼ਖਸੀਅਤ ਨੂੰ ਰੂਪਮਾਨ ਕਰਨ ਲਈ ਇਕ ਬੜੇ ਪਿਆਰੇ ਸ਼ਬਦ ਦੀ ਬਾਰ ੨ ਆਪਣੀ ਵਾਰ ਵਿਚ ਵਰਤੋਂ ਕੀਤੀ ਹੈ। ਉਹ ਸ਼ਬਦ ਹੈ 'ਬਾਬਾ' ਬਾਬਾ ਸ਼ਬਦ, ਸੁਹਿਰਦਤਾ, ਪਰਪੱਕਤਾ, ਵਡਿਆਈ, ਸਤਿਕਾਰ, ਸੰਪੂਰਣਤਾ, ਹਰ ਦਿਲ ਅਜ਼ੀਜ਼ੀ ਤੇ ਖੂਬਸੂਰਤ ਰਹਿਣੀ ਬਹਿਣੀ ਦਾ ਲਖਾਇਕ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਗੁਰੂ ਨਾਨਕ ਜੀ ਲਈ

ਗੁਰਮੁਖ, ਆਦਿ ਪੁਰਖ, ਬਾਬਾ (ਜੋਗੀਆਂ ਦੇ ਲਹਿਜੇ ਵਿਚ) ਗੁਰੂ ਨਾਨਕ ਅਗਮ ਅਗਾਧ ਪੁਰਖ, ਕਲਿਤਾਰਣ ਗੁਰ, ਜੋਤ ਸਰੂਪ, ਬਨਵਾਰੀ ਇਤਿਆਦਿ ਖ਼ੂਬਸੂਰਤ ਸ਼ਬਦਾਂ ਦੀ ਵਰਤੋਂ ਕਰਕੇ ਵੀ ਗੁਰੂ ਸਾਹਿਬ ਦੀ ਸ਼ਖਸੀਅਤ ਦੇ ਵੱਖ 2 ਰੂਪਾਂ ਨੂੰ ਉਘਾੜਿਆ ਹੈ:-

"ਕੀਮੇ ਕੋਇ ਨਾ ਸਾਧ ਬਿਨ ਸਾਧੁ ਨ ਦਿਸੈ ਜਗਿ ਵਿਚਿ ਹੋਆ।"

(ਪਉੜੀ 22 )

ਉਹ ਸਾਧ ਸਾਧਨਾ ਸੰਪੰਨ ਗੁਰੂ ਨਾਨਕ ਸਨ।

"ਸੁਣੀ ਪੁਕਾਰ ਦਾਤਾਰ ਪ੍ਰਭੁ ਗੁਰੂ ਨਾਨਕ ਜਗਿ ਮਾਹਿ ਪਠਾਇਆ।
ਚਰਨ ਧੋਇ ਰਹਰਾਸਿ ਕਰਿ ਚਰਣਾ ਮ੍ਰਿਤੁ ਸਿਖਾ ਪੀਲਾਇਆ।
ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗ ਅੰਦਰਿ ਇਕ ਦਿਖਾਇਆ।
ਚਾਰੇ ਪੈਰ ਧਰਮ ਦੇ ਚਾਰਿ ਵਰਨ ਇਕ ਵਰਨੁ ਕਰਾਇਆ।
ਰਾਣਾ ਰੰਕ ਬਰਾਬਰੀ ਪੈਰੀ ਪਵਣਾ ਜਗਿ ਵਰਤਾਇਆ।
ਉਲਟਾ ਖੇਲੁ ਪਿਰੰਮ ਦਾ ਪੈਰਾ ਉਪਰਿ ਸੀਸ ਨਿਵਾਇਆ।
ਕਲਿਜੁਗਿ ਬਾਬੇ ਤਾਰਿਆ ਸਤਿਨਾਮੁ ਪੜ੍ਹਿ ਮੰਤ੍ਰ ਸੁਣਾਇਆ।
ਕਲਿ ਤਾਰਣਿ ਗੁਰੁ ਨਾਨਕ ਆਇਆ।"

(ਪਉੜੀ 23 )

"ਚਾਰੇ ਤਾਰੇ ਚਾਰਿ ਚਕਿ ਨੌ ਖੰਡ ਪ੍ਰਿਥਮੀ ਸਚਾ ਢੋਆ।
ਗੁਰਮੁਖ ਕਲਿ ਵਿਚ ਪਰਗਟ ਹੋਆ"

(ਪਉੜੀ 27)

"ਸਤਿਗੁਰ ਅਗਮ ਅਗਾਧ ਪੁਰਖ ਕੇਹੜਾ ਝਲੇ ਗੁਰੂ ਦੀ ਝਾਲਾ"

(ਪਉੜੀ 31 )

"ਜਿਥੈ ਜਾਇ ਜਗਤਿ ਵਿਚਿ ਬਾਬੇ ਬਾਝੁ ਨ ਖਾਲੀ ਜਾਈ।
ਘਰਿ ਘਰਿ ਬਾਬਾ ਪੂਜੀਐ ਹਿੰਦੂ ਮੁਸਲਮਾਨ ਗੁਆਈ।"

(ਪਉੜੀ 34 )

"ਇਕ ਬਾਬਾ ਅਕਾਲ ਪੁਰਖ ਦੂਜਾ ਰਬਾਬੀ ਮਰਦਾਨਾ"

(ਪਉੜੀ 35)

"ਭਇਆ ਅਨੰਦ ਜਗਤ ਵਿਚਿ ਕਲਿ ਤਾਰਨ ਗੁਰ ਨਾਨਕ ਆਇਆ।"

(ਪਉੜੀ 37)

ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਜੀ ਦੇ ਸਰੂਪ ਚਮਤਕਾਰ ਵਿਚ ਕਈ ਗੱਲਾਂ ਭਰੀਆਂ ਹਨ। ਅਕਾਲ ਰੂਪ ਤਕ ਕਿਹਾ ਹੈ ਨਿਰੰਕਾਰ ਦਾ ਰੂਪ

ਕਿਹਾ ਹੈ। ਪਰ ਸਭ ਕੁਝ ਦੇ ਬਾਵਜੂਦ ਵੀ ਜਨਮਸਾਖੀਆਂ ਦੀ ਤਰ੍ਹਾਂ 'ਪੁਰਾਨ ਪੁਰਸ਼' ਵਾਲਾ ਰੂਪ ਨਹੀਂ ਬਨਣ ਦਿੱਤਾ। ਕਾਰਣ ਸਪੱਸ਼ਟ ਹੈ ਕਿ ਭਾਈ ਗੁਰਦਾਸ ਜੀ ਨੇ ਅਤਿ ਦੀ ਸ਼ਰਧਾ ਦੇ ਹੁੰਦਿਆਂ ਵੀ ਧਰਤੀ ਤੇ ਰਹਿ ਕੇ ਗੁਰੂ ਸ਼ਖਸੀਅਤ ਨੂੰ ਚਿਤਰਿਆ ਹੈ, ਕੇਵਲ ਕਲਪਨਾਂ ਦੇ ਹੀ ਰੰਗਾਂ ਦੀ ਉਡਾਰੀ ਨਹੀਂ ਮਾਰੀ। ਗੁਰੂ ਜੀ ਦਾ ਸਮੁੱਚਾ ਪ੍ਰਭਾਵ ਜੋ ਇਸ ਵਾਰ ਤੋਂ ਉਘੜਦਾ ਹੈ ਉਹ ਇਕ ਮਹਾਨ ਚਿੰਤਕ, ਕੁਦਰਤ ਤੇ ਕਾਦਰ ਦੀ ਵਿਖਿਆਤਾ, ਪਾਰਬ੍ਰਹਮ ਤੇ ਪੂਰਨ ਬ੍ਰਹਮ ਦੇ ਵਿਸ਼ਵਾਸ਼ ਨੂੰ ਦ੍ਰਿੜ੍ਹ ਕਰਾਉਣ ਵਾਲਾ ਗੁਰਮੁਖ, ਸੰਗਤ ਪੰਗਤ ਦਾ ਬਾਨੀ, ਲੋਕ ਕਲਿਆਣਕਾਰੀ, ਹਿੰਦੂ ਮੁਸਲਮ ਦਾ ਸਾਂਝਾ ਪੀਰ, ਸ਼ਕਤੀ ਸੰਪੰਨ, ਪਰ ਗਰੀਬੀ ਗੁਦਾ ਵਾਲਾ ਆਗੂ ਹੈ। ਜਿਸ ਨੇ ਨਿਰਮਲ ਪੰਥ ਦੀ ਸਥਾਪਨਾ ਕਰਕੇ ਰਾਜ ਜੋਗ ਵਾਲਾ ਮਾਰਗ ਦਿੱਤਾ, ਜਿਸ ਮਾਰਗ ਵਿਚ ਕਿਰਤ ਦੀ ਸ਼੍ਰੇਸ਼ਟਤਾ ਹੈ, ਸੇਵਾ ਸਨੇਹ ਹੈ, ਗੁਰਬਾਣੀ ਨੂੰ ਗਾਉਣ, ਪੜ੍ਹਨ ਤੇ ਮਾਨਣ ਦੀ ਵਿਸ਼ੇਸ਼ਤਾ ਹੈ ਤੇ ਵਿਸ਼ੇਸ਼ ਕਰਕੇ ਮਨੁੱਖ ਨੂੰ ਮਨੁੱਖੀ ਨੁਕਤਾ ਨਿਗਾਹ ਤੋਂ ਵੇਖਣ ਦਾ ਢੰਗ ਹੈ।

## ਕਾਂਡ ਪੰਜਵਾਂ

ਭਾਈ ਗੁਰਦਾਸ ਦੀ ਪਹਿਲੀ ਵਾਰ ਵਿਚ ਆਉਂਦੇ ਮਿਥਿਹਾਸਕ ਹਵਾਲੇ = ੭੩ - ੧੧੭

*****

ਇਤਿਹਾਸਕ ਪੱਖ :

ਭਾਈ ਗੁਰਦਾਸ ਜੀ ਆਪਣੇ ਸਮੇਂ ਦੇ ਇਕ ਵਿਦਵਾਨ ਕਵੀ ਸਨ। ਕਾਂਸ਼ੀ, ਆਗਰੇ ਆਦਿਕ ਵੱਡੀਆਂ ਵੱਡੀਆਂ ਸੰਸਥਾਵਾਂ ਨਾਲ ਸੰਬੰਧਤ ਹੋਣ ਕਰਕੇ ਇਨ੍ਹਾਂ ਦੇ ਗਿਆਨ ਅਤੇ ਸ਼ਖਸੀਅਤ ਵਿਚ ਔਤਾਂ ਦਾ ਵਾਧਾ ਹੋਇਆ। ਇਨ੍ਹਾਂ ਨੇ ਆਪਣੇ ਆਲੇ ਦੁਆਲੇ ਅਤੇ ਗੁਰੂ ਸਾਹਿਬਾਂ ਦੇ ਨਜ਼ਦੀਕੀ ਸੰਬੰਧ ਤੋਂ ਬਹੁਤ ਕੁਝ ਗ੍ਰਹਿਣ ਕੀਤਾ। ਇਨ੍ਹਾਂ ਦਾ ਗਿਆਨ ਐਨਾ ਵਿਸ਼ਾਲ ਹੈ ਕਿ ਹਰ ਇਕ ਚੀਜ਼ ਨੂੰ ਸਪਸ਼ਟ ਕਰਨ ਲਈ ਕਈ ਕਈ ਦ੍ਰਿਸ਼ਟਾਂਤ ਦਿੰਦੇ ਹਨ ਅਤੇ ਉਹ ਵੀ ਉਨ੍ਹਾਂ ਨਿਤ ਵਰਤੀਦੀਆਂ ਚੀਜ਼ਾਂ ਵਿਚੋਂ ਜਿਨ੍ਹਾਂ ਤੋਂ ਸਾਧਾਰਣ ਤੋਂ ਸਾਧਾਰਣ ਮਨੁਖ ਵੀ ਜਾਣੂ ਹੋਵੇ।

ਭਾਈ ਸਾਹਿਬ ਨੇ ਪਹਿਲੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਦੇ ਜਨਮ ਤੋਂ ਪਹਿਲਾਂ ਦੇ ਸਮਾਜ ਦਾ ਜ਼ਿਕਰ ਕੀਤਾ ਹੈ। ਇਸ ਲਈ ਭਾਈ ਗੁਰਦਾਸ ਜੀ ਨੇ ਇਤਿਹਾਸ ਨਾਲ ਸਬੰਧਤ ਗੱਲਾਂ ਨੂੰ ਇੱਝ ਹੋਕੇ ਵਰਤਿਆ ਹੈ ਕਿ ਉਸ ਸਮੇਂ ਦਾ ਹਾਲ ਚੰਗੀ ਤਰ੍ਹਾਂ ਸਮਝ ਆ ਜਾਵੇ। ਉਸ ਸਮੇਂ ਕਲਿਜੁਗ ਹੋਂਦ ਵਿਚ ਆ ਚੁੱਕਾ ਸੀ। ਸਾਰੀਆਂ ਜ਼ਾਤਾਂ ਦਾ ਆਪਣਾ ਆਪਣਾ ਧਰਮ ਸੀ। ਆਪਣੀਆਂ ਰਹੁਰੀਤਾਂ ਅਨੁਸਾਰ ਉਹ ਵੇਦਾਂ ਜਾਂ ਬ੍ਰਹਮਾਂ ਆਦਿਕ ਨੂੰ ਮੰਨਦੇ ਸਨ। ਸਤਿਜੁਗ ਤੋਂ ਕਲਿਜੁਗ ਤਕ ਸਾਰਿਆਂ ਵਿਚ ਵੱਖਰੇ ਵੱਖਰੇ ਵੰਸਾਂ ਦੇ ਅਵਤਾਰ ਪੈਦਾ ਹੋਏ। ਸਾਰੇ ਰਿਖੀਆਂ ਨੇ ਔਡ ਔਡ ਸ਼ਾਸਤਰਾਂ ਦਾ ਅਧਿਅਨ ਕਰਕੇ ਲੋਕਾਂ ਨੂੰ ਉਨ੍ਹਾਂ ਬਾਰੇ ਚਾਨਣਾ ਪਾਇਆ। ਸੋ ਭਾਈ ਸਾਹਿਬ ਨੇ ਆਪਣੇ ਵਿਸ਼ੇ ਨੂੰ ਸਪਸ਼ਟ ਕਰਨ ਲਈ ਹਿੰਦੂ ਇਤਿਹਾਸ ਦੀ ਹੀ ਸਹਾਇਤਾ ਲਈ ਹੈ। ਗੁਰੂ ਨਾਨਕ ਦੇਵ ਜੀ ਦੀ ਸ਼ਖਸ਼ੀਅਤ ਨੂੰ ਉਘਾੜਨ ਲਈ ਜ਼ਰੂਰੀ ਸੀ ਕਿ ਪਹਿਲਾਂ ਉਸ ਸਮੇਂ ਦੀਆਂ ਹਾਲਤਾਂ ਅਤੇ ਵੱਖ ਵੱਖ ਜੁਗ ਵਿਚ ਹੋਏ ਅਵਤਾਰਾਂ ਅਤੇ ਸ਼ਾਸਤਰਾਂ ਵਗੈਰਾ ਦਾ ਜ਼ਿਕਰ ਕੀਤਾ ਜਾਵੇ ਤਾਂ ਕਿ ਉਨ੍ਹਾਂ ਦੇ ਮੁਕਾਬਲੇ ਨੂੰ ਗੁਰੂ ਜੀ ਨੂੰ ਲੋਕਾਂ ਦੇ ਉਧਾਰ ਕਰਨ ਵਾਲੇ ਦੇ ਤੌਰ ਤੇ ਸਤਿਕਾਰ ਕੀਤਾ ਜਾਵੇ।

ਅ

ਅਸ਼ਟ ਦਸਾ ਸਿਧ (14:5)

"ਅਸ਼ਟ ਦਸਾ ਸਿਧ ਨਉ ਨਿਧੀ
ਗੁਰਮੁਖ ਜੋਗੀ ਚਰਨ ਲਗਾਈ।"

1. ਅਣਿਮਾ - ਬਹੁਤ ਛੋਟਾ ਸਰੀਰ ਕਰ ਲੈਣਾ।
2. ਮਹਿਮਾ - ਬਹੁਤ ਵੱਡਾ ਸਰੀਰ ਕਰ ਲੈਣਾ।

| | | |
|---|---|---|
| 3. ਗਰਮਤਾ | - | ਬਹੁਤ ਵੱਡਾ ਭਾਰੀ ਹੋ ਜਾਣਾ। |
| 4. ਲਘਿਮਾ | - | ਬਹੁਤ ਹਲਕਾ ਸੂਖਮ ਹੋ ਜਾਣਾ |
| 5. ਪ੍ਰਾਪਤਿ | - | ਮਨ ਇਛਤ ਵਸਤੂ ਦੀ ਪ੍ਰਾਪਤੀ ਕਰ ਲੈਣਾ। |
| 6. ਵਸ਼ਿਤਾ | - | ਸਭ ਨੂੰ ਆਪਣੇ ਅਧੀਨ ਕਰ ਲੈਣਾ । |
| 7. ਈਸ਼ਤਾ | - | ਆਪਣੀ ਇਛਾ ਅਨੁਸਾਰ ਸਭ ਨੂੰ ਪ੍ਰੇਰਨਾ। |
| 8. ਪ੍ਰਾਕਾਮਯ | - | ਸਭ ਦੇ ਮਨ ਦੀ ਜਾਣ ਲੈਣੀ। |
| 9. ਅਨੂਰਮਿ | - | ਜਿਸ ਸਿੱਧ ਤੋਂ ਜੋਗੀ ਨੂੰ ਭੁਖ ਤ੍ਰੇਹ ਨਹੀਂ ਲਗਦੀ। |
| 10.ਦੂਰ ਸ਼੍ਰਵਣਿ | - | ਦੂਰ ਦੀ ਗਲ ਸੁਣ ਲੈਣ ਵਾਲੀ ਸਿਧੀ। |
| 11.ਦੂਰ ਦਰਸ਼ਨੀ | - | ਜਿਸ ਦੀ ਸ਼ਕਤੀ ਨਾਲ ਦੂਰ ਦੂਰ ਦੇ ਨਜ਼ਾਰੇ ਅੱਖਾਂ ਅੱਗੇ ਆ ਜਾਣ। |
| 12.ਮਨੋਵੇਗ | - | ਜਿਸ ਦੇ ਬਲ ਨਾਲ ਮਨ ਵੇਗ ਸਮਾਨ ਹੋ ਕੇ ਜਿਥੇ ਜਾਣਾ ਚਾਹੇ ਉਥੇ ਚਲਾ ਜਾਵੇ। |
| 13.ਕਾਮਰੂਪ | - | ਮਰਜ਼ੀ ਅਨੁਸਾਰ ਰੂਪ ਧਾਰ ਲੈਣਾ। |
| 14.ਪਰਕਾਯ ਪਰਵੇਸ਼ | - | ਦੂਸਰੇ ਦੀ ਕਾਇਆ ਵਿਚ ਆਪਾ ਪ੍ਰਵੇਸ਼ ਕਰ ਲੈਣ ਦੀ ਸ਼ਕਤੀ। |
| 15.ਸਵੱਛੰਦ ਮਿਤਯੂ | - | ਆਪਣੀ ਇਛਾ ਅਨੁਸਾਰ ਸੁਖੈਣ ਹੀ ਪ੍ਰਾਣ ਤਿਆਗ ਦੇਣ। |
| 16.ਸੁਰ ਕ੍ਰੀੜਾ | - | ਦੇਵਤਿਆਂ ਮਿਲ ਕੇ ਅਨੰਦ ਭੋਗਣੇ। |
| 17.ਸੰਕਲਪ ਸਿਧਿ | - | ਜੋ ਸੰਕਲਪ ਕਰਨਾ ਉਹ ਹੀ ਪੂਰਾ ਕਰ ਲੈਣਾ। |
| 18.ਅਪ੍ਰਤਿਹਤ ਗਤਿ | - | ਜਿਥੇ ਜਾਣ ਲਈ ਮਨ ਕਰੇ ਉਥੇ ਹੀ ਕਿਸੇ ਰੁਕਾਵਟ ਤੋਂ ਚਲੇ ਜਾਣਾ। |

<u>ਅਚਲ ਵਟਾਲਾ</u> (39:1)

"ਮੇਲਾ ਸੁਣਿ ਸ਼ਿਵਰਾਤ ਦਾ
ਬਾਬਾ ਅਚਲ ਵਟਾਲੇ ਆਈ।"

ਜ਼ਿਲਾ ਗੁਰਦਾਸਪੁਰ ਵਿਚ ਵਟਾਲੇ ਤੋਂ ਤਿੰਨ ਮੀਲ ਦੇ ਫਾਸਲੇ ਤੇ ਮਹਾਂਦੇਵ ਦਾ ਮੰਦਰ ਹੈ। ਮੰਦਰ ਦਾ ਨਾਮ ਹੈ 'ਅਚਲ' ਮੰਦਰ ਦੇ ਨਾਮ ਤੇ ਹੀ ਪਿੰਡ ਦਾ ਨਾਮ ਭੀ 'ਅਚਲ' ਹੀ ਹੈ। ਇਥੇ ਹਰ ਸਾਲ ਸ਼ਿਵਰਾਤ੍ਰੀ ਦੇ ਮੌਕੇ ਤੇ ਮੇਲਾ ਲਗਦਾ ਹੈ। ਜਦੋਂ ਦੇਸ ਵਿਚ ਜੋਗੀਆਂ, ਸਿੱਧਾਂ ਦਾ ਬੜਾ ਪ੍ਰਭਾਵ ਸੀ, ਤਦ ਜੋਗੀ, ਸਿੱਧ ਦੂਰੋਂ ਦੂਰੋਂ ਇਸ ਮੇਲੇ ਉਤੇ 'ਅਚਲ' ਆਇਆ ਕਰਦੇ ਸਨ।

ਅਨਹਦ ਧੁਨੀ : (14: 4)

"ਅਨਹਦ ਧੁਨਿ ਅੰਦਰਿ ਲਿਵਲਾਈ।"

ਅਨਹਦ ਧੁਨਿ ਇਕ ਰਸ ਜਾਂ ਲਗਾਤਾਰ ਵਜਨ ਵਾਲੀ ਆਵਾਜ਼ ਨੂੰ ਕਿਹਾ ਜਾਂਦਾ ਹੈ।

ਅਪੱਛਰਾਂ : (26: 3)

"ਗਣ ਗੰਧਰਬ ਅਪੱਛਰਾਂ
ਕਿੰਨਰ ਜੱਛ ਚਲਿਤ ਬਹੁ ਮੇਲੇ।"

ਅਪੱਛਰਾਂ ਇੰਦਰ ਲੋਕ ਦੀਆਂ ਪ੍ਰਸਿੱਧ ਸੁੰਦਰੀਆਂ ਸਨ। ਅਪੱਛਰਾਂ ਪਰੀਆਂ ਵਰਗੀਆਂ ਹੀ ਹੁੰਦੀਆਂ ਹਨ। ਗੰਧਰਵਾਂ ਦੀਆਂ ਪਤਨੀਆਂ ਜਾਂ ਦਾਸੀਆਂ ਹਨ। ਗੋਲਡਸਟੂਕਰ ਦੇ ਕੋਸ਼ ਵਿਚ ਅਪੱਛਰਾਂ ਸਬੰਧੀ ਇਕ ਵਿਸਤਰਿਤ ਅਤੇ ਸੰਪੂਰਣ ਨਿਬੰਧ ਮਿਲਦਾ ਹੈ। ਅਪੱਛਰਾਂ ਦੀ ਉਤਪਤੀ ਸਬੰਧੀ ਉਸ ਦਾ ਅਨੁਮਾਨ ਇਹ ਹੈ ਕਿ "ਮੂਲ ਰੂਪ ਵਿਚ ਇਹ ਦੈਵੀ ਆਤਮਾਵਾਂ ਭਾ ਦਾ ਮਾਨਵੀਕਰਨ ਪ੍ਰਤੀਤ ਹੁੰਦੀਆਂ ਹਨ ਜਿਨ੍ਹਾਂ ਨੂੰ ਸੂਰਜ ਆਪਣੇ ਵਲ ਖਿਚਦਾ ਹੈ ਅਤੇ ਉਹ ਧੁੰਦ ਦੇ ਬੱਦਲਾਂ ਦਾ ਰੂਪ ਧਾਰ ਲੈਂਦੀਆਂ ਹਨ। ਇਨ੍ਹਾਂ ਦੀ ਪ੍ਰਕਿਰਤੀ ਰਿਗ ਵੇਦ ਦੀਆਂ ਕੁਝ ਰਿਚਾਵਾਂ ਜਿਨ੍ਹਾਂ ਵਿਚ ਇਨ੍ਹਾਂ ਦਾ ਵਰਨਣ ਆਉਂਦਾ ਹੈ ਇਸ ਤਰ੍ਹਾਂ ਵਰਣਤ ਹੈ। ਪਿੱਛੋਂ ਜਾ ਕੇ ਇਹ ਅਪੱਛਰਾਂ ਬਣ ਜਾਂਦੀਆਂ ਹਨ। ਜਿਹੜੀਆਂ ਜੀਵਨ ਨਾਲ ਸਬੰਧਤ ਸਰੀਰਕ ਤੇ ਸਦਾਚਾਰਕ ਵਸਤੂ ਤੇ ਗੋਚਰ ਪਦਾਰਥਾਂ ਦੀ ਪ੍ਰਤੀਨਿਧਤਾ ਕਰਦੀਆਂ ਹਨ।"

ਆਸ਼ਰਮ (19: 1)

"ਭਈ ਗਿਆਨ ਜਗਤ ਵਿਚਿ
ਚਾਰਿ ਵਰਨ ਆਸ਼੍ਰਮ ਉਪਾਏ।"

1. ਬ੍ਰਹਮਚਰਜ 2. ਗ੍ਰਹਿਸਥ 3. ਬਾਨ ਪ੍ਰਸਤ 4. ਸੰਨਿਆਸ

1. ਬ੍ਰਹਮਚਰਜ:-

ਵਿਦਿਆਰਥੀ ਜੀਵਨ ਜਿਸ ਵਿਚ ਧਰਮ, ਨਿਮਰਤਾ ਸਹਿਤ ਆਪਣੇ ਅਧਿਆਤਮਕ ਗੁਰੂ ਦੀ ਆਗਿਆ ਦਾ ਪਾਲਣ ਕਰਦਿਆਂ ਹੋਇਆਂ ਵੇਦਾਂ ਦੇ ਅਧਿਅਨ ਵਿਚ ਸਮਾਂ ਲੰਘਦਾ ਹੈ।

2. ਗ੍ਰਹਿਸਥ: -

ਜਿਸ ਵਿਚ ਸ਼ਾਦੀ ਸ਼ੁਦਾ ਮਨੁਖ ਆਪਣੀ ਪਤਨੀ ਤੇ ਬੱਚਿਆਂ ਨਾਲ ਜੀਵਨ ਗੁਜ਼ਾਰਦਾ ਹੈ।

3. ਬਾਨਪ੍ਰਸਤ:

ਜਿਸ ਵਿਚ ਸੰਸਾਰਕ ਜੀਵਨ ਨੂੰ ਬਤੀਤ ਕਰਨ ਤੋਂ ਬਾਦ ਆਤਮ ਸੰਜਮ ਲਈ, ਕਈ ਪ੍ਰਕਾਰ ਦੇ ਤਪ ਤਿਆਗਾਂ ਲਈ, ਆਤਮਕ ਧਿਆਨ ਅਤੇ ਸਾਰੇ ਧਾਰਮਿਕ ਸੰਸਕਾਰਾਂ ਦਾ ਪਾਲਣ ਕਰਨ ਲਈ ਜੰਗਲਾਂ ਵਿਚ ਚਲਾ ਜਾਵੇ।

4. ਸੰਨਿਆਸ:-

ਜਿਥੇ ਇਕੱਲਾ ਮਨੁਖ ਹਰ ਪ੍ਰਕਾਰ ਦੇ ਰੂਪ ਰੰਗ ਤੋਂ ਸੁਤੰਤਰ ਹੋ ਕੇ ਵਿਚਰਦਾ ਹੈ ਅਤੇ ਭਿੱਖਿਆ ਉਤੇ ਆ ਪਣਾ ਜੀਵਨ ਬਸਰ ਕਰਦਾ ਹੈ। ਉਸ ਮਾਨਸਕ ਅਵਸਥਾ ਲਈ ਤਾਂਘਦਾ ਹੈ, ਜਿਸ ਵਿਚ ਦੁਖ ਸੁਖ, ਚਿੰਤਾ, ਸਰੀਰਕ ਕਸ਼ਟਾਂ ਨੂੰ ਇਕ ਸਮਾਨ ਸਮਝਦਾ ਹੈ ਅਤੇ ਸਿਰਫ ਪਰਮਾਤਮਾਂ ਤੇ ਪਰਮਪਦ ਦਾ ਹੀ ਧਿਆਨ ਧਾਰਦਾ ਹੈ।

ਆਕਾਸ (36: 3)

"ਪਾਤਾਲਾ ਆਕਾਸ ਲਖ
ਫਿਰਿ ਭਲੀ ਖਬਰੁ ਸੁਣਾਈ।"

ਹਿੰਦੂ ਮਿਥਿਹਾਸ ਵਿਚ ਸੱਤ ਆਕਾਸ ਮੰਨੇ ਜਾਂਦੇ ਹਨ ਪਰ ਮੁਸਲਮਾਨ ਚੌਦਾਂ ਆਕਾਸ ਮੰਨਦੇ ਹਨ। ਗੁਰੂ ਸਾਹਿਬ ਨੇ ਆਕਾਸਾਂ ਨੂੰ ਅਣਗਿਣਤ ਹੀ ਦਸਿਆ ਹੈ ਜਿਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਦੀ ਇਕੀਵੀਂ ਪਉੜੀ ਵਿਚ ਦਸਿਆ ਹੈ:-

"ਪਾਤਾਲਾ ਪਾਤਾਲ ਲਖ ਆਗਾਸਾ ਆਗਾਸ"

ਅੰਮ੍ਰਿਤਸਰ: (47:3)

"ਪੂਰਨ ਤਾਲ ਖਟਾਇਆ
ਅੰਮ੍ਰਿਤਸਰ ਵਿਚਿ ਜੋਤਿ ਜਗਾਵੈ।"

ਅੰਮ੍ਰਿਤਸਰ ਪੰਜਾਬ ਵਿਚ ਪਾਕਿਸਤਾਨ ਦੀ ਹੱਦ ਤੇ ਸਥਿਤ ਹੈ। ਸਿੱਖਾਂ ਦਾ ਸਭ ਤੋਂ ਵੱਡਾ ਧਾਰਮਿਕ ਅਸਥਾਨ ਹੈ। ਇਥੋਂ ਦਾ ਸਰੋਵਰ ਗੁਰੂ ਰਾਮਦਾਸ ਜੀ ਨੇ ਬਣਵਾਇਆ ਅਤੇ ਹਰਿਮੰਦਰ ਸਾਹਿਬ ਦੀ ਨੀਂਹ ਇਕ ਮੁਸਲਮਾਨ ਮੀਆਂ ਮੀਰ ਤੋਂ ਰਖਵਾਈ ਸੀ।

ੲ

ਇੰਦ੍ਰਾਸਣਿ

"ਇੰਦ੍ਰਾਸਣਿ ਅਪੱਛਰਾਂ
ਰਾਗ ਰਾਗਨੀ ਮੰਗਲੁ ਗਾਜਾ।"

ਇੰਦ੍ਰ ਦਾ ਤਖਤ ਜਿਥੇ ਉਹ ਬਿਰਾਜਮਾਨ ਹੋ ਕੇ ਰਾਜ ਕਰਦਾ ਹੈ। ਇਹ ਸਥਾਨ ਬੜੀ ਪ੍ਰਤਿਭਾ ਤੇ ਸ਼ਾਨ ਵਾਲਾ ਹੈ।

ਈਦ

"ਰੋਜੇ ਈਦ ਨਿਮਾਜ ਕਰਿ"

ਮੁਸਲਮਾਨਾਂ ਦਾ ਇਕ ਪਵਿੱਤਰ ਤਿਉਹਾਰ ਹੈ। ਇਸ ਦਿਨ ਸਾਰੇ ਮੁਸਲਮਾਨ ਇਕੱਠੇ ਹੋ ਕੇ ਨਿਮਾਜ਼ ਪੜ੍ਹਦੇ ਹਨ। ਰਮਜ਼ਾਨ ਤੋਂ ਅਗਲਾ ਮਹੀਨਾ 'ਸ਼ਵਾਲ' ਹੈ। ਪਹਿਲੀ ਸ਼ਵਾਲ ਨੂੰ ਰੋਜ਼ਿਆਂ ਤੋਂ ਪਿੱਛੋਂ ਈਦ ਹੁੰਦੀ ਹੈ। ਇਸ ਦਾ ਨਾਮ 'ਈਦਲ - ਫਿਤਰ' ਹੈ।

ਸ

ਸਤਿਜੁਗ (5:4)

"ਸਤਿਜੁਗ ਹੰਸ ਅਉਤਾਰ ਧਰਿ
ਸੋਹੀ ਬ੍ਰਹਮੁ ਨ ਦੂਜਾ ਪਾਜੇ।"

ਯੁਗ ਗਿਣਤੀ ਵਿਚ ਚਾਰ ਹਨ ਅਤੇ ਉਨ੍ਹਾਂ ਦਾ ਸਮਾਂ ਦੇਵਤਿਆਂ ਦੇ ਸਾਲਾਂ ਨਾਲ ਗਿਣਿਆ ਜਾਂਦਾ ਹੈ।

ਸਤਿਜੁਗ ਵਿਚ ਧਰਮ ਸਦੀਵੀ ਸੀ ਅਤੇ ਹਰ ਕੋਈ ਆਪਣੇ ਕੰਮ ਅਤੇ ਧਰਮ ਨੂੰ ਮੁਖ ਰਖਦਾ ਸੀ। ਕਿਸੇ ਕਿਸਮ ਦਾ ਲੜਾਈ ਝਗੜਾ ਨਹੀਂ ਸੀ। ਅਹੰਕਾਰ, ਧੋਖਾ, ਜਾਤਾਂ ਦਾ ~~ਵਿਤਕ~~ ਵਿਤਕਰਾ, ਨਫਰਤ, ਵੈਰ ਆਦਿਕ ਦਾ ਨਾਂ ਨਿਸ਼ਾਨ ਨਹੀਂ ਸੀ। ਸਾਰੇ ਇਕ ਦੇਵਤੇ ਨੂੰ ਮੰਨਦੇ ਸਨ ਅਤੇ ਆਪਣੇ ਆਪਣੇ ਕੰਮਾਂ ਦਾ ਪਾਲਣ ਕਰਦੇ ਸਨ। ਇਸ ਲਈ ਸਾਂਝੀ ਅਤੇ ਸੁਖੀ ਜ਼ਿੰਦਗੀ ਜਿਉਂ ਰਹੇ ਸਨ। ਇਸ ਜੁਗ ਵਿਚ ਮਨੁਖ ਦੀ ਉਮਰ ਲੱਖ ਵਰ੍ਹੇ ਸੀ।

ਸਤੀ: (26: 1)

"ਜਤੀ ਸਤੀ ਚਿਰਜੀਵਣੇ
ਸਾਧਿਕ ਸਿਧ ਨਾਥ ਗੁਰ ਚੇਲੇ"

ਜੋ ਆਪਣੇ ਸਤ ਧਰਮ ਵਿਚ ਪੱਕੇ ਹੋਣੇ।

ਸਨਕਾਦਿਕਾਂ (8: 2)

"ਬ੍ਰਹਮਾ ਇਕ ਸਨਕਾ ਦਿਕਾਂ
ਜਿਉ ਤਿਹ ਕਹਾ ਤਿਵੈ ਜਗ ਗਾਵੈ।"

ਸਨਕ, ਸਨੰਦ, ਸਨਾਤਨ, ਸਨਤ ਕੁਮਾਰ

ਇਹ ਚਾਰੇ ਬ੍ਰਹਮਾਂ ਦੇ ਮਸਤਕ ਤੋਂ ਪੈਦਾ ਹੋਏ ਸਨ। ਕਈ ਇਨ੍ਹਾਂ ਦੀ ਗਿਣਤੀ ਸਤ ਮੰਨਦੇ ਹਨ।

ਸਾਂਖ ਸ਼ਾਸਤਰ (12:3)

"ਕਪਲ ਰਿਖੀਸੁਰ ਸਾਂਖ ਗਥਿ
ਅਥਰਬਣ ਬੇਦ ਕੀ ਰਿਚਾ ਸੁਣਾਈ।"

ਇਸ ਦਾ ਲੇਖਕ ਕਪਲ ਰਿਖੀ ਹੈ। ਇਸ ਦਾ ਨਾਮ ਸਾਂਖ, ਸੰਖਿਅਕ ਜਾਂ ਨਿਖੇੜਵੀਂ ਪਰਵਿਰਤੀਆਂ ਕਰਕੇ ਹੀ ਪਿਆ ਹੈ। ਕਾਲਬੁਰਕ ਤੇ ਵਿਲਸਨ ਨੇ ਇਸ ਦਰਸ਼ਨ ਦੇ ਮੂਲ ਗ੍ਰੰਥ ਸਾਂਖਯ- ਕਾਰਿਕਾ ਦਾ ਅਨੁਵਾਦ ਕੀਤਾ ਹੈ ਅਤੇ ਡਾਕਟਰ ਨੇ ਕਪਲ ਰਿਖੀ ਦੇ ਕੁਝ ਸੂਤਰ ਬਿਬਲਿਓਥਿਕਾ ਇੰਡਾਕਾ ਵਿਚ ਅਨੁਵਾਦ ਵੀ ਕੀਤੇ ਹਨ।

ਸਿਆਮ ਵੇਦ (6: 6)

"ਵੈਸੋ ਥਾਪਿਆ ਸਿਆਮ ਵੇਦ
ਪਛਮੁ ਮੁਖਿ ਕਰਿ ਸੀਸੁ ਨਿਵਾਯਾ।"

ਇਸ ਵੇਦ ਦੇ ਪਾਠਾਂ ਵਿਚ ਯਜੁਰ ਵਾਂਗ ਰਿਗਵੇਦ ਵਿਚ ਮਿਲਦੇ ਪਾਠਾਂ ਤੋਂ ਅੰਤਰ ਹੈ। ਸਾਮਵੇਦ ਵਿਚਲੇ ਮੰਤਰਾਂ ਨੂੰ ਸੋਮ ਦੇ ਯੱਗ ਜਾਂ ਅਹੂਤੀਆਂ ਦੇ ਉਚਾਰਨ ਦੇ ਮੰਤਵ ਲਈ ਚੋਣ ਅਤੇ ਤਰਤੀਬ ਦਿੱਤੀ ਹੋਈ ਹੈ। ਮੰਤਰ ਜਾਂ ਸਾਰਾ ਦਾ ਛੰਦ ਬੱਧ ਭਾਗ ਸਾਹਿਤਕ ਅਤੇ ਇਤਿਹਾਸਕ ਪੱਖ ਤੋਂ ਘਟੀਆ ਹੈ, ਇਸ ਦੇ ਬ੍ਰਾਹਮਣ ਅਤੇ ਇਸ ਨਾਲ ਸਬੰਧਤ ਹੋਰ ਸਾਹਿੱਤ ਸੰਪੂਰਣ ਅਤੇ ਮਹੱਤਵਪੂਰਣ ਹੈ। ਸਾਮਵੇਦ ਦਾ ਉਚਾਰਨ ਕਰਨ ਵਾਲਿਆਂ ਨੂੰ ਉਦਗਾਤ੍ਰੀ ਕਿਹਾ ਜਾਂਦਾ ਹੈ।

ਸਿੱਧ ਮੰਡਲੀ (28:2)

" ਫਿਰਿ ਜਾਇ ਚੜ੍ਹਿਆ ਸੁਮੇਰ ਪਰ
ਸਿਧ ਮੰਡਲੀ ਦ੍ਰਿਸਟੀ ਆਈ।"

ਸਿੱਧੀਆਂ ਜਾਨਣ ਵਾਲੇ ਸਾਧਾਂ ਦੀ ਜਮਾਤ ਨੂੰ ਸਿਧ ਮੰਡਲੀ ਕਿਹਾ ਹੈ।

ਸ਼ਿਵ (42: 5)

"ਸ਼ਿਵ ਰੂਪੀ ਕਰਤਾ ਪੁਰਖ
ਚਲੈ ਨਾਹੀ ਧਰਤਿ ਚਲਾਈ।"

ਇਹ ਸਾਰੇ ਯੱਗਾਂ ਅਤੇ ਰਾਗਾਂ ਦਾ ਮਾਲਕ ਹੈ। ਸਭ ਰੋਗਾਂ ਨੂੰ ਦੂਰ ਕਰਦਾ ਹੈ ਅਤੇ ਸੂਰਜ ਦੀ ਤਰ੍ਹਾਂ ਪੂਰਾ ਪ੍ਰਵਾਨ ਹੈ। ਹਿੰਦੂ ਮਤ ਅਨੁਸਾਰ ਇਹ ਕਲਿਆਣਕਾਰੀ ਹੈ।

( : )

ਸੁਮੇਰ (28:2)

"ਫਿਰਿ ਜਾਇ ਚੜ੍ਹਿਆ ਸੁਮੇਰ ਪਰ
ਸਿਧ ਮੰਡਲੀ ਦ੍ਰਿਸ਼ਟੀ ਆਈ।"

ਅਮਰਨਾਥ ਮੰਦਰ ਦੀ ਪਰਬਤ- ਧਾਰਾ ਤੋਂ ਅਗਲੀ ਉਚੀ ਧਾਰਾ ਨੂੰ ਸੁਮੇਰ ਪਰਬਤ ਕਹਿੰਦੇ ਹਨ। ਸੁਮੇਰ ਦਾ ਅਰਥ ਹੀ ਪਹਾੜਾਂ ਵਿਚੋਂ ਸਭ ਤੋਂ ਉੱਚਾ।ਸੁਮੇਰ ਪਰਬਤ ਤੋਂ ਹੀ ਗੰਗਾ ਨਿਕਲਦੀ ਹੈ।

ਸ਼ਿਵਰਾਤ (39:1)

"ਮੇਲਾ ਸੁਣਿ ਸ਼ਿਵਰਾਤ ਦਾ
ਬਾਬਾ ਅਚਲ ਵਟਾਲੇ ਆਈ।"

ਸ਼ਿਵ- ਉਪਾਸ਼ਕ ਸ਼ਿਰਾਤ੍ਰੀ ਨੂੰ ਸ਼ਿਵ ਦੀ ਯਾਦ ਵਿਚ ਸਭ ਤੋਂ ਵਧੀਕ ਪਵਿੱਤਰ ਮੰਨਦੇ ਹਨ। ਸ਼ਿਵਰਾਤ੍ਰੀ ਹਰ ਸਾਲ ਫੱਗਣ ਵਦੀ 14 ਨੂੰ ਆਉਂਦੀ ਹੈ। ਪੁਰਾਣਾਂ ਅਨੁਸਾਰ ਸ਼ਿਵ ਦੀ ਪਿਆਰੀ ਦੁਰਗਾ ਦੀ ਇਹ ਮੰਗਲ - ਮਈ ਰਾਤ ਹੈ, ਸ਼ਿਵ ਨੂੰ ਪ੍ਰਧਾਨ ਦੇਵਤਾ ਮੰਨਣ ਵਾਲੇ ਇਹ ਉਤਸ਼ਵ ਮਨਾਉਂਦੇ ਹਨ ।

ਸੂਰਜ ਬੰਸੀ (6:1)

"ਤ੍ਰੇਤੇ ਛਤ੍ਰੀ ਰੂਪ ਧਰਿ
ਸੂਰਜਬੰਸੀ ਵਡ ਅਵਤਾਰਾ"।

ਸੂਰਜਬੰਸ ਖਤਰੀਆਂ ਦਾ ਇਕ ਵੰਸ਼ ਹੈ। ਸ੍ਰੀ ਰਾਮ ਚੰਦਰ ਜੀ ਇਸੇ ਵੰਸ਼ ਵਿਚ ਪੈਦਾ ਹੋਏ ਸਨ। ਇਸ ਵੰਸ਼ ਵਿਚ ਵੱਡੇ ਪ੍ਰਤਾਪੀ ਰਾਜੇ ਪੈਦਾ ਹੋਣ ਕਰਕੇ ਬਹੁਤੇ ਰਾਜਪੂਤ ਆਪਣੇ ਆਪ ਨੂੰ ਸੂਰਜਬੰਸੀ ਹੀ ਕਹਿੰਦੇ ਸਨ। ਇਸ ਵੰਸ਼ ਦੀ ਸਭ ਤੋਂ ਵੱਡੀ ਸ਼ਾਖਾ ਇਕਸ਼ਵਾਕੂ ਦੇ ਵੱਡੇ ਪੁੱਤਰ ਵਿਕੁਕਸੀ ਨੇ ਸਥਾਪਤ ਕੀਤੀ ਸੀ। ਇਹ ਵੰਸ਼ ਤ੍ਰੇਤੇ ਯੁਗ ਵਿਚ ਚਲਿਆ।

ਸੇਖਨਾਗ (14:1)

"ਸੇਖਨਾਗ ਪਾਤੰਜਲ ਮਥਿਆ
ਗੁਰਮੁਖ ਸਾਬਦੁ ਨਾਗ ਸੁਣਾਈ।"

'ਸੇਖ' ਨਾਮ ਵਾਲਾ ਨਾਗ, ਜਿਸਨੇ ਧਰਤੀ ਨੂੰ ਚੁਕਿਆ ਹੋਇਆ ਹੈ, ਇਸ ਦਾ ਨਾਮ ਅਨੰਤ ਵੀ ਕਿਹਾ ਜਾਂਦਾ ਹੈ। ਹਿੰਦੂ ਮਿਥਿਹਾਸ ਅਨੁਸਾਰ ਇਸ ਨੇ ਸਾਰੀ ਪ੍ਰਿਥਵੀ ਨੂੰ ਆਪਣੇ ਉਤੇ ਚੁਕਿਆ ਹੋਇਆ ਹੈ ਜਦੋਂ ਇਹ ਉਬਾਸੀ ਲੈਂਦਾ ਹੈ ਤਾਂ ਪ੍ਰਿਥਵੀ ਤੇ ਭੁਚਾਲ ਆ ਜਾਂਦਾ ਹੈ, ਹਰ ਕਲਪ ਦੇ ਅਖੀਰ ਤੇ ਇਹ ਆਪਣੇ ਮੂੰਹੋਂ ਇਕ ਜ਼ਹਿਰੀਲੀ ਅੱਗ ਕੱਢਦਾ ਹੈ ਜਿਸ ਨਾਲ ਸਾਰਾ ਸੰਸਾਰ ਨਸ਼ਟ ਹੋ ਜਾਂਦਾ ਹੈ। ਲਛਮਨ ਤੇ ਪਤੰਜਲ ਰਿਖੀ ਇਸ ਦੇ ਅਵਤਾਰ ਮੰਨੇ ਜਾਂਦੇ ਹ

ਸੈਤਾਨੀ (33:8)

" ਰਾਹਿ ਸੈਤਾਨੀ ਦੁਨੀਆ ਗੋਈ"

ਸ਼ੈਤਾਨ ਦੀ ਕਿਰਿਆ ਕਰਨੀ। ਸ਼ੈਤਾਨ ਮੁਸਲਮਾਨੀ ਮਿਥਿਹਾਸ ਅਨੁਸਾਰ ਉਹ ਵਿਅਕਤੀ ਸੀ ਜਿਸ ਨੇ ਰੱਬ ਦਾ ਹੁਕਮ ਨਹੀਂ ਮੰਨਿਆ ਸੀ।

ਹ

ਹੰਸ ਅਉਤਾਰ ( 5:4)

"ਸਤਿਜੁਗਿ ਹੰਸ ਅਉਤਾਰ ਧਰਿ
ਸੋਹੰ ਬ੍ਰਹਮ ਨ ਦੂਜਾ ਪਾਜੇ।"

ਇਹ ਇਕ ਮਹਾਨ ਯੋਧਾ ਹੈ ਜਿਸ ਦਾ ਵਰਨਣ ਮਹਾਂ ਭਾਰਤ ਵਿਚ ਮਿਲਦਾ ਹੈ।

ਕ

ਕਤੇਬ, ਕੁਤਬ (4:7, 20:4)

"ਕੇਤੇ ਬੇਦ ਬਿਆਸ ਕਰ
ਕਈ ਕਤੇਬ ਮੁਹੰਮਦ ਯਾਰਾ"

"ਪੀਰ ਪੈਕੰਬਰ ਅਉਲੀਏ
ਗਉਸ ਕੁਤਬ ਬਹੁ ਭੇਖ ਸਵਾਰਾ।"

ਮੁਸਲਮਾਨਾਂ ਦੇ ਧਾਰਮਕ ਗ੍ਰੰਥ ਕੁਰਾਨ ਸ਼ਰੀਫ ਲਈ ਗੁਰਮਤਿ ਵਿਚ ਵਰਤਿਆ ਗਿਆ ਸੰਖੇਪ ਨਾਂ। ਕੁਰਾਨ ਸ਼ਰੀਫ ਹਜ਼ਰਤ ਮੁਹੰਮਦ ਨੂੰ ਕਦੇ ਫਰਿਸ਼ਤਾ ਜਬਰਾਈਲ ਰਾਂਹੀ, ਕਦੇ ਸੁਪਨੇ ਵਿਚ, ਕਦੀ ਅਰਸ਼ ਬਾਣੀ ਦੁਆਰਾ ਖੁਦਾ ਵਲੋਂ ਉਤਰਦਾ ਰਿਹਾ।

ਕਣਾਦਿ ਰਿਖੀ (13:5)

"ਜੈਸਾ ਕਰੇ ਤੈਸਾ ਲਹੈ
ਰਿਖਿ ਕਣਾਦਿਕ ਭਾਖ ਸੁਣਾਵੈ।"

ਇਹ ਵੈਸ਼ੇਸ਼ਿਕ ਸ਼ਾਖਾ ਦਾ ਬਾਨੀ ਹੈ ਜੋ ਲਗ ਪਗ ਗੌਤਮ ਦਾ ਹੀ ਸਮਕਾਲੀ ਸੀ।

ਕਪਲ ਰਿਖੀ: (12:3)

"ਕਪਲ ਰਿਖੀਸੁਰਿ ਸਾਂਖ ਮਧਿ
ਅਥਰਬਨਿ ਵੇਦ ਕੀ ਰਿਚਾ ਸੁਣਾਈ।"

ਇਹ ਸਾਂਖ ਸ਼ਾਸਤਰ ਦਾ ਲੇਖਕ ਸੀ। ਹਰੀਵੰਸ਼ ਵਿਚ ਇਸ ਨੂੰ ਵਿਤਥ ਦਾ ਪੁੱਤਰ ਮੰਨਿਆ ਗਿਆ ਹੈ। ਇਸ ਨੂੰ ਬਹੁਤ ਤਾਕਤਵਰ ਮੰਨਿਆ ਗਿਆ ਹੈ।

ਕਰਤਾਰਪੁਰ (38:1)

"ਫਿਰਿ ਬਾਬਾ ਆਇਆ ਕਰਤਾਰਪੁਰ
ਭੇਖ ਉਦਾਸੀ ਸਗਲ ਉਤਾਰਾ। "

ਰਾਵੀ ਦੇ ਉਤਰੀ ਪਾਸੇ ਪਾਕਿਸਤਾਨ ਵਿਚ ਹੈ।

ਕਰਤਾ ਪੁਰਖ (42:5)

"ਜਿਵ ਰੂਪੀ ਕਰਤਾ ਪੁਰਖ
ਚਲੈ ਨਾ ਹੀ ਧਰਤਿ ਚਲਾਈ।"

ਕਲਿਜੁਗ

"ਕਲਿਜੁਗ ਚਉਥਾ ਥਾਪਿਆ
ਸੂਦ੍ਰ ਬਿਰਤਿ ਜਗ ਮਹਿ ਵਰਤਾਈ।"

ਕਲਿਜੁਗ ਵਿਚ ਧਰਮ ਚੌਥਾ ਹਿੱਸਾ ਰਹਿ ਗਿਆ। ਵੇਦਾਂ ਦੁਆਰਾ ਦਸੇ ਵਿਧਾਨ, ਧਾਰਮਕ ਸੰਸਕਾਰ ਅਤੇ ਜੋਗ ਦੀਆਂ ਰਸਮਾਂ ਵੀ ਬੰਦ ਹੋ ਗਈਆਂ, ਬੀਮਾਰੀਆਂ, ਕਮਜ਼ੋਰੀਆਂ ਅਤੇ ਕ੍ਰੋਧ ਆਦਿ ਦੋਸ਼, ਸੰਕਟ, ਭੁਖ ਅਤੇ ਡਰ ਫੈਲ ਗਏ। ਸਮੇਂ ਦੇ ਗੁਜਰਨ ਨਾਲ ਧਰਮ ਦਾ ਘਟਨਾਂ ਅਤੇ ਦੁਰਾਚਾਰੀਆਂ ਦਾ ਫੈਲਣਾ ਸ਼ੁਰੂ ਹੋ ਗਿਆ। ਕਲਿਜੁਗ ਵਿਚ ਉਮਰ ਸਬੰਧੀ ਕੋਈ ਸੀਮਾਂ ਨਹੀਂ ਮਿਲਦੀ।

ਕਵਾਉ (4:1)

"ਓਅੰਕਾਰੁ ਆਕਾਰੁ ਕਰਿ
ਏਕ ਕਵਾਉ ਪਸਾਉ ਪਸਾਰਾ।"

ਗੁਰੂ ਸਾਹਿਬਾਂ ਤੋਂ ਪ੍ਰਭਾਵਿਤ ਹੋ ਕੇ ਹੀ ਭਾਈ ਗੁਰਦਾਸ ਜੀ ਨੇ ਇਹ ਸ਼ਬਦ ਵਰਤਿਆ ਹੈ। ਗੁਰੂ ਨਾਨਕ ਜੀ ਨੇ ਜਪੁਜੀ ਸਾਹਿਬ ਦੀ ਪਉੜੀ ਵਿਚ 'ਕੀਤਾ ਪਸਾਉ ਏਕੋ ਕਵਾਉ' ਵਰਤਿਆ ਹੈ।

ਕਾਬਾ: (21:3)

" ਰੰਗ ਬਨਾਰਸ ਹਿੰਦੂਆ
ਮੱਕਾ ਕਾਬਾ ਮੁਸਲਮਾਣੇ।"

ਅਰਬ ਦੇਸ਼ ਦੇ ਮੱਕੇ ਸ਼ਹਿਰ ਵਿਚ ਕਾਬਾ ਮੁਸਲਮਾਨਾਂ ਦਾ ਧਾਰਮਿਕ ਮੰਦਰ ਹੈ। ਇਸਲਾਮੀ ਕਿਤਾਬਾਂ ਅਨੁਸਾਰ ਪਹਿਲਾਂ ਪਹਿਲੀ ਇਸ ਮੰਦਰ ਨੂੰ ਹਜ਼ਰਤ ਆਦਮ ਨੇ ਬਣਾਇਆ ਸੀ। ਮੰਦਰ ਦਾ ਦਰਵਜਾਜਾ ਆਮ ਤੌਰ ਤੇ ਬੰਦ ਰਹਿੰਦਾ ਹੈ। ਖਾਸ ਤਿਉਹਾਰਾਂ ਸਮੇਂ ਹੀ ਖੁਲ੍ਹਦਾ ਹੈ।

ਖ
==

ਖਡੂਰ (46:3)

"ਦਿਤਾ ਛੋੜਿ ਕਰਤਾ ਰਪੁਰ
ਬੈਠ ਖਡੂਰੇ ਜੋਤਿ ਜਗਾਈ।"

ਇਹ ਇਕ ਪਿੰਡ ਹੈ ਜਿਥੇ ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰਦਾਸ ਜੀ ਨੂੰ ਗੱਦੀ ਥਾਪੀ ਸੀ।

ਖੱਤਰੀ (5:3)

"ਬ੍ਰਾਹਮਣ, ਛਤ੍ਰੀ, ਵੈਸ਼, ਸੂਦ੍ਰ
ਜੁਗ ਜੁਗ ਏਕੋ ਵਰਨੁ ਬਿਰਾਜੇ।"

ਇਹ ਇਕ ਜਾਤ ਹੈ ਜਿਸ ਦਾ ਧਰਮ ਵੇਦ ਪੜ੍ਹਨਾ, ਵਪਾਰ ਕਰਨਾ, ਦਾਨ ਦੇਣਾ ਅਤੇ ਪਰਜਾ ਦੀ ਰੱਖਿਆ ਕਰਨੀ ਹੈ।

ਖਪਰ (31:3)

"ਖਪਰ ਦਿੱਤਾ ਨਾਥ ਜੀ
ਪਾਣੀ ਭਰ ਲੈਵਣ ਉਠਿ ਚਾਲਾ।"

ਜੋਗੀਆਂ ਦਾ ਲੋਟਾ ਜਿਸ ਵਿਚ ਉਹ ਆਪਣੇ ਮੂੰਹ ਵਗੈਰਾ ਧੋਣ ਲਈ ਪਾਣੀ ਰਖਦੇ ਹਨ।

ਖਾਣੀ (2:6)

"ਖਾਣੀ ਬਾਣੀ ਚਲਿਤ ਕਰਿ
ਆਵਾ ਗਉਣ ਚਰਿਤ ਦਿਖਾਈ।"

ਸਿਆਣਿਆਂ ਨੇ ਜੀਵ ਦੀ ਉਤਪਤੀ ਦੀਆਂ ਚਾਰ ਖਾਣੀਆਂ ਮੰਨੀਆਂ ਹਨ:-

1. ਅੰਡਜ - ਆਂਡਿਆਂ ਤੋਂ ਪੈਦਾ ਹੋਣ ਵਾਲੇ ਜੀਵ
2. ਜੇਰਜ - ਜੇਰ ਤੋਂ ਪੈਦਾ ਹੋਣ ਵਾਲੇ ਜੀਵ
3. ਸੇਤਜ - ਪਸੀਨਾ ਆਦਿ ਵਿਚੋਂ ਪੈਦਾ ਹੋਣ ਵਾਲੇ ਜੀਵ
4. ਉਤਭੁਜ - ਆਪਣੇ ਆਪ ਪੈਦਾ ਹੋ ਜਾਣ ਵਾਲੇ ਜੀਵ

ਗ:
==

ਗੋਇੰਦਵਾਲ (46:7)

"ਫੇਰ ਵਸਾਇਆ ਗੋਇੰਦਵਾਲ
ਅਚਰਜ ਖੇਲੁ ਨ ਲਖਿਆ ਜਾਈ।"

ਗੌਤਮ (9:1)

"ਗੌਤਮਿ ਤਪੈ ਵਿਚਾਰਕੈ
ਰਿਗਵੇਦ ਕੀ ਕਥਾ ਸੁਣਾਈ।"

ਇਕ ਵਿਦਵਾਨ ਰਿਖੀ ਜਿਸ ਦਾ ਨਾਮ ਅਕਸ਼ਪਾਦ ਵੀ ਹੈ। ਇਹ ਈਸਵੀ ਸਦੀ ਤੋਂ 100 ਵਰ੍ਹੇ ਪਹਿਲਾਂ ਹੋਇਆ ਅਤੇ ਨਿਆਇ ਸ਼ਾਸਤਰ ਦਾ ਲੇਖਕ ਹੈ।

ਗੰਗਾ : (2:3)

" ਗੰਗ ਬਨਾਰਸ ਹਿੰਦੂਆਂ
ਮੱਕਾ ਕਾਬਾ ਮੁਸਲਮਾਣੈ। "

ਇਹ ਪਵਿੱਤਰ ਨਦੀ ਹੈ। ਕਹਿੰਦੇ ਹਨ ਕਿ ਇਸ ਦਾ ਵਰਨਣ ਰਿਗ- ਵੇਦ ਵਿਚ ਦੋ ਵਾਰ ਆਇਆ ਹੈ। ਪੁਰਾਣਾਂ ਵਿਚ ਲਿਖਿਆ ਹੈ ਕਿ ਵਿਯਦ- ਗੰਗਾ(ਸਵਰਗੀ ਨਦੀ)ਜਿਹੜੀ ਵਿਸ਼ਨੂ ਦੇ ਪੈਰ ਦੇ ਅੰਗੂਠੇ ਵਿਚੋਂ ਨਿਕਲਦੀ ਸੀ, ਰਾਜੇ ਭਗੀਰਥ ਦੇ ਤਪ ਨਾਲ ਸਵਰਗ ਤੋਂ ਪ੍ਰਿਥਵੀ ਤੇ ਲਿਆਂਦੀ ਗਈ, ਤਾਂ ਜੋ ਰਾਜਾ ਸਗਰ ਦੇ ਕਪਲ ਰਿਖੀ ਦੀ ਕਰੋਧ ਅੱਗ ਨਾਲ ਭਸਮ ਹੋਏ ਸੱਠ ਹਜ਼ਾਰ ਪੁਤਰਾਂ ਦੀ ਸੁਆਹ ਨੂੰ ਇਸ ਦੇ ਜਲ ਨਾਲ ਪਵਿੱਤਰ ਕੀਤਾ ਜਾ ਸਕੇ। ਗੰਗਾ ਦਾ ਧਰਤੀ ਤੇ ਅਜਿਹਾ ਜਨਮ ਸੋਮਾ ਹੋਣ ਦੇ ਨਾਤੇ ਇਸ ਨੂੰ ਭਗੀਰਥੀ ਵੀ ਕਿਹਾ ਜਾਂਦਾ ਹੈ।

ਗੰਧਰਬ (26:3)

"ਖਣ ਗੰਧਰਬ ਅਪੱਛਰਾਂ
ਕਿਨਰ ਜੱਛ ਚਲਿਤ ਬਹੁ ਖੇਲ।"

ਵੇਦ ਵਿਚ ਵਰਣਤ ਦੈਵੀ ਗੰਧਰਵ ਇਕ ਦੇਵਤਾ ਸੀ, ਜਿਸ ਨੂੰ ਸਵਰਗ ਤੇ ਦੈਵੀ ਸੱਚ ਦੇ ਰਹੱਸਾਂ ਦੀ ਸਾਰ ਸੀ ਤੇ ਜੋ ਉਨ੍ਹਾਂ ਦੇ ਸਾਰਾਂ ਨੂੰ ਪ੍ਰਗਟਾਉਂਦਾ ਸੀ।

ਚ :

ਚਾਰ ਚੱਕ 27:

"ਚਾਰੇ ਤਾਰੇ ਚਾਰ ਚੱਕ
ਨੌ ਖੰਡ ਪ੍ਰਿਥਮੀ ਸੱਚਾ ਢੋਆ।"

ਚਾਰੇ ਖੂੰਟਾਂ ਜਾਂ ਚਾਰੇ ਦਿਸ਼ਾਵਾਂ ਉਤਰ, ਦਖਣ, ਪੂਰਬ,ਪੱਛਮ ਨੂੰ ਹੀ ਚਾਰ ਚਕ ਕਿਹਾ ਹੈ।

ਚਿਰਜੀਵੀ 26:

"ਜਤੀ ਸਤੀ ਚਿਰਜੀਵਣੇ

ਜੋ ਬਹੁਤਾ ਸਮਾਂ ਜਿਉਂਦੇ ਰਹਿਣ। ਪੁਰਾਣੇ ਰਿਖੀ ਮੁਨੀ ਤਪੱਸਿਆ ਆਦਿਕ ਕਰਕੇ ਆਪਣੀਆਂ ਉਮਰਾਂ ਵਧਾ ਲੈਂਦੇ ਸਨ ਅਤੇ ਕਈ ਕਈ ਸੌ ਸਾਲਾਂ ਤਕ ਜਿਉਂਦੇ ਰਹਿੰਦੇ ਸਨ।

ਚੌਰਾਸੀਹ ਲਖ ਜੋਨਿ 2:

"ਚੌਰਾਸੀਹ ਲਖ ਜੋਨਿ ਉਪਾਈ"

ਇਹ ਗੱਲ ਸਾਰੇ ਧਰਮਾਂ ਵਿਚ ਹੀ ਪਰਚਲਤ ਹੈ ਕਿ ਜੂਨਾਂ ਚੌਰਾਸੀਹ ਲਖ ਹਨ। ਜੀਵ ਇਕ ਜੂਨ ਤੋਂ ਬਾਅਦ ਦੂਸਰੀ ਵਿਚ ਪ੍ਰਵੇਸ਼ ਕਰਦਾ ਹੈ ਅਤੇ ਇਸ ਤਰ੍ਹਾਂ ਚੌਰਾਸੀ ਦਾ ਚੱਕਰ ਬੱਝਿਆ ਰਹਿੰਦਾ ਹੈ। ਮੁਕਤੀ ਮਨੁਖਾ ਜਨਮ ਵਿਚ ਹੀ ਮਿਲ ਸਕਦੀ ਹੈ ਉਹ ਵੀ ਤਾਂ ਜੇਕਰ ਮਨੁਖ ਚੰਗੇ ਕੰਮ ਕਰੇ।

ਛ ਛੱਤੀਸ ਪਾਖੰਡ 19:

"ਖਟ ਦਰਸ਼ਨ ਬਹੁ ਵੈਰ ਕਰ
ਨਾਲ ਛੱਤੀਸ ਪਾਖੰਡ ਚਲਾਏ।"

ਪਾਖੰਡਾਂ ਦੀ ਗਿਣਤੀ ਕੋਈ ਖਾਸ ਮੁਕਰਰ ਨਹੀਂ ਕੀਤੀ ਗਈ। ਇਸ ਦਾ ਭਾਵ ਬੇਸ਼ੁਮਾਰ ਦੰਭਾਂ ਤੇ ਪਾਖੰਡਾਂ ਤੋਂ ਹੈ। ਦੰਭੀ ਲੋਕ ਅਨੇਕ ਪ੍ਰਕਾਰ ਦੇ ਪਾਖੰਡ ਕਰਦੇ ਹਨ। ਮੁਹਾਵਰੇ ਵਿਚ ਛੱਤੀ ਦੀ ਸੰਖਿਆ ਅਨੇਕਤਾ ਦੀ ਵਰਤੋਂ ਵਿਚ ਆਉਂਦੀ ਹੈ।

ਜ ਜਜੁਰਵੇਦ 6:

"ਖੱਤ੍ਰੀ ਥਾਪੇ ਜਜੁ ਵੇਦ
ਦਖਣ ਮੁਖ ਬਹੁ ਦਾਨ ਦਾਤਾਰਾ।"

ਇਹ ਲਗ ਪਗ ਪੂਰੀ ਤਰ੍ਹਾਂ ਰਿਗਵੇਦ ਦੀਆਂ ਰਿਚਾਵਾਂ ਤੋਂ ਬਣਿਆ ਹੈ। ਪਰ ਇਸ ਵਿਚ ਕੁਝ ਗਦ ਰਿਚਾਵਾਂ ਹਨ ਜੋ ਨਵੀਆਂ ਹਨ। ਬਹੁਤ ਸਾਰੀਆਂ ਰਿਚਾਵਾਂ ਵਿਚ ਗਦ ਦੇ ਮੂਲ ਪਾਠ ਤੋਂ ਕਾਫੀ ਅੰਦਰ ਹੈ। ਯਜੁਰਵੇਦ ਪ੍ਰੋਹਿਤਾਂ ਦੀ ਪੁਸਤਕ ਹੈ, ਜਿਸ ਨੂੰ ਯੱਗ ਕਰਨ ਲਈ ਕਰਮਕਾਂਡੀ ਰੂਪ ਵਿਚ ਤਰਤੀਬ ਦਿੱਤੀ ਗਈ ਹੈ।

ਜਤੀ 26:

"ਜਤੀ ਸਤੀ ਚਿਰਜੀਵਣੇ "

ਜਤੀ, ਜਤ ਰਖਣ ਵਾਲੇ ਮਹਾਤਮਾਂ ਨੂੰ ਕਿਹਾ ਜਾਂਦਾ ਹੈ। ਹਿੰਦੂ ਸ਼ਾਸਤਰਾਂ ਨੇ ਛੇ ਜਤੀ ਮੰਨੇ ਹਨ। 2. ਹਨੂਮਾਨ 2. ਭੀਸ਼ਮ ਪਿਤਾਮਾ 3. ਲਛਮਣ 4. ਭੈਰੋਂ 5. ਗੋਰਖ 6. ਦੱਤਾਤ੍ਰੇਯ। ਗੁਰਬਾਣੀ ਵਿਚ ਜਤੀਆਂ ਨੂੰ ਜਤ ਦਾ ਅਭਿਮਾਨ ਕਰਨ ਵਾਲੇ ਕਹਿ ਕੇ ਇਸ ਤਰ੍ਹਾਂ ਲਿਖਿਆ ਹੈ:-

"ਛਿਅ ਜਤੀ ਮਾਇਆ ਕੇ ਬੰਦੇ" (ਭੈਰੋਂ ਰਾਗ ਕਬੀਰ ਜੀ)

ਜਮਡੰਡ (1:5)

"ਜਮ ਡੰਡ ਸਿਰੋਂ ਨਾ ਉਤਰੈ

ਸਾਕਤ ਦੁਰਜਨ ਜਨਮੁ ਗਵਾਇਆ।"

ਵੇਦਾਂ ਵਿਚ ਜਮ ਨੂੰ ਮੌਤ ਦਾ ਦੇਵਤਾ ਮੰਨਿਆ ਗਿਆ ਹੈ ਅਤੇ ਇਹ ਕਿਹਾ ਹੈ ਕਿ ਮਰਨ ਤੋਂ ਪਿਛੋਂ ਸਾਰੀਆਂ ਰੂਹਾਂ ਇਸ ਕੋਲ ਹੀ ਨਿਵਾਸ ਕਰਦੀਆਂ ਹਨ। ਇਹ ਵਿਵਸ਼ਵਤ(ਸੂਰਜ) ਦਾ ਪੁਤਰ ਹੈ ਅਤੇ ਇਸ ਦੀ ਇਕ ਜੋੜੀ ਭੈਣ ਵੀ ਸੀ, ਜਿਸ ਦਾ ਨਾਂ ਯਮੀ ਜਾਂ ਯਮੁਨਾ ਹੈ। ਕਈ ਇਨ੍ਹਾਂ ਨੂੰ ਪਹਿਲੀ ਮਨੁਖੀ ਦੰਪਤੀ ਸਮਝਦੇ ਹਨ ਜਿਥੋਂ ਸਾਰੀਆਂ ਜਾਤਾਂ ਨੇ ਜਨਮ ਲਿਆ। ਮਿਥਿਹਾਸਕ ਤੌਰ ਤੇ ਇਹ ਯੁਧਿਸ਼ਟਰ ਦਾ ਪਿਤਾ ਸੀ। ਇਹ ਮਿਰਤੂ ਵਿਅਕਤੀਆਂ ਦੀਆਂ ਰੂਹਾਂ ਦਾ ਦੇਵਤਾ ਅਤੇ ਮਿਰਤਕਾਂ ਦਾ ਨਿਆਂਕਾਰ ਹੈ। ਯਮ ਦਖਣ ਦਾ ਕੂੰਟਪਾਲ ਹੈ ਅਤੇ ਇਸ ਨੂੰ ਦਕ੍ਸ਼ਿਨਾਸਾ - ਪਤੀ ਕਿਹਾ ਜਾਂਦਾ ਹੈ।

ਯਮ ਦੇ ਪਦ ਦੇ ਅਰਥਵਾਚਕ ਕਈ ਨਾਂ ਮਿਲਦੇ ਹਨ। ਇਸ ਨੂੰ ਮ੍ਰਿਤਯੂ, ਕਾਲ, ਅੰਤਕ, ਮੌਤ, ਨਸ਼ਟ ਕਰਨ ਵਾਲਾ, ਪ੍ਰੇਤਾਂ ਦਾ ਰਾਜਾ ਆਦਿਕ ਕਿਹਾ ਜਾਂਦਾ ਹੈ। ਉਦੁੰਬਰ ਅੰਜੀਰ ਦੇ ਬ੍ਰਿਛ ਤੋਂ ਔਦੁੰਬਰ ਅਤੇ ਪਿਤਾ ਦੇ ਨਾਂ ਦੇ ਅਧਾਰ ਤੇ ਇਸ ਨੂੰ ਵੈਵਸਵਤ ਵੀ ਕਹਿੰਦੇ ਹਨ। ਇਕ ਧਰਮ ਸ਼ਾਸਤਰ ਦਾ ਨਾਂ ਵੀ ਯਮ ਹੈ।

ਜਾਦਵ ਵੰਸ਼ (6:3)

"ਦੁਆਪਰ ਜਾਦਵਵੰਸ਼ ਕਰ

ਜੁਗ ਜੁਗ ਅੌਧ ਘਟੈ ਆਚਾਰਾ।"

ਯਾਦਵ ਇਕ ਪ੍ਰਸਿੱਧ ਵੰਸ਼ ਸੀ, ਕ੍ਰਿਸ਼ਨ ਜੀ ਨੇ ਅਵਤਾਰ ਇਸ ਵੰਸ਼ ਵਿਚ ਹੀ ਧਾਰਿਆ। ਕ੍ਰਿਸ਼ਨ ਜੀ ਦੇ ਜਨਮ ਸਮੇਂ ਇਹ ਚਰਵਾਹਿਆ ਦਾ ਜੀਵਨ ਬਤੀਤ ਕਰਦੇ ਸਨ। ਵਿਸ਼ਣੂ ਪੁਰਾਨ ਵਿਚ ਇਸ ਵੰਸ਼ ਸਬੰਧੀ ਇਉਂ ਲਿਖਿਆ ਹੈ:- "ਯਾਦਵ ਵੰਸ਼ ਦੇ ਸਮੁੱਚੇ ਸ਼ਕਤੀਸ਼ਾਲੀ ਮਨੁਖਾਂ ਦੀ ਕੌਣ ਗਿਣਤੀ ਕਰੇਗਾ, ਜਿਨ੍ਹਾਂ ਦੀ ਗਿਣਤੀ ਲੱਖਾਂ ਅਤੇ ਹਜ਼ਾਰਾਂ ਵਿਚ ਮਿਲਦੀ ਹੈ।"

ਜੀਵਣ (32:5)

"ਜੀਵਣ ਮਾਰੀ ਲਤਿ ਦੀ
ਕੇਹੜਾ ਸੁਤਾ ਕੁਫਰ ਕੁਫਾਰੀ।"

ਇਹ ਮੱਕੇ ਦਾ ਹਾਜੀ ਸੀ। ਜਦੋਂ ਗੁਰੂ ਨਾਨਕ ਜੀ ਮਹਾਰਾਜ ਮੱਕੇ ਗਏ ਤਾਂ ਉਧਰ ਪੈਰ ਕਰਕੇ ਪੈ ਰਹੇ। ਜੀਵਣ ਨੇ ਆ ਕੇ ਗੁਰੂ ਜੀ ਦੇ ਲੱਤ ਮਾਰੀ ਕਿ ਕਿਹੜਾ ਕਾਫਰ ਖੁਦਾ ਵਲ ਪੈਰ ਕਰਕੇ ਸੁੱਤਾ ਹੋਇਆ ਹੈ।

ਜੈਮਨਿ ਰਿਖੀ (10:1)

"ਫਿਰਿ ਜੈਮਨਿ ਰਿਖੁ ਬੋਲਿਆ
ਜੁਜਰ ਵੇਦਿ ਗਥਿ ਕਥਾ ਸੁਣਾਵੈ।"

ਇਹ ਪੂਰਬੋ ਮੀਮਾਸਾ ਦਾ ਲੇਖਕ ਸੀ। ਇਹ ਇਕ ਪ੍ਰਸਿੱਧ ਰਿਖੀ ਸੀ ਜੋ ਵਿਆਸ ਦਾ ਚੇਲਾ ਸੀ। ਆਪਣੇ ਗੁਰੂ ਕੋਲੋਂ ਸਾਮ ਵੇਦ ਪੜ੍ਹਕੇ ਇਸ ਦਾ ਅਧਿਆਪਕ ਬਣ ਗਿਆ ਸੀ। ਇਸ ਦਾ ਮੂਲ ਗ੍ਰੰਥ ਬਿਬਲੀਓਥਿਕਾ ਇੰਡੀਕਾ ਵਿਚ ਪ੍ਰਕਾਸ਼ਤ ਹੋ ਚੁੱਕਾ ਹੈ।

ਜੋਗ (14:4)

"ਜੋਗ ਪਦਾਰਥ ਨਿਰਮਲਾ
ਅਨਹਦ ਧੁਨਿ ਅੰਦਰਿ ਲਿਵਲਾਈ।"

ਅਸ਼ਟਾਂਗ ਯੋਗ, ਨਿਯਮ, ਪ੍ਰਣਾਯਾਮ, ਆਸਨ, ਪ੍ਰਤਿਹਾਰ, ਧਾਰਨਾ

ਜੰਞੂ (21: 4)

"ਸੁੰਨਤਿ ਮੁਸਲਮਾਣ ਦੀ
ਤਿਲਕ ਜੰਞੂ ਹਿੰਦੂ ਲੋਭਾਵੇ"

3. ਤ੍ਰੇਤਾ ਜੁਗ (15:3)

"ਸਤਿਜੁਗ ਦੂਜਾ ਭਰਮ ਕਰਿ
ਤ੍ਰੇਤੇ ਵਿਚਿ ਜੋਨੀ ਫਿਰਿ ਆਵੈ।"

ਸਤਿਜੁਗ ਤੋਂ ਪਿੱਛੋਂ ਤ੍ਰੇਤਾ ਜੁਗ ਸ਼ੁਰੂ ਹੁੰਦਾ ਹੈ। ਇਸ ਜੁਗ ਵਿਚ ਯੱਗ ਕਰਨ ਦੀ ਰੀਤ ਚਲ ਪਈ ਸੀ, ਧਰਮ ਦਾ ਚੌਥਾ ਹਿੱਸਾ ਘਟ ਗਿਆ ਅਤੇ ਉਮਰ ਵੀ ਦਸਵਾਂ ਹਿੱਸਾ ਰਹਿ ਗਈ। ਮਨੁੱਖ ਸੌ ਸਨ ਪਰ ਉਨ੍ਹਾਂ ਦੀ ਭਗਤੀ ਧਾਰਮਿਕ ਸੰਸਕਾਰਾਂ ਉੱਤੇ ਨਿਰਭਰ ਸੀ, ਯੱਗ ਪਵਿੱਤਰ ਕਰਮਾਂ ਅਤੇ ਬਹੁਤਾਂਰੀ ਰਸਮਾਂ ਨਾਲ ਕੀਤੇ ਜਾਂਦੇ ਸਨ। ਮਨੁੱਖ ਸਾਰੇ ਕਾਰਜ ਕਿਸੇ ਮਨੋਰਥ ਨਾਲ ਕਰਦੇ ਸਨ ਅਤੇ ਆਪਣੇ ਧਾਰਮਿਕ ਸੰਸਕਾਰਾਂ ਅਤੇ ਭੇਟਾ ਦੇ ਫਲਾਂ ਦੀ ਇੱਛਾ ਰੱਖਦੇ ਸਨ। ਇਹ ਤਪ ਨਹੀਂ ਕਰਦੇ ਸਨ ਅਤੇ ਧਾਰਮਿਕ ਕਰਤਵਾਂ ਦੀ ਪੂਰਤੀ ਲਈ ਰੁੱਚੀ ਨਹੀਂ ਰੱਖਦੇ ਸਨ।

ਤ੍ਰਿਭਵਣ (4:2)

"ਪੰਜ ਤਤ ਪਰਵਾਣੁ ਕਰਿ
ਘਟਿ ਘਟਿ ਅੰਦਰਿ ਤ੍ਰਿਭਵਣੁ ਸਾਰਾ।"

ਹਿੰਦੂ ਮਿਥਿਹਾਸ ਵਿਚ ਤਿੰਨਾਂ ਲੋਕਾਂ ਲਈ ਤ੍ਰਿਭਵਣ ਵਰਤਿਆ ਹੈ ਅਤੇ ਭਾਈ ਸਾਹਿਬ ਨੇ ਵੀ ਇਨ੍ਹਾਂ ਤਿੰਨਾਂ ਲੋਕਾਂ ਸਵਰਗ, ਪਾਤਾਲ ਤੇ ਦ੍ਰਿਸ਼ਮਾਨ ਦੁਨੀਆਂ ਲਈ ਹੀ ਵਰਤਿਆ ਹੈ।

ਤੰਤ੍ਰ 18:

"ਤੰਤ੍ਰ ਮੰਤ੍ਰ ਪਾਖੰਡ ਕਰਿ
ਕਲਹਿ ਕ੍ਰੋਧੁ ਬਹੁ ਵਾਦਿ ਵਧਾਵੈ।"

ਕਈ ਤਰ੍ਹਾਂ ਦੀਆਂ ਸਵਾਰਾਂ ਸਿਰ ਤੇ ਧੂੜ ਕੇ ਵਸ ਕਰਨ ਆਦਿਕ ਕਿਰਿਆ ਤੰਤ੍ਰ ਕਹੀ ਜਾਂਦੀ ਹੈ।

ਦ: ਦਸ ਨਾਮ ਸੰਨਿਆਸੀਆਂ (19:2)

"ਦਸ ਨਾਮ ਸੰਨਿਆਸੀਆਂ
ਜੋਗੀ ਬਾਰਹਰਹ ਪੰਥਿ ਚਲਾਏ।"

ਤੀਰਥ, ਆਸ਼ਰਮ:- ਇਹ ਵਿਸ਼ਵ ਰੂਪ ਦੇ ਚੇਲੇ ਹਨ।
ਬਨ, ਅਰਨਯ :- ਇਹ ਪਦਮ ਪਾਦ ਚੇਲੇ ਦੀ ਸ਼ਾਖ ਹਨ
ਗਿਰੀ, ਦੰਡੀ, ਸਾਗਰ:- ਇਹ ਤ੍ਰੋਟਕ ਚੇਲੇ ਦੀ ਸ਼ਾਖ ਹਨ।
ਸਰਸਵਤੀ, ਭਾਰਤੀ, ਪੁਰੀ:- ਇਹ ਪ੍ਰਿਥਵੀਧਰ ਚੇਲੇ ਦੀ ਸ਼ਾਖ ਹਨ।

ਦਸਤਗੀਰ (35:6)

"ਪੁਛਿਆ ਫਿਰਨੈ ਦਸਤਗੀਰ
ਕਉਣ ਫਕੀਰ ਕਿਸਕਾ ਘਰਾਨਾ।"

ਬਗਦਾਦ ਵਿਚ ਇਕ ਬੜਾ ਪ੍ਰਸਿੱਧ ਪੀਰ ਅਬਦੁਲ ਕਾਦਿਰ ਹੋਇਆ ਹੈ। ਇਸ ਦਾ ਪ੍ਰਸਿੱਧ ਨਾਮ 'ਦਸਤਗੀਰ' ਹੈ। ਬਗਦਾਦ ਵਿਚ ਉਸ ਦਾ ਮਕਬਰਾ ਬਣਿਆ ਹੋਇਆ ਹੈ। ਉਸ ਦੇ ਜਾ-ਨਸ਼ੀਨ ਵੀ 'ਦਸਤਗੀਰ' ਅਖਵਾਂਦੇ ਹਨ।

ਦਰਗਹਿ (33:5)

"ਹਿੰਦੂ ਮੁਸਲਮਾਨ ਦੁਇ
ਦਰਗਹਿ ਅੰਦਰਿ ਲਹਨਿ ਨ ਢੋਈ।"

ਦਰਗਹ ਬਾਰੇ ਇਹ ਕਿਹਾ ਜਾਂਦਾ ਹੈ ਕਿ ਜਿਥੇ ਮੁਕਤੀ ਪ੍ਰਾਪਤ ਹੁੰਦੀ ਹੈ। ਪਰਮਾਤਮਾਂ ਉਥੇ ਬਿਰਾਜਮਾਨ ਹੈ ਅਤੇ ਸਭ ਨੂੰ ਵੇਖ ਰਿਹਾ ਹੈ।

ਦਾਨੌ ਦੈਤ (26:4)

"ਰਾਕਸ ਦਾਨੌ ਦੈਤ ਲਖ
ਅੰਦਰ ਦੂਜਾ ਭਾਉ ਦੁਹੇਲੇ।"

ਇਹ ਕਸ਼ਯ-ਪ ਰਿਖੀ ਦੀ ਦਨੂ ਦੀ ਕੁਖੋਂ ਪੈਦਾ ਹੋਈ ਸੰਤਾਨ ਹੈ। ਇਹ ਦੇਵਤਿਆਂ ਵਿਰੁਧ ਲੜਿਆ ਕਰਦੇ ਸਨ ਅਤੇ ਯੱਗਾਂ ਵਿਚ ਵਿਘਨ ਪਾਉਂਦੇ ਸਨ। ਇਨ੍ਹਾਂ ਤੇ ਦਾਨਵਾਂ ਨੂੰ ਸਬੰਧਤ ਸਮਝਿਆ ਜਾਂਦਾ ਹੈ। ਯੱਗਾਂ ਦਾ ਵੈਰੀ ਹੋਣ ਕਰਕੇ ਇਨ੍ਹਾਂ ਨੂੰ 'ਕ੍ਰਤੂਦਿਸ਼' ਵੀ ਕਿਹਾ ਜਾਂਦਾ ਹੈ।

<u>ਦੁਆਪਰ ਜੁਗ</u> (15: 5 )

"ਦੁਆਪੁਰ ਮਮਤਾ ਅਹੰਕਾਰ
ਹਉਮੈਂ ਅੰਦਰਿ ਗਰਬਿ ਗਲਾਵੈ।"

ਇਹ ਤੀਸਰਾ ਜੁਗ ਸੀ। ਇਸ ਜੁਗ ਵਿਚ ਧਰਮ ਅੱਧਾ ਰਹਿ ਗਿਆ। ਵੇਦ ਚਾਰ ਹੋ ਗਏ। ਕੁਝ ਆਦਮੀ ਚਾਰੇ ਵੇਦ ਪੜ੍ਹਦੇ ਸਨ। ਕੋਈ ਤਿੰਨ, ਕੋਈ ਦੋ ਅਤੇ ਕੋਈ ਇਕ ਅਤੇ ਕੋਈ ਵੀ ਨਹੀਂ ਪੜ੍ਹਦੇ ਸਨ। ਧਰਮ ਦੀ ਗਿਰਾਵਟ ਨਾਲ ਗਿਣਤੀ ਦੇ ਆਦਮੀ ਹੀ ਸਚਾਈ ਦੇ ਮਾਰਗ ਤੇ ਚਲਦੇ ਸਨ। ਜਦੋਂ ਮਨੁੱਖ ਧਰਮ ਤੋਂ ਪਤਿਤ ਹੋ ਗਏ ਤਾਂ ਉਹ ਹੋਣੀ ਦੁਆਰਾ ਅਨੇਕਾਂ ਰੋਗ ਤ੍ਰਿਸ਼ਨਾਵਾਂ ਤੇ ਵਿਪੱਤੀਆਂ ਵਿਚ ਫਸ ਗਏ। ਜਿਸ ਕਰਕੇ ਉਹ ਬਹੁਤ ਦੁਖੀ ਹੋ ਗਏ ਅਤੇ ਤਪੱਸਿਆ ਕਰਨ ਲਈ ਮਜਬੂਰ ਹੋ ਗਏ। ਦੂਸਰੇ ਸਵਰਗੀ ਅਨੰਦ ਦੀ ਪ੍ਰਾਪਤੀ ਲਈ ਯੱਗ ਕਰਨ ਲਗ ਪਏ। ਇਸ ਤਰ੍ਹਾਂ ਮਨੁੱਖ ਪਾਪਾਂ ਨਾਲ ਪਤਿਤ ਹੋ ਗਏ।

<u>ਦੇਵੀ ਦੇਵ</u> (26:2)

"ਦੇਵੀ ਦੇਵ ਰਿਖੀਸੁਰਾ
ਭੈਰਉ ਖੇਤ੍ਰਪਾਲਿ ਬਹੁ ਮੇਲੇ"

ਦੇਵੀਆਂ ਕਈ ਮੰਨੀਆਂ ਜਾਂਦੀਆਂ ਹਨ । ਇਨ੍ਹਾਂ ਦੇ ਵੱਖਰੇ ਵੱਖਰੇ ਨਾਂ ਹਨ ਜੋ ਕਿ ਇਨ੍ਹਾਂ ਦੇ ਕਰਮਾਂ ਨਾਲ ਸਬੰਧਤ ਹਨ। ਦੇਵਤਿਆਂ ਦੀ ਗਿਣਤੀ ਤੇਤੀ ਮੰਨੀ ਜਾਂਦੀ ਹੈ ਇਹ ਦੇਵ ਲੋਕ ਵਿਚ ਨਿਵਾਸ ਕਰਦੇ ਹਨ।

<u>ਧ</u> <u>ਧਉਲ, ਧੌਲ</u> (22:8)

"ਧਰਮ ਧੌਲ ਪੁਕਾਰੇ ਤਲੈ ਖੜੋਆ।"

ਧੌਲ ਧਰਮ ਰੂਪੀ ਬਲਦ ਲਈ ਵਰਤਿਆ ਗਿਆ ਹੈ ਜਿਸ ਨੇ ਸਾਰੀ ਸ੍ਰਿਸ਼ਟੀ ਦਾ ਭਾਰ ਚੁੱਕਿਆ ਹੋਇਆ ਹੈ। ਗੁਰੂ ਨਾਨਕ ਦੇਵ ਜੀ ਨੇ ਵੀ ਧਉਲ ਸ਼ਬਦ ਜਪੁਜੀ ਸਾਹਿਬ ਦੀ ਪਉੜੀ ਵਿਚ ਇਸੇ ਅਰਥ ਵਿਚ ਹੀ ਵਰਤਿਆ ਹੈ।

" **ਧੌਲ** ਧਰਮ ਦਇਆ ਕਾ ਪੂਤ
ਸੰਤੋਖ ਥਾਪਿ ਰਖਿਆ ਜਿਨ ਸੂਤ।"

<u>ਧਰਮਰਾਜ</u> (18:7)

" ਪਉਣ ਪਾਣੀ ਬੈਸੰਤਰੋ
ਧਰਮਰਾਜ ਕੋਈ ਤ੍ਰਿਪ ਤਾਵੈ।"

ਯਮ ਦਾ ਇਕ ਨਾਮ ਹੈ ਜੋ ਮਿਰਤਕਾਂ ਨਾਲ ਨਿਆਂ ਕਰਦਾ ਹੈ।

ਨ ਨਉ ਖੰਡ (27:7)

"ਬਾਬੇ ਤਾਰੇ ਚਾਰਿ ਚਕਿ
ਨਉਖੰਡਿ ਪ੍ਰਿਥਮੀ ਸਚਾ ਢੋਆ।"

ਖੰਡ ਟੁਕੜੇ ਨੂੰ ਕਹਿੰਦੇ ਹਨ। ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਬਾਣੀ ਵਿਚ ਨੌਂ ਖੰਡਾਂ ਦਾ ਬਹੁਤ ਜ਼ਿਕਰ ਆਇਆ ਹੈ। ਨੌਂ ਖੰਡ ਇਹ ਹਨ:-

ਇਲਾਵ੍ਰਤ, ਕਿੰਪੁਰਖ, ਭੱਦਰ, ਕੇਤੁਮਾਲ, ਹਰਿ, ਰਰਿਵਸ, ਭਰਤ, ਰਮਯ ਅਤੇ ਕੁਸ਼।

ਨਉ ਨਿਧੀ (14:5)

"ਅਸਟ ਦਸਾ ਸਿਧ ਨਉ ਨਿਧੀ
ਗੁਰਮੁਖਿ ਜੋਗੀ ਚ ਰਨ ਲਗਾਈ।"

ਨੌ ਤਰ੍ਹਾਂ ਦੇ ਕੁਬੇਰ ਦੇ ਖ਼ਜ਼ਾਨੇ ਜਿਨ੍ਹਾਂ ਦੇ ਨਾਮ ਪਦਮ, ਮਹਾਂ ਪਦਮ, ਮਕਰ, ਕੱਛਪ, ਮੁਕੰਦ, ਕੁੰਦ, ਨੀਲ, ਸੰਖ, ਖਰਬ ਹਨ। ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਦੀ ਪਹਿਲੀ ਅਸ਼ਟਪਦੀ ਦੇ ਤੀਸਰੇ ਬੰਦ ਵਿਚ ਵੀ ਇਨ੍ਹਾਂ ਦਾ ਜ਼ਿਕਰ ਕੀਤਾ ਹੈ।

"ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ"

ਨਾਰਦ ਮੁਨ (11: 7)

"ਨਾਰਦ ਮੁਨ ਉਪਦੇਸਿਆ
ਮਧ ਭ ਗਵਤ ਗੁਨ ਗੀਤ ਕਰਾਯਾ।"

ਇਹ ਪ੍ਰਜਾਪਤੀਆਂ ਵਿਚੋਂ ਇਕ ਮੰਨਿਆ ਜਾਂਦਾ ਹੈ ਅਤੇ ਸਤ ਮਹਾਂ ਰਿਖੀਆਂ ਵਿਚ ਵੀ ਇਸ ਦੀ ਗਿਣਤੀ ਕੀਤੀ ਜਾਂਦੀ ਹੈ। ਰਿਗਵੇਦ ਦੀਆਂ ਕੁਝ ਰਿਚਾਵਾਂ ਵੀ ਇਸ ਨਾਲ ਸਬੰਧਤ ਕੀਤੀਆਂ ਜਾਂਦੀਆਂ ਹਨ। ਰਿਗਵੇਦ ਵਿਚ ਇਸ ਦਾ ਸਬੰਧ 'ਕਨਵ ਦੇ ਪਰਵਾਰ' ਨਾਲ ਜੋੜਿਆ ਹੈ। ਕਈ ਇਸ ਨੂੰ ਬ੍ਰਹਮਾ ਦਾ ਪੁੱਤਰ ਕਹਿੰਦੇ ਹਨ। ਉਨ੍ਹਾਂ ਅਨੁਸਾਰ ਇਸ ਦੀ ਉਤਪਤੀ ਬ੍ਰਹਮਾ ਦੇ ਮਸਤਕ ਤੋਂ ਹੋਈ ਹੈ। ਨਾਰਦ ਧਰਮ ਸ਼ਾਸਤਰ ਦੇ ਮਹਾਂ ਲੇਖਕਾਂ ਵਿਚੋਂ ਇਕ ਸੀ। ਇਸ ਦੇ ਲਿਖੇ ਹੋਏ 'ਨਾਰਦੀਯ ਧਰਮ ਸ਼ਾਸਤਰ' ਨਾਂ ਦੇ ਗ੍ਰੰਥ ਦਾ ਡ: ਜਾਲੀ ਨੇ ਅੰਗਰੇਜ਼ੀ ਵਿਚ ਅਨੁਵਾਦ ਕੀਤਾ ਹੈ।

ਨਿਆਇ ਸ਼ਾਸਤਰ (9:2)

"ਨਿਆਇ ਸ਼ਾਸਤ੍ਰ ਨੈ ਗਬ ਕਰਿ
ਸਭ ਬਿਧਿ ਕਰਤੇ ਹਥਿ ਜਣਾਈ।"

ਇਸ ਦਾ ਬਾਨੀ ਗੌਤਮ ਮੁਨੀ ਹੈ। ਨਿਆਇ ਸ਼ਬਦ ਦਾ ਅਰਥ ਸੰਗਤੀ ਜਾਂ ਢੁਕਵੇਂਪਣ ਅਤੇ ਵਿਸ਼ਲੇਸ਼ਣ ਦੁਆਰਾ ਕਿਸੇ ਸਿੱਟੇ ਤੇ ਪਹੁੰਚਣਾ ਹੈ। ਇਸ ਸ਼ਾਖਾ ਨੂੰ ਤਾਰਕਿਕ ਸ਼ਾਖਾ ਕਿਹਾ ਜਾਂਦਾ ਹੈ। ਇਹ ਸ਼ਾਖਾ ਸਰਵ-ਸਾਧਾਰਣ ਮਨੁੱਖਾਂ ਲਈ ਹੈ ਅਤੇ ਸਰਲ ਹੈ ਜਦੋਂ ਕਿ ਵੇਦਾਂਤ ਪ੍ਰਤਿਭਾਸ਼ੀਲ ਮਨੁੱਖਾਂ ਲਈ ਹੈ ਅਤੇ ਵਧੇਰੇ ਮੁਸ਼ਕਲ ਹੈ।

ਨਿਮਾਜ (20:3)

"ਰੋਜੇ ਈਦ ਨਿਮਾਜ ਕਰਿ
ਕਰਮੀ ਬੰਦ ਕੀਆ ਸੰਸਾਰਾ"

ਮਜ਼ਾਬ ਇਸਲਾਮ ਦੀਆਂ ਪੰਜ ਨਮਾਜ਼ਾਂ ਮੁਕਰਰ ਹਨ ਅਤੇ ਪੰਜਾਂ ਦੇ ਪੰਜ ਸਮੇਂ ਨਿਯਤ ਹਨ। ਨਮਾਜ਼ ਦਾ ਪੜ੍ਹਨਾ ਬੜਾ ਜ਼ਰੂਰੀ ਹੈ। ਨਮਾਜ਼ ਪੜ੍ਹਨ ਤੋਂ ਪਹਿਲਾਂ ਕਪੜੇ ਅਤੇ ਸਰੀਰ ਪਵਿੱਤਰ ਹੋਣਾਂ ਚਾਹੀਦਾ ਹੈ ਜੇ ਬਹੁਤਿਆਂ ਨੇ ਮਿਲ ਕੇ ਨਮਾਜ਼ ਪੜ੍ਹਨੀ ਹੋਵੇ ਤਾਂ ਮਸਜਿਦ ਦੇ ਮੀਨਾਰ ਤੇ ਚੜ੍ਹ ਕੇ ਬਾਂਗ ਦੇਣੀ ਜ਼ਰੂਰੀ ਹੈ ਤਾਂ ਕਿ ਆਵਾਜ਼ ਸੁਣ ਕੇ ਸਭ ਇਕੱਠੇ ਹੋ ਜਾਣ। ਨਮਾਜ਼ ਪੜ੍ਹਨ ਵੇਲੇ ਜੁੱਤੀ ਉਤਾਰਨੀ ਜ਼ਰੂਰੀ ਹੈ ਅਤੇ ਸਿਰੋਂ ਨੰਗੇ ਨਮਾਜ਼ ਪੜ੍ਹਨੀ ਮਨ੍ਹਾ ਹੈ।

4: ਪਾਖੰਡ (18:4)

"ਤੰਤ੍ਰ ਮੰਤ੍ਰ ਪਾਖੰਡ ਕਰਿ
ਕਲਹਿ ਕ੍ਰੋਧੁ ਬਹੁ ਵਾਦਿ ਵਧਾਵੈ"

ਪਾਤਾਲ (36:3)

"ਪਾਤਾਲਾਂ ਆਕਾਸ ਲੱਖ
ਓੜਕਿ ਭਾਲੀ ਖਬਰੁ ਸੁਣਾਈ।"

ਇਹ ਨਾਂ ਜਿਮੀਂ ਦੇ ਹੇਠਲੇ ਹਿੱਸੇ, ਜਿਥੇ ਨਾਗ, ਦੈਂਤ, ਦਾਨਵ ਆਦਿਕ ਰਹਿੰਦੇ ਹਨ, ਲਈ ਵਰਤਿਆ ਜਾਂਦਾ ਹੈ। ਹਿੰਦੂ ਧਰਮ ਅਨੁਸਾਰ ਪਾਤਾਲ ਸਤ ਮੰਨੇ ਜਾਂਦੇ ਹਨ ਪਰ ਮੁਸਲਮਾਨ ਚੋਦਾਂ ਪਤਾਲ ਮੰਨਦੇ ਹਨ ਅਤੇ ਸਿੱਖ ਧਰਮ ਅਨੁਸਾਰ ਅਨੇਕਾਂ ਹੀ ਪਾਤਾਲ ਹਨ।

ਪਾਤੰਜਲ (14: 1)

"ਸੇਖਨਾਗ ਪਾਤੰਜਲ ਮਥਿਆ
ਗੁਰਮੁਖਿ ਸ਼ਾਸਤ੍ਰ ਨਾਗਿ ਸੁਣਾਈ।"

ਇਹ ਯੋਗ ਸ਼ਾਸਤਰ ਦਾ ਬਾਨੀ ਸੀ। ਇਸ ਨੇ ਪਾਣਿਨੀ ਦੇ ਵਿਆਕਰਣ ਤੇ ਕਾਤਯਾਯਨ ਦੁਆਰਾ ਲਿਖੀਆਂ ਵਾਰਤਕਾਂ ਦੇ ਉੱਤਰ ਵਿਚ ਮਹਾਂਭਾਸ਼ਯ ਦੀ ਰਚਨਾਂ ਕੀਤੀ ਸੀ। ਇਸ ਦਾ ਸਮਾਂ 200 ਸਾਲ ਪੂਰਵ ਈਸਵੀ ਮਿਥਿਆ ਜਾਂਦਾ ਹੈ।

ਪਾਤੰਜਲ ਸ਼ਾਸਤਰ (14:1)

ਇਸ ਦਾ ਬਾਨੀ ਪਾਤੰਜਲ ਰਿਖੀ ਸੀ। ਇਸ ਨੂੰ 'ਯੋਗ' ਵੀ ਕਿਹਾ ਜਾਂਦਾ ਹੈ। ਇਹ ਸਾਖਾ ਸਾਂਖ ਦਰਸ਼ਨ ਦੇ ਸਾਧਨਾ ਦੀ ਵਰਤੋਂ ਕਰਦੀ ਹੈ ਅਤੇ ਉਸ ਦੇ ਕਈ ਨੇਮਾਂ ਨੂੰ ਇਸ ਨੇ ਅਪਣਾਇਆ ਵੀ ਹੈ। ਪਰ ਇਹ ਸਾਖਾ ਨਾ ਕੇਵਲ ਮੈਂ ਵਿਅਕਤੀਗਤ ਆਤਮਾ ਵਿਚ ਹੀ ਵਿਸ਼ਵਾਸ਼ ਰੱਖਦੀ ਹੈ ਸਗੋਂ ਸਰਬ ਵਿਆਪਕ ਆਤਮਾ ਵਿਚ ਜਿਹੜੀ ਨਿਰਲੇਪ ਅਤੇ ਦੂਸਰੀਆਂ ਆਤਮਾਵਾਂ ਤੇ ਪ੍ਰਭਾਵ ਪਾਉਂਦੀ ਹੈ, ਵਿਸ਼ਵਾਸ਼ ਰੱਖਦੀ ਹੈ।

ਪੁਰਾਨ (19:4)

"ਬ੍ਰਾਹਮਣ ਬਹੁ ਪਰਕਾਰ ਕਰਿ
ਸਾਸਤ੍ਰ ਵੇਦ ਪੁਰਾਨ ਲੜਾਏ ।"

ਜਿਸ ਵਿਚ ਪੁਰਾਤਨ ਸਮੇਂ ਦੀਆਂ ਪ੍ਰਾਚੀਨ ਮਿਥਿਹਾਸਕ ਕਹਾਣੀਆਂ ਦਾ ਵਰਣਨ ਕੀਤਾ ਗਿਆ ਹੋਵੇ ਉਸ ਨੂੰ ਪੁਰਾਣ ਕਹਿੰਦੇ ਹਨ। ਪੁਰਾਣ ਇਤਿਹਾਸ ਜਾਂ ਮਹਾਂ ਕਾਵਿ ਦੀ ਸ਼੍ਰੇਣੀ ਵਿਚ ਹੀ ਆਉਂਦੇ ਹਨ। ਪੁਰਾਣਾ ਵਿਚ ਨਿਸਚਤ ਰੂਪ ਵਿਚ ਦੇਵਤਿਆਂ ਦੇ ਬਲ ਤੇ ਕਾਰ-ਨਾਮਿਆਂ ਦਾ ਹੀ ਵਰਨਣ ਹੁੰਦਾ ਹੈ ਅਤੇ ਇਹ ਹਿੰਦੂ ਧਰਮ ਦੇ ਉੱਤਰ ਕਾਲ ਦੇ ਅਧਿਕ ਵਿਕਾਸ ਦੀ ਹੀ ਪ੍ਰਤੀਨਿਧਤਾ ਕਰਦੇ ਹਨ ਅਤੇ ਵਾਸਤਵ ਵਿਚ ਇਹ ਧਰਮ ਪੁਸਤਕਾਂ ਹੀ ਹਨ। ਅਮਰ ਸਿੰਘ ਤੇ ਜਿਹੜਾ ਕਿ ਪ੍ਰਾਚੀਨ ਸੰਸਕ੍ਰਿਤ ਕੋਸ਼ਕਾਰ ਹੋਇਆ ਹੈ, ਪੁਰਾਣਾ ਦੀ ਪ੍ਰੀਭਾਸ਼ਾ ਇਸ ਤਰ੍ਹਾਂ ਦਿੱਤੀ ਹੈ। ਉਸ ਦੇ ਵਿਚਾਰ ਵਿਚ ਪੁਰਾਣਾ ਵਿਚ ਵਿਸ਼ੇਸ਼ ਰੂਪ ਵਿਚ ਪੰਜ ਤਰ੍ਹਾਂ ਦੇ ਵਿਸ਼ਯਾ ਦਾ ਵਰਨਣ ਕੀਤਾ ਗਿਆ ਹੈ, ਜਿਸ ਤੋਂ ਅਸੀਂ ਇਨ੍ਹਾਂ ਨੂੰ ਦੂਜੇ ਗ੍ਰੰਥਾਂ ਤੋਂ ਵੱਖਰਾ ਕਰ ਸਕਦੇ ਹਾਂ।

1. ਸ੍ਰਿਸਟੀ ਦੀ ਰਚਨਾ 2. ਇਸ ਦਾ ਵਿਨਾਸ਼ ਤੇ ਪੁਨਰ ਉਤਪਤੀ
3. ਦੇਵਤਿਆਂ ਤੇ ਪੂਰਣ ਪੁਰਸ਼ਾਂ ਦੀ ਵੰਸ਼ਾਵਲੀ 4.ਮਨੂਆਂ ਦਾ ਰਾਜ, ਜਿਸ ਵਿਚ ਯੋਗਾਂ ਨੂੰ ਮਨਵੰਤਰ ਕਿਹਾ ਗਿਆ ਹੈ 5. ਸੂਰਜਬੰਸ਼ੀ ਤੇ ਚੰਦਰਵੰਸ਼ੀ ਰਾਜਿਆਂ ਦਾ ਇਤਿਹਾਸ।

ਪੰਚ ਤਤ (2:5)

"ਪੰਚ ਤਤ ਪੰਚੀਸਿ ਗੁਨਿ
ਸਤ੍ਰ ਮਿਤ੍ਰ ਮਿਲਿ ਦੇਹਿ ਬਣਾਈ।"

ਪੁਰਾਣੇ ਵਿਦਵਾਨਾਂ ਨੇ ਪੰਜ ਤੱਤਾਂ ਅਥਵਾ ਪੰਚ ਭੂਤ ਨੂੰ ਜਗਤ ਦਾ ਮੂਲ ਕਾਰਣ ਮੰਨਿਆ ਹੈ। ਸਾਂਖ ਨੇ ਲਿਖਿਆ ਹੈ ਕਿ ਸ੍ਰਿਸ਼ਟੀ ਦੀ ਰਚਨਾਂ ਤੱਤਾਂ ਦੇ ਸਮੁਦਾਯ ਤੋਂ ਹੋਈ ਹੈ। ਜਿਸ ਤਰ੍ਹਾਂ ਜਗਤ ਦੀ ਰਚਨਾਂ ਤੱਤਾਂ ਤੋਂ ਹੋਈ ਹੈ ਉਸ ਤਰ੍ਹਾਂ ਇਹ ਸਰੀਰ ਵੀ ਪੰਜ ਤੱਤਾਂ ਤੋਂ ਬਣਿਆ ਹੈ। ਇਸੇ ਲਈ ਇਸ ਨੂੰ 'ਪੰਜ ਭੌਤਿਕ ਸਰੀਰ' ਆਖਦੇ ਹਨ। ਭਾਰਤ ਦੀ ਪੁਰਾਣੀ ਖੋਜ ਅਨੁਸਾਰ ਸਰੀਰ ਪੰਜ ਭੂਤਾਂ ਤੋਂ ਬਣਿਆ ਹੈ ਜਿਹਾ ਕਿ, "ਪਾਂਚ ਤੱਤ ਕੋ ਤਨ ਰਚਿਓ"
ਪੰਜਾਂ ਤੱਤਾਂ ਦਾ ਵੇਰਵਾ ਇਸ ਤਰ੍ਹਾਂ ਹੈ:-

ਪ੍ਰਿਥਵੀ, ਜਲ, ਅਗਨੀ, ਵਾਯੂ ਤੇ ਅਕਾਸ਼।

ਪੰਚੀਸਿ ਗੁਣ (2:5)

ਇਹ ਪੰਚੀਸਿ ਗੁਣ ਇਨ੍ਹਾਂ ਪੰਜਾਂ ਤੱਤਾਂ ਦੇ ਗੁਣ ਹੀ ਹਨ।

1. ਪ੍ਰਿਥਵੀ ਦੇ ਗੁਣ :- ਹਡ, ਮਾਸ, ਨਖ, ਤੁਨ, ਰੋਮ
2. ਜਲ ਦੇ ਗੁਣ :- ਵੀਰਜ, ਲਹੂ, ਮਿੰਜ, ਮਲ, ਮੂਤਰ
3. ਅਗਨੀ ਦੇ ਗੁਣ: :- ਨੀਂਦ, ਭੁੱਖ, ਪਿਆਸ, ਪਸੀਨਾ, ਆਲਸ
4. ਵਾਯੂ ਦੇ ਗੁਣ :- ਧਾਰਣ(ਫੜਨਾ) ਚਾਲਨ(ਧਕੇਲਨਾ)
ਫੈਂਕਣਾ, ਸਮੇਟਣਾ, ਫੈਲਾਉਣਾ।
5. ਆਕਾਸ਼ ਦੇ ਗੁਣ :- ਕਾਮ, ਕ੍ਰੋਧ, ਲੱਜਾ, ਮੋਹ, ਲੋਭ।

ਬ ਬਗਦਾਦ (35:1)

"ਫਿਰਿ ਬਾਬਾ ਗਇਆ ਬਗਦਾਦ ਨੋ
ਬਾਹਰਿ ਜਾਇ ਕੀਆ ਅਸਥਾਨਾ।"

ਇਹ ਇਰਾਕ ਵਿਚ ਸਥਿਤ ਹੈ ਤੇ ਇਸ ਦੀ ਰਾਜਧਾਨੀ ਹੈ। ਮੁਸਲਮਾਨਾਂ ਦੇ ਵੇਲੇ ਖਲੀਫਿਆਂ ਦਾ ਸਭਿਅਤਾ ਦਾ ਕੇਂਦਰ ਸੀ। ਬਗਦਾਦ ਵਿਚ 88 ਸਾਲ ਖਲਾਫਤ ਰਹਿਣ ਕਰਕੇ ਮੁਸਲਮਾਨਾ ਵਿਚ ਬਗਦਾਦ ਦੀ ਮਹਾਨਤਾ ਬਹੁਤ ਜ਼ਿਆਦਾ ਹੋ ਗਈ ਸੀ।

ਬਨਾਰਸ (21:3)

"ਗੰਗ ਬਨਾਰਸਿ ਹਿੰਦੂਆਂ
ਮੱਕਾ ਕਾਬਾ ਮੁਸਲਮਾਣੇ"

ਬਨਾਰਸ ਹਿੰਦੂਆਂ ਦਾ ਪ੍ਰਸਿੱਧ ਤੀਰਥ ਅਸਥਾਨ ਹੈ। ਇਸ ਨੂੰ ਕਾਸ਼ੀ ਵੀ ਕਹਿੰਦੇ ਹਨ। ਇਹ ਸਤ ਪਵਿੱਤਰ ਅਸਥਾਨਾਂ ਵਿਚੋਂ ਇਕ ਹੈ। ਉਤਰ ਪ੍ਰਦੇਸ਼ ਵਿਚ ਸਥਿਤ ਹੈ। ਸ਼ਿਵ ਜੀ ਦੀ ਨਗਰੀ ਹੈ। ਕਈ ਸਦੀਆਂ ਤੋਂ ਕਾਸ਼ੀ ਹੀ ਸੰਸਕ੍ਰਿਤ ਵਿਦਿਆ ਦਾ ਕੇਂਦਰ ਚਲਿਆ ਆਉਂਦਾ ਹੈ।

**ਬ੍ਰਹਮਣ** (5:3)

"ਬ੍ਰਹਮਣ, ਛਤ੍ਰੀ, ਵੈਸ਼, ਸੂਦ੍ਰ
ਜੁਗ ਜੁਗ ਏਕੋ ਵਰਨੁ ਬਿਰਾਜੇ।"

ਹਿੰਦੂ ਮਤ ਅਨੁਸਾਰ ਮਨੁਖਾਂ ਦੇ ਚਾਰ ਵਰਣ ਹਨ। ਕਾਲੇ ਗੋਰੇ ਆਦਿ ਵਰਣ ਤੇ ਹੀ ਜਾਤੀ ਕਾਇਮ ਹੋ ਗਈ ਸੀ। ਬ੍ਰਹਮਣਾਂ ਦੇ ਕੰਮ ਵੇਦ ਪੜ੍ਹਨਾਂ ਤੇ ਪੜ੍ਹਾਉਣ, ਯੱਗ ਕਰਨਾ ਤੇ ਕਰਾਉਣਾ, ਦਾਨ ਦੇਣਾ ਤੇ ਦਾਨ ਲੈਣਾ ਹਨ।

**ਬਾਣੀ** (2:6)

"ਖਾਣੀ ਬਾਣੀ ਚਲਿਤ ਕਰਿ
ਆਵਾ ਗਉਣ ਚਰਿਤੁ ਦਿਖਾਈ।"

ਬਾਣੀਆਂ ਚਾਰ ਗਿਣੀਆਂ ਜਾਂਦੀਆਂ ਹਨ:-

1. ਪਰਾ :- ਮੂਲਾਧਾਰ ਵਿਚ ਰਹਿਣ ਵਾਲਾ ਸ਼ਬਦ 'ਪਰਾ' ਹੈ। ਮੂਲਾਧਾਰ ਸਰੀਰ ਵਿਚ ਗੁਦਾ ਮੰਡਲ ਦਾ ਚੱਕਰ ਹੈ। ਜਿਸ ਵਿਚ ਮੂਧੇ ਮੁਖ ਦਾ ਚਾਰ ਪੰਖੜੀ ਵਾਲਾ ਪੀਲਾ ਕਮਲ ਹੈ।
2. ਪਸ਼ਯੰਤੀ :- ਮੂਲਾਧਾਰ ਤੋਂ ਬਾਅਦ ਜੋ ਸ਼ਬਦ ਆਇਆ ਉਹ ਪਸ਼ਯੰਤੀ ਹੈ।
3. ਮਧਯਮਾ :- ਜੋ ਕੰਠ ਵਿਚ ਆਇਆ ਸ਼ਬਦ ਉਹ 'ਮਧਯਮਾ' ਹੈ।
4. ਵੈਖਰੀ :- ਮੂੰਹ ਤੋਂ ਉਚਾਰਨ ਹੋਇਆ ਸ਼ਬਦ "ਵੈਖਰੀ" ਬਾਣੀ ਹੈ।

**ਬਿਆਸ** (11:1)

"ਬਿਆਸ ਵੇਦ ਕਤੇ ਸੋਧਿ ਕਰਿ
ਮਥਿ ਵੇਦਾਂਤ ਬਿਆਸਿ ਸੁਣਾਇਆ।"

ਇਹ ਵੇਦਾਂਤ ਸ਼ਾਸਤਰ ਦਾ ਕਰਤਾ ਹੈ।

**ਬੇਦ** (4:7)

"ਰੋਤੇ ਬੇਦ ਬਿਆਸ ਕਰਿ
ਕਈ ਕਤੇਬ ਮੁਹੰਮਦ ਯਾਰਾ"।

ਸਭ ਤੋਂ ਪਹਿਲਾਂ ਲਿਖੀ ਗਈ ਰਚਨਾਂ ਨੂੰ ਵੇਦ ਕਿਹਾ ਜਾਂਦਾ ਹੈ। ਇਨ੍ਹਾਂ ਦੀ ਗਿਣਤੀ ਚਾਰ ਹੈ। ਇਹ ਵੈਦਿਕ ਭਾਸ਼ਾ ਵਿਚ ਲਿਖੇ ਹੋਏ ਹਨ।

ਭ ਭਗਤੀਆਂ (39:5)

"ਭਗਤੀਆਂ ਪਾਈ ਭਗਤਿ ਆਣਿ
ਲੋਨ ਜੋਗੀ ਲਇਆ ਛਪਾਈ।"

ਉਨ੍ਹਾਂ ਭੱਟਾਂ ਨੂੰ ਕਿਹਾ ਜਾਂਦਾ ਹੈ ਜੋ ਕਿ ਪਹਿਲਾਂ ਗਵਈਏ ਹੁੰਦੇ ਸਨ। ਇਹ ਪਰਮਾਤਮਾਂ ਦਾ ਨਾਂ ਜਾਂ ਹੋਰ ਲਿਖਤਾਂ ਗਾਇਆ ਕਰਦੇ ਸਨ।

ਭਗਵਾਨ (16:2)

"ਖਿਨਾਂ ਭਜਨ ਭਗਵਾਨ ਕੇ
ਭਾਉ ਭਗਤਿ ਖਿਨ ਫੌਰ ਨ ਥਾਈ।"

ਜਨਮ ਮਰਨ ਦਾ ਦੁੱਖ ਕੱਟਣ ਵਾਲੇ ਪਰਮਾਤਮਾਂ ਲਈ ਇਹ ਲਫ਼ਜ਼ ਵਰਤਿਆ ਜਾਂਦਾ ਹੈ।

ਭਵਜਲ (1:2)

"ਭਵਜਲ ਵਿਚੋਂ ਕੱਢ ਕੇ
ਮੁਕਤਿ ਪਦਾਰਥ ਮਾਹਿ ਸਮਾਇਆ।"

ਭਾਈ ਸਾਹਿਬ ਜੀ ਨੇ 'ਭਵਜਲ' ਸ਼ਬਦ ਇਸ ਸੰਸਾਰ ਲਈ ਵਰਤਿਆ ਹੈ।

ਭਾਉ ਭਗਤ (16: 2)

ਇਕ ਚਿੱਤ ਹੋ ਕੇ ਪਰਮਾਤਮਾਂ ਦੀ ਭਗਤੀ ਕਰਨੀ ਤਾਂ ਕਿ ਪਰਮਪਦ ਪਰਾਪਤ ਹੋ ਜਾਵੇ ਇਸ ਨੂੰ ਪ੍ਰੇਮਾ ਭਗਤੀ ਵੀ ਕਹਿੰਦੇ ਹਨ।

ਭੈਰੋਂ (26:2)

"ਦੇਵੀ ਦੇਵ ਰਿਖੀਸੁਰਾਂ
ਭੈਰੋਂ ਖੇਤ੍ਰਪਾਲਿ ਬਹੁ ਮੇਲੇ।"

ਇਕ ਦੇਵਤੇ ਦਾ ਨਾਂ ਹੈ। ਰੁਦ੍ਰ ਦਾ ਹੀ ਇਕ ਭੇਦ ਹੈ। ਕਈ ਪ੍ਰਾਣੀ ਇਸ ਦੀ ਭੀ ਪੂਜਾ ਕਰਦੇ ਹਨ। ਪੁਰਾਣਾਂ ਵਿਚ ਇਸ ਦੇ ਅੱਠ ਭੇਦ ਲਿਖੇ ਹਨ।

ਭੰਗਰਨਾਥ (40:2)

"ਪੁਛੇ ਜੋਗੀ ਭੰਗਰਨਾਥ
ਤੁਹਿ ਦੁਧੁ ਵਿਚਿ ਕਿਉਂ ਕਾਂਜੀ ਪਾਈ।"

ਭੰਗਰਨਾਥ ਇਕ ਕਰਾਮਾਤੀ ਜੋਗੀ ਸੀ ਜੋ ਆਪਣੀ ਕਰਾਮਾਤ ਨਾਲ ਅਕਾਸ਼ ਦੇ ਤਾਰੇ ਵੀ ਤੋੜ ਲੈਂਦਾ ਸੀ।

ਮ: ਮਕਾ 32:

"ਬਾਬਾ ਫਿਰਿ ਮਕੇ ਗਇਆ
ਨੀਲ ਬਸਤ੍ਰ ਧਾਰੇ ਬਨਵਾਲੀ।"

ਮੱਕਾ ਮੁਸਲਮਾਨਾਂ ਦਾ ਸਭ ਤੋਂ ਵੱਡਾ ਧਾਰਮਿਕ ਅਸਥਾਨ ਹੈ ਜਿਥੇ ਕਿ ਹਾਜ਼ੀ ਹਜ ਕਰਨ ਜਾਂਦੇ ਹਨ ਇਹ ਅਰਬ ਵਿਚ ਸਥਿਤ ਹੈ।

ਮਰਦਾਨਾ 35:

"ਇਕ ਬਾਬਾ ਅਕਾਲ ਰੂਪ
ਦੂਜਾ ਰਬਾਬੀ ਮਰਦਾਨਾ।"

ਗੁਰੂ ਜੀ ਦਾ ਚੇਲਾ ਤੇ ਹਮਰਾਹੀ ਸੀ ਜੋ ਕਿ ਹਮੇਸ਼ਾਂ ਗੁਰੂ ਜੀ ਦੇ ਨਾਲ ਹੀ ਰਹਿੰਦਾ ਸੀ। ਇਹ ਜ਼ਾਤ ਦਾ ਮਰਾਸੀ ਸੀ ਅਤੇ ਗੁਰੂ ਜੀ ਦੇ ਨਾਲ ਰਹਿ ਕੇ ਰਬਾਬ ਵਜਾਇਆ ਕਰਦਾ ਸੀ। ਅਤੇ ਗੁਰੂ ਸਾਹਿਬਾਨ ਬਾਣੀ ਦਾ ਗਾਇਨ ਕਰਿਆ ਕਰਦੇ ਸਨ।

ਮੰਤ੍ਰ 18:

"ਤੰਤ ਮੰਤ ਰਾਮਾਇਣਾ
ਕਰਾਮਾਤ ਕਾਲਖ ਲਪਟਾਏ।"

ਕਈ ਤਰ੍ਹਾਂ ਦੇ ਜੋੜੇ ਹੋਏ ਪਦਾਂ ਦਾ ਪਾਠ ਮੰਤਰ ਕਹਾਉਂਦਾ ਹੈ। ਜਿਨ੍ਹਾਂ ਦੇ ਪਾਠ ਤੇ ਮਨੋਕਾਮਨਾ ਪੂਰੀਆਂ ਕੀਤੀਆਂ ਜਾਂਦੀਆਂ ਹਨ।

ਰ ਰਹੀਮ (33:7)

"ਕਹਨਿ ਖਥੀਲੀ ਆਪਿ ਵਿਚਿ
ਰਾਮ ਰਹੀਮ ਇਕ ਥਾਇ ਖਲੋਈ।"

ਮੁਸਲਮਾਨਾਂ ਦੇ ਪੀਰ ਹਜ਼ਰਤ ਮੁਹੰਮਦ ਲਈ ਰਹੀਮ ਵਰਤਿਆ ਜਾਂਦਾ ਹੈ।

ਰਾਮ (33:7)

ਰਾਮ, ਸ੍ਰੀ ਰਾਮ ਚੰਦ੍ਰ ਜੀ ਲਈ ਜੋ ਕਿ ਤ੍ਰੇਤੇ ਜੁਗ ਵਿਚ ਸੂਰਜਬੰਸੀ ਵਿਚ ਪੈਦਾ ਹੋਏ। ਇਹ ਵਿਸ਼ਨੂੰ ਦਾ ਸਤਵਾਂ ਅਵਤਾਰ ਸਨ। 'ਰਾਮ' ਲਫ਼ਜ਼ ਗੁਰੂ ਅਰਜਨ ਜੀ ਨੇ ਰਹਿਰਾਸ ਸਾਹਿਬ ਵਿਚ 'ਸ੍ਵੈਯਾ' ਵਿਚ ਵੀ ਵਰਤਿਆ ਹੈ।

"ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ।"

ਰਿਗ ਵੇਦ (6: 4)

"ਰਿਗ ਵੇਦ ਮਹਿ ਬ੍ਰਹਮ ਕ੍ਰਿਤਿ
ਪੂਰਬ ਮੁਖਿ ਸੁਭ ਕਰਮ ਬਿਚਾਰਾ।"

ਵੇਦ ਉਹ ਪਵਿੱਤਰ ਗ੍ਰੰਥ ਹਨ ਜੋ ਹਿੰਦੂ ਧਰਮ ਦਾ ਅਧਾਰ ਹਨ। ਇਹ ਪ੍ਰਾਚੀਨ ਸੰਸਕ੍ਰਿਤ ਵਿਚ ਲਿਖੇ ਹੋਏ ਹਨ। ਇਨ੍ਹਾਂ ਦੇ ਲਿਖਣ ਸਮੇਂ ਬਾਰੇ ਕੋਈ ਪੱਕਾ ਪ੍ਰਮਾਣ ਨਹੀਂ ਮਿਲਦਾ।

ਰਿਗਵੇਦ ਸਾਰਿਆਂ ਤੋਂ ਵੱਡਾ ਵੇਦ ਹੈ। ਇਸ ਵਿਚ ਬ੍ਰਾਹਮਣਾਂ ਦੇ ਕਰਮ ਦਸੇ ਹਨ ਅਤੇ ਇਸ ਨੂੰ ਅੱਠ ਖੰਡਾਂ ਵਿਚ ਤਰਤੀਬ ਦਿੱਤੀ ਹੋਈ ਹੈ।

ਰੋਜ਼ੇ (20:3)

"ਰੋਜੇ, ਈਦ, ਨਿਮਾਜ ਕਰਿ
ਕਰਮੀ, ਬੰਦਿ ਕੀਆ ਸੰਸਾਰਾ।"

ਮੁਸਲਮਾਨਾਂ ਦੇ ਵਰਤ, ਜਿਹੜੇ ਲਗਾਤਾਰ ਮਹੀਨਾ ਚਲਦੇ ਰਹਿੰਦੇ ਹਨ। ਰੋਜਿਆਂ ਵੇਲੇ ਮੁਸਲਮਾਨ ਇਕ ਵੇਲੇ ਰੋਟੀ ਖਾਂਦੇ ਹਨ। ਇਹ ਮੰਨਿਆ ਜਾਂਦਾ ਹੈ ਕਿ ਰਮਜ਼ਾਨ ਦਾ ਮਹੀਨੇ ਬਹਿਸ਼ਤ ਦੇ ਦਰਵਾਜ਼ੇ ਖੁਲ੍ਹੇ ਰਹਿੰਦੇ ਹਨ ਅਤੇ ਦੋਜ਼ਖ ਦੇ ਬੰਦ। ਰਮ-ਜ਼ਾਨ ਵਿਚ ਰੋਜ਼ਾ ਰੱਖਣ ਵਾਲੇ ਦੇ ਪਾਪ ਬਖਸ਼ੇ ਜਾਂਦੇ ਹਨ।

ਵੇਦਾਂਤ ਸ਼ਾਸਤਰ (11:1)

"ਸਿਆਮ ਵੇਦ ਕਉ ਸੋਧਿ ਕਰਿ
ਮਥਿ ਵੇਦਾਂਤੁ ਬਿਆਸਿ ਸੁਣਾਇਆ।"

ਵੇਦਾਂਤ ਸ਼ਾਸਤਰ ਦਾ ਬਾਨੀ ਬਿਆਸ ਮੰਨਿਆ ਜਾਂਦਾ ਹੈ। ਇਹ ਵੇਦਾਂ ਦਾ ਅੰਤ ਜਾਂ ਮਨੋਰਥ ਕਰਕੇ ਪ੍ਰਸਿੱਧ ਹੈ। ਇਸ ਦਾ ਉਦੇਸ਼ ਵੀ ਤਰਕ ਅਤੇ ਵਾਦ ਵਿਵਾਦ ਦੀ ਸਿਖਿਆ ਦੇਣੀ ਹੈ ਅਤੇ ਵੇਦਾਂ ਦੀ ਕੇਵਲ ਸਿਧਾਂਤਕ ਰੂਪ ਵਿਚ ਹੀ ਨਹੀਂ ਸਗੋਂ ਅਮਲੀ ਰੂਪ ਵਿਚ ਵਿਆਖਿਆ ਕਰਨਾ ਹੈ। ਇਸ ਦੇ ਮੁਖ ਸਿਧਾਂਤ ਇਹ ਹਨ।

"ਪਰਮਾਤਮਾਂ ਬ੍ਰਹਿਮੰਡ ਦੀ ਹੋਂਦ, ਨਿਰੰਤਰਤਾ ਤੇ ਵਿਨਾਸ ਦਾ ਸਰਬ- ਵਿਆਪਕ ਅਤੇ ਸਰਬ ਸ਼ਕਤੀਮਾਨ ਕਾਰਨ ਹੈ। ਸ੍ਰਿਸਟੀ ਦੀ ਸਿਰਜਨਾ ਉਸ ਦੀ ਇਛਾ ਦਾ ਇਕ ਕਰਮ ਹੈ, ਉਹ ਇਸ ਬ੍ਰਹਿਮੰਡ ਦਾ ਸਰਬ ਸਾਧਕ ਤੇ ਪਦਾਰਥਕ ਕਾਰਨ ਦੋਨੋਂ ਹੀ ਹੈ।" ਸ਼ੰਕਰਾਚਾਰੀਆ ਇਸ ਸ਼ਾਖਾ ਦਾ ਬਹੁਤ ਵੱਡਾ ਪ੍ਰਚਾਰਕ ਸੀ।

ਵੈਸ (6: 6)

"ਵੈਸੋ ਥਾਪਿਆ ਸਿਆਮ ਵੇਦ
ਪਛਮ ਮੁਖਿ ਕਰਿ ਸੀਸੁ ਨਿਵਾਯਾ।"

ਇਹ ਵੀ ਚਾਰ ਵਰਨਾਂ ਵਿਚੋਂ ਇਕ ਵਰਣ ਹੈ। ਇਹਨਾਂ ਦਾ ਕੰਮ ਖੇਤੀ ਕਰਨੀ, ਵਣਜ ਕਰਨਾ ਤੇ ਪਸ਼ੂਆਂ ਦੀ ਪਾਲਣਾ ਕਰਨੀ ਹੈ।

**ਵੈਸ਼ੇਖਕ ਸ਼ਾਸਤਰ** (13:1)

"ਬੇਦ ਅਥਰਬਣ ਮਥਨ ਕਰਿ
ਗੁਰਮੁਖਿ ਬਾਸੇਖਕ ਗੁਨ ਗਾਵੈ।"

ਇਸ ਦਾ ਬਾਨੀ ਕਣਾਦਿ ਮੁਨੀ ਹੈ ਜੋ ਨਜ ਪਗ ਗੌਤਮ ਦਾ ਹੀ ਸਮਕਾਲੀ ਸੀ। ਇਹ ਨਿਆਇ ਦਾ ਅਨੁਪੂਰਕ ਹੈ ਅਤੇ ਇਨ੍ਹਾਂ ਦੋਹਾਂ ਸ਼ਾਖਾ ਨੂੰ ਸੈਣੀਬੱਧ ਵੀ ਕੀਤਾ ਜਾਂਦਾ ਹੈ। ਇਸ ਨੂੰ ਅਣੂਸ਼ਾਖਾ ਵੀ ਕਿਹਾ ਜਾਂਦਾ ਹੈ ਕਿਉਂਕਿ ਇਸ ਤੋਂ ਇਹ ਪਤਾ ਲਗਦਾ ਹੈ ਕਿ ਜਗਤ ਦੀ ਹੋਂਦ ਅਨੰਤ ਅਣੂਆਂ ਦੇ ਇਕੱਠ ਤੋਂ ਹੀ ਬਣੀ ਹੈ। ਇਹ ਪਰਮ ਆਤਮਾ ਨੂੰ ਸਵੀਕਾਰ ਕਰਦੀ ਹੈ।

ਕਾਂਡ ਛੇਵਾਂ

=====

ਭਾਈ ਗੁਰਦਾਸ ਦੀ ਪਹਿਲੀ ਵਾਰ ਵਿਚ ਉਸਦੀ ਕਾਵਿ - ਕਲਾ = ੧੨੦ - ੧੩੧

*****

## ਭਾਈ ਗੁਰਦਾਸ ਦੀ ਪਹਿਲੀ ਵਾਰ ਦੀ ਕਾਵਿ - ਕਲਾ :

ਜੋ ਕੁਝ ਵੀ ਸ਼ਬਦਾਂ ਰਾਹੀ ਕਿਨਾਂ ਸਾਜਾਂ ਦੀ ਵਰਤੋਂ ਦੇ ਰਾਗਾਤਮਿਕ ਤੇ ਰਸਾਤਮਿਕ ਢੰਗ ਨਾਲ ਪ੍ਰਗਟਾਇਆ ਜਾ ਸਕਦਾ ਹੈ ਅਤੇ ਜੋ ਕੁਝ ਵੀ ਬਿਨਾਂ ਚਿਤ੍ਰ ਖਿਚਣ ਦੇ ਸ਼ਬਦ - ਚਿਤਰਾਂ ਰਾਂਹੀ ਦਰਸਾਇਆ ਜਾ ਸਕਦਾ ਹੈ ਉਹ ਕਾਵਿ ਕਲਾ ਹੈ। ਸਾਹਿਤ ਵਿਚ ਵਿਚਾਰਾਂ ਤੋਂ ਦੂਜੇ ਦਰਜੇ ਤੇ ਕਾਵਿ - ਕਲਾ ਦੀ ਥਾਂ ਹੈ। ਕਾਵਿ ਵਿਚ ਯੋਗ ਸ਼ਬਦਾਂ ਨੂੰ ਯੋਗ ਥਾਂ ਤੇ ਰੱਖਣਾ ਹੀ ਇਕ ਵਿਸ਼ੇਸ਼ਤਾ ਪੈਦਾ ਕਰਨ ਦੀ ਸਮਰਥਾ ਹੈ ਅਤੇ ਇਹ ਹੀ ਕਾਵਿ - ਕਲਾ ਹੈ।

ਭਾਈ ਗੁਰਦਾਸ ਜੀ ਸਮੇਂ ਦੀਆਂ ਸ਼ਕਤੀਸ਼ਾਲੀ ਸ਼ਕਤੀਆਂ ਨਾਲ ਦੋ ਹੱਥ ਕਰਨ ਵਾਲੇ ਸੰਘਰਸ਼ ਦੇ ਹਾਮੀ ਸਨ। ਉਨ੍ਹਾਂ ਦੀ ਲਿਖੀ ਕਵਿਤਾ ਉਸ ਸਮੇਂ ਦੇ ਵਾਤਾਵਰਣ ਦੇ ਬਿਲਕੁਲ ਅਨਕੂਲ ਸੀ। ਉਨ੍ਹਾਂ ਨੇ ਉਸ ਸਮੇਂ ਦੇ ਧਾਰਮਕ ਪਖੰਡਾਂ, ਜਾਤਪਾਤ ਦੀ ਜੱਦੋ ਜਹਿਦ ਤੇ ਚੰਗੀ ਟੀਕਾ ਟਿਪਣੀ ਕੀਤੀ । ਭਾਈ ਗੁਰਦਾਸ ਜੀ ਗੁਰੂ ਨਾਨਕ ਦੇਵ ਜੀ ਦੇ ਪਦ ਚਿੰਨਾਂ ਤੇ ਚਲਣ ਵਾਲੇ ਸਨ ਇਸ ਲਈ ਉਨ੍ਹਾਂ ਨੇ ਵੀ ਗੁਰੂ ਜੀ ਵਾਂਗ ਹੀ ਉਸ ਸਮੇਂ ਦੇ ਲੋਕਾਂ ਦੀ ਲੋੜ ਅਨੁਸਾਰ ਹੀ ਕਵਿਤਾ ਰਚੀ। ਜਿਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਅਤੇ ਹੋਰ ਗੁਰੂ ਸਾਹਿਬਾਂ ਨੇ ਆਪਣੇ ਕਾਵਿ - ਰੂਪ ਨੂੰ ਦਰਸਾਉਣ ਲਈ ਵਾਰ ਦਾ ਰੂਪ ਵਰਤਿਆ ਅਤੇ ਆਪਣੇ ਵਿਚਾਰਾਂ ਨੂੰ ਵਾਰਾਂ ਰਾਂਹੀ ਹੀ ਰੂਪਮਾਨ ਕੀਤਾ ਉਸੇ ਤਰ੍ਹਾਂ ਭਾਈ ਗੁਰਦਾਸ ਜੀ ਨੇ ਵੀ ਇਸੇ ਰੂਪ ਦੀ ਚੋਣ ਕੀਤੀ। ਵਾਰ ਕਾਵਿ ਰੂਪ ਦੀ ਚੋਣ ਅਜੇਹੇ ਮਹੌਲ ਲਈ ਅਤਿ ਢੁਕਵਾਂ ਰੂਪ ਸੀ। ਵਾਰ ਹੀ ਇਕ ਅਜੇਹਾ ਰੂਪ ਸੀ ਜਿਸ ਰਾਂਹੀ ਨੇਕੀ ਤੇ ਬਦੀ ਦਾ ਟਾਕਰਾ ਖੁਲ੍ਹੇ ਰੂਪ ਵਿਚ ਕੀਤਾ ਜਾਂਦਾ ਸੀ ਅਤੇ ਉਸ ਸਮੇਂ ਗੁਰੂ ਸਾਹਿਬਾਨ ਦੀਆਂ ਅਧਿਆਤਮਕ ਵਾਰਾਂ ਵੀ ਗੁਰਮੁਖ ਤੇ ਮਨਮੁਖ ਦੇ ਟਾਕਰੇ ਵਿਚ ਲਿਖੀਆਂ ਗਈਆਂ ਸਨ। ਇਸੇ ਲਈ ਭਾਈ ਗੁਰਦਾਸ ਜੀ ਨੇ ਵੀ ਆਪਣੇ ਮਨੋਰਥ ਦੀ ਸਿੱਧੀ ਲਈ ਵਾਰ - ਕਾਵਿ ਰੂਪ ਦੀ ਪੂਰੀ ਸਫਲਤਾ ਨਾਲ ਵਰਤੋਂ ਕੀਤੀ। ਆਪ ਦੀ ਸਾਰੀ ਪੰਜਾਬੀ ਰਚਨਾਂ ਵਾਰ ਕਾਵਿ ਦੇ ਰੂਪ ਵਿਚ ਹੀ ਹੈ ਅਤੇ ਉਨ੍ਹਾਂ ਦੇ ਅਧਿਆਤਮਕ ਪੱਖ ਨੂੰ ਪਾਠਕਾਂ ਦੇ ਸਾਹਮਣੇ ਪੇਸ਼ ਕਰਦੀ ਹੈ। ਭਾਈ ਸਾਹਿਬ ਦੀ ਪਹਿਲੀ ਵਾਰ ਨੂੰ ਮੁਖੀ ਤੌਰ ਤੇ ਚਾਰ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੇ ਹਿੱਸੇ ਵਿਚ ਉਸ ਹਿੱਸੇ ਵਿਚ ਉਸ ਸਮੇਂ ਦੇ ਸਮਾਜ ਦੀ ਅਵਸਥਾ ਦਾ ਜ਼ਿਕਰ ਹੈ ਅਤੇ ਲੋਕਾਂ ਦੀ ਉਸ ਭੈੜੀ ਹਾਲਤ ਹੋਣ ਦੇ ਕਾਰਣ ਲੈਂਦੇ ਹਨ। ਦੂਸਰੇ ਹਿੱਸੇ ਵਿਚ ਲੋਕਾਂ ਨੂੰ ਸਿੱਧੇ ਰਸਤੇ ਤੇ ਪਾਉਣ ਲਈ ਨਵੀਂ ਰੋਸ਼ਨੀ 'ਗੁਰੂ ਨਾਨਕ ਜੀ' ਮਹਾਰਾਜ ਦਾ ਇਸ ਦੁਨੀਆਂ ਵਿਚ ਚਾਨਣ ਮੁਨਾਰੇ ਬਨਣ ਦਾ ਜ਼ਿਕਰ ਹੈ ਅਤੇ ਤੀਸਰੇ ਹਿੱਸੇ ਵਿਚ ਪੁਰਾਣੇ ਭੇਖਾਂ ਪਾਖੰਡਾਂ ਦੇ ਮੁਕਾਬਲੇ ਤੇ ਨਵੇਂ ਸਿਧਾਂਤਾਂ ਦੀ ਜਿੱਤ ਦਾ ਵਿਸਥਾਰ

ਹੈ ਅਤੇ ਚੌਥੇ ਹਿੱਸੇ ਵਿਚ ਪਹਿਲੀ ਜੋਤ ਤੋਂ ਛੇਵੀਂ ਜੋਤ ਤੱਕ ਦੇ ਪ੍ਰਵੇਸ਼ ਦਾ ਵਰਨਣ ਹੈ। ਵਾਰ ਦੀ ਪਉੜੀਆਂ ਦੀ ਹਿੱਸਿਆਂ ਵਿਚ ਵੰਡ ਇਸ ਤਰ੍ਹਾਂ ਹੈ। ਪਹਿਲੇ ਹਿੱਸੇ ਵਿਚ 22 ਪਉੜੀਆਂ ਆਉਂਦੀਆਂ ਹਨ। ਦੂਸਰੇ ਵਿਚ ਅਗਲੀ 5 ਪਉੜੀਆਂ ਆਉਂਦੀਆਂ ਹਨ। ਤੀਸਰੇ ਹਿੱਸੇ ਵਿਚ 27ਵੀਂ ਪਉੜੀ ਤੋਂ 44 ਵੀਂ ਪਉੜੀ ਤਕ ਦਾ ਹਿੱਸਾ ਆਇਆ ਹੈ ਅਤੇ ਚੌਥੇ ਵਿਚ 44 ਤੋਂ 49 ਤਕ ਦੀਆਂ ਪਉੜੀਆਂ ਹਨ।

ਵਾਰ ਪਰੰਪਰਾ ਅਨੁਸਾਰ ਭਾਈ ਸਾਹਿਬ ਜੀ ਨੇ ਵੀ ਆਪਣੀ ਵਾਰ ਦਾ ਅਰੰਭ 'ਮੰਗਲਾਚਰਨ' ਦੁਆਰਾ ਕੀਤਾ ਹੈ। ਪਹਿਲੀ ਪਉੜੀ ਵਿਚ "ਨਮਸਕਾਰ ਗੁਰਦੇਵ ਕੋ ਸਤਿਨਾਮ ਜਿਸ ਮੰਤ੍ਰ ਸੁਣਾਇਆ" ਰਾਹੀਂ ਇਸ਼ਟ ਦੀ ਪੂਜਾ ਕੀਤੀ ਹੈ। ਇਹ ਮੰਗਲਾਚਰਣ ਪ੍ਰਚੱਲਤ ਪਰੰਪਰਾ ਅਨੁਸਾਰ ਨਮਸਕਾਰ, ਬੇਨਤੀ, ਇਸ਼ਟ ਦੀ ਉਸਤਤ, ਅਸ਼ੀਰਵਾਦ ਤੇ ਇਸ਼ਟ ਤੋਂ ਕੰਮ ਦੀ ਪੂਰਤੀ ਲਈ ਵਰ ਮੰਗਣ ਵਾਲੇ ਲੱਛਣਾਂ ਦਾ ਪ੍ਰਗਟਾ ਹੈ। ਇਹ ਮੰਗਲਾਚਰਨ ਗੁਰੂ ਨਾਨਕ ਦੇਵ ਜੀ ਦੀ ਆਸਾ ਦੀ ਵਾਰ ਦੇ ਮੰਗਲਾਚਰਣ ਵਾਂਗ ਹੀ ਹੈ।

ਭਾਈ ਗੁਰਦਾਸ:-

"ਨਮਸਕਾਰ ਗੁਰਦੇਵ ਕੋ ਸਤਿਨਾਮ ਜਿਸ ਮੰਤ੍ਰ ਸੁਣਾਇਆ।
ਭਵਜਲ ਵਿਚੋਂ ਕਢਿ ਕੈ ਮੁਕਤਿ ਪਦਾਰਥ ਮਾਹਿ ਸਮਾਇਆ।
ਜਨਮ ਮਰਣ ਭਉ ਕਟਿਆ ਸੰਸਾ ਰੋਗ ਵਿਯੋਗ ਮਿਟਾਇਆ।

[illegible]:-

ਭਾਈ ਗੁਰਦਾਸ ਦੀ ਪਹਿਲੀ ਵਾਰ, ਵਾਰ ਦੀ ਸਰਬ ਪ੍ਰਚਲਤ ਪਉੜੀ ਛੰਦ ਦੀ ਵਰਤੋਂ ਕਰਨ ਵਾਲੀ ਰਚਨਾਂ ਹੈ। ਸ਼ਬਦਾਂ ਦੀ ਚੋਣਵੀਂ ਤੇ ਲੈਅ-ਮਈ ਤਰਤੀਬ ਨੂੰ ਛੰਦ ਕਿਹਾ ਜਾਂਦਾ ਹੈ। ਪਉੜੀ ਦੇ ਕਈ ਰੂਪ ਪ੍ਰਚਲਤ ਹਨ ਜਿਸ ਤਰ੍ਹਾਂ ਸਤੇ ਬਲਵੰਡ ਦੀ ਵਾਰ ਵਿਚ ਪਉੜੀ ਦੇ ਇਕ ਨਾਲੋਂ ਵੱਧ ਰੂਪ ਵਰਤੇ ਹਨ। ਜਿਵੇਂ 13 - 16, 14 - 15, 13- 9 ਤੇ 13 - 14 । ਭਾਈ ਸਾਹਿਬ ਨੇ ਵੀ ਪਹਿਲੀ ਵਾਰ ਦੀ ਪਹਿਲੀ ਤੇ ਦੂਜੀ ਪਉੜੀ ਵਿਚ 13- 16 ਵਾਲਾ ਰੂਪ ਵਰਤਿਆ ਹੈ। ਇਹ ਮਾਤਰਾ ਵਰਤਣ ਤੋਂ ਇੰਜ ਲਗਦਾ ਹੈ ਕਿ ਭਾਈ ਗੁਰਦਾਸ ਜੀ ਨੇ ਸਤੇ ਬਲਵੰਡ, ਦੀ ਰਚੀ ਵਾਰ ਦਾ ਅਧਿਐਨ ਜ਼ਰੂਰ ਕੀਤਾ ਹੋਵੇਗਾ ਅਤੇ ਉਸ ਤੋਂ ਹੀ ਪ੍ਰਭਾਵਤ ਹੋ ਕੇ ਇਹ ਰੂਪ ਵਰਤਿਆ ਹੈ:-

"ਸਚੁ ਜਿ ਗੁਰਿ ਫੁਰਮਾਇਆ[1]
ਕਿਉਂ ਏਦੂ ਬੋਲਹੁ ਹਟੀਐ।
ਪੁਤ੍ਰੀ ਕਉਲੁ ਨ ਪਾਲਿਓ — ਸਤਾ ਬਲਵੰਡ
ਕਰਿ ਪੀਰਹੁ ਕੰਨੁ ਮੁਰਟੀਐ — (ਪਉੜੀ 2)

---

1. ਸੱਤੇ ਬਲਵੰਡ ਦੀ ਵਾਰ ਸਾਹਿਬ ਸਿੰਘ ਬੀ.ਏ. ਪੰਨਾ 81, ਅਕਤੂਬਰ 1949, ਪ੍ਰਕਾਸ਼ ਸ:ਜਮੀਅਤ ਸਿੰਘ, ਗੁਰੂ ਰਾਮਦਾਸ ਪ੍ਰਿੰਟਿੰਗ ਪ੍ਰੈਸ ਕਟੜਾ ਜਲਿਆਂਵਾਲਾ ਅੰਮ੍ਰਿਤਸਰ।

## ਭਾਈ ਗੁਰਦਾਸ:-

"ਪ੍ਰਿਥਮੈ ਸਾਸ ਨ ਮਾਸ ਸਨ
ਅੰਧ ਧੁੰਧ ਕਛੁ ਖਬਰ ਨ ਪਾਈ।
ਰਕਤ ਬਿੰਦ ਕੀ ਦੇਹਿ ਰਚਿ
ਪਾਂਚ ਤਤ ਕੀ ਜੜਤ ਜੜਾਈ।"

(ਪਉੜੀ 2)

ਭਾਈ ਸਾਹਿਬ ਨੇ ਪਉੜੀ ਦੇ ਇਸ ਰੂਪ ਵਿਚ ਅੱਠ ਤੁਕਾਂ ਵਰਤੀਆਂ ਹਨ। ਪਹਿਲੀਆਂ ਸਤ ਤੁਕਾਂ ਵਿਚ 13 - 15 ਤੇ ਬਿਸਰਾਮ ਹੈ ਤੇ ਅੱਠਵੀਂ ਦੀਆਂ ਕੇਵਲ 16 ਮਾਤਰਾਂ ਹਨ। ਹਰ ਤੁਕ ਦੇ ਅੰਤ ਵਿਚ ਦੋ ਗੁਰੂ ਹਨ। ਉਦਾਹਰਣ:-

"ਕਲਜੁਗ ਕੀ ਸੁਨ ਸਾਧਨਾ
ਕਰਮ ਕਿਰਤ ਕੀ ਚਲੈ ਨਾ ਕਾਈ।
ਬਿਨ ਭਜਨ ਭਗਵਾਨ ਕੇ
ਭਾਉ ਭਗਤਿ ਬਿਨ ਠੌਰ ਨਾ ਥਾਈ।"

(ਪਉੜੀ 15)

ਇਹ ਵੀ ਸੰਭਵ ਹੈ ਕਿ 14 - 16 ਮਾਤਰਾਂ ਵਾਲੀ ਲਲਾ ਬਹਿਲੀਆਂ ਦੀ ਵਾਰ ਨੇ ਵੀ ਉਸ ਨੂੰ ਪ੍ਰਭਾਵਿਤ ਕੀਤਾ ਹੋਵੇ ਜਾਂ ਫਿਰ ਆਸਾ ਦੀ ਵਾਰ ਵਿਚ ਵਰਤੇ 14- 16, 13- 15 ਵਾਲੇ ਪਉੜੀ ਰੂਪਾਂ ਨੂੰ ਮਿਤਾ - ਪ੍ਰਤਿ ਗਾਉਂਦਿਆਂ ਉਨ੍ਹਾਂ ਨੇ ਨਵਾਂ ਰੂਪ ਦਿੱਤਾ ਹੋਵੇ। ਲਲਾ ਬਹਿਲੀਆਂ ਦੀ ਵਾਰ ਦੇ ਹਰ ਬੰਦ ਦੇ ਹਰ ਚਰਣ ਦੇ ਅੰਤ ਵਿਚ ਦੋ ਗੁਰੂ ਹਨ ਜਿਸ ਤਰ੍ਹਾਂ:-

"ਕਾਲ ਲਲਾ ਦੇ ਦੇਸ਼ ਦਾ ਖੋਆ ਬਹਿਲੀਆਂ
ਹਿੱਸਾ ਛਟਾ ਮਨਾਇਨੈ ਜਲ ਪਹਿਰੋ ਦੀਮਾ।"

ਪਰ ਆਸਾ ਦੀ ਵਾਰ ਵਿਚ ਅੰਤ ਗੁਰੂ ਲਘੂ ਹੈ। ਇਸ ਪਉੜੀ ਰੂਪ ਦੀ ਵਿਸ਼ੇਸ਼ਤਾ ਇਹ ਹੈ ਕਿ ਜਦੋਂ ਬੰਦ ਦੇ ਪੂਰੇ ਚਰਣ ਮੁਕਦੇ ਹਨ ਤਾਂ ਅਖੀਰ ਵਿਚ ਇਕ ਅੱਧਾ ਚਰਣ ਪਾਇਆ ਮਿਲਦਾ ਹੈ। ਇਸ ਦੀਆਂ ਮਾਤਰਾਂ 16 ਹਨ ਅਤੇ ਇਹ ਹੀ ਸਾਰੀ ਪਉੜੀ ਦਾ ਨਿਚੋੜ ਹੁੰਦਾ ਹੈ। ਬਾਕੀ ਸਾਰੀਆਂ ਪਉੜੀਆਂ ਵਿਚ ਤਕਰੀਬਨ 13 ਤੇ 15 ਵਾਲਾ ਰੂਪ ਹੀ ਵਰਤਿਆ ਹੈ।

## ਅਲੰਕਾਰ :

### ਟੈਗੋਰ

"ਸਾਹਿਤ ਵਿਚ ਜੋ ਦਿਸਦਾ ਹੈ ਉਹ ਸਾਨੂੰ ਤਾਂ ਦਿਸਦਾ ਹੀ ਹੈ ਪਰ ਦੂਜੇ ਨੂੰ ਦੱਸਣ ਲਈ ਉਹ ਕਲਪਨਾਂ ਰਾਂਹੀ ਜ਼ਰਾ ਵਿਸਤਾਰ ਕੇ ਹੀ ਦੱਸਣਾਂ ਪੈਂਦਾ ਹੈ।" ਭਾਰਤੀ ਆਚਾਰਜ ਵਾਮਨ, ਅਲੰਕਾਰ ਨੂੰ 'ਕਵਿਤਾ ਦਾ ਹੁਸਨ' ਆਖਦਾ ਹੈ। ਸਪਸ਼ਟ ਹੈ ਕਿ ਅਲੰਕਾਰ ਕਵਿਤਾ ਦੀ ਹੁਸੀਨ ਹਸਤੀ ਨੂੰ ਕਾਇਮ ਕਰਨ ਵਿਚ ਅਹਿਮ ਹਿੱਸੇਦਾਰ ਹਨ। ਦੰਡੀ ਦੇ ਵਿਚਾਰ ਅਨੁਸਾਰ:- "ਕਾਵਿ ਦੀ ਸ਼ੋਭਾ ਵਧਾਉਣ ਵਾਲੇ ਧਰਮ ਨੂੰ ਅਲੰਕਾਰ ਆਖਿਆ ਜਾਂਦਾ ਹੈ।"

ਅਲੰਕਾਰਾਂ ਦਾ ਪ੍ਰਯੋਗ ਸੂਖਮ ਭਾਵਾਂ ਦੇ ਸਾਰਥਕ ਪ੍ਰਗਟਾ ਲਈ ਬਹੁਤੀ ਜਰੂਰੀ ਹੈ। ਅਲੰਕਾਰਾਂ ਦਾ ਪ੍ਰਯੋਗ ਕਰਨਾ ਮਾਨਵ ਦਾ ਇਕ ਸੁਭਾਵਿਕ ਅਤੇ ਕੁਦਰਤੀ ਗੁਣ ਹੈ। ਉਹ ਆਪਣੀ ਰੋਜ਼ਾਨਾ ਵਰਤੋਂ ਦੀ ਭਾਸ਼ਾ ਵਿਚ ਅਲੰਕਾਰਾਂ ਦੀ ਭਰਪੂਰ ਮਾਤਰਾ ਵਿਚ ਸਹਿਜ ਸੁਭਾ ਵਰਤੋਂ ਕਰਦਾ ਹੀ ਰਹਿੰਦਾ ਹੈ। ਭਾਈ ਗੁਰਦਾਸ ਜੀ ਨੇ ਵੀ ਆਪਣੀ ਰਚਨਾਂ ਵਿਚ ਅਲੰਕਾਰਾਂ ਦੀ ਬਹੁ - ਗਿਣਤੀ ਵਿਚ ਵਰਤੋਂ ਕੀਤੀ ਹੈ। ਉਨ੍ਹਾਂ ਨੇ ਅਲੰਕਾਰਾਂ ਨੂੰ ਆਪਣੀ ਰਚਨਾਂ ਦੇ ਭਾਵ ਸਪੱਸ਼ਟ ਰੂਪ ਵਿਚ ਉਜਾਗਰ ਕਰਨ ਲਈ ਹੀ ਵਰਤਿਆ ਹੈ ਨਿਰਾ ਕਵਿਤਾ ਦਾ ਸ਼ਿੰਗਾਰਮਈ ਵਸੀਲਾ ਹੀ ਨਹੀਂ ਬਣਾਇਆ। ਭਾਈ ਸਾਹਿਬ ਨੇ ਅਨੁਪ੍ਰਾਸ ਅਲੰਕਾਰ, ਉਪਮਾ ਅਲੰਕਾਰ, ਦ੍ਰਿਸ਼ਟਾਂਤ ਅਲੰਕਾਰ ਆਦਿਕ ਦੀ ਕਾਫੀ ਮਾਤਰਾ ਵਿਚ ਵਰਤੋਂ ਕੀਤੀ ਹੈ।

ਅਨੁਪ੍ਰਾਸ ਅਲੰਕਾਰਾਂ ਨਾਲ ਭਾਈ ਸਾਹਿਬ ਨੇ ਆਪਣੀ ਪਹਿਲੀ ਵਾਰ ਵਿਚ ਕਈ ਰੰਗ ਬੰਨ੍ਹਿਆਂ ਹੈ।

1. ਫਿਰਿ ਫਿਰਿ ਫੇਰਿ ਵਟਾਈਐ ਸਿਆਣੀ ਹੋਇ ਮਰਮ ਕਉ ਪਾਵੈ (15)
2. ਕਲਜੁਗ ਬੋਧ ਅਉਤਾਰ ਹੈ ਬੋਧ ਅਬੋਧ ਨਾ ਦ੍ਰਿਸ਼ਟੀ ਆਵੈ (18)
3. ਵਿਕਸ ਤੇ ਬਹੁ ਰੂਪਿ ਕਰਿ ਰੂਪ ਕਰੂਪੀ ਧਾਏ ਦਿਖਾਲੇ (19)
4. ਆਪੇ ਪਟੀ ਕਲਮਿ ਆਪਿ ਆਪਿ ਲਿਖਣਹਾਰਾ ਹੋਆ (22)
5. ਦਦੇ ਦਾਤਾ ਗੁਰੂ ਹੈ ਕਕੇ ਕੀਮਤਿ ਕਿਨੈ ਨ ਪਾਈ (42)

---

1. ਸ.ਸ.ਅਮੋਲ(ਭਾਈ ਗੁਰਦਾਸ ਦੇ ਅਲੰਕਾਰ) 211
2. ਕਾਵਯ - ਸ਼ੋਭਾ ਕਰਾਨ ਧਰਮਾਨ ਲੰਕਾਰਨ ਪ੍ਰਚਕਸ਼ਤੇ - ਕਾਵਯਾਦਰਸ਼ ਸ਼ਾਸਤਰੀ ਸਮੀਕਿਸ਼ਾ ਕੇ ਸਿਧਾਂਤ
3. ਤ੍ਰਿਗੁਣਾਇਤ ਪੰਨਾ 214, ਪ੍ਰਕਾਸ਼ਕ ਭਾਰਤੀ ਸਹਿਤਯ ਮੰਦਰ ਫੁਵਾਰ, ਦਿੱਲੀ।

6. ਲਖਿ ਨ ਕੋਈ ਸਕਈ ਆਚਰਜੇ ਆਚਰਜ ਦਿਖਾਇਆ (45 )
7. ਸਤਿਜੁਗ ਸਤਿਗੁਰ ਵਾਸਦੇਵ ਵਵਾ ਵਿਸ਼ਨਾ ਨਾਮ ਜਪਾਵੈ(49 )

ਭਾਈ ਸਾਹਿਬ ਨੇ ਪਹਿਲੀ ਵਾਰ ਵਿਚ ਉਪਮਾਂ ਤੇ ਦ੍ਰਿਸ਼ਟਾਂਤ ਅਲੰਕਾਰ ਦੀ ਵਰਤੋਂ ਵੀ ਬਹੁਲਤਾ ਵਿਚ ਕੀਤੀ ਹੈ। ਵੱਡੀ ਗੱਲ ਤਾਂ ਇਹ ਹੈ ਕਿ ਭਾਈ ਸਾਹਿਬ ਦੀ ਹਰ ਪਉੜੀ ਦੀ ਹਰ ਤੁਕ ਨਵੀਂ ਹੀ ਉਪਮਾਂ ਤੇ ਅਲੰਕਾਰ ਨਾਲ ਸ਼ਿੰਗਾਰੀ ਹੋਈ ਮਿਲਦੀ ਹੈ।

ਉਪਮਾਂ ਅਲੰਕਾਰ:

1. ਜਿਉਂ ਕਰਿ ਮੈਲੀ ਆਰਸੀ ਸਿਕਲ ਬਿਨਾਂ ਨਹਿ ਮੁਖ ਦਿਖਾਈ(14/3)
2. ਜਿਉਂ ਕਰ ਸੂਰਜ ਨਿਕਲਿਆ ਤਾਰੇ ਛੁਪੈ ਅੰਧੇਰੁ ਪਲੋਆ (27/2 )
3. ਛਪੈ ਨਾਹਿ ਛਪਾਇਆ ਚੜਿਆ ਸੂਰਜ ਜਗੁ ਰੁਸਨਾਈ (34/ 4)
4. ਬੁਕਿਆ ਸਿੰਘ ਉਜਾੜ ਵਿਚਿ ਸਭ ਮਿਰਗਾਵਲਿ ਭੰਨੀ ਜਾਈ(34/ 5)
5. ਫਿਟਿਆ ਚਾਟਾ ਦੁਧ ਦਾ ਰਿੜਕਿਆ ਮਖਣ ਹਥਿ ਨ ਆਈ(40/3)

ਭਾਈ ਸਾਹਿਬ ਜੀ ਨੇ ਗੁਰੂ ਜੀ ਦੀ ਵਡਿਆਈ ਤੇ ਮਹਿਮਾਂ ਦੱਸਣ ਲਈ ਉਪਮਾਵਾਂ ਵਰਤੀਆਂ ਹਨ। ਉਨ੍ਹਾਂ ਨੇ ਗੁਰੂ ਸਾਹਿਬਾਂ ਨੂੰ ਸੂਰਜ ਨਾਲ ਉਪਮਾਂ ਦਿੱਤੀ ਹੈ ਕਿ ਜਿਸ ਤਰ੍ਹਾਂ ਸੂਰਜ ਚੜ੍ਹਨ ਨਾਲ ਤਾਰੇ ਲੋਪ ਹੋ ਜਾਂਦੇ ਹਨ ਇਸੇ ਤਰ੍ਹਾਂ ਹੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਨਾਲ ਦੁਨੀਆਂ ਦੇ ਸਭ ਪਾਪ ਦੂਰ ਹੋ ਗਏ। ਇਸੇ ਤਰ੍ਹਾਂ ਹੀ ਭਾਈ ਸਾਹਿਬ ਜੀ ਕਹਿੰਦੇ ਹਨ:-

"ਚੜਿਆ ਚੰਦ ਨ ਲੁਕਾਈ
ਕਢਿ ਕੁਨਾਲੀ ਜੋਤਿ ਛਪਾਈ।"

ਜਿਵੇਂ ਚੜ੍ਹਿਆ ਹੋਇਆ ਚੰਦ ਲੁਕਦਾ ਨਹੀਂ, ਇਸੇ ਤਰ੍ਹਾਂ ਹੀ ਗੁਰੂ ਜੀ ਦਾ ਪ੍ਰਤਾਪ ਕਿਸੇ ਦੇ ਮਿਟਾਇਆਂ ਮਿਟਦਾ ਨਹੀਂ। ਸੋ ਭਾਈ ਗੁਰਦਾਸ ਜੀ ਨੇ ਕੁਦਰਤ ਵਿਚੋਂ ਸੂਰਜ ਤੇ ਚੰਦ ਦੀ ਉਪਮਾਂ ਲੈ ਕੇ ਆਪਣੇ ਭਾਵਾਂ ਦਾ ਸਾਰਥਕ ਪ੍ਰਗਟਾ ਕੀਤਾ ਹੈ। ਇਸੇ ਤਰ੍ਹਾਂ ਹੀ ਸ਼ੇਰ ਦੀ ਤਾਕਤਵਰ ਨਾਲ ਤੇ ਮਿਰਗਾਂ ਦੀਆਂ ਡਾਰਾਂ ਦੀ ਡਰਪੋਕ ਨਾਲ ਉਪਮਾਂ ਵਰਤੀ ਹੈ। ਉਪਮਾਵਾਂ ਦੀ ਅਮੀਰੀ ਵਿਚ ਕੋਈ ਕਵੀ ਭਾਈ ਸਾਹਿਬ ਦਾ ਮੁਕਾਬਲਾ ਨਹੀਂ ਕਰ ਸਕਦਾ। ਉਹਨਾਂ ਦੇ ਗਹਿਣਿਆਂ ਦੀ ਨਵੀਨਤਾ ਤੇ ਬਹੁਲਤਾ ਪਾਠਕ ਦੀਆਂ ਨਜ਼ਰਾਂ ਨੂੰ ਚੁੰਧਿਆ ਦਿੰਦੀ ਹੈ। ਇਹ ਸਭ ਕੁਝ ਉਹਨਾਂ ਦੇ ਵਿਸ਼ਾਲ ਅਨੁਭਵ ਕਰਕੇ ਹੀ ਹੈ। ਬਹੁਤੀਆਂ ਉਪਮਾਂ ਕੁਦਰਤ

ਵਿਚੋਂ ਸੂਰਜ ਅਤੇ ਜਾਨਵਰਾਂ ਵਿਚੋਂ ਸ਼ੇਰ, ਮਿਰਗ ਆਦਿ ਲੈ ਕੇ ਵਰਤੀਆਂ ਹਨ।

ਦ੍ਰਿਸ਼ਟਾਂਤ ਅਲੰਕਾਰ:

ਕਿਸੇ ਹੋਰ ਘਟਨਾ ਜਾਂ ਪ੍ਰਸੰਗ ਦਾ ਹਵਾਲਾ ਦੇ ਕੇ ਕਿਸੇ ਭਾਵ ਨੂੰ ਪ੍ਰਗਟਾਇਆ ਜਾਵੇ, ਉਥੇ ਦ੍ਰਿਸ਼ਟਾਂਤ ਅਲੰਕਾਰ ਹੁੰਦਾ ਹੈ। ਇਸ ਵਿਚ ਜੈਸੇ ਤੈਸੇ ਜਾਂ ਜਿਵੇਂ ਤਿਵੇਂ ਸ਼ਬਦਾਂ ਦਾ ਪ੍ਰਯੋਗ ਵੀ ਕੀਤਾ ਜਾਂਦਾ ਹੈ।

1. "ਜੇਹਾ ਬੀਜੈ ਸੋ ਲੁਣੈ ਸਮੇਂ ਬਿਨਾ ਫਲ ਹਥਿ ਨ ਆਵੈ।" (13/2 )
ਇਸ ਵਿਚ ਭਾਈ ਸਾਹਿਬ ਬੀਜ ਦਾ ਦ੍ਰਿਸ਼ਟਾਂਤ ਦਿੰਦੇ ਹੋਏ ਕਹਿੰਦੇ ਹਨ ਕਿ ਹਰ ਇਕ ਨੂੰ ਆਪਣੇ ਕਰਮਾਂ ਅਨੁਸਾਰ ਫਲ ਮਿਲਣਾਂ ਹੈ। ਚੰਗੇ ਕਰਮਾਂ ਤੋਂ ਬਿਨਾਂ ਕਦੇ ਵੀ ਚੰਗੇ ਫਲ ਦੀ ਪਰਾਪਤੀ ਨਹੀਂ ਹੋ ਸਕਦੀ। ਜਿਹੋ ਜਿਹਾ ਕੋਈ ਬੀਜਦਾ ਹੈ ਉਸ ਅਨੁਸਾਰ ਹੀ ਪਰਾਪਤ ਕਰਦਾ ਹੈ।

2. "ਜਿਉ ਕਰਿ ਸੂਰਜ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ।" (27/2 )
ਇਥੇ ਸੂਰਜ ਦਾ ਹਵਾਲਾ ਦੇ ਕੇ ਦਸਿਆ ਹੈ ਕਿ ਜਿਸ ਤਰ੍ਹਾਂ ਸੂਰਜ ਦੇ ਚੜ੍ਹਨ ਨਾਲ ਤਾਰੇ ਲੋਪ ਹੋ ਜਾਂਦੇ ਹਨ ਅਤੇ ਅੰਧੇਰਾ ਵੀ ਖਤਮ ਹੋ ਜਾਂਦਾ ਹੈ। ਇਸੇ ਤਰ੍ਹਾਂ ਹੀ ਗੁਰੂ ਨਾਨਕ ਦੇਵ ਜੀ ਦੇ ਜਗਤ ਵਿਚ ਅਵਤਾਰ ਧਾਰਨ ਨਾਲ ਸਾਰੇ ਪਾਪਾਂ ਦਾ ਅਗਿਆਨਤਾ ਰੂਪੀ ਹਨੇਰਾ ਖਤਮ ਹੋ ਗਿਆ ਅਤੇ ਗੁਰੂ ਜੀ ਦਾ ਪਰਤਾਪ ਸਾਰੇ ਪਾਸੇ ਫੈਲ ਗਿਆ। ਕੁਦਰਤ ਵਿਚੋਂ ਸੂਰਜ ਤੇ ਚੰਦ ਦਾ ਦ੍ਰਿਸ਼ਟਾਂਤ ਦਿੱਤਾ ਹੈ।

3. "ਕਚਾ ਰੰਗੁ ਕਸੁੰਭ ਦਾ ਪਾਣੀ ਧੋਤੈ ਥਿਰ ਨ ਰਹੋਈ" (33/6)
ਇਸ ਵਿਚ ਭਾਈ ਸਾਹਿਬ ਕੁਦਰਤ ਵਿਚੋਂ ਕਸੁੰਭ ਦਾ ਦ੍ਰਿਸ਼ਟਾਂਤ ਲੈ ਕੇ ਕੱਚੇ ਰੰਗ ਦੇ ਪ੍ਰਮਾਣ ਵਜੋਂ ਵਰਤਦੇ ਹਨ ਕਿ ਜਿਸ ਤਰ੍ਹਾਂ ਕਸੁੰਭੇ ਦਾ ਰੰਗ ਕੱਚਾ ਹੋਣ ਕਰਕੇ ਪਾਣੀ ਨਾਲ ਧੋਣ ਨਾਲ ਲਹਿ ਜਾਂਦਾ ਹੈ ਇਸੇ ਤਰ੍ਹਾਂ ਹੀ ਜੋ ਲੋਕ ਭੈੜੇ ਕੰਮ ਕਰਦੇ ਹੋਏ ਆਪਣੇ ਆਪ ਨੂੰ ਲੁਕਾ ਕੇ ਧਰਮੀ ਅਖਵਾਉਂਦੇ ਹਨ ਉਹ ਬਹੁਤੀ ਦੇਰ ਤਕ ਦੁਨੀਆਂ ਨਾਲ ਧੋਖਾ ਨਹੀਂ ਕਰ ਸਕਦੇ।

4. "ਚੜਿਆ ਚੰਦ ਨ ਲੁਕਈ ਕਿਹੁ ਕੁਨਾਲੀ ਜੋਤਿ ਛਪਾਈ" (34/6)
ਜਿਸ ਤਰ੍ਹਾਂ ਚੜ੍ਹੇ ਹੋਏ ਚੰਦ ਦੀ ਜੋਤ ਨੂੰ ਛੁਪਾਇਆ ਨਹੀਂ ਜਾਂਦਾ ਇਸੇ ਤਰ੍ਹਾਂ ਹੀ ਗੁਰੂ ਜੀ ਜੋ ਜਗਤ ਲਈ ਚਾਨਣ ਮੁਨਾਰੇ ਸਨ ਉਨ੍ਹਾਂ ਦੀ ਰੋਸ਼ਨੀ ਵੀ ਲੁਕ ਨਹੀਂ ਸਕਦੀ। ਇਹ ਅਲੰਕਾਰ ਪ੍ਰਕਿਰਤੀ ਵਿਚੋਂ ਲੈ ਕੇ ਵਰਤਿਆ ਹੈ।

5. 'ਫਿਟਿਆ ਚਾਟਾ ਦੁਧ ਦਾ ਰਿੜਕਿਆ ਮਖਣੁ ਹਥਿ ਨ ਆਵੀ'

(40/3)

ਸਿਧ ਗੁਰੂ ਜੀ ਨੂੰ ਕਹਿੰਦੇ ਹਨ ਕਿ ਜੇਕਰ ਦੁੱਧ ਦਾ ਚਾਟਾ ਫਿਟ ਜਾਵੇ ਤਾਂ ਉਸ ਤੋਂ ਮੱਖਣ ਨਹੀਂ ਬਣ ਸਕਦਾ ਇਸੇ ਤਰ੍ਹਾਂ ਹੀ ਸੰਨਿਆਸ ਰੂਪੀ ਚਾਟੇ ਵਿਚ ਜੇਕਰ ਸੰਸਾਰੀ ਰੀਤ ਦੀ ਕਾਂਜੀ ਪਾ ਦਿੱਤੀ ਜਾਵੇ ਤਾਂ ਗਿਆਨ ਖਤਮ ਹੋ ਜਾਂਦਾ ਹੈ ਅਤੇ ਮੁਕਤੀ ਨਹੀਂ ਮਿਲਦੀ। ਇਹ ਅਲੰਕਾਰ ਭਾਈ ਗੁਰਦਾਸ ਜੀ ਨੇ ਘਰੋਗੀ ਜੀਵਨ ਵਿਚੋਂ ਲਿਆ ਹੈ।

<u>ਰੂਪਕ ਅਲੰਕਾਰ</u>

ਇਕ ਚੀਜ਼ ਨੂੰ ਦੂਜੀ ਕਹਿ ਦੇਣਾਂ ਜਾਂ ਇਕ ਚੀਜ਼ ਨੂੰ ਦੂਜੀ ਚੀਜ਼ ਵਾਸਤੇ ਮੁਕਰਰ ਕਰ ਦੇਣਾ ਹੀ ਰੂਪਕ ਅਲੰਕਾਰ ਹੈ। ਉਪਮੇਯ ਤੇ ਉਪਮਾਨ ਦੀ ਜੋ ਆਪੋ ਵਿਚ ਅਭੇਦਤਾ ਹੈ ਉਸ ਨੂੰ ਰੂਪਕ ਅਲੰਕਾਰ ਕਹਿੰਦੇ ਹਨ।

1. "ਪਰਮੇਸਰੁ ਇਕੁ ਹੈ ਸਚਾ ਸਾਹੁ ਜਗਤੁ ਵਣਜਾਰਾ"

(17/7)

ਇਸ ਵਿਚ ਜਗਤ ਨੂੰ ਵਣਜਾਰਾ ਰੂਪ ਦੇ ਕੇ ਵਰਤਿਆ ਹੈ। ਇਥੇ ਵਣਜਾਰਾ ਉਪਮਾਨ ਹੈ ਅਤੇ ਜਗਤ ਉਪਮੇਯ ਹੈ।

2. "ਚੜੇ ਸੂਰ ਮਿਟਿ ਜਾਹਿ ਅੰਧਾਰਾ"

(17/8)

ਸੂਰਜ ਸ਼ਬਦ ਗੁਰੂ ਨਾਨਕ ਜੀ ਲਈ ਵਰਤਿਆ ਹੈ। ਜਿਸ ਤਰ੍ਹਾਂ ਸੂਰਜ ਚੜ੍ਹਨ ਨਾਲ ਹਨੇਰਾ ਮਿਟ ਜਾਂਦਾ ਹੈ ਇਸੇ ਤਰ੍ਹਾਂ ਗੁਰੂ ਦੇ ਪ੍ਰਗਟਿਆਂ ਅਗਿਆਨ ਦਾ ਹਨੇਰਾ ਮਿਟ ਜਾਂਦਾ ਹੈ।

(ਪ੍ਰਕਿਰਤੀ)

3. "ਬਾਬੇ ਆਖਿਆ ਨਾਥ ਜੀ ਸਚੁ ਚੰਦ੍ਰਮਾਂ ਕੂੜੁ ਅੰਧਾਰਾ"

(29/3)

ਇਸ ਵਿਚ ਸਚ ਨੂੰ ਚੰਦਰਮਾਂ ਕਿਹਾ ਹੈ ਅਤੇ ਕੂੜ ਨੂੰ ਹਨੇਰਾ ਕਿਹਾ ਹੈ ਕਿਉਂਕਿ ਸੱਚ ਨੂੰ ਰੌਸ਼ਨੀ ਲਈ ਵਰਤਿਆ ਜਾਂਦਾ ਹੈ ਅਤੇ ਝੂਠ ਨੂੰ ਵੀ ਬੁਰਾਈ ਲਈ ਵਰਤਿਆ ਜਾਂਦਾ ਹੈ।

(ਪ੍ਰਕਿਰਤੀ)

ਚੰਦ੍ਰਮਾਂ ਉਪਮਾਨ ਹੈ ਤੇ ਸਚ ਉਪਮੇਯ ਹੈ।

4. "ਛੁਪੇ ਨਾਹਿ ਛਪਾਇਆ ਚੜ੍ਹਿਆ ਸੂਰਜੁ ਜਗੁ ਰੁਸਨਾਈ"

(34/4)

ਇਥੇ ਵੀ ਗੁਰੂ ਜੀ ਨੂੰ ਸੂਰਜ ਕਿਹਾ ਹੈ। ਜਿਸ ਤਰ੍ਹਾਂ ਸੂਰਜ ਦੀ ਰੌਸ਼ਨੀ ਸਾਰੀ ਦੁਨੀਆਂ ਵਿਚ ਹੁੰਦੀ ਹੈ ਅਤੇ ਉਹ ਛੁਪਾਇਆ ਨਹੀਂ ਛੁਪਦਾ। ਗੁਰੂ ਨਾਨਕ ਜੀ ਵੀ ਅਗਿਆਨੀ ਦੁਨੀਆਂ

ਨੂੰ ਗਿਆਨ ਦੀ ਰੌਸ਼ਨੀ ਦੇਣ ਵਾਲੇ ਸੂਰਜ ਹਨ।

5. "ਬੁਕਿਆ ਸਿੰਘ ਉਜਾੜ ਵਿਚਿ ਸਭਿ ਮਿਰਗਾਵਲਿ ਭੰਨੀ ਜਾਈ"

(34/5)

ਇਥੇ ਗੁਰੂ ਜੀ ਨੂੰ ਸ਼ੇਰ ਦੇ ਬਰਾਬਰ ਦਸਿਆ ਹੈ ਕਿ ਜਿਸ ਤਰ੍ਹਾਂ ਜੰਗਲ ਵਿਚ ਸ਼ੇਰ ਦੇ ਬੁਕਣ ਨਾਲ ਮਿਰਗਾਂ ਦੀ ਡਾਰ ਡਰਦੀ ਦੌੜ ਜਾਂਦੀ ਹੈ ਇਸੇ ਤਰ੍ਹਾਂ ਹੀ ਗੁਰੂ ਜੀ ਮਹਾਰਾਜ ਦੇ ਦੁਨੀਆਂ ਵਿਚ ਆਉਣ ਨਾਲ ਸਭ ਭੇਖੀ ਗੁਰੂਆਂ ਦਾ ਖਾਤਮਾ ਹੋ ਗਿਆ।

6. "ਇਕ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ"

(35/2)

ਇਸ ਲਾਈਨ ਵਿਚ ਗੁਰੂ ਨਾਨਕ ਜੀ ਨੂੰ ਅਕਾਲ ਦਾ ਰੂਪ ਕਿਹਾ ਹੈ।

## ਯਮਕ ਅਲੰਕਾਰ :-

1. "ਕਲਿਜੁਗਿ ਬੋਧ ਅਉਤਾਰੁ ਹੈ ਬੋਧ ਅਬੋਧੁ ਨ ਦ੍ਰਿਸ਼ਟੀ ਆਵੈ"

(18/1)

ਇਸ ਵਿਚ 'ਬੋਧ' ਸ਼ਬਦ ਦੋ ਵਾਰ ਵਰਤਿਆ ਹੈ। ਪਹਿਲਾ 'ਬੋਧ' ਤਾਂ ਮਹਾਤਮਾ ਬੁੱਧ ਲਈ ਵਰਤਿਆ ਹੈ ਜੋ ਕਿ ਕਲਿਜੁਗ ਵਿਚ ਪੈਦਾ ਹੋਏ। ਦੂਸਰਾ 'ਬੋਧ' ਗਿਆਨ ਲਈ ਵਰਤਿਆ ਹੈ। ਮਿਥਿਹਾਸਕ ਅਲੰਕਾਰ ਹੈ।

2. "ਇਕਸਿ ਤੇ ਬਹੁ ਰੂਪਿ ਕਰਿ ਰੂਪ ਕਰੂਪੀ ਘਣੇ ਦਿਖਾਏ"

(19/7)

ਪਹਿਲਾ 'ਰੂਪ' ਲਫਜ ਭੇਖ ਤੋਂ ਲਿਆ ਹੈ ਅਤੇ ਦੂਸਰਾ ਰੂਪ ਚੰਗੇ ਜਾਂ ਸੁੰਦਰ ਲਈ ਵਰਤਿਆ ਹੈ।

## ਸਲੇਸ਼ ਅਲੰਕਾਰ :

ਜਿਥੇ ਇਕ ਸ਼ਬਦ ਦੋ ਵਾਰ ਵਰਤਿਆ ਜਾਵੇ ਪਰ ਅਰਥ ਉਹ ਹੀ ਹੋਵੇ ਉਸ ਨੂੰ ਸਲੇਸ਼ ਅਲੰਕਾਰ ਕਹਿੰਦੇ ਹਨ।

1. "ਪੰਜ ਤੱਤ ਪਰਵਾਣੁ ਕਰਿ ਘਟਿ ਘਟਿ ਅੰਦਰਿ ਤ੍ਰਿਭਵਣੁ ਸਾਰਾ"

(4/2)

ਇਸ ਵਿਚ 'ਘਟਿ ਘਟਿ' ਸਲੇਸ਼ ਅਲੰਕਾਰ ਵਰਤਿਆ ਹੈ। ਭਾਵ ਕਿ ਪਰਮਾਤਮਾਂ ਪੰਜਾਂ ਤੱਤਾਂ ਤੋਂ ਬ੍ਰਹਿਮੰਡ ਰਚ ਕੇ ਆਪ ਘਟ ਘਟ ਅਰਥਾਤ ਹਰੇਕ ਸਰੀਰ ਵਿਚ ਪਰਵੇਸ਼ ਕਰਕੇ

ਤਿੰਨਾਂ ਲੋਕਾਂ ਦੀ ਸਾਰ ਲੈ ਰਿਹਾ ਹੈ।

2. "ਰੋਮ ਰੋਮ ਵਿਚਿ ਰਖਿਓਨਿ ਕਰਿ ਬ੍ਰਹਿਮੰਡਿ ਕਰੋੜਿ ਸੁਮਾਰਾ"

(4/5)

ਇਥੇ 'ਰੋਮ ਰੋਮ' ਸਲੇਸ਼ ਅਲੰਕਾਰ ਵਰਤਿਆ ਹੈ। ਕਿ ਵਾਹਿਗੁਰੂ ਨੇ ਆਪਣੇ ਇਕ ਇਕ ਰੋਮ ਵਿਚ ਕਰੋੜਾਂ ਦੀ ਗਿਣਤੀ ਵਿਚ ਬ੍ਰਹਿਮੰਡ ਰੱਖੇ ਹੋਏ ਹਨ।

3. "ਇਕਸ ਇਕਸ ਬ੍ਰਹਿਮੰਡ ਵਿਚਿ ਦਸ ਦਸ ਕਰਿ ਅਵਤਾਰ ਉਤਾਰਾ"

(4/6)

ਇਸ ਲਾਈਨ ਵਿਚ ਦੋ ਸਲੇਸ਼ ਅਲੰਕਾਰ ਵਰਤੇ ਹਨ। ਇਕਸ ਇਕਸ ਤੇ ਦਸ ਦਸ। ਹਰ ਇਕ ਬ੍ਰਹਿਮੰਡ ਵਿਚ ਦਸ ਦਸ ਅਵਤਾਰ ਸਾਜੇ ਹੋਏ ਹਨ। ਭਾਵ ਕਿ ਬੇਅੰਤ ਹੀ ਬ੍ਰਹਿਮੰਡ ਹਨ ਤੇ ਬੇਅੰਤ ਹੀ ਅਵਤਾਰ ਹਨ।

4. "ਬ੍ਰਹਮਣ, ਛਤ੍ਰੀ, ਵੈਸ, ਸੂਦ੍ਰ, ਜੁਗੁ ਜੁਗੁ ਏਕੋ ਵਰਨੁ ਕਿਰਾਜੇ"

(5/ 3)

ਬ੍ਰਾਹਮਣ, ਛੱਤਰੀ, ਵੈਸ਼ ਤੇ ਸੂਦਰ ਸਾਰੇ ਇਕ ਇਕ ਜੁਗ ਵਿਚ ਇਕ ਇਕ ਦੀ ਪ੍ਰਧਾਨਤਾ ਸੀ ਪਰ ਉਹ ਪਰਮਾਤਮਾਂ ਚਾਰੇ ਜੁਗਾਂ ਵਿਚ ਇਕ ਸਰੂਪ ਹੀ ਸ਼ੋਭ ਰਿਹਾ ਹੈ। ਇਥੇ ਜੁਗ ਜੁਗ ਸਲੇਸ਼ ਅਲੰਕਾਰ ਚਾਰੇ ਜੁਗਾਂ ਲਈ ਵਰਤਿਆ ਹੈ।

5. ""ਮਾਇਆ ਮੋਹੀ ਮੇਦਨੀ ਕਲਿ ਕਲਿ ਵਲੀ ਸਭਿ ਭਰਮਾਈ"

(7/3)

ਇਸ ਵਿਚ 'ਕਲਿ ਕਲਿ' ਸਲੇਸ਼ ਅਲੰਕਾਰ ਵਰਤਿਆ ਹੈ। ਕਿ ਸਾਰੀ ਸ੍ਰਿਸ਼ਟੀ ਨੂੰ ਮਾਇਆ ਨੇ ਮੋਹ ਲਿਆ ਅਤੇ ਕਲਿਜੁਗ ਦੀ ਕਿਰਿਆ ਨੇ ਸਾਰੀ ਸ੍ਰਿਸ਼ਟੀ ਤੋਂ ਭੈੜੇ ਪਾਸੇ ਲਾ ਦਿੱਤਾ।

6. "ਫਿਰਿ ਫਿਰਿ ਫੇਰਿ ਵਟਾਈਐ ਗਿਆਨੀ ਹੋਇ ਮਰਮੁ ਕਉ ਪਾਵੈ"

(15/3)

ਇਸ ਵਿਚ ਦਸਿਆ ਹੈ ਕਿ ਦੇਹ ਵਾਰ ਵਾਰ ਵਟਦੀ ਜਾਂਦੀ ਹੈ। ਇਸ ਦਾ ਭੇਦ ਕੋਈ ਗਿਆਨੀ ਹੀ ਪਾਉਂਦਾ ਹੈ। ਇਸ ਲਾਈਨ ਵਿਚ 'ਫਿਰਿ ਫਿਰਿ' ਸਲੇਸ਼ ਅਲੰਕਾਰ ਵਰਤਿਆ ਹੈ।

7. "ਵਰਨਾਵਰਨ ਨਾ ਭਾਵਨੀ ਖਹਿ ਖਹਿ ਜਲਨ ਬਾਂਸ ਅੰਗਿਆਰਾ"

(17/3)

ਇਸ ਵਿਚ ਖਹਿ ਨੂੰ ਦੋ ਵਾਰ ਵਰਤਕੇ ਸਲੇਸ਼ ਅਲੰਕਾਰ ਬਣਾਇਆ ਹੈ।

ਇਕ ਵਰਣ ਨੂੰ ਦੂਜਾ ਵਰਨ ਚੰਗਾ ਨਹੀਂ ਲਗਦਾ ਅਤੇ ਇਕ ਦੂਸਰੇ ਨਾਲ

ਜਬਰਦਸਤੀ ਖਹਿੰਦੇ ਹਨ।

8. "ਆਪੋ ਧਾਪੀ ਹੋਇਕੈ ਨਿਆਰੇ ਨਿਆਰੇ ਧਰਮ ਚਲਾਵੈ"

(18/ 5)

'ਨਿਆਰੇ ਨਿਆਰੇ' ਲਫਜ਼ ਸ਼ਲੇਸ਼ ਅਲੰਕਾਰ ਲਈ ਵਰਤਿਆ ਹੈ। ਸਾਰਿਆਂ ਨੇ ਆਪਣੇ ਵੱਖਰੇ ਵੱਖਰੇ ਧਰਮ ਚਲਾਏ ਹੋਏ ਸਨ।

9. "ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ"

(27/6)

ਹਰੇਕ ਘਰ ਵਿਚ ਧਰਮਸਾਲ ਬਣ ਗਈ ਅਤੇ ਕੀਰਤਨ ਹੋਣ ਲੱਗਾ। ਘਰਿ ਘਰਿ ਲਫਜ਼ ਸ਼ਲੇਸ਼ ਅਲੰਕਾਰ ਹੈ।

10. "ਜੈਸੇ ਪੂਰਬਿ ਬੀਜਿਆ ਵਿਚਿ ਵਿਚਿ ਹੋਰੁ ਕੂੜੀ ਚਤੁਰਾਲੂ"

(46/4)

ਵਿਚਿ ਵਿਚਿ ਸ਼ਲੇਸ਼ ਅਲੰਕਾਰ ਹੈ। ਹਰ ਇਕ ਨੂੰ ਪਹਿਲਾਂ ਦੇ ਕੀਤੇ ਹੋਏ ਕਰਮਾਂ ਅਨੁਸਾਰ ਹੀ ਫਲ ਮਿਲਦਾ ਹੈ ਹੋਰ ਵਿਚ ਵਿਚ ਦੀਆਂ ਚਤੁਰਾਈਆਂ ਤਾਂ ਝੂਠੀਆਂ ਹਨ।

11. "ਦੁਆਪੁਰਿ ਸਤਿਗੁਰੁ ਹਰੀ ਕ੍ਰਿਸ਼ਨ ਹਾਹਾ ਹਰਿ ਹਰਿ ਨਾਮੁ ਜਪਾਵੈ"

(49/2)

ਇਸ ਵਿਚ ਹਰਿ ਹਰਿ ਸਲੇਸ਼ ਅਲੰਕਾਰ ਹੈ।

## ਖਿਆਨ ਦਾ ਸੰਜਮ:

"ਸੁੰਦਰ ਸ਼ਬਦ ਸੁੰਦਰ ਤਰਤੀਬ ਵਿਚ" ਹੀ ਉੱਤਮ ਸ਼ੈਲੀ ਬਣਦੇ ਹਨ। ਸੰਖੇਪਤਾ ਤੇ ਸੰਜਮ ਉੱਤਮ ਸ਼ੈਲੀ ਦਾ ਗੁਣ ਹੈ। ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ਵਿਚ ਸੰਖੇਪਤਾ ਕਈ ਤਰੀਕਿਆਂ ਨਾਲ ਲਿਆਂਦੀ ਹੈ। ਉਨ੍ਹਾਂ ਦੀ ਵਾਰ ਦੀ ਹਰ ਪਉੜੀ ਦੀ ਅਖੀਰਲੀ ਤੁਕ ਅਖਾਣ ਬਣਨ ਦੀ ਸਮਰਥਾ ਰਖਦੀ ਹੈ। ਇਹ ਤੁਕ ਤਕਰੀਬਨ ਸਾਰੀ ਪਉੜੀ ਦਾ ਨਿਚੋੜ ਹੀ ਹੁੰਦੀ ਹੈ ਅਤੇ ਅਟਲ ਸਚਾਈ ਨੂੰ ਰੂਪਮਾਨ ਕਰਦੀ ਹੈ। ਅਖਾਣਾਂ ਦਾ ਰੂਪ ਧਾਰ ਚੁਕੀਆਂ ਤੁਕਾਂ ਅਜ ਕੱਲ੍ਹ ਆਮ ਵਰਤੀਆਂ ਜਾਂਦੀਆਂ ਹਨ।

1. ਜੇਹਾ ਬੀਉ ਤੇਹਾ ਫਲ ਪਾਇਆ (1)
2. ਆਪੋ ਆਪਣੇ ਮਤ ਸਭਿ ਗਾਵੈ (5)
3. ਸਤਿਗੁਰ ਬਿਨਾ ਨਾ ਸੋਝੀ ਪਾਈ (9)
4. ਜੇਹਾ ਬੀਜੈ ਸੋ ਲੁਣੈ ਸਮੇਂ ਬਿਨਾ ਫਲ ਹਥਿ ਨ ਆਵੈ (13)
5. ਜੈਸਾ ਕਰਿ ਤੈਸਾ ਲਹੈ (13)
6. ਬਾਝਹੁ ਗੁਰੂ ਗੁਬਾਰ ਹੈ (24)
7. ਬਿਨ ਦਿੱਤੇ ਕੁਝ ਹਥਿ ਨ ਆਇ (40)
8. ਦਿੱਤਾ ਲਈਐ ਆਪਣਾ ਅਣਦਿਤਾ ਕਛੁ ਹਥ ਨ ਆਵੈ। (47)
9. ਸਾਗਰ ਵਿਚ ਗੰਗ ਸਮਾਈ (44)

ਆਪ ਜੀ ਦੀਆਂ ਇਹ ਤੁਕਾਂ ਸਤੇ ਬਲਵੰਡ ਦੀ ਵਾਰ ਨਾਲ ਮਿਲਦੀਆਂ ਹਨ:-

ਸਤਾ ਬਲਵੰਤ:

1. ਗੁਰੂ ਡਿੱਠਾ ਤਾ ਮਨ ਸਾਧਾਰਿਆ (ਪਉੜੀ 7)
2. ਪਿਊ ਦਾਦੇ ਜੇਵਿਹਾ, ਪੋਤ੍ਰਾ ਪਰਵਾਣੁ (ਪਉੜੀ 6)

ਇਸ ਤੋਂ ਭਾਈ ਗੁਰਦਾਸ ਜੀ ਦਾ ਉਨ੍ਹਾਂ ਦੀ ਬੋਲੀ ਤੇ ਕਾਬੂ ਦਾ ਪਤਾ ਵੀ ਲਗਦਾ ਹੈ ਕਿ ਜਿਹੜੀ ਗੱਲ ਨੂੰ ਉਹ ਪਉੜੀ ਦੀਆਂ ਸਤ ਸਤਰਾਂ ਵਿਚ ਬਿਆਨਦੇ ਹਨ ਉਸ ਨੂੰ ਹੀ ਅੱਧੀ ਤੁਕ ਵਿਚ ਕਹਿ ਜਾਂਦੇ ਹਨ।

ਮੁਹਾਵਰਿਆਂ ਨਾਲ ਰਚਨਾਂ ਵਿਚ ਕਾਫੀ ਸੰਜਮ ਪੈਦਾ ਹੋ ਜਾਂਦਾ ਹੈ ਕਿਉਂਕਿ ਮੁਹਾਵਰੇ ਨਾਲ ਗੱਲ ਦਾ ਕਾਫੀ ਘੇਰਾ ਤਹਿ ਹੋ ਜਾਂਦਾ ਹੈ। ਭਾਈ ਸਾਹਿਬ ਨੇ ਵੀ ਆਪਣੀ ਵਾਰ ਵਿਚ ਮੁਹਾਵਰਿਆਂ ਦੀ ਵਰਤੋਂ ਕਰਕੇ ਸੰਜਮ ਪੈਦਾ ਕੀਤਾ ਹੈ। ਜਿਸ ਤਰ੍ਹਾਂ :-

1. ਹਥੀ ਕਾਰ ਕਮਾਵਣੀ (3)
2. ਹਥੋ ਹਥੀ ਪਾਈਐ (14)
3. ਆਪੋ ਧਾਪੀ (18)
4. ਕਾਂਜੀ ਪਾਈ (40)
5. ਰੀਤਿ ਚਲਾਈ (40)
6. ਜੋਤੀ ਜਗਾਈ (44)
7. ਕਰਾਮਾਤਿ ਦਿਖਾਈ (42)

ਸੱਤਾ ਬਲਵੰਡ, ਪੰਨਾ 97

ਭਾਈ ਸਾਹਿਬ ਨੇ ਇਤਿਹਾਸਕ ਸੰਕੇਤ ਸ਼ਬਦਾਵਲੀ ਵਰਤਕੇ ਵੀ ਕਹਿਰਾਂ ਦਾ ਸੰਕੋਚ ਲਿਆਂਦਾ ਹੈ । ਇਸ ਵਰਤੋਂ ਕਰਕੇ ਉਹਨਾਂ ਦੀ ਇਕ ਤੁਕ ਰਾਂਹੀ ਬਹੁਤ ਕੁਝ ਕਹਿ ਜਾਣ ਦੀ ਸਮਰਥਾ ਹੈ ਉਹਨਾਂ ਨੇ ਇਕ ਇਕ ਪਉੜੀ ਵਿਚ ਹੀ ਸਾਰੇ ਜੁਗਾਂ, ਸ਼ਾਸਤਰਾਂ ਆਦਿਕ ਦਾ ਜ਼ਿਕਰ ਕਰ ਦਿੱਤਾ ਹੈ। 2 ਵੀਂ ਪਉੜੀ ਵਿਚ ਭੇਖਾਂ ਦਾ ਵਰਨਣ ਕਰਦੇ ਹੋਏ ਸਭ ਜਤੀਆਂ, ਸਤੀਆਂ, ਸਿੱਧਾਂ, ਨਾਥਾਂ ਅਤੇ ਉਨ੍ਹਾਂ ਦੇ ਚੇਲਿਆਂ ਦੇਵੀ, ਦੇਵਾਂ, ਰਿਖੀਆਂ, ਅਪੱਛਰਾਂ, ਰਾਕਸ਼ ਦੈਂਤਾਂ ਆਦਿਕ ਦਾ ਜ਼ਿਕਰ ਅੱਠ ਸਤਰਾਂ ਦੀ ਪਉੜੀ ਵਿਚ ਹੀ ਕਰ ਦਿੰਦੇ ਹਨ।

ਜਿਸ ਤਰ੍ਹਾਂ:-

"ਜਤੀ ਸਤੀ ਚਿਰਜੀਵਣੇ
ਸਾਧਿਕ ਸਿਧ ਨਾਥ ਗੁਰ ਚੇਲੇ।
ਦੇਵੀ ਦੇਵ ਰਿਖੀਸਰਾਂ
ਭੈਰੋ ਖੇਤ ਪਾ ਲਿ ਬਹੁ ਮੇਲੇ ।
ਖਣ ਗੰਧਰਬ ਅਪੱਛਰਾਂ
ਕਿਨਰ ਜੱਠ ਚਲਿਤ ਬਹੁ ਖੇਲੇ।
ਰਾਕਸ ਦਾਨੋ ਦੈਤ ਲਖ
ਅੰਦਰ ਦੂਜਾ ਭਾਉ ਦੁਹੇਲੇ ।

ਇਸੇ ਤਰ੍ਹਾਂ ਹੀ 27ਵੀਂ ਪਉੜੀ ਵਿਚ ਗੁਰੂ ਨਾਨਕ ਦੇਵ ਜੀ ਦੇ ਜਨਮ ਵੇਲੇ ਦਾ ਜ਼ਿਕਰ ਕੀਤਾ ਹੈ। ਸਿੱਧਾਂ ਨਾਲ ਪ੍ਰਸ਼ਨ ਉਤਰ, ਜਗ੍ਹਾ ਜਗ੍ਹਾ ਦੀ ਯਾਤਰਾ, ਜਿਸ ਤਰ੍ਹਾਂ ਮੱਕਾ, ਬਗਦਾਦ, ਸ਼ਿਵਰਾਤ੍ਰੀ ਦਾ ਮੇਲਾ ਅਚਲ ਵਟਾਲੇ, ਕਰਤਾਰਪੁਰ ਆਦਿਕ ਦਾ ਜ਼ਿਕਰ ਵੀ ਬਹੁਤ ਸੰਖੇਪ ਰੂਪ ਵਿਚ ਕੀਤਾ। ਇਸ ਤਰ੍ਹਾਂ ਭਾਈ ਸਾਹਿਬ ਨੇ ਇਕ ਇਕ ਪਉੜੀ ਵਿਚ ਪੂਰੀ ਦੀ ਪੂਰੀ ਕਥਾ ਬਿਆਨ ਦਿੱਤੀ ਹੈ।

## ਘਟਨਾਂ ਦੇ ਬਿਆਨ ਵਿਚ ਸੰਜਮ:

ਭਾਈ ਗੁਰਦਾਸ ਜੀ ਨੇ ਯੋਗ ਕਾਂਟ ਛਾਂਟ ਰਾਂਹੀ ਵੀ ਸੰਜਮ ਲਿਆਂਦਾ ਹੈ। ਜਿਸ ਤਰ੍ਹਾਂ ਮੱਕੇ ਦੀ ਘਟਨਾਂ ਦਾ ਜ਼ਿਕਰ ਕਰਦੇ ਹੋਏ ਦਸਦੇ ਹਨ ਕਿ ਕਿਸ ਤਰ੍ਹਾਂ ਗੁਰੂ ਜੀ ਕਾਬੇ ਵੱਲ ਲੱਤਾਂ ਕਰਕੇ ਸੌਂ ਗਏ ਅਤੇ ਜੀਵਨ ਨੇ ਉਨ੍ਹਾਂ ਨੂੰ ਲੱਤਾਂ ਤੋਂ ਫੜਕੇ ਉਠਾਇਆ ਕਿ ਕੌਣ ਕਾਬੇ ਵਲ ਪੈਰ ਕਰਕੇ ਸੁੱਤਾ ਹੈ ਅਤੇ ਉਸ ਤੋਂ ਅੱਗੇ ਦੀ

ਵਾਰਤਾ ਵਿਚ ਉਸ ਸਮੇਂ ਦੀ ਮੱਕੇ ਦੀ ਸਾਰੀ ਵਾਰਦਾਤ ਦਾ ਵਰਨਣ ਕਰ ਦਿੱਤਾ ਹੈ ਅਤੇ ਉਹ ਵੀ ਪੂਰੀ ਸਪਸ਼ਟਤਾ ਨਾਲ ਜ਼ਿਕਰ ਕੀਤਾ ਹੈ। ਹੂ ਬਹੂ ਸਾਰੇ ਦਾ ਸਾਰਾ ਚਿਤਰ ਹੀ ਅੱਖਾਂ ਅੱਗੇ ਆ ਜਾਂਦਾ ਹੈ। ਐਨੀ ਲੰਮੀ ਗੱਲ ਨੂੰ ਐਨੇ ਥੋੜੇ ਸ਼ਬਦਾਂ ਵਿਚ ਚਿਤ੍ਰਤ ਕਰਨਾਂ ਕਿਸੇ ਮਹਾਨ ਕਲਾਕਾਰ ਦੀ ਜੌਹਰੀ ਕਲਾ ਹੀ ਹੋ ਸਕਦੀ ਹੈ। ਭਾਈ ਸਾਹਿਬ ਜੀ ਗੁਰੂ ਸਾਹਿਬ ਦੇ ਮੱਕੇ ਜਾਣ ਦੀ ਪਉੜੀ ਇਸ ਤਰ੍ਹਾਂ ਦਿੰਦੇ ਹਨ:-

"ਬਾਬਾ ਫਿਰਿ ਮਕੇ ਗਇਆ ਨੀਲ ਬਸਤ੍ਰ ਧਾਰਿ ਬਨਵਾਰੀ।
ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸਲਾ ਧਾਰੀ।
ਬੈਠਾ ਜਾਇ ਮਸੀਤ ਵਿਚਿ ਜਿਥੈ ਹਾਜੀ ਹਜਿ ਗੁਜਾਰੀ।
ਜਾ ਬਾਬਾ ਸੁਤਾ ਰਾਤਿ ਨੋ ਵਲਿ ਮਹਿਰਾਬੇ ਪਾਇ ਪਸਾਰੀ।
ਜੀਵਣਿ ਮਾਰੀ ਲਤਿ ਦੀ ਕੇਹੜਾ ਸੁਤਾ ਕੁਫਰ ਕੁਫਾਰੀ?
ਲਤਾ ਵਲਿ ਖੁਦਾਇ ਦੇ ਕਿਉਂ ਕਰਿ ਪਇਆ ਹੋਇ ਬਜਿਗਾਰੀ।
ਟੰਗੋ ਪਕੜਿ ਘਸੀਟਿਆ ਫਿਰਿਆ ਮਕਾ ਕਲਾ ਦਿਖਾਰੀ
ਹੋਇ ਹੈਰਾਨੁ ਕਰੇਨਿ ਜੁਹਾਰੀ। (32 )

ਇਸੇ ਤਰ੍ਹਾਂ ਹੀ ਮੁਲਤਾਨ ਤੋਂ ਕਰਤਾਰਪੁਰ ਪਹੁੰਚ ਕੇ ਸ੍ਰੀ ਨਾਨਕ ਦੇਵ ਜੀ ਨਿਰਮਲ ਪੰਥ ਥਾਪ ਕੇ ਆਪਣੀ ਗੁਰਗੱਦੀ ਦੂਜੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਕਿਵੇਂ ਦਿੰਦੇ ਹਨ ਤੇ ਫਿਰ ਜੋਤੀ ਜੋਤਿ ਸਮਾ ਜਾਂਦੇ ਹਨ। ਇਸ ਇਤਿਹਾਸਕ ਘਟਨਾਂ ਦੇ ਵੇਰਵੇ ਨੂੰ ਭਾਈ ਸਾਹਿਬ ਨੇ ਕੁੱਜੇ ਵਿਚ ਸਮੁੰਦਰ ਬੰਦ ਕਰਨ ਵਾਂਗ ਇਹਨਾਂ ਦੋ ਤੁਕਾਂ ਵਿਚ ਹੀ ਬੜੇ ਕਲਾਤਮਕ ਢੰਗ ਨਾਲ ਪਰੋ ਦਿੱਤਾ ਹੈ:-

"ਮਾਰਿਆ ਸਿਕਾ ਜਗਤ ਵਿਚ,
ਨਾਨਕ ਨਿਰਮਲ ਪੰਥੁ ਚਲਾਇਆ।
ਥਾਪਿਆ ਲਹਿਣਾ ਜੀਵਦੇ
ਗੁਰਿਆਈ ਦਾ ਸਿਰਿ ਛਤ੍ਰ ਫਿਰਾਇਆ।
ਜੋਤੀ ਜੋਤਿ ਮਿਲਾਇਕੇ
ਸਤਿਗੁਰ ਨਾਨਕ ਰੂਪੁ ਵਟਾਇਆ।"

ਭਾਈ ਸਾਹਿਬ ਨੇ ਸੰਯੋਗਆਤਮਕ ਬੋਲੀਆਂ ਦੇ ਸ਼ਬਦ ਵਰਤ ਕੇ ਵੀ ਸੰਜੋਚ ਪੈਦਾ ਕੀਤਾ ਹੈ। ਪੁਰਾਤਨ ਭਾਸ਼ਾ ਵਿਚ ਕਿਰਿਆਵਾਂ ਘੱਟ ਮਾਤਰਾ ਵਿਚ ਹੀ ਵਰਤੀਆਂ ਜਾਂਦੀਆਂ ਸਨ। ਇਸ ਲਈ ਸ਼ਬਦਾਵਲੀ ਸੰਯੋਗਆਤਮਕ ਸੀ। ਭਾਈ ਸਾਹਿਬ ਨੇ ਵੀ ਇਸ ਗੁਣ

ਨੂੰ ਨਿਭਾਇਆ ਹੈ ਜਿਸ ਤਰ੍ਹਾਂ :-

ਉਪਦੇਸ ਦਿੱਤਾ ਦੀ ਥਾਂ ਤੇ ਉਪਦੇਸਿਆ
ਜਗਤ ਮਾਰਿਆ ਜਾਂਦਾ ਸੀ ਦੀ ਥਾਂ ਤੇ ਜਗਤ ਮਰਾਵੈ
ਉਹ ਕਾਰ ਕਰਦਾ ਹੈ ਦੀ ਥਾਂ ਤੇ ਕਾਰ ਕਰੇਹੀ
ਉਹ ਸੁਣ ਕੇ ਸਮਝਦਾ ਹੈ ਦੀ ਥਾਂ ਤੇ ਸਮਝ ਸੁਣੇਹੀ
ਕੌਮ ਦੇ ਬਹੌਤਰ ਫਿਰਕਿਆਂ ਦੀ ਜਗ੍ਹਾ ਕੌਮ ਬਹੌਤ੍ਰਾ

## ਬਿਆਨ ਵਿਚ ਨਾਟਕੀ ਰੰਗਤ :-

ਕਿਸੇ [illegible] ਦੇ ਰਚਨਾਂ ਦੇ ਕਲਾ ਦੀ ਪਧਰ ਤੇ ਪੁਜਨ ਲਈ ਜ਼ਰੂਰੀ ਹੁੰਦਾ ਹੈ ਕਿ ਉਸ ਵਿਚ ਕੁਝ ਅਨੂਪਮਤਾ, ਕੁਝ ਨਵੀਨਤਾ ਦੀ ਖਿੱਚ ਹੋਵੇ। ਭਾਈ ਗੁਰਦਾਸ ਨੇ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਨੂੰ ਨਾਟਕੀ ਰੰਗਣ ਵਿਚ ਰੰਗ ਕੇ ਵਰਨਣ ਕਰਕੇ ਅਨੋਖਾ ਰੰਗ ਬੰਨ੍ਹਿਆਂ ਹੈ। ਵਾਰ ਦੇ ਆਰੰਭ ਵਿਚ ਸ੍ਰਿਸ਼ਟੀ ਦੀ ਰਚਨਾਂ ਦਾ ਦ੍ਰਿਸ਼ ਹੈ। ਫਿਰ ਚਾਰ ਵੇਦਾਂ ਤੇ ਉਨ੍ਹਾਂ ਨਾਲ ਸਬੰਧਤ ਅਵਤਾਰਾਂ ਨੂੰ ਸਾਹਿਤਕ ਮੰਚ ਤੇ ਪੇਸ਼ ਕੀਤਾ ਹੈ ਅਗੇ ਛੇ ਸ਼ਾਸਤਰਾਂ ਦੇ ਕਰਤਿਆਂ ਨੂੰ ਦਰਸ਼ਨਾਂ ਸਮੇਤ ਲਿਆਂਦਾ ਹੈ। ਬਾਅਦ ਵਿਚ ਬੁੱਧ ਮਤ, ਜੈਨ ਮਤ ਤੇ ਇਸਲਾਮ ਮਤ ਦੀਆਂ ਝਾਕੀਆਂ ਹਨ। 29ਵੀਂ ਪਉੜੀ ਵਿਚ ਗੁਰੂ ਨਾਨਕ ਦੇਵ ਜੀ ਅਤੇ ਸਿੱਧਾਂ ਦਾ ਪ੍ਰਸ਼ਨ ਉਤਰ ਨਾਟਕੀ ਰੰਗ ਪੇਸ਼ ਕਰਦੇ ਹਨ।

"ਫਿਰਿ ਪੁਛਣਿ ਸਿਧ ਨਾਨਕਾ
ਮਾਤ ਲੋਕ ਵਿਚਿ ਕਿਆ ਵਰਤਾਰਾ।
ਸਭ ਸਿਧੀ ਇਹ ਬੁਝਿਆ
ਕਲਿ ਤਾਰਣਿ ਨਾਨਕੁ ਅਵਤਾਰਾ।

"ਬਾਬੇ ਆਖਿਆ ਨਾਥ ਜੀ
ਸਚੁ ਚੰਦ੍ਰਮਾਂ ਕੂੜੁ ਅੰਧਾਰਾ।
ਕੂੜ ਅਮਾਵਸ ਵਰਤਿਆ
ਹਉ ਭਾਲਣ ਚੜਿਆ ਸੰਸਾਰਾ। (29)

ਇਸੇ ਤਰ੍ਹਾਂ ਹੀ 33ਵੀਂ ਪਉੜੀ ਵਿਚ ਮੱਕੇ ਵਿਚ ਹਾਜੀਆਂ ਨਾਲ ਚਰਚਾ ਵਿਚ ਦਿੱਤਾ ਹੈ :-

"ਪੁਛਨਿ ਫੋਲ ਕਿਤਾਬ ਨੋ
ਹਿੰਦੂ ਵਡਾ ਕਿ ਮੁਸਲਮਾਨੋਈ"

"ਬਾਬਾ ਆਖੇ ਹਾਜੀਆਂ
ਸੁਭ ਅਮਲਾਂ ਬਾਝਹੁ ਦੋਨੋ ਰੋਈ" (33/3-4)

ਮਿੱਯਾਂ, ਪੀਰਾਂ ਤੇ ਜੋਗੀਆਂ ਨਾਲ ਸਾਰੀ ਗਲਬਾਤ ਹੀ ਨਾਟਕੀ ਰੰਗ ਵਿਚ ਚਲ ਰਹੀ ਹੈ। ਜਿਸ ਵੇਲੇ ਲੋਕਾਂ ਦੇ ਜੀਵਨ ਦੀਆਂ ਗੁੰਝਲਾਂ ਸਿਖਰ ਤੇ ਪੁੱਜ ਜਾਂਦੀਆਂ ਹਨ ਤਦੋਂ ਗੁਰੂ ਨਾਨਕ ਬੰਦੀ ਛੋੜ ਦੇ ਰੂਪ ਵਿਚ ਪਰਗਟ ਹੁੰਦੇ ਹਨ ਇਹ ਵੀ ਨਾਟਕੀ ਰੰਗਤ ਪੈਦਾ ਕਰਦਾ ਹੈ।

## ਰਵਾਨੀ:

ਅਨੂਪਮਤਾ, ਜੀਵਨ ਤੋਂ ਕੁਝ ਵਖਰਤਾ ਤੇ ਨਵੇਕਲਾਪਨ ਹੋਣ ਦੇ ਬਾਵਜੂਦ ਵੀ ਲਿਖਤ ਦਾ ਸੁਭਾਵਕ ਤੇ ਆਪ ਮੁਹਾਰਾ ਜਾਪਣਾ, ਇਸ ਦੀ ਖੂਬੀ ਹੈ। ਰੋਚਿਕਤਾ ਤੇ ਖਿਆਲ ਦੀ ਰਵਾਨੀ ਵੀ ਭਾਈ ਗੁਰਦਾਸ ਦੀ ਪਹਿਲੀ ਵਾਰ ਦੀ ਕਾਵਿ - ਕਲਾ ਦਾ ਗਹਿਣਾ ਹੈ। ਭਾਈ ਸਾਹਿਬ ਨੇ ਆਪਣੀ ਵਾਰ ਨੂੰ ਬੌਧਿਕ ਗੁਣਾਂ ਕਰਕੇ ਚਮਕਾਇਆ ਹੈ ਕੇਵਲ ਵਲਵਲੇ ਤੇ ਜਜ਼ਬੇ ਦੇ ਜ਼ੋਰ ਨੂੰ ਹੀ ਨਹੀਂ ਭਰਿਆ। ਗਿਆਨ ਦਾ ਘੇਰਾ ਵਿਸ਼ਾਲ ਹੋਣ ਕਰਕੇ ਹੀ ਭਾਈ ਸਾਹਿਬ ਆਪਣੀ ਵਾਰ ਵਿਚ ਰੋਚਿਕਤਾ ਪੈਦਾ ਕਰ ਸਕੇ ਹਨ। ਭਾਈ ਸਾਹਿਬ ਕੋਲ ਸ਼ਬਦਾਂ ਦਾ ਅਟੁੱਟ ਭੰਡਾਰ ਹੈ। ਠੇਠ ਪੰਜਾਬੀ ਦੇ ਬੇਅੰਤ ਸ਼ਬਦ ਹਨ ਪਰ ਲੋੜ ਪੈਣ ਤੇ ਸੰਸਕ੍ਰਿਤ, ਫ਼ਾਰਸੀ ਤੇ ਬ੍ਰਿਜੀ ਦੇ ਸ਼ਬਦਾਂ ਨੂੰ ਵੀ ਘੜ ਲੈਂਦੇ ਹਨ। ਉਹਨਾਂ ਦੀ ਸ਼ਬਦਾਵਲੀ ਦੀ ਅਮੀਰੀ ਤੇ ਤੁਕਾਂ ਦਾ ਅਟੁੱਟ ਸੰਗੀਤਕ ਵਹਾਅ ਪੰਜਾਬੀ ਵਿਚ ਬੇਮਿਸਾਲ ਹੈ। ਉਪਮਾਵਾਂ, ਦ੍ਰਿਸ਼ਟਾਂਤ ਤੇ ਸ਼ੈਲੀ ਦੀ ਮੌਲਿਕਤਾ ਨਾਲ ਪਉੜੀਆਂ ਵਿਚ ਭਰੀ ਫਿਲਾਸਫੀ ਨੂੰ ਫਿਕੇਪਨ ਤੋਂ ਬਚਾ ਕੇ ਰੰਗੀਨ ਬਨਾਉਣ ਵਿਚ ਬੜੇ ਸਫਲ ਰਹੇ ਹਨ। ਅਨੁਪ੍ਰਾਸ ਅਲੰਕਾਰਾਂ ਨਾਲ ਵੀ ਵਾਰ ਵਿਚ ਰਾਗ ਪੈਦਾ ਕੀਤਾ ਹੈ। ਇਕ ਸ਼ਬਦ ਦੇ ਵਾਰ ਵਾਰ ਦੁਹਰਾ ਨਾਲ ਅਤਿ ਸੁੰਦਰ ਸੰਗੀਤ ਪੈਦਾ ਹੁੰਦਾ ਹੈ ਜੋ ਪਾਠਕ ਨੂੰ ਰਸ ਦਿੰਦਾ ਹੈ।

ਭਾਈ ਸਾਹਿਬ ਦੀਆਂ ਵਾਰਾਂ ਵਿਚ ਉਸਾਰੀ ਦੂਹਰੀ ਹੈ ਹਰ ਪਉੜੀ ਆਪਣੀ ਵਾਰ ਦਾ ਅਟੁਟਵਾਂ ਤੇ ਅਨਿਖੜਵਾਂ ਅੰਗ ਹੋਣ ਦੇ ਨਾਲ ਨਾਲ ਹੀ ਆਪਣੇ ਆਪ ਵਿਚ ਬਿਲਕੁਲ ਪੂਰੀ ਤੇ ਮੁਕੰਮਲ ਹੈ। ਭਾਈ ਗੁਰਦਾਸ ਜੀ ਹਰ ਇਕ ਗੱਲ ਪ੍ਰਮਾਣ ਨਾਲ ਕਰਦੇ ਹਨ। ਇਹ ਹੀ ਉਤਮ ਕਵਿਤਾ ਦਾ ਸੱਚਾ ਤੇ ਸੁਚਾ ਗੁਣ ਹੁੰਦਾ ਹੈ ਜੋ ਉਸਦੀ ਹੋਂਦ ਨੂੰ ਅਮਰ ਤੱਤ ਬਖਸ਼ਦਾ ਹੈ। ਇਸੇ ਸਚਾਈ ਤੇ ਸੁੰਦਰਤਾ ਦੇ ਕਾਰਨ ਹੀ ਭਾਈ ਸਾਹਿਬ ਦੀ ਪਹਿਲੀ ਵਾਰ ਦਾ ਪ੍ਰਭਾਵ ਸਦੀਵੀ ਹੈ ਅਤੇ ਇਸ ਦਾ ਮਾਣ ਸਦਾ ਬਣਿਆ ਰਹੇਗਾ।

'ਸਤਿਗੁਰ ਨਾਨਕ ਪ੍ਰਗਟਿਆ' ਵਾਲੀ ਪਉੜੀ ਇਸ ਵਾਰ ਦੀ ਸਭ ਤੋਂ ਮਸ਼ਹੂਰ ਪਉੜੀ ਹੈ। ਗੁਰਬਾਣੀ ਤੋਂ ਛੁਟ ਸ਼ਾਇਦ ਹੋਰ ਕੋਈ ਵੀ ਪੰਜਾਬੀ ਕਵਿਤਾ ਇਤਿਹਾਸ ਵਿਚ ਇਸ ਦੇ ਬਰਾਬਰ ਗਿਣਤੀ ਵਿਚ ਨਹੀਂ ਆਈ। ਇਸ ਦੀ ਸਰਬ ਪਰਵਾਨਤਾ ਦਾ ਕਾਰਨ ਇਸ ਦੀ ਸਚਾਈ ਹੈ। ਗੁਰਪੁਰਬ ਤੇ ਤਕਰੀਬਨ ਹਰ ਦੇਸ ਪ੍ਰਦੇਸ਼ ਵਿਚ ਇਹ ਪੜ੍ਹੀ ਜਾਂਦੀ ਹੈ।

ਕਵਿਤਾ ਦਾ ਸ਼ਿੰਗਾਰ ਵਿਚਾਰਾਂ ਦੀ ਸੁੰਦਰਤਾ, ਕਲਾ ਦੀ ਸੁੰਦਰਤਾ ਤੇ ਰੂਪ ਦੀ ਸੁੰਦਰਤਾ ਤੇ ਨਿਰਭਰ ਕਰਦਾ ਹੈ। ਵਿਚਾਰ,ਕਲਾ ਤੇ ਰੂਪ ਕਵਿਤਾ ਦਾ ਸ਼ਿੰਗਾਰ ਬਣਦੇ ਹਨ। ਭਾਈ ਗੁਰਦਾਸ ਜੀ ਦੀ ਕਵਿਤਾ ਦੀ ਇਹ ਹੀ ਖੂਬੀ ਹੈ ਕਿ ਉਸ ਵਿਚ ਇਹ ਤਿੰਨੇ ਗੁਣ ਵਿਦਮਾਨ ਹਨ। ਵਿਚਾਰਾਂ ਦੇ ਪੱਖ ਤੋਂ ਕਵਿਤਾ ਭਾਈ ਸਾਹਿਬ ਦੀ ਕਵਿਤਾ ਉਨ੍ਹਾਂ ਦੇ ਜੀਵਨ ਤੇ ਧਰਮ ਦੇ ਅਨੁਕੂਲ ਹੈ ਤੇ ਜੀਵਨ ਦੀਆਂ ਸਹੀ ਲੀਹਾਂ ਵਲ ਤੋਰਦੀ ਹੈ। ਇਸ ਵਾਰ ਵਿਚ ਭਾਈ ਸਾਹਿਬ ਨੇ ਬਾਕੀ ਧਰਮਾਂ ਨਾਲੋਂ ਆਪਣੇ ਧਰਮ ਨੂੰ ਉਚਾ ਦਸਣਾ ਸੀ ਅਤੇ ਉਹ ਆਪਣੇ ਵਿਚ ਸਫਲ ਰਹੇ ਹਨ। ਇਸੇ ਕਰਕੇ ਹੀ ਗੁਰੂ ਅਰਜਨ ਜੀ ਨੇ ਭਾਈ ਸਾਹਿਬ ਦੀਆਂ ਵਾਰਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਕੀ 'ਕੁੰਜੀ' ਕਹਿ ਕੇ ਸਤਿਕਾਰ ਦਿੱਤਾ ਹੈ। ਭਾਈ ਸਾਹਿਬ ਦੀ ਕਵਿਤਾ ਵਿਚ ਦਲੀਲ ਜਜ਼ਬੇ ਦੀ ਬੁਨਿਆਦ ਨੂੰ ਪੱਕਾ ਕਰਦੀ ਹੈ। ਕੋਈ ਵੀ ਗੱਲ ਕਹਿਣ ਲਈ ਪਹਿਲਾਂ ਪਾਠਕ ਜਾਂ ਸਰੋਤੇ ਨੂੰ ਸਮਝਾਣ ਲਈ ਉਸ ਦੀ ਪ੍ਰਿਸ਼ਟ ਭੂਮੀ ਵਲੋਂ ਦਿਮਾਗੀ ਤੌਰ ਤੇ ਤਿਆਰ ਕਰਦੇ ਹਨ। ਜਿਸ ਤਰ੍ਹਾਂ ਗੁਰੂ ਨਾਨਕ ਜੀ ਦੀ ਸ਼ਖਸੀਅਤ ਨੂੰ ਉਘਾੜਨ ਲਈ ਉਸ ਸਮੇਂ ਦੇ ਪ੍ਰਚਲਤ ਮੱਤਾਂ ਅਤੇ ਨਿਘਰੀ ਹੋਈ ਹਾਲਤ ਦਾ ਜ਼ਿਕਰ ਕਰਦੇ ਹੋਏ ਕਹਿੰਦੇ ਹਨ:-

ਉਠੀ ਗਿਲਾਨਿ ਜਗਤ ਵਿਚ
ਵਰਤੇ ਪਾਪ ਭ੍ਰਿਸ਼ਟਿ ਸੰਸਾਰਾ।
ਵਰਨਾ ਵਰਨ ਨ ਭਾਵਈ
ਖਹਿ ਖਹਿ ਜਲਨ ਬਾਂਸ ਅੰਗਿਆਰਾ।
ਨਿੰਦਿਆ ਚਲੈ ਵੇਦ ਕੀ
ਸਮਝਨ ਨਹਿ ਅਗਿਆਨ ਗੁਬਾਰਾ।
ਬੇਦ ਗ੍ਰੰਥ ਗੁਰ ਹਟਿ ਹੈ
ਜਿਸ ਲਗ ਭਵਜਲ ਪਾਰ ਉਤਾਰਾ।
ਸਤਿਗੁਰ ਬਾਝ ਨ ਬੁਝੀਐ
ਜਿਚਰ ਧਰੇ ਨ ਗੁਰ ਅਵਤਾਰਾ।
ਗੁਰ ਪਰਮੇਸ਼ਰ ਇਕ ਹੈ
ਸਚਾ ਸਾਹ ਜਗਤ ਵਣਜਾਰਾ ।

ਚੜ੍ਹੇ ਸੂਰ ਮਿਟ ਜਾਇ ਅੰਧਾਰਾ। (ਪਉੜੀ 17)

ਅਖੀਰਲੀਆਂ ਲਾਈਨਾਂ ਵਿਚ ਦਸਦੇ ਹਨ ਕਿ ਗੁਰੂ ਦੇ ਅਵਤਾਰ ਧਾਰਨ ਨਾਲ ਅਗਿਆਨ ਰੂਪੀ ਅੰਧੇਰਾ ਦੂਰ ਹੋ ਜਾਂਦਾ ਹੈ।

ਰੂਪ ਦੀ ਸੁੰਦਰਤਾ ਇਨ੍ਹਾਂ ਨੇ ਪਉੜੀ ਰੂਪ ਵਰਤ ਕੇ ਲਿਆਂਦੀ ਹੈ। ਭਾਈ ਸਾਹਿਬ ਨੇ ਕਈ ਤਰ੍ਹਾਂ ਦੇ ਅਲੰਕਾਰ ਵਰਤੇ ਹਨ। ਸੋ ਭਾਈ ਗੁਰਦਾਸ ਦੀ ਆਪਣੀ ਨਿਜੀ ਤੇ ਨਿਵੇਕਲੀ ਕਾਵਿ - ਸ਼ੈਲੀ ਅਤਿ ਉੱਤਮ ਕਾਵਿ - ਸ਼ੈਲੀ ਹੈ ਤੇ ਉਹ ਪੰਜਾਬੀ ਦੇ ਸਰਬ ਸ਼੍ਰੋਮਣੀ ਕਵੀਆਂ ਵਿਚ ਗਿਣੇ ਜਾਣ ਦਾ ਹੱਕ ਰਖਦੇ ਹਨ। ਉਨ੍ਹਾਂ ਨੇ ਆਪਣੇ ਬਿਆਨ ਨੂੰ ਸੁਆਦਲਾ ਤੇ ਅਸਰ ਭਰਪੂਰ ਬਨਾਉਣ ਲਈ ਬੜੀ ਢੰਗ - ਸੁਵੰਨਤਾ ਵਰਤੀ ਹੈ। ਭਾਸ਼ਾ ਦੀ ਚੰਗੀ ਜਾਣਕਾਰੀ ਹੋਣ ਕਰਕੇ ਇਨ੍ਹਾਂ ਨੇ ਬੜੇ ਢੁਕਵੇਂ ਸ਼ਬਦ ਵਰਤੇ ਹਨ। ਗੁਰੂ ਸਾਹਿਬਾਂ ਦੀ ਸੰਗਤ ਵਿਚ ਰਹਿਣ ਕਰਕੇ ਅਤੇ ਵਖ ਵਖ ਥਾਵਾਂ ਤੇ ਪ੍ਰਚਾਰ ਲਈ ਜਾਣ ਕਰਕੇ ਭਾਈ ਸਾਹਿਬ ਦੇ ਗਿਆਨ ਵਿਚ ਬਹੁਤ ਵਾਧਾ ਹੋਇਆ। ਉਹਨਾਂ ਦੀ ਵਿਸ਼ਾਲ ਵਾਕਫ਼ੀ ਤੇ ਤਿੱਖੀ ਸੂਝ ਦਾ ਪ੍ਰਮਾਣ ਉਨ੍ਹਾਂ ਦੀ ਰਚਨਾਂ ਵਿਚੋਂ ਡੁਲ੍ਹ ਡੁਲ੍ਹ ਪੈਂਦਾ ਹੈ। ਆਪ ਪਿਛਲੇ ਸਮਿਆਂ ਵਿਚ ਪੰਜਾਬੀ ਕਵਿਤਾ ਦੀ ਲੀਹ ਤੋਰਨ ਵਾਲੇ ਅਦੁੱਤੀ ਕਵੀ ਸਨ। ਇੰਨ੍ਹਾਂ ਨੇ ਨਿਰਾ ਅਧਿਆਤਮਕ ਪੱਖ ਤੋਂ ਹੀ ਨਹੀਂ ਲਿਖਿਆ ਸਗੋਂ ਸੰਸਾਰਕ ਜੀਵਨ ਨੂੰ ਵਧੇਰੇ ਸਾਰਥਕ ਬਨਾਉਣ ਲਈ ਵੀ ਦਲੀਲ ਭਰੇ ਉਪਦੇਸ਼ ਦਿੱਤੇ ਹਨ।

ਭਾਈ ਸਾਹਿਬ ਦੀ ਸ਼ੈਲੀ, ਸ਼ਬਦ ਭੰਡਾਰ, ਕਾਵਿ - ਅਨੁਭਵ, ਕਲਾ ਕੌਸ਼ਲਤਾ ਤੇ ਕਲਾ ਦੀ ਸੁੰਦਰਤਾ ਦਾ ਸਾਕਾਰ ਪਰਗਟਾਵਾ ਹੈ, ਜੋ ਸਫ਼ਲ ਹੈ।

## ਕਾਂਡ ਸੱਤਵਾਂ

ਭਾਈ ਗੁਰਦਾਸ ਦੀ ਪਹਿਲੀ ਵਰ ਵਿਚ ਉਸ ਦੀ ਬੋਲੀ = 138 - 150

****

ਆਧੁਨਿਕ ਪੰਜਾਬੀ ਦਾ ਮੁੱਢਲਾ ਕੇਂਦਰੀ ਰੂਪ ਭਾਈ ਗੁਰਦਾਸ ਦੀ ਪੰਜਾਬੀ ਰਚਨਾਂ ਤੋਂ ਸ਼ੁਰੂ ਹੋ ਗਿਆ ਸੀ। ਗੁਰੂ ਨਾਨਕ ਜੀ ਤੇ ਹੋਰ ਗੁਰੂ ਸਾਹਿਬਾਨ ਦੀ ਰਚਨਾਂ ਵਿਚ ਅਚੇਤ ਰੂਪ ਵਿਚ ਇਸ ਰੁਚੀ ਦਾ ਪ੍ਰਭਾਵ ਜਰੂਰ ਆਇਆ ਪਰ 'ਮਾਝੀ' ਰੰਗਣ ਦੀ ਉਚੇਚ ਰੂਪ ਦੀ ਵਰਤੋਂ ਭਾਈ ਸਾਹਿਬ ਦੀ ਰਚਨਾਂ ਵਿਚ ਹੀ ਮਿਲਦੀ ਹੈ। ਗੁਰੂ ਸਾਹਿਬਾਨ ਦਾ ਅਧਿਆਤਮਕ ਆਦਰਸ਼ ਕਿਸੇ ਸੀਮਤ ਹੱਦ ਤਕ ਹੀ ਮਹਾਨਤਾ ਦਿੰਦਾ ਹੈ। ਇਸ ਲਈ ਗੁਰੂ ਕਾਲ ਦੇ ਕਵੀਆਂ ਵਿਚ ਭਾਈ ਗੁਰਦਾਸ ਦਾ ਵਿਸ਼ੇਸ਼ ਸਥਾਨ ਪ੍ਰਵਾਨ ਕੀਤਾ ਜਾਂਦਾ ਹੈ। ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਭਾਈ ਗੁਰਦਾਸ ਦੀਆਂ ਵਾਰਾਂ ਗੁਰਬਾਣੀ ਦੀ ਕੁੰਜੀ ਹੈ ਤਾਂ ਇਸ ਗੱਲ ਨੂੰ ਸਵੀਕਾਰ ਕਰਦੇ ਹਾਂ ਕਿ ਗੁਰੂ ਸਾਹਿਬ ਦੀ ਰਚਨਾਂ ਵਿਚ ਆਏ ਗੂੜ੍ਹ ਅੰਸ਼ਾਂ ਨੂੰ ਭਾਈ ਸਾਹਿਬ ਨੇ ਸਾਦੇ ਤੇ ਸੁਹਣੇ ਢੰਗ ਨਾਲ ਆਮ ਲੋਕਾਂ ਦੀ ਮਾਨਸਿਕ ਪੱਧਰ ਤਕ ਪਹੁੰਚਾਉਣ ਲਈ ਇਕ ਅਜੇਹੀ ਬੋਲੀ ਨੂੰ ਆਪਣੀ ਰਚਨਾਂ ਦਾ ਮਾਧਿਅਮ ਬਣਾਇਆ ਜੋ ਲੋਕਾਂ ਵਿਚ ਬਿਨਾਂ ਕਿਸੇ ਉਚੇਚ ਦੇ ਸਮਝੀ ਤੇ ਬੋਲੀ ਜਾਂਦੀ ਸੀ ਤੇ ਕੇਂਦਰੀ ਸਥਾਨ ਤੋਂ ਪ੍ਰਭਾਵਿਤ ਸੀ।

ਭਾਈ ਗੁਰਦਾਸ ਦੇ ਸਮਕਾਲੀ ਤੇ ਅਧਿਆਤਮਕ ਗਿਆਨ ਸੰਪੰਨ ਗੁਰੂ ਵਿਅਕਤੀ ਗੁਰੂ ਅਰਜਨ ਦੇਵ ਜੀ ਦੀ ਬੋਲੀ ਵਲ ਜਦੋਂ ਨਜ਼ਰ ਮਾਰਦੇ ਹਾਂ ਤਾਂ ਇਉਂ ਮਹਿਸੂਸ ਹੁੰਦਾ ਹੈ ਕਿ ਉਨ੍ਹਾਂ ਦੇ ਭਾਰਤੀ ਦਰਸ਼ਨ ਦੇ ਡੂੰਘੇ ਅਧਿਐਨ ਤੇ ਭਗਤ ਕਵੀਆਂ ਦੀਆਂ ਰਚਨਾਵਾਂ ਦੇ ਪਠਨ ਪਾਠਣ ਨੇ ਉਨ੍ਹਾਂ ਦੀ ਬੋਲੀ ਤੇ ਸ਼ੈਲੀ ਨੂੰ ਕੁਝ ਹੱਦ ਤਕ ਵਧੇਰੇ ਕਲਾਸਿਕਲ ਰੰਗਣ ਵਾਲੀ ਬਣਾਇਆ ਹੈ। ਉਦਾਹਰਣ ਵਜੋਂ ਉਨ੍ਹਾਂ ਦੀ ਸੁਪ੍ਰਸਿਧ ਰਚਨਾਂ ਸੁਖਮਣੀ ਸਾਹਿਬ ਦੇ ਆਦਿ ਸ਼ਲੋਕ ਅਤੇ ਗੁਰੂ ਨਾਨਕ ਦੇਵ ਜੀ ਦੀ ਰਚਨਾ 'ਜਪੁ' ਸਾਹਿਬ ਦੇ ਆਦਿ, ਮੂਲ ਮੰਤਰ ਤੇ ਸਲੋਕ ਵਿਚਲਾ ਸ਼ੈਲੀ ਤੇ ਬੋਲੀ ਵਾਲੇ ਸੁਭਾਵ ਦਾ ਅੰਤਰ ਪੇਸ਼ ਕੀਤਾ ਜਾ ਸਕਦਾ ਹੈ।

ਭਾਈ ਗੁਰਦਾਸ ਦਾ ਵਧੇਰੇ ਸੰਪਰਕ ਗੁਰੂ ਅਰਜਨ ਦੇਵ ਨਾਲ ਹੀ ਰਿਹਾ। ਉਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਨਾਲ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਵਿਚ ਸਹਾਇਕ ਵਜੋਂ ਕੰਮ ਕੀਤਾ। ਬਾਣੀ ਨੂੰ ਇਕੱਠਾ ਕਰਦੇ ਸਮੇਂ ਤੇ ਬਾਣੀ ਵਿਚੋਂ ਸੱਚੀ ਤੇ ਕੱਚੀ ਬਾਣੀ ਦੀ ਪੁਣਛਾਣ ਕਰਦੇ ਸਮੇਂ ਉਹ ਨਾ ਸਿਰਫ ਗੁਰੂ ਵਿਅਕਤੀਆਂ ਦੀ ਵਿਚਾਰਧਾਰਾ ਤੋਂ ਵਾਕਿਫ ਹੋਏ ਸਗੋਂ ਉਨ੍ਹਾਂ ਦੀ ਵਿਸ਼ੇ ਨਿਰੂਪਣ ਸ਼ੈਲੀ ਤੇ ਬੋਲੀ ਤੋਂ ਵੀ ਚੰਗੀ ਤਰ੍ਹਾਂ ਪ੍ਰੀਚਿਤ ਹੋਏ ਹੋਣਗੇ। ਅਚੇਤ ਰੂਪ ਵਿਚ ਇਨ੍ਹਾਂ ਸਾਰੀਆਂ ਗੱਲਾਂ ਦਾ ਪ੍ਰਭਾਵ ਆਪ ਜੀ ਉਪਰ ਅਵਸ਼ ਪਿਆ ਹੋਵੇਗਾ। ਫਿਰ ਵੀ ਬੋਲੀ ਦੀ ਵਰਤੋਂ ਵਿਚ ਉਹ ਆਪਣੀ ਨਵੇਕਲੀ ਰੰਗਣ ਦਾ ਪ੍ਰਭਾਵ ਦੇ ਸਕੇ, ਇਹੋ ਗੱਲ ਉਨ੍ਹਾਂ ਦੀ ਬੋਲੀ ਦੇ ਪਾਠਕ ਤੇ ਵਿਚਾਰਕ ਨੂੰ ਹੈਰਾਨ ਕਰਦੀ ਹੈ। ਉਨ੍ਹਾਂ ਦੀ ਭਾਸ਼ਾ ਸਾਰੀਆਂ ਪ੍ਰਚੱਲਤ ਮਾਝਿਕ ਭਾਸ਼ਾਵਾਂ ਦਾ ਪ੍ਰਭਾਵ ਗ੍ਰਹਿਣ ਕਰਦੀ ਹੋਈ ਵੀ ਨਵੇਕਲੀ ਬਣੀ

ਰਹਿੰਦੀ ਹੈ।

ਸੋ ਇਨ੍ਹਾਂ ਸਾਰੀਆਂ ਗੱਲਾਂ ਦੇ ਬਾਵਜੂਦ ਇਸ ਉਤਮ ਕਲਾਕਾਰ ਦੀ ਰਚਨਾਂ ਵਿਚ ਗੁਰੂ ਵਿਅਕਤੀਆਂ ਨਾਲੋਂ ਬੋਲੀ ਦੇ ਨਿਖੜਵੇਂ ਲੱਛਣ ਦ੍ਰਿਸ਼ਟੀਗੋਚਰ ਹੁੰਦੇ ਹਨ ਜੋ ਆਪਣੇ ਰੂਪ ਵਿਚ ਪੰਜਾਬੀ ਲਹਿਜੇ ਤੇ ਸੁਭਾ ਦੇ ਵਧੇਰੇ ਨੇੜੇ ਹਨ। ਉਸ ਸਮੇਂ ਦੀਆਂ ਪ੍ਰਚੱਲਤ ਸਾਹਿੱਤਕ ਭਾਸ਼ਾਵਾਂ ਜਿਵੇਂ ਬ੍ਰਜੀ, ਸੰਤ ਭਾਖਾ ਤੇ ਫ਼ਾਰਸੀ ਦਾ ਵੀ ਪ੍ਰਭਾਵ ਆਪ ਦੀ ਰਚਨਾਂ ਵਿਚ ਜ਼ਰੂਰ ਨਜ਼ਰ ਆਉਂਦਾ ਹੈ ਪਰ ਸਮੁੱਚਾ ਪ੍ਰਭਾਵ ਇਸ ਤਰ੍ਹਾਂ ਦਾ ਬਣ ਜਾਂਦਾ ਹੈ ਕਿ ਉਪਰੀਆਂ ਭਾਸ਼ਾਵਾਂ ਦੇ ਸ਼ਬਦ ਵੀ ਓਪਰੇ ਨਹੀਂ ਭਾਸਦੇ। ਸੰਤ ਸਿੰਘ ਸੇਖੋਂ ਨੇ ਸ਼ਾਇਦ ਇਨ੍ਹਾਂ ਗੱਲਾਂ ਕਰਕੇ ਹੀ ਭਾਈ ਗੁਰਦਾਸ ਦੀ ਬੋਲੀ ਨੂੰ ਅਜੋਕੀ ਪੰਜਾਬੀ ਬੋਲੀ ਦੀ 'ਮੂੰਹੀ' ਆਖਿਆ ਹੈ। ਇਸ ਰੂਪ ਸਮਾਨਤਾ ਅਤੇ ਠੇਠਤਾ ਦੇ ਕਾਰਨਾਂ ਦਾ ਜ਼ਿਕਰ ਕਰਦੇ ਹੋਏ ਸੰਤ ਸਿੰਘ ਸੇਖੋਂ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟਾਉਂਦੇ ਹਨ:-

1. ਇਸ ਦਾ ਮੁਹਾਵਰਾ ਮਾਝੇ ਵਾਲਾ ਹੈ। ਜਦੋਂ ਕਿ ਉਸ ਸਮੇਂ ਸਿੱਖ ਗੁਰੂ ਸਾਹਿਬਾਨ ਅਤੇ ਮੁਸਲਮਾਨ ਸਾਹਿੱਤਕਾਰਾਂ ਦੀ ਪੰਜਾਬੀ ਦਾ ਮੁਹਾਵਰਾ ਸੰਤ ਭਾਖਾ ਵਾਲਾ ਹੈ ਤੇ ਜਾਂ ਲਹਿੰਦੀ ਪੰਜਾਬੀ ਵਾਲਾ ਹੈ।

2. ਭਾਈ ਸਾਹਿਬ ਦੀਆਂ ਵਾਰਾਂ ਦਾ ਵਿਸ਼ਾ ਵਧੇਰੇ ਕਰਕੇ ਵਰਣਨਾਤਮਕ ਹੈ। ਗੁਰਬਾਣੀ ਦਾ ਵਧੇਰੇ ਗਗਾਤਮਕ ਤੇ ਦਾਰਸ਼ਨਿਕ ਹੈ।

3. 'ਗੁਰਬਾਣੀ ਦਾ ਵਿਸ਼ੇ ਵਧੇਰੇ ਕਰਕੇ ਸੂਖਮ ਵਿਚਾਰ ਹਨ ਵਾਰਾਂ ਦਾ ਸਥੂਲ। ਵਸਤੂਆਂ ਦੇ ਅਲੰਕਾਰ ਕਿਤੇ ਧਰਤੀ ਦੀ ਨਿਮਰਤਾ, ਪਾਣੀ ਦਾ ਸਰਬੰਗੀ ਹੋਣਾ, ਤੁੰਮੇ ਦੀ ਕੁੜੱਤਣ, ਕਮਾਦ ਦੀ ਮਿਠਾਸ, ਸੋਹਣੀ ਮਹੀਵਾਲ ਤੇ ਹੀਰ ਰਾਂਝੇ ਦੀ ਮਿਸਾਲ ਆਦਿ ਦੇ ਦ੍ਰਿਸ਼ਟਾਂਤ ਹਨ। ਇਹ ਦ੍ਰਿਸ਼ਟਾਂਤ ਸਾਧਾਰਣ ਬੁੱਧੀ ਹੀ ਨਹੀਂ ਸਾਧਾਰਣ ਬੋਲੀ ਦੇ ਘੇਰੇ ਵਿਚ ਰਹਿੰਦੇ ਹਨ। ਇਸ ਲਈ ਸੁਭਾਵਕ ਹੀ ਉਹਨਾਂ ਦੀ ਬੋਲੀ ਦਾ ਮੁਹਾਵਰਾ ਜੀਵਨ ਦੇ ਨਜ਼ਦੀਕ ਰਹਿੰਦਾ ਹੈ।

4. ਭਾਈ ਸਾਹਿਬ ਦਾ ਵਰਨਣ ਵਧੇਰੇ ਵਿਵਹਾਰਕ ਹੈ। ਇਸ ਦਾ ਸਬੰਧ ਸਦਾਚਾਰ ਨਾਲ ਵੀ ਹੈ। ਅਧਿਆਤਮਕ ਵਿਚਾਰ ਧਾਰਾ ਵੀ ਹੈ। ਪਰ ਅਜਿਹੀ ਨਹੀਂ ਜੇਹੀ ਜਪੁ ਜਾਂ ਸੁਖਮਣੀ ਸਾਹਿਬ ਦੀ ਹੈ। ਭਾਈ ਗੁਰਦਾਸ ਦਾ ਵਾਹਿਗੁਰੂ ਅਭਾਵਾਤਮਕ ਅਲੰਕਾਰਾਂ ਦਾ ਇਕ ਸਿਲਸਲਾ ਹੈ। ਭਾਈ ਗੁਰਦਾਸ ਵਿਚ ਵਾਹਿਗੁਰੂ ਦੀ ਭਾਵਾਤਮਕ ਰੂਪ 'ਗੁਰੂ' ਹੈ। ਉਨ੍ਹਾਂ ਦਾ ਜ਼ੋਰ ਗੁਰੂ ਭਗਤੀ ਉਪਰ ਹੈ ਵਿਸ਼ੇਸ਼ ਕਰਕੇ ਸਿੱਖ ਗੁਰੂ ਸਾਹਿਬਾਨ। ਸੋ ਇਸ ਭਗਤੀ ਵਰਨਣ ਵਿਚ ਕਿਸੇ ਗੂੜ੍ਹ ਜਾਂ ਸੂਖਮ ਵਿਚਾਰ ਦੀ ਲੋੜ ਨਹੀਂ ਪੈਂਦੀ। ਵਿਚਾਰਾਂ ਦੀ ਇਹ ਸਾਦਗੀ ਤੇ ਸਰਲਤਾ ਵਿਚ ਹੀ ਭਾਈ ਸਾਹਿਬ ਦੀ ਬੋਲੀ ਦੇ ਨਿਰਮਲ ਤੇ ਸਰਲ ਹੋਣ ਦਾ ਭੇਦ ਹੈ।

ਭਾਈ ਸਾਹਿਬ ਦੀਆਂ ਵਾਰਾਂ ਦਾ ਛੰਦ- ਪ੍ਰਬੰਧ ਵੀ ਪੰਜਾਬੀ ਲੋਕ ਜੀਵਨ ਦੇ ਵਧੇਰੇ ਨੇੜੇ ਹੈ। ਜੇ ਬੋਲੀ ਦੀ ਵਰਤੋਂ ਨੂੰ ਦੇਖੀਏ ਤਾਂ ਪਹਿਲੀ ਵਾਰ ਵਿਚ

ਭਾਈ ਸਾਹਿਬ ਨੇ ਫਾਰਸੀ, ਸੰਸਕ੍ਰਿਤ, ਸੰਤ ਭਾਖਾ, ਸਥਾਨਕ ਬੋਲੀ ਆਦਿ ਸਭ ਦੇ ਸ਼ਬਦ ਵਰਤੇ ਹਨ। ਬਾਹਰੋਂ ਪ੍ਰਾਪਤ ਕੀਤੇ ਸ਼ਬਦਾਂ ਦੇ ਦੋਵੇਂ ਰੂਪ ਮਿਲਦੇ ਹਨ ਤਤਸਮ ਵੀ ਤੇ ਤਦਭਵ ਵੀ। ਇਉਂ ਮਹਿਸੂਸ ਹੁੰਦਾ ਹੈ ਕਿ ਭਾਈ ਸਾਹਿਬ ਬਾਹਰੋਂ ਲਏ ਸ਼ਬਦ ਦੀ ਵਰਤੋਂ ਕਰਦੇ ਸਮੇਂ ਕਿਸੇ ਵਿਤਕਰੇ ਵਾਲੀ ਭਾਵਨਾਂ ਦਾ ਪ੍ਰਗਟਾਵਾ ਨਹੀਂ ਕਰਦੇ ਸਗੋਂ ਸ਼ਬਦ ਦੇ ਪ੍ਰਭਾਵ, ਸ਼ਬਦ ਦੀ ਬਣਤਰ, ਇਸ ਦੇ ਪ੍ਰਚੱਲਤ ਰੂਪ, ਕਾਵਿਕ ਸੁਭਾ ਵਿਚ ਢੁਕਵਾਂ ਪਨ ਅਤੇ ਸਮੇਂ ਸਥਾਨ ਦੀ ਵਰਤੋਂ ਅਨੁਸਾਰ ਨਰੋਏਪਣ ਨੂੰ ਦੇਖ ਭਾਲ ਕੇ ਲੈਂਦੇ ਹਨ। ਤਾਂ ਹੀ ਸ਼ਬਦ ਵਿਚ ਸੁੰਦਰਤਾ ਲੌਚਕ ਅਤੇ ਸੁਭਾਵਿਕਤਾ ਭਰੀ ਹੋਈ ਮਹਿਸੂਸ ਹੁੰਦੀ ਹੈ। ਇਸ ਵਾਰ ਵਿਚ ਭਾਰਤੀ ਅਤੇ ਸਾਮੀ ਦਰਸ਼ਨ ਨੂੰ ਬਿਆਨਣ ਲਈ ਸ਼ਬਦਾਵਲੀ ਦਾ ਰੂਪ ਉਹ ਹੀ ਰੱਖਿਆ ਹੈ ਜੋ ਭਾਰਤੀ ਦਰਸ਼ਨ ਵਿਚ ਹੈ, ਪਰ ਕਿਤੇ 2 ਸੂਖਮ ਤਬਦੀਲੀ ਕਰਕੇ ਸਾਰੇ ਪ੍ਰਭਾਵ ਨੂੰ ਤੀਖਣ ਤੇ ਸਾਦਗੀ ਵਾਲਾ ਬਣਾ ਦਿੱਤਾ ਹੈ। ਭਾਰਤੀ ਮਤ ਮਤਾਂਤਰਾਂ ਦੇ ਵਰਨਣ ਪਿੱਛੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਗਮਨ ਉਨ੍ਹਾਂ ਦਾ ਕਰਮ ਖੇਤਰ ਵਿਚ ਪ੍ਰਵੇਸ਼ ਦਾ ਜ਼ਿਕਰ ਹੈ। ਉਨ੍ਹਾਂ ਦੀਆਂ ਧਰਮ ਦੇ ਆਗੂਆਂ ਨਾਲ ਮੁਲਾਕਾਤ ਅਤੇ ਜਿੱਤਾਂ ਦਾ ਵਰਨਣ ਜਦੋਂ ਆਉਂਦਾ ਹੈ ਤਾਂ ਪਹਿਲਾਂ ਆਏ ਕਰੁਣਾਂ ਦਾ ਚਿੱਤਰ ਪਿੱਛੋਂ ਫਿਰ ਧੀਰਜ ਤੇ ਠਰੰਮੇ ਦਾ ਇਹਸਾਸ ਹੁੰਦਾ ਹੈ। ਫਿਰ ਸੰਘਰਸ਼ ਦਾ, ਇਸ ਤੋਂ ਪਿੱਛੋਂ ਜੋਸ਼ੀਲੇਪਨ ਦਾ ਤੇ ਅਖੀਰ ਤੇ ਗੰਭੀਰਤਾ ਦਾ ਅਨੁਭਵ ਹੁੰਦਾ ਹੈ। ਇਹ ਖੂਬਸੂਰਤੀ ਸ਼ਬਦਾਵਲੀ ਦੀ ਸਯੋਗ ਵਰਤੋਂ ਕਾਰਣ ਉਪਜੀ ਲਗਦੀ ਹੈ।

ਸਾਰੀ ਵਾਰ ਵਿਚ ਸੰਜਮ, ਸੰਖੇਪਤਾ ਤੇ ਸੁਹਿਰਦਤਾ ਦਾ ਰੂਪ ਉਘੜਵੇਂ ਰੂਪ ਵਿਚ ਪ੍ਰਗਟ ਹੋਇਆ ਹੈ। ਭਾਈ ਗੁਰਦਾਸ ਜੀ ਨੇ ਜੋ ਸ਼ਬਦ ਬਾਹਰੋਂ ਲਏ ਹਨ, ਉਨ੍ਹਾਂ ਨੂੰ ਨਿਯਮਾਂ ਅਨੁਸਾਰ ਬਦਲਿਆ ਹੈ। ਆਮ ਤੌਰ ਤੇ ਉਸੇ ਤਰ੍ਹਾਂ ਦਾ ਰੂਪ ਹੀ ਰੱਖਿਆ ਹੈ ਜਿਸ ਤਰ੍ਹਾਂ ਦਾ ਗੁਰਬਾਣੀ ਵਿਚ ਮਿਲਦਾ ਹੈ।

ਇਕ ਨਿਯਮ ਅਨੁਸਾਰ ਸ਼ਬਦ ਦਾ ਮੱਧ ਵਰਤੀ ਵਿਅੰਜਨ ਸਵਰ ਵਿਚ ਬਦਲ ਜਾਂਦਾ ਹੈ। ਉਦਾਹਰਣ ਵਜੋਂ: -

1. ਪਵਣ - ਪਉਣ (2/ 3)

" ਪਉਣ ਪਾਨੀ ਬੈਸੰਤਰੋ ਚਉਥੀ ਧਰਤੀ ਸੰਗ ਮਿਲਾਈ"

2. ਆਵਾ ਗਵਣ - ਆਵਾਗਉਣ(2/ 6)

"ਖਾਣੀ ਬਾਣੀ ਚਲਿਤੁ ਕਰ ਆਵਾ ਗਉਣ ਚਰਿਤੁ ਦਿਖਾਈ"।

3. ਅਵਤਾਰ - ਅਉਤਾਰ(18/1)

"ਕਲਿਜੁਗਿ ਬੋਧੁ ਅਉਤਾਰੁ ਹੈ ਬੋਧ ਅਬੋਧਨ ਦ੍ਰਿਸਟੀ ਆਵੈ। "

4. ਅਵਧ - ਅਉਧ( 6/3)

"ਦੁਆਪਰਿ ਜਾਦਵ ਵੇਸ ਕਰਿ ਜੁਗਿ ਜੁਗਿ ਅਉਧ ਘਟੈ ਆਚਾਰਾ"।

5. ਅਵਸਰ - ਅਉਸੁਰ (15/8)

"ਅਉਸੁਰ ਚੁਕਾ ਹਥਨ ਨਾ ਆਵੈ "

ਅੰਤਲੇ ਵਿਅੰਜਨ ਨੂੰ ਪੰਜਾਬੀ ਰੂਪ ਵਿਚ ਢਾਲਦੇ ਹੋਏ ਸਵਰ ਵਿਚ ਬਦਲ ਲਿਆ ਜਾਂਦਾ ਹੈ।

1. ਬੀਜ - ਬੀਉ (1/8 )

"ਜੇਹਾ ਬੀਉ ਤੇਹਾ ਫਲੁ ਪਾਇਆ।"

ਸਵਰ ਆਗਮ ਵੀ ਕਈ ਵਾਰੀ ਕਰ ਲਿਆ ਜਾਂਦਾ ਹੈ। ਪੰਜਾਬ ਭਾਸ਼ਾ ਦਾ ਇਹ ਵਿਸ਼ੇਸ਼ ਲੱਛਣ ਵੀ ਭਾਈ ਸਾਹਿਬ ਦੀ ਇਸ ਵਾਰ ਵਿਚ ਵੇਖਣ ਵਿਚ ਆਇਆ ਹੈ:-

1. ਪ੍ਰਥਮ - ਪ੍ਰਿਥਮੇ (2/ 1)

"ਪ੍ਰਿਥਮੈ ਸਾਸ ਨ ਮਾਸ ਸਨ ਅੰਧ ਧੁੰਧ ਕਛੁ ਖਬਰ ਨ ਪਾਈ"।

2. ਸਨਾਨ - ਇਸ਼ਨਾਨ (14/8)

"ਨਾਮ ਦਾਨ ਇਸਨਾਨ ਸੁਭਾਈ"

ਪੰਜਾਬੀ ਵਿਚ ਸੰਯੁਕਤ ਰੂਪ ਵਾਲੇ ਅੱਖਰ ਕਸ਼ ਨੂੰ ਪੰਜਾਬੀ ਵਿਚ 'ਖ' ਕਰਕੇ ਵੀ ਅਤੇ ਛ ਕਰਕੇ ਵੀ ਬਦਲ ਲਿਆ ਜਾਂਦਾ ਹੈ।

1. ਕਸ਼ਤਰੀ - ਛਤਰੀ (6/1)

"ਤ੍ਰੇਤੇ ਛਤ੍ਰੀ ਰੂਪ ਧਰਿ ਸੂਰਜ ਬੰਸੀ ਵਡਿ ਅਵਤਾਰਾ"।

2. ਲਕਸ਼ਮੀ - ਲਛਮੀ (39/3)

"ਲਗੀ ਬਰਸਣਿ ਲਛਮੀ ਰਿਧਿ ਸਿਧਿ ਨਉ ਨਿਧਿ ਸਵਾਈ।"

3. ਪਕਸ਼ੀ - ਪੰਖੀ (41/5)

"ਇਕਿ ਪਰਿ ਕਰਿਕੈ ਉਡਰਹਿ ਪੰਖੀ ਜਿਵੈ ਰਹੀ ਲੀਲਾਈ।"

ਪੰਜਾਬੀ ਵਿਚ ਸੰਸਕ੍ਰਿਤ ਯ ਨੂੰ ਜ ਵਿਚ ਬਦਲਨ ਦੀ ਰੁਚੀ ਪ੍ਰਾਕ੍ਰਿਤਾਂ ਤੋਂ ਚਲੀ ਆ ਰਹੀ ਹੈ।

1. ਸਤਿਯੁਗ - ਸਤਿਜੁਗਿ (13/6)

"ਸਤਿਜੁਗਿ ਕਾ ਅਨਿਆਇ ਸੁਣਿ ਇਕ ਫੇੜੇ ਸਭੁ ਜਗਤ ਮਰਾਵੈ "

2. ਯਾਦਵ - ਜਾਦਵ (6/ 3)

"ਦੁਆਪਰਿ ਜਾਦਵ ਵੇਸ ਕਰਿ ਜੁਗਿ ਜੁਗਿ ਅਉਧ ਘਟੈ ਆਚਾਰਾ"।

3. ਯਜੁਰ - ਜਜੁਰ (6/5 )

"ਖਤ੍ਰੀ ਥਾਪੇ ਜਜੁਰੁ ਵੇਦਿ ਦਖਣ ਮੁਖ ਬਹੁ ਦਾਨ ਦਾਤਾਰਾ"।

4. ਯਮ - ਜਮ (1/ 5)

"ਜਮਦੰਡ ਸਿਰੋਂ ਨਾ ਉਤਰੈ ਸਾਕਤ ਦੁਰਜਨ ਜਨਮੁ ਗਵਾਇਆ"

ਵ, ਬ ਵਿਚ ਬਦਲ ਜਾਂਦਾ ਹੈ:-

1. ਵੇਦ - ਬੇਦ (6/4)

"ਰਿਗ ਬੇਦ ਮਹਿ ਬ੍ਰਹਮ ਕ੍ਰਿਤਿ ਪੂਰਬ ਮੁਖਿ ਸੁਭ ਕਰਮ ਬਿਚਾਰਾ।"

2. ਵਡ - ਬਡ ( 6/ 1)

"ਤ੍ਰੇਤੇ ਛਤ੍ਰੀ ਰੂਪ ਧਰਿ ਸੂਰਜ ਬੰਸੀ ਬਡਿ ਅਵਤਾਰਾ"

ਸੰਸਕ੍ਰਿਤ ਤੋਂ ਆਏ ਸ਼ਬਦਾਂ ਨੂੰ ਪੰਜਾਬੀ ਵਿਚ ਅਪਨਾਉਂਦੇ ਹੋਏ ਉਸ ਦੀ ਅੰਤਲੀ ਸਿਹਾਰੀ ਨੂੰ ਜਾਂ ਤਾਂ ਬਿਹਾਰੀ ਵਿਚ ਬਦਲ ਦਿੱਤਾ ਜਾਂਦਾ ਹੈ ਜਾਂ ਲੋਪ ਕਰ ਦਿੱਤਾ ਜਾਂਦਾ ਹੈ ਤੇ ਜਾਂ ਫਿਰ ਸਿਹਾਰੀ ਲਿਖਣੇ ਵੀ ਉਸ ਦੀ ਸਵਰਧੁਨੀ ਦਾ ਉਚਾਰਣ ਨਹੀਂ ਕੀਤਾ ਜਾਂਦਾ। ਭਾਈ ਸਾਹਿਬ ਨੇ ਇਸ ਸਿਹਾਰੀ ਦਾ ਦੀਰਘੀਕਰਣ ਘਟ ਹੀ ਕੀਤਾ ਹੈ। ਇਸ ਨੂੰ ਉਸੇ ਹੀ ਸਥਿਤੀ ਵਿਚ ਰਹਿਣ ਦਿੱਤਾ ਹੈ ਜਿਸ ਸਥਿਤੀ ਵਿਚ ਇਹ ਆਪਣੇ ਮੂਲ ਸੋਮੇ ਵਿਚ ਹੈ ਕਿਉਂਕਿ ਗੁਰਬਾਣੀ ਵਿਚ ਵੀ ਇਵੇਂ ਹੀ ਪ੍ਰਚਲਤ ਸੀ। ਕਿਤੇ ਕਿਤੇ ਲੋਪ ਕਰਨ ਦੀਆਂ ਉਦਾਹਰਣਾਂ ਜ਼ਰੂਰ ਮਿਲ ਜਾਂਦੀਆਂ ਹਨ:-

" ਕਵਿ, ਵਿਚਿ, ਕਰਿ, ਸੁਣਿ, ਮੁਖਿ, ਖਟਿ, ਬਿਧਿ, ਕੋਟਿ, ਸੰਮਤਿ,
ਸਿਮਰਤਿ, ਗੁਨਿ, ਰਿਖਿ, ਤ੍ਰਿਪਤਿ।

ਸਿਹਾਰੀ ਦਾ ਦੀਰਘੀਕਰਣ ਵੀ ਕੀਤਾ ਮਿਲਦਾ ਹੈ:-

1. ਦੇਹਿ - ਦੇਹੀ (3/1)
2. ਬਿਧਿ - ਬਿਧੀ
3. ਮੁਕਤਿ - ਮੁਕਤੀ
4. ਜੋਨਿ - ਜੋਨੀ (15/3)

ਜੁੜਵੇਂ ਅੱਖਰ (ਸੰਯੁਕਤ ਵਿਅੰਜਨ) ਵਾਲੇ ਸ਼ਬਦ ਰੂਪ ਨੂੰ ਪੰਜਾਬੀ ਲਹਿਜੇ ਵਿਚ ਢਾਲਣ ਲਈ ਅਰਧ - ਵਿਅੰਜਨ ਦਾ ਲੋਪ ਵੀ ਕਰ ਦਿੱਤਾ ਹੈ।

1. ਜਗਤ੍ਰ - ਜਗਤ (17/7)
2. ਬ੍ਰਾਹਮਣ - ਬਾਹਮਣ (21/7)
3. ਤੰਤ੍ਰ ਮੰਤ੍ਰ - ਤੰਤ ਮੰਤ (19/6)
4. ਸਾਸ - ਸਾਸ (2/ 1)

ਸੰਸਕ੍ਰਿਤ ਵਿਚੋਂ ਆਏ ਸ਼ਬਦ ਦਾ ਮਧਵਰਤੀ 'ਵਿਅੰਜਨ' 'ਕ' ਪੰਜਾਬੀ ਵਿਚ ਆਮ ਕਰਕੇ 'ਗ' ਵਿਚ ਬਦਲ ਲਿਆ ਜਾਂਦਾ ਹੈ। ਭਾਈ ਸਾਹਿਬ ਨੇ ਵੀ ਇਵੇਂ ਹੀ ਕੀਤਾ ਹੈ:-

1. ਸਕਲ - ਸਗਲ (25/4)
2. ਭਕਤਿ - ਭਗਤਿ (1 / 7)

ਸੰਸਕ੍ਰਿਤ ਦੇ ਸੰਯੁਕਤ ਵਿਅੰਜਨ 'ਸਤ' ਨੂੰ ਪੰਜਾਬੀ ਵਿਚ 'ਥ' ਕਰ ਦੇਣ ਦੀ ਰੁਚੀ ਹੈ। ਭਾਈ ਸਾਹਿਬ ਨੇ ਆਪਣੀਆਂ ਵਾਰਾਂ ਵਿਚ 'ਥ' ਹੀ ਬਣਾਇਆ ਹੈ:-

| | | | |
|---|---|---|---|
| 1. ਵਿਸਤਾਰ | - | ਵਿਥਾਰ | (43/5) |
| 2. ਵਸਤ | - | ਵੱਥ | (42/3) |
| 3. ਹਸਤ | - | ਹੱਥ | (15/8) |

ਇਉਂ ਮਹਿਸੂਸ ਹੁੰਦਾ ਹੈ ਜਿਵੇਂ ਕਿ ਉਪਰੋਕਤ ਨਿਯਮਾਂ ਨੂੰ ਪਿਛਲੇ ਲੇਖਕਾਂ ਨੇ ਗੁਰਬਾਣੀ ਅਤੇ ਭਾਈ ਗੁਰਦਾਸ ਦੀਆਂ ਰਚਨਾਵਾਂ ਨੂੰ ਸਨਮੁਖ ਰਖਕੇ ਹੀ ਅਪਣਾਇਆ ਹੈ ਜੋ ਹੁਣ ਤਕ ਪ੍ਰਚਲਤ ਹਨ ਸਗੋਂ ਪੱਕੇ ਤੌਰ ਤੇ ਅਪਣਾਏ ਜਾ ਚੁੱਕੇ ਹਨ ਤੇ ਅਧੁਨਿਕ ਪੰਜਾਬੀ ਦਾ ਅਨਿਖੜਵਾਂ ਅੰਗ ਬਣ ਚੁੱਕੇ ਹਨ।

ਭਾਈ ਗੁਰਦਾਸ ਨੇ ਕਵਿੱਤਾ ਦੀ ਤੇਜ ਰਵਾਨੀ ਨੂੰ ਮੁਖ ਰਖ ਕੇ ਕਈ ਵਾਰੀ ਇਕੋ ਸ਼ਬਦ ਦੇ ਕਈ ਕਈ ਰੂਪ ਵਰਤੇ ਹਨ। ਇਹ ਰੂਪ ਤਤਸਮ ਵੀ ਹਨ ਤੇ ਤਦਭਵ ਵੀ। ਮੁਖ ਗੱਲਾਂ ਆਪਣੇ ਵਿਸ਼ੇ ਦਾ ਨਿਰੂਪਣ ਹੈ। ਬੋਲੀ ਦਾ ਖਿਲਵਾੜ ਨਹੀਂ। ਇਹ ਸ਼ਬਦਾਂ ਦੀ ਅਸਚਰਜ ਰੂਪ ਵਾਲੀ ਵਰਤੋਂ ਬਹੁਤ ਆਂਈਂ ਹੋਈ ਹੈ। ਮੂਲ ਬੋਲੀ ਦਾ ਪਦ ਵੀ ਤੇ ਢਲੀ ਹੋਈ ਸੂਰਤ ਵਾਲਾ ਸ਼ਬਦ ਵੀ ਕਈ ਵਾਰੀ ਇਕ ਪਉੜੀ ਵਿਚ ਮਿਲ ਜਾਂਦੇ ਹਨ:-

ਦੋ ਰੂਪਾਂ ਵਾਲੇ ਕੁਝ ਸ਼ਬਦ ਇਸ ਪ੍ਰਕਾਰ ਹਨ:-

| | | |
|---|---|---|
| ਵੇਦ | - | ਬੇਦ |
| ਸੂਰਜ | - | ਸੂਰ |
| ਤੰਤ੍ਰ ਮੰਤ੍ਰ | - | ਤੰਤ ਮੰਤ |
| ਬ੍ਰਹਮਣ | - | ਬਾਹਮਣ |
| ਕਿਰਤਿ | - | ਕਿਰਤ |
| ਅਵਤਾਰ | - | ਅਉਤਾਰ |
| ਵਡ | - | ਬਡ |
| ਮਧ | - | ਮਧਨ |
| ਤ੍ਰਿਹੁ | - | ਤ੍ਰੈ, ਤੇਹੁ |
| ਦੇਹਿ | - | ਦੇਹ, ਦੇਹੀ |
| ਪਾਂਚ ਤਤ | - | ਪੰਚ ਤਤ, ਪੰਜ ਤਤ |
| ਕਰੋੜਿ | - | ਕੋਟਿ |
| ਕਤੇਬ | - | ਕੁਤਬ |

| | | |
|---|---|---|
| ਖਤ੍ਰੀ | - | ਛਤ੍ਰੀ |
| ਜਗਤ | - | ਜਗਤ੍ਰ |
| ਫਿਰਿ | - | ਫੇਰਿ |
| ਕਲਿਜੁਗ | - | ਕਲਿ |
| ਪ੍ਰਿਥਵੀ | - | ਪਿਰਥਮੀ |
| ਅਪਸਰਾ | - | ਅਪਛਰਾ |
| ਪਾਖੰਡ | - | ਪਾਖੰਡਿ |

ਜਿਵੇਂ ਕਿ ਅਸੀਂ ਪਹਿਲੇ ਜ਼ਿਕਰ ਕਰ ਆਏ ਹਾਂ, ਭਾਈ ਸਾਹਿਬ ਨੇ ਆਪਣੇ ਵਿਸ਼ਾਲ ਅਨੁਭਵ ਵਿਚ ਆਏ ਦੂਸਰੀਆਂ ਭਾਸ਼ਾਵਾਂ ਦੇ ਸ਼ਬਦਾਂ ਨੂੰ ਵੀ ਗ੍ਰਹਿਣ ਕੀਤਾ ਹੈ, ਇਸ ਸਬੰਧ ਵਿਚ ਸੰਸਕ੍ਰਿਤ ਦਾ ਜ਼ਿਕਰ ਜ਼ਰੂਰੀ ਬਣਦਾ ਹੈ। ਭਾਈ ਸਾਹਿਬ ਇਸ ਗੱਲ ਤੋਂ ਭਲੀ ਭਾਂਤ ਜਾਣੂ ਸਨ ਕਿ ਵੈਦਿਕ ਸੰਸਕ੍ਰਿਤ ਦੀ ਸ਼ਬਦਾਵਲੀ ਉਨ੍ਹਾਂ ਦਾ ਪਿਤਰੀ ਧਨ ਹੈ ਤੇ ਪਿਤਰੀ ਧਨ ਦੀ ਲੋੜ ਮੂਜਬ ਵਰਤੋਂ ਅਯੋਗ ਨਹੀਂ ਹੁੰਦੀ। ਵੈਸੇ ਵੀ ਮਹਾਂ ਕਵੀ ਪ੍ਰਚੱਲਤ ਭਾਸ਼ਾ ਨਾਲ ਆਪਣੇ ਮੰਤਵ ਵਿਚ ਸਫਲਤਾ ਨਹੀਂ ਪ੍ਰਾਪਤ ਕਰ ਸਕਦਾ। ਭਾਈ ਸਾਹਿਬ ਸੰਸਕ੍ਰਿਤ ਦੇ ਗਿਆਤਾ ਸਨ। ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਕਰਤਾ ਨੇ ਆਪਣੀ ਰਚਨਾਂ ਵਿਚ ਭਾਈ ਗੁਰਦਾਸ ਦੇ ਪੰਜ - ਛੇ ਨਿਰੋਲ ਸੰਸਕ੍ਰਿਤ ਦੇ ਸ਼ਲੋਕ ਵੀ ਦਰਜ ਕੀਤੇ ਹਨ। ਸੋ ਇਸ ਤਰ੍ਹਾਂ ਨਾਲ ਭਾਈ ਸਾਹਿਬ ਦੀਆਂ ਵਾਰਾਂ ਵਿਚ ਸੰਸਕ੍ਰਿਤ ਸ਼ਬਦਾਵਲੀ ਦਾ ਆ ਜਾਣਾ ਕੋਈ ਅਣਹੋਣੀ ਗੱਲ ਨਹੀਂ ਸੀ। ਪਹਿਲੀ ਵਾਰ ਵਿਚ ਭਾਰਤੀ ਦਰਸ਼ਨ ਦੇ ਵੱਖ ਵੱਖ ਅੰਗਾਂ ਪ੍ਰਤਿਅੰਗਾਂ ਦਾ ਜ਼ਿਕਰ ਹੈ। ਸੋ ਉਸ ਜ਼ਿਕਰ ਨਾਲ ਸਬੰਧਤ ਸੰਸਕ੍ਰਿਤ ਸ਼ਬਦਾਵਲੀ ਆਈ ਹੈ। ਉਦਾਹਰਣ ਵਜੋਂ ਹੇਠ ਲਿਖੇ ਸ਼ਬਦ ਪੇਸ਼ ਕੀਤੇ ਜਾ ਸਕਦੇ ਹਨ:-

| | | |
|---|---|---|
| ਤੰਤ੍ਰ ਮੰਤ੍ਰ | ਅਵਤਾਰ | ਬ੍ਰਹਮ |
| ਵਯੋਗ | ਸੋਹੰ | ਦੁਰਜਨ |
| ਰਕਤ | ਕਿਰਤ ਵਿਰਤ | ਚਰਣਾਮ੍ਰਿਤ |
| ਕਰਤ | ਵਰਨਾਵਰਣ | ਕਾਲੀਕਾਲ |
| ਤਪਸਯਾ | ਸਾਧਕ | ਆਕਾਸ਼ |
| ਆਸ਼੍ਰਮ | ਕੋਟਿ | ਕਲਾ |
| ਪਾਤਾਲ | ਰਸਾਤਲ | ਅਸੁਰ |
| ਸੁਰ | ਅਗੋਚਰ | ਨਮਸਕਾਰ |
| ਗੁਰਦੇਵ | ਤ੍ਰਿਭਵਨ | ਕਲਿਯੁਗ |

ਉਪਰੋਕਤ ਸ਼ਬਦ ਸਾਦਗੀ ਭਰੇ ਹਨ, ਕਠਨ ਨਹੀਂ ਤੇ ਪੰਜਾਬੀ ਵਿਚ ਰਚੇ ਮਿਚੇ ਭਾਸਦੇ ਹਨ। ਇਥੇ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਭਾਈ ਸਾਹਿਬ ਦੀ ਕੋਸ਼ਿਸ਼ ਸਾਧਾਰਨ ਤੇ ਸੌਖੇ ਸ਼ਬਦਾਂ ਨੂੰ ਅਸਲੀ ਰੂਪ ਵਿਚ ਵਰਤੋਂ ਕਰਨ ਦੀ ਜਾਪਦੀ ਹੈ।

ਭਾਈ ਸਾਹਿਬ ਦੀ ਰਚਨਾ ਵਿਚ ਫਾਰਸੀ ਭਾਸ਼ਾ ਦਾ ਪ੍ਰਭਾਵ ਵੀ ਮਿਲਦਾ ਹੈ ਪਰ ਬਹੁਤ ਘੱਟ। ਸਿੱਖ ਸਾਹਿੱਤ ਵਿਚ ਫਾਰਸੀ ਸ਼ਬਦਾਂ ਦੀ ਵਰਤੋਂ ਦੀ ਪਰੰਪਰਾ ਤਾਂ ਪਹਿਲਾਂ ਹੀ ਚਲਦੀ ਆ ਰਹੀ ਸੀ। ਫਿਰ ਸਾਹਿੱਤ ਅਤੇ ਦਰਸ਼ਨ ਪੱਖੋਂ ਫਾਰਸੀ ਭਾਸ਼ਾ ਅਮੀਰ ਵਿਰਸੇ ਵਾਲੀ ਸੀ। ਭਾਈ ਸਾਹਿਬ ਨੂੰ ਇਸ ਦਾ ਪੂਰਨ ਗਿਆਨ ਵੀ ਸੀ। ਇਨ੍ਹਾਂ ਸਾਰੀਆਂ ਗੱਲਾਂ ਦੇ ਬਾਵਜੂਦ ਉਨ੍ਹਾਂ ਨੇ ਫਾਰਸੀ ਭਾਸ਼ਾ ਵਿਚੋਂ ਬਹੁਤ ਘੱਟ ਸ਼ਬਦ ਲਏ ਹਨ। ਬਹੁਤੇ ਸ਼ਬਦ ਪ੍ਰਸੰਗ ਕਰਕੇ ਆਏ ਹਨ। ਇਸ ਤਰ੍ਹਾਂ ਦੀ ਵਰਤੋਂ ਭਾਈ ਸਾਹਿਬ ਦੀ ਵਿਸ਼ੈ ਨਿਰੂਪਣ ਵਾਲੀ ਸੂਝ ਸ਼ਕਤੀ ਦੀ ਲਖਾਇਕ ਬਣਦੀ ਹੈ। ਉਨ੍ਹਾਂ ਨੇ ਫਾਰਸੀ ਕਾਵਿ- ਸ਼ੈਲੀ ਦੇ ਪ੍ਰਭਾਵ ਨੂੰ ਬਿਲਕੁਲ ਨਹੀਂ ਕਬੂਲਿਆ।

ਜੋ ਫਾਰਸੀ ਅਰਬੀ ਸ਼ਬਦਾਵਲੀ ਦੀ ਵਰਤੋਂ ਹੋਈ ਹੈ ਉਹ ਇਸ ਪ੍ਰਕਾਰ ਹੈ:-

| | | |
|---|---|---|
| ਖੁਦੀ | ਬਖੀਲੀ | ਰੋਜ਼ਾ |
| ਬੇਅਦਲੀ | ਰਸਕ | ਉਮਰਾਉ |
| ਪੀਰ | ਮਜ਼ਹਬ | ਈਦ |
| ਨਿਮਾਜ਼ | ਕਾਜ਼ੀ | ਮੁਲਾਂ |
| ਈਮਾਨ | ਸੁੰਨੀ | ਹੈਰਾਨ |
| ਦੁਨੀਆਂ | ਕਿਤਾਬ | ਹਾਜੀ |
| ਹਜ | ਹਾਊਸ | ਕੂਜਾ |
| ਸ਼ੈਤਾਨ | ਨਉਰਾ | ਬੇ ਮੁਹਤਾਜ |

ਭਾਈ ਸਾਹਿਬ ਨੇ ਫਾਰਸੀ ਸ਼ਬਦਾਵਲੀ ਦੇ ਤਦਭਵ ਰੂਪ ਵਾਲੇ ਵੀ ਕਈ ਸ਼ਬਦ ਵਰਤੇ ਹਨ ਜੋ ਇਸ ਪ੍ਰਕਾਰ ਹਨ। ਇਸ ਤਰ੍ਹਾਂ ਦੇ ਸ਼ਬਦਾਂ ਦੀ ਉਦਾਹਰਣ ਗੁਰਬਾਣੀ ਵਿਚੋਂ ਵੀ ਮਿਲ ਜਾਂਦੀ ਹੈ।

| | | |
|---|---|---|
| ਰੁਸ਼ਨਾਈ | (ਰੋਸ਼ਨਾਈ) | (34/4) |
| ਖੁਆਰੀ | (ਖਵਾਰੀ) | |
| ਦੋਜਕ | (ਦੋਜ਼ਖ) | |
| ਜ਼ਾਰਤਿ | (ਜ਼ਿਆਰਤ) | (44/5) |
| ਮਸੀਤ | (ਮਸਜਿਦ) | (32/3) |

| | | |
|---|---|---|
| ਪਜਗਾਰੀ | (ਪਜਾਕਾਰ) | (32/6) |
| ਵਖਤ | (ਵਕਤ) | (5/ 6) |

ਕਈ ਫਾਰਸੀ ਸ਼ਬਦਾਂ ਨੂੰ ਦੋ ਭਾਂਤ ਦੇ ਉਚਾਰਣ ਅਤੇ ਰੂਪਾਂ ਵਿਚ ਵੀ ਵਰਤਿਆ ਹੈ:-

| | |
|---|---|
| ਪਿਕੰਬਰ | ਪੈਗੰਬਰ |
| ਜ਼ਾਰਤ | ਜਯਾਰਤ |
| ਨਮਾਜ | ਨਵਾਜ |
| ਮੁਹਤਾਜ | ਮੁਥਾਜ |

ਫਾਰਸੀ ਸ਼ਬਦਾਵਲੀ ਦਾ ਢੁਕਵਾਂ ਤੇ ਖੂਬਸੂਰਤ ਅਨੁਵਾਦ ਵੀ ਮਿਲਦਾ ਹੈ:-

1. ਅੱਖ ਫੁਰਨ(ਦਰਚਸਮ ਜਦਨ)

'ਲਖ ਅਕਾਸ਼ ਪਤਾਲ ਲਖ

ਅਖ ਫੁਰਕ ਵਿਚ ਸਭ ਦਿਖਲਾਈ। (1/36)

2. ਮਾਰਿਆ ਸਿਕਾ(ਸਿਕਾ ਜਦਨ)

'ਮਾਰਿਆ ਸਿਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ'

45/ 4

ਭਾਈ ਸਾਹਿਬ ਨੇ ਆਪਣੀ ਰਚਨਾਂ ਬ੍ਰਿਜਭਾਸ਼ਾ ਵਿਚ ਵੀ ਕੀਤੀ ਹੈ। ਪਿਆਰਾ ਸਿੰਘ ਪਦਮ ਦਾ ਇਹ ਵਿਚਾਰ ਹੈ ਕਿ ਆਪ ਦੀ ਬ੍ਰਜੀ ਰਚਨਾ ਦਾ ਉਸ ਭਾਸ਼ਾ ਦੇ ਸਾਹਿਤਕ ਇਤਿਹਾਸ ਵਿਚ ਬੜਾ ਮਹੱਤਵ-ਪੂਰਣ ਸਥਾਨ ਹੈ। ਸੋ ਇਹ ਕੁਦਰਤੀ ਗੱਲ ਹੈ ਕਿ ਉਸ ਭਾਸ਼ਾ ਦਾ ਕੁਝ ਨਾ ਕੁਝ ਪ੍ਰਭਾਵ ਆਪ ਦੀ ਪੰਜਾਬੀ ਰਚਨਾਂ ਉਪਰ ਵੀ ਜ਼ਰੂਰ ਪੈਂਦਾ। ਆਪ ਦੇ ਬ੍ਰਜੀ ਭਾਸ਼ਾ ਵਾਲੇ ਸ਼ਬਦਾਂ ਦਾ ਉਲੇਖ ਹੇਠ ਲਿਖੇ ਅਨੁਸਾਰ ਹੈ:-

| | | |
|---|---|---|
| ਦਿਖਾਰੀ | ਬਾਦਰ | ਤਿਸ |
| ਸੁਕਚਾਈ | ਪਾਂਚ | ਨੂਰ |
| ਵਿਗਾਸੈ | ਮਾਰਿਉ | ਬਨਵਾਰੀ |
| ਏਤਾ | ਜਹਾਂ ਤੇ | ਜੁਹਾਰੀ |
| ਉਚ | ਮਾਹੀ | ਰਿਦੈ |
| ਹਮਰੇ | ਠਉਰ | ਜਿਉ |
| ਤਿਉਂ | ਜੋਹੇ | ਉਜਿਆਰਾ |

ਵਾਰਾਂ ਦੀਆਂ ਤੁਕਾਂ ਵਿਚਲਾ ਪ੍ਰਭਾਵ ਇਸ ਪ੍ਰਕਾਰ ਹੈ:-

1. ਜੈਸਾ ਕਰੇ ਤੈਸਾ ਲਹੇ (13/5)
2. ਬਸਤਰ ਪਹਿਰੋ ਅਗਨਿ ਕੈ ਬਰਫ ਹਿਮਾਲੇ ਮੰਦਰ ਛਾਈ(43/3)
3. ਸਤਿਨਾਮ ਬਿਨ ਬਾਦਰ ਛਾਈ (43 /8)
4. ਜਹਾਂ ਤੇ ਉਪਜਿਆ ਫਿਰ ਤਹਾਂ ਸਮਾਵੈ (49/7)

ਭਾਈ ਗੁਰਦਾਸ ਗੁਰੂ ਨਾਨਕ ਜੀ ਦੁਆਰਾ ਸਥਾਪਤ ਕੀਤੇ ਗਏ ਨਿਰਮਲ ਪੰਥ ਜਾਂ ਗੁਰਮਤਿ ਦੇ ਜਿਥੇ ਅਨਿੰਨ ਭਗਤ ਸਨ ਉਥੇ ਉਸ ਵਿਚਾਰ ਆਦਰਸ਼ ਨੂੰ ਪ੍ਰਚਾਰਨ ਤੇ ਪ੍ਰਸਾਰਨ ਵਾਲੇ ਪ੍ਰਚਾਰਕ ਵੀ ਸਨ। ਇਤਿਹਾਸਕ ਗਵਾਹੀਆਂ ਅਨੁਸਾਰ ਉਹ ਪੰਜਾਬ ਤੋਂ ਬਾਹਰ ਵੀ ਇਸ ਪ੍ਰਚਾਰ ਮਨੋਰਥ ਨਾਲ ਕਈ ਵਾਰੀ ਗਏ। ਗੁਰੂ ਰਚਨਾਂ ਤੇ ਗੁਰੂ ਵਿਚਾਰਧਾਰਾ ਦਾ ਡੂੰਘਾ ਅਧਿਐਨ ਤੇ ਅਨੁਭਵ ਉਨ੍ਹਾਂ ਦਾ ਅਨਿਖੜ ਅੰਗ ਬਣ ਗਿਆ ਹੋਇਆ ਸੀ।

ਨਿੱਟੇ ਵਜੋਂ ਆਪ ਨੇ ਆਪਣੀਆਂ ਵਾਰਾਂ ਦੀਆਂ ਕਈ ਪਉੜੀਆਂ ਵਿਚ ਗੁਰਬਾਣੀ ਦੀਆਂ ਤੁਕਾਂ ਤੇ ਵਿਸ਼ੇਸ਼ ਕਰ ਗੁਰੂ ਨਾਨਕ ਜੀ ਦੀ ਰਚਨਾਂ ਵਿਚੋਂ ਸਤਰਾਂ ਨੂੰ ਥੋੜੀ ਜਿਹੀ ਅਦਲਾ ਬਦਲੀ ਨਾਲ ਆਪਣੀ ਰਚਨਾਂ ਦਾ ਅੰਗ ਬਣਾ ਲਿਆ। ਪਹਿਲੀ ਵਾਰ ਵਿਚ ਇਸ ਗਲ ਦੀ ਪੁਸ਼ਟੀ ਕਈ ਥਾਈਂ ਹੁੰਦੀ ਹੈ। ਇਸ ਪ੍ਰਸੰਗ ਵਿਚ ਹੇਠ ਲਿਖੀਆਂ ਤੁਕਾਂ ਧਿਆਨ ਯੋਗ ਹਨ:-

1. "ਕਲਿ ਆਈ ਕੁਤੇ ਮੁਹੀ ਖਾਜੁ ਹੋਆ ਮੁਰਦਾਰ ਗੁਸਾਈ
ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।"
ਭਾਈ ਗੁਰਦਾਸ(30/1-2)

1. "ਕਲਿ ਹੋਈ ਕੁਤੇ ਮੁਹੀ ਖਾਜ ਹੋਆ ਮੁਰਦਾਰ
ਲਬ ਪਾਪ ਦੁਇ ਰਾਜਾ ਮਹਿਤਾ ਕੂੜ ਹੋਆ ਸਿਕਦਾਰ।"
ਗੁਰੂ ਨਾਨਕ(ਸਾਰੰਗ ਵਾਰ)

2. "ਅੰਧੀ ਰਯਤਿ ਗਿਆਨ ਵਿਹੂਣੀ
ਭਾਹਿ ਭਰੇ ਮੁਰਦਾਰ।" ਗੁਰੂ ਨਾਨਕ (ਆਸਾ ਵਾਰ)

3. "ਚੇਲੇ ਸਾਜ ਵਜਾਇੰਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ।"
ਭਾਈ ਗੁਰਦਾਸ (30/4)

3. ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰੇ ਸੀਗਾਰ।
ਵਾਇਨ ਚੇਲੇ ਨਚਨਿ ਗੁਰ ਪੈਰ ਹਲਾਇਨ ਫੇਰਨਿ ਸਿਰ।"
ਗੁਰੂ ਨਾਨਕ(ਆਸਾ ਵਾਰ)

4. "ਕਾਜੀ ਹੋਇ ਰਿਸ਼ਵਤੀ ਵਢੀ ਲੈ ਕੇ ਹਕ ਗਵਾਈ।"

ਭਾਈ ਗੁਰਦਾਸ(30/6)

4. "ਕਾਜੀ ਹੋਇਕੇ ਬਹੈ ਨਿਆਇ ਫੇਰੇ ਤਸਬੀ ਕਰੇ ਖੁਦਾਇ"

ਗੁਰੂ ਨਾਨਕ (ਰਾਮਕਲੀ ਵਾਰ)

5. "ਇਸਤ੍ਰੀ ਪੁਰਖੈ ਦਾ ਮਹਿਤ ਭਾਵੈ ਆਇ ਕਿਥਾਊ ਜਾਈ"

ਭਾਈ ਗੁਰਦਾਸ(30/7)

5. "ਇਸਤ੍ਰੀ ਪੁਰਖੈ ਖਟਿਐ ਭਾਉ ਭਾਵੈ ਆਉ ਆਵਉ ਭਾਵੈ ਜਾਉ"

ਗੁਰੂ ਨਾਨਕ(ਰਾਮਕਲੀ ਵਾਰ)

6. "ਕੁਦਰਤਿ ਸਾਜ ਕੀਆ ਅਵਤਾਰਾ

ਭਾਈ ਗੁਰਦਾਸ(4/3)

6. "ਦੂਈ ਕੁਦਰਤਿ ਸਾਜੀਐ ਕਰਿ ਆਸਣਿ ਡਿਠੋ ਚਾਉ"

ਗੁਰੂ ਨਾਨਕ(ਆਸਾ ਵਾਰ)

7. "ਏਕ ਕਵਾਉ ਪਸਾਉ ਪਸਾਰਾ"

ਭਾਈ ਗੁਰਦਾਸ(4/1)

7. "ਕੀਤਾ ਪਸਾਉ ਏਕੋ ਕਵਾਉ"

ਗੁਰੂ ਨਾਨਕ(ਜਪੁਜੀ ਪਉੜੀ 16)

8. "ਜੇਹਾ ਬੀਜੈ ਸੋ ਲੁਣੈ"

ਭਾਈ ਗੁਰਦਾਸ(13/2)

8. "ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤਿ"

ਗੁਰੂ ਨਾਨਕ (ਬਾਰਾ ਮਾਂਹ ਮਾਝ)

ਉਪਰੋਕਤ ਤੁਕਾਂ ਤੋਂ ਇਲਾਵਾ ਹੋਰ ਅਨੇਕ ਤੁਕਾਂ ਐਸੀਆਂ ਮਿਲਦੀਆਂ ਹਨ। ਜਿਹੜੀਆਂ ਗੁਰਬਾਣੀ ਦੀ ਬੋਲੀ ਸ਼ੈਲੀ ਨਾਲ ਸਮਾਨਤਾ ਰਖਦੀਆਂ ਹਨ। ਪਹਿਲੀ ਵਾਰ ਦੀਆਂ ਪਹਿਲੀਆਂ 30 ਪਉੜੀਆਂ ਵਿਚ ਇਸ ਤਰ੍ਹਾਂ ਦੀ ਸਮਾਨਤਾ ਵਾਲੀਆਂ ਤੁਕਾਂ ਅਨੇਕ ਹਨ। ਜਿਨ੍ਹਾਂ ਦਾ ਵਿਸਤਾਰ ਇਥੇ ਦੇਣਾ ਸੰਭਵ ਨਹੀਂ।

ਭਾਈ ਸਾਹਿਬ ਨੇ ਕਈ ਸ਼ਬਦ ਬੜੀ ਠੇਠਤਾ ਵਾਲੇ ਤੇ ਪਿਆਰੇ ਵਰਤੇ ਹਨ। ਕਈਆਂ ਦਾ ਪ੍ਰਚਲਨ ਹੁਣ ਨਹੀਂ ਰਿਹਾ। ਐਸੇ ਲਫਜ਼ ਉਨ੍ਹਾਂ ਦੀਆਂ ਵਾਰਾਂ ਵਿਚ ਕਈ ਥਾਂ ਵਰਤੇ ਮਿਲਦੇ

ਹਨ। ਪਹਿਲੀ ਵਾਰ ਵਿਚ ਵੀ ਇਸ ਖੂਬਸੂਰਤ ਵਰਤੋਂ ਦੇ ਦਰਸ਼ਨ ਹੁੰਦੇ ਹਨ।

| | | | | |
|---|---|---|---|---|
| ਸੋਆ | ਪਲੋਆ | ਜਿਵੇਹਾ | ਆਰਸੀ | ਤਿਨਾੜੇ |
| ਸੁਕਚਾਈ | ਏਤਾ | ਕੇਤਾ | ਜਣਾਈ | ਪੈਧਾ |
| ਠੋਰਠਾਈ | ਫਤੂੜੀ | ਮਾਸੀਤ | ਖੁਵਾਲਣ | ਸਬਾਇਆ |
| ਆਵੇਦੀ | ਬਾਬਾਣੇ | ਅਭੁਰ | ਸੰਸਾਰੀ | ਕਪੜੇ |
| ਰਾਹ | ਸੈਤਾਨੀ | ਕਰਾਮਾਤ | ਕਾਲਖ | ਫੋਕਟ ਧਰਮੀ |
| ਮਾਸਮਾਸ | ਪੜ੍ਹਤ ਗੁੜ੍ਹਤ | ਕਿਰਤਵਿਰਤ | ਕਲਕਾਤੀ | ਗਣਾ ਰੰਕ |
| ਦੁਰਜਨ | ਜਮਦੰਡ | ਤਾਲ | ਦਲਭੰਜਨ | ਅਲਾਈ |
| ਲਿਵ | ਚਾਟਾ | ਫਿਟਿਆ | ਜਾਤਿਕਿਨ | ਕੌਸ |

ਭਾਈ ਸਾਹਿਬ ਬੋਲੀ ਦੀ ਵਰਤੋਂ ਕੁਝ ਇਸ ਤਰ੍ਹਾਂ ਸੁਚੇਤ ਹੋ ਕੇ ਕਰਦੇ ਹਨ ਕਿ ਪ੍ਰਭਾਵ ਪੂਰੀ ਤਰ੍ਹਾਂ ਉਘੜ ਆਉਂਦਾ ਹੈ। ਜਿਥੇ ਪੈਰ ਵਰਤਨ ਦੀ ਲੋੜ ਹੈ ਉਥੇ 'ਚਰਣ' ਨਹੀਂ ਵਰਤੇ ਜਿਥੇ ਚਰਣ ਵਰਤਨ ਦੀ ਲੋੜ ਹੈ ਉਥੇ ਪੈਰ ਨਹੀਂ ਆ ਸਕਦੇ। ਪੈਰਾਂ ਵਿਚ 'ਠੋਸ' ਤੇ 'ਖਲ' ਦਾ ਅੰਸ਼ ਹੈ। ਚਰਣਾਂ ਵਿਚ ਕੋਮਲਤਾ ਤੇ ਸੂਖਮਤਾ ਦਾ ਪ੍ਰਭਾਵ ਹੈ।

ਇਸੇ ਤਰ੍ਹਾਂ ਮਾਸ ਦੇ ਨਾਲ ਮਾਸ ਦੀ ਵਰਤੋਂ ਬੜੀ ਖੂਬਸੂਰਤ ਲਗਦੀ ਹੈ। ਮਾਸ, ਚਮੜੀ, ਹੱਡ ਵੀ ਸਰੀਰ ਦਾ ਅਰਥ ਦੇਂਦਾ ਹੈ ਤੇ ਦੋਹਾਂ ਦੀ ਸਾਂਝੀ ਵਰਤੋਂ ਕਾਵਿਕ ਪ੍ਰਭਾਵ ਨੂੰ ਪ੍ਰਗਟਾਉਂਦੀ ਹੈ।

"ਪ੍ਰਥਮੇ ਸਾਸ ਨਾ ਮਾਸ ਸਨ" (1/2)

ਗੁਰੂ ਨਾਨਕ ਜੀ ਦੇ ਆਗਮਨ ਤੋਂ ਪਹਿਲਾਂ ਭਾਰਤ ਦੀ ਦੁਰਦਸ਼ਾ ਦਾ ਕਰੁਣਾ - ਚਿਤ੍ਰ ਕਮਾਲ ਦਾ ਹੈ। ਜਦੋਂ ਇਸ ਦੁਰਦਸ਼ਾ, ਬੇਨਿਯਮੀ, ਅਧਾਰਮਿਕਤਾ ਦਾ ਅਤੇ ਇਖਲਾਕ ਹੀਣਤਾ ਦਾ ਜੋਰ ਅਤਿ ਦਾ ਹੋ ਜਾਂਦਾ ਹੈ ਤਾਂ 'ਧਰਮ ਧਉਲ' ਵਿਲਕ ਉਠਦਾ ਹੈ।

1. "ਬਾਝੁ ਗੁਰੂ ਅੰਧਾਰ ਹੈ ਖਹਿ ਖਹਿ ਮਰਦੇ ਬਹੁ ਬਿਧਿ ਲੋਆ।"
2. "ਵਰਤਿਆ ਪਾਪ ਜਗਤ੍ਰ ਤੇ ਧਉਲ ਉਡੀਣਾ ਨਿਸਿ ਦਿਨ ਰੋਆ।"
3. "ਬਾਝੁ ਦਇਆ ਬਲਹੀਣ ਹੋਇ ਨਿਘਰ ਚਲੋ ਰਸਾਤਲਿ ਟੋਆ।"
4. "ਖੜਾ ਇਕ ਤੇ ਪੈਰ ਤੇ ਪਾਪ ਸੰਗਿ ਬਹੁ ਭਾਰਾ ਹੋਆ।"
5. "ਥੰਮੈ ਕੋਇ ਨ ਸਾਧੁ ਬਿਨੁ ਸਾਧੁ ਨ ਦਿਸੈ ਜਗਿ ਵਿਚ ਕੋਆ।"
6. "ਧਰਮ ਧੌਲ ਪੁਕਾਰੈ ਤਲੇ ਖੜੋਆ।"

## ਕਾਂਡ ਐਠਵਾਂ

# ਭਾਈ ਗੁਰਦਾਸ ਦੀ ਪਹਿਲੀ ਵਾਰ ਇਕ ਵਾਰ ਦੇ ਰੂਪ ਵਿਚ

****

1. 'ਵਾਰ' ਪੰਜਾਬੀ ਸਾਹਿੱਤ ਦੀ ਇਕ ਪ੍ਰਧਾਨ ਸਾਹਿੱਤਕ ਧਾਰਾ ਹੈ ਜੋ ਮੁੱਢ ਤੋਂ ਹੀ ਚਲਦੀ ਆ ਰਹੀ ਹੈ। ਇਸ ਦਾ ਖੇਤਰ ਬਹੁਤ ਵਿਸ਼ਾਲ ਹੈ। ਪੰਜਾਬੀ ਬੋਲੀ ਵਿਚ 'ਵਾਰ' ਸ਼ਬਦ ਵਖ ਵਖ ਅਰਥਾਂ ਵਿਚ ਆਇਆ ਹੈ ਜਿਵੇਂ ਵਾਰ ਕਰਨਾ, ਹਮਲਾ ਕਰਨਾ, ਬਦਲਾ ਲੈਣਾ, ਸੱਟ ਮਾਰਨਾ, ਵੈਰ ਕੱਢਣਾ, ਜਸ ਕਰਨਾ, ਕੁਰਬਾਨ ਹੋਣਾਂ ਆਦਿ। ਸਾਹਿੱਤ ਵਿਚ ਇਸ ਸ਼ਬਦ ਦਾ ਅਰਥ ਸਮੂਹਿ ਤੌਰ ਤੇ ਇਹ ਲਿਆ ਜਾਂਦਾ ਹੈ ਕਿ ਵਾਰ ਉਹ ਬੀਰ ਰਸੀ ਕਵਿੱਤਾ ਹੈ ਜਿਸ ਵਿਚ ਜੰਗ ਤੇ ਯੁਧ ਦਾ ਬਿਆਨ, ਸਿਰਲੱਥ ਦੇ ਕਾਰਨਾਮੇਂ, ਉਤਸ਼ਾਹ ਭਰੇ ਢੰਗ ਨਾਲ ਜੋਸ਼ੀਲੀ ਤੇ ਭੜਕਵੀਂ ਬੀਰ ਰਸੀ ਬੋਲੀ ਵਿਚ ਪਉੜੀਆਂ ਰਾਂਹੀ ਬਿਆਨ ਕੀਤੇ ਜਾਂਦੇ ਹਨ ਜਾਂ ਫਿਰ ਇਹ ਉਹ ਕਵਿੱਤਾ ਹੈ ਜਿਸ ਵਿਚ ਅਕਾਲ ਪੁਰਖ ਦੀ ਉਸਤਤ ਕੀਤੀ ਗਈ ਹੁੰਦੀ ਹੈ।

ਵਾਰ ਕਾਵਿ- ਰੂਪ ਪੰਜਾਬੀ ਸਾਹਿੱਤ ਦਾ ਮੌਲਿਕ ਰੂਪ ਹੈ ਤੇ 850 ਈ: ਦੇ ਲੱਗਪੱਗ ਪੰਜਾਬੀ ਵਿਚ ਇਹ ਕਾਵਿ ਰੂਪ ਪ੍ਰਵੇਸ਼ ਕਰ ਚੁੱਕਾ ਸੀ। ਭੱਟ ਤੇ ਢਾਡੀ ਲੋਕ ਸੂਰਬੀਰਾਂ ਤੇ ਬਹਾਦਰਾਂ ਦੀਆਂ ਵਾਰਾਂ ਗਾ ਕੇ ਲੋਕਾਂ ਵਿਚ ਉਤਸ਼ਾਹ ਤੇ ਬੀਰਤਾ ਭਰਦੇ ਸਨ ਤੇ ਇਨਾਮ ਲੈਂਦੇ ਸਨ। ਸ਼ਾਇਦ ਇਹੋ ਕਾਰਣ ਹੈ ਕਿ ਪੰਜਾਬੀ ਬੋਲੀ ਵਿਚ ਵਾਰ- ਕਾਵਿ ਰੂਪ ਵਧੇਰੇ ਹਰਮਨ ਪਿਆਰਾ ਹੋਇਆ ਤੇ ਵਧੇਰੇ ਲਿਖਿਆ ਗਿਆ।

ਭੂਗੋਲਿਕ ਦ੍ਰਿਸ਼ਟੀਕੋਣ ਤੋਂ ਪੰਜਾਬ ਭਾਰਤ ਤੇ ਉਤਰੀ ਪੱਛਮੀ ਦਰ ਖੈਬਰ ਆਦਿ ਦੇ ਨਾਲ ਲਗਦਾ ਹੈ। ਜਿਹੜਾ ਵੀ ਹਮਲਾ ਕਰਨ ਵਾਲਾ ਖੁਸ਼ਕੀ ਦੇ ਰਸਤੇ ਆਇਆ, ਇਥੋਂ ਧਾਂਸਦਾ ਆਇਆ। ਹਮਲਾਅਵਰਾਂ ਦੀ ਗਰਮ ਜੋਸ਼ੀ ਦਾ ਪਹਿਲਾ ਵਾਰ ਪੰਜਾਬ ਤੇ ਹੀ ਹੁੰਦਾ ਰਿਹਾ ਜਿਸ ਵਿਚ ਹਰ ਅਣਖ ਵਾਲੇ ਮਨੁੱਖ ਨੂੰ ਜੰਗ ਲਈ ਤਿਆਰ ਰਹਿਣਾ ਪਿਆ। ਪੰਜਾਬ ਦੇ ਵੀਰ ਵਿਦੇਸ਼ੀਆਂ ਦੇ ਵਾਰਾਂ ਨੂੰ ਰੋਕਦੇ ਰਹੇ ਤੇ ਪੰਜਾਬ ਦੇ ਜਮਾਂਦਰੂ ਕਵੀ ਇਨ੍ਹਾਂ ਦੀਆਂ ਬਹਾਦਰੀ ਦੀਆਂ ਵਾਰਾਂ ਰਚਦੇ ਰਹੇ। ਇਉਂ ਜਿਥੇ ਪੰਜਾਬੀ ਨਿੱਤ ਨਿੱਤ ਦੇ ਟਾਕਰੇ ਨਾਲ ਬਲਵਾਨ ਹੁੰਦੇ ਗਏ ਉਥੇ ਪੰਜਾਬੀ ਸਾਹਿੱਤ ਵਿਚ ਵੀ ਇਨ੍ਹਾਂ ਕਾਰਨਾਮਿਆਂ ਨੂੰ ਉਤਸ਼ਾਹ ਨਾਲ ਬਿਆਨਿਆ ਗਿਆ। ਇਹ ਕਾਵਿ ਰੂਪ ਪੰਜਾਬ ਤੇ ਰਾਜਸਥਾਨ ਵਿਚ ਜਨਮਿਆ ਤੇ ਵਧਿਆ ਫੁਲਿਆ। ਪੰਜਾਬ ਤੇ ਰਾਜਸਥਾਨ ਦੇ ਵਿਸ਼ੇਸ਼, ਰਾਜਸੀ, ਆਰਥਕ ਤੇ ਸਮਾਜਕ ਹਾਲਤ ਤੋਂ ਪੈਦਾ ਹੋਈ ਸੂਰਮਤਾਈ ਜੀਵਨ ਆਦਰਸ਼ ਬਣ ਗਈ। ਅਜਿਹੇ ਸਮਾਜਕ ਤੇ ਰਾਜਸੀ ਹਾਲਤ ਦੇ ਕਾਰਣ ਪੰਜਾਬ ਵਿਚ ਵਾਰ ਦੀ ਉਤਪਤੀ ਹੋਈ।

ਪੰਜਾਬੀ ਵਾਰ ਦਾ ਰੂਪ ਗੁਰੂ ਨਾਨਕ ਦੇਵ ਜੀ ਤੋਂ ਬਹੁਤ ਦੇਰ ਪਹਿਲਾਂ ਦਾ ਪ੍ਰਚੱਲਤ ਹੈ। ਸ਼ੁਰੂ ਵਿਚ ਜਦੋਂ ਕਿਸੇ ਕੌਮ ਦੀ ਜਾਂ ਕਿਸੇ ਰਾਜੇ ਮਹਾਰਾਜੇ ਦੀ ਬੀਰਤਾ ਦਰਸਾਉਣੀ ਹੁੰਦੀ ਸੀ ਤਾਂ ਭੱਟ ਜਾਂ ਢਾਡੀ ਲੋਕ ਉਨ੍ਹਾਂ ਨੂੰ ਪ੍ਰਸੰਨ ਕਰਨ ਲਈ, ਉਨ੍ਹਾਂ ਦੀ ਬਹਾਦਰੀ ਦੇ ਕਾਰਨਾਮੇ ਗਾ ਕੇ ਸੁਣਾਇਆ ਕਰਦੇ ਸਨ। ਉਹ ਉਹਨਾਂ ਕਾਰਨਾਮਿਆਂ ਨੂੰ ਅਜੇਹੀ ਲੈ ਜਾਂ ਹੇਕ ਨਾਲ ਗਾਉਂਦੇ ਸਨ ਕਿ ਪਾਠਕਾਂ ਜਾਂ ਸਰੋਤਿਆਂ ਨੂੰ ਇਕ ਅਨੋਖਾ ਉਤਸ਼ਾਹ ਮਿਲਦਾ ਸੀ। ਬਾਅਦ ਵਿਚ ਇਸ ਨੂੰ ਵਾਰ ਦਾ ਸਰੂਪ ਦਿੱਤਾ ਗਿਆ। ਪਹਿਲੀਆਂ ਵਾਰਾਂ ਲੋਕ ਵਾਰਾਂ ਕਰਕੇ ਪ੍ਰਸਿੱਧ ਹਨ ਇਨ੍ਹਾਂ ਦੀ ਗਿਣਤੀ ਨੌ ਕਹੀ ਜਾਂਦੀ ਹੈ ਜਿਸ ਤਰ੍ਹਾਂ ਲਲਾ ਬਹਿਲੀਮਾਂ ਦੀ ਵਾਰ, ਟੁੰਡੇ ਅਸਰਾਜੇ ਦੀ ਵਾਰ, ਮੂਸੇ ਦੀ ਵਾਰ, ਆਦਿਕ। ਉਨ੍ਹਾਂ ਵਾਰਾਂ ਦਾ ਰੂਪ ਬਾਹਰਮੁਖੀ ਸੀ। ਗੁਰੂ ਸਾਹਿਬਾਨ ਦੀਆਂ ਵਾਰਾਂ ਨੂੰ ਇਨ੍ਹਾਂ ਲੋਕ ਵਾਰਾਂ ਤੇ ਗਾਉਣ ਦੀ ਪ੍ਰੇਰਨਾ ਹੈ।

ਦੂਜੀ ਕਿਸਮ ਦੀਆਂ ਵਾਰਾਂ ਅਧਿਆਤਮਕ ਹਨ। ਇਹ ਵਾਰਾਂ ਗੁਰੂ ਸਾਹਿਬਾਨ ਅਤੇ ਭਾਈ ਗੁਰਦਾਸ ਜੀ ਦੀਆਂ ਲਿਖੀਆਂ ਹੋਈਆਂ ਹਨ। ਇਨ੍ਹਾਂ ਵਿਚ ਪਰਮਾਤਮਾਂ ਦਾ ਜਸ ਗਾਇਆ ਹੋਇਆ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਚੰਡੀ ਦੀ ਵਾਰ ਵੀ ਇਸੇ ਰੂਪ ਵਿਚ ਹੀ ਆਉਂਦੀ ਹੈ।

ਵਾਰ - ਕਾਵਿ ਪੰਜਾਬੀ ਸਾਹਿੱਤ ਦਾ ਚਿਰਾਂ ਦਾ ਸਾਥੀ ਹੈ। ਪੰਜਾਬੀ ਸਾਹਿੱਤ ਦੇ ਮੁਢ ਤੋਂ ਲੈ ਕੇ ਅਜ ਤਕ ਵਾਰ- ਧਾਰਾ ਕਿਸੇ ਨਾ ਕਿਸੇ ਰੂਪ ਵਿਚ ਵਹਿੰਦੀ ਚਲੀ ਆ ਰਹੀ ਹੈ। ਇਹ ਸਮੇਂ ਦੀ ਮੰਗ ਦਾ ਫਲ ਕਹੀ ਜਾ ਸਕਦੀ ਹੈ। ਪੰਜਾਬ ਦੀਆਂ ਹਾਲਤਾਂ ਤੇ ਪੰਜਾਬ ਦਾ ਜੀਵਨ ਘੋਲ ਵਾਲਾ ਰਿਹਾ ਹੈ। ਮਾਨਸਿਕ ਤੇ ਸਰੀਰਕ ਘੋਲ ਹੀ ਉਤਸ਼ਾਹ ਦੇਣ ਵਾਲੇ ਸਾਧਨ ਹੁੰਦੇ ਹਨ। ਇਸ ਲਈ ਵੀਰ- ਕਾਵਿ ਲੋਕ - ਕਾਵਿ ਹੋ ਕੇ ਸੀਨਾ - ਬਸੀਨਾ ਹੁੰਦਾ ਰਿਹਾ ਹੈ। ਪੂਰਬ - ਨਾਨਕ ਕਲ ਵਿਚ ਨਿਰਸੰਦੇਹ ਵਾਰ - ਕਾਵਿ ਪੰਜਾਬੀ ਸਾਹਿੱਤ ਦਾ ਇਕ ਵਰਨਣ - ਯੋਗ ਹਿੱਸਾ ਰਿਹਾ ਹੈ।

ਜਿਸ ਤਰ੍ਹਾਂ ਟੁੰਡੇ ਅਸਰਾਜੇ ਦੀ ਵਾਰ

ਭੁਬਕਿਆ ਸ਼ੇਰ ਸਰਦੂਲ ਰਾਇ, ਰਣ ਮਾਰੂ ਬੱਜੇ।
ਸੁਲਤਾਨ ਖਾਨ ਬਡ ਸੂਰਮੇ ਵਿਚ ਰਣ ਦੇ ਗੱਜੇ ।
ਖਤ ਲਿਖੇ ਟੁੰਡੇ ਅਸਰਾਜ ਨੂੰ ਪਾਤਸ਼ਾਹੀ ਐਜੇ।
ਫਤੇ ਪਾਈ ਅਸਰਜ ਜੀ ਸ਼ਾਹੀ ਘਰ ਸੱਜੇ ।

ਗੁਰੂ ਸਾਹਿਬਾਨ ਆਪਣੇ ਤੋਂ ਪਹਿਲੀਆਂ ਵਾਰਾਂ ਤੋਂ ਜਾਣੂ ਸਨ। ਵਾਰ- ਕਾਵਿ - ਰੂਪ ਦੇਖਿਆ ਹੋਣ ਕਰਕੇ, ਗੁਰੂ ਸਾਹਿਬਾਨ ਅਤੇ ਗੁਰੂ ਘਰ ਦੇ ਸ਼ਰਧਾਲੂਆਂ ਨੇ ਇਸ ਲੋਕ - ਪ੍ਰਸਿੱਧ ਕਾਵਿ - ਰੂਪ ਨੂੰ ਆਪਣੇ ਭਗਤੀ ਭਾਵਾਂ ਨੂੰ ਦਸਣ ਦਾ ਵਸੀਲਾ ਬਣਾਇਆ।

ਜਿਸ ਤਰ੍ਹਾਂ ਗੁਰੂ ਨਾਨਕ ਜੀ ਦੀ ਆਸਾ ਜੀ ਦੀ ਵਾਰ:-

> ਕਪੜ ਰੂਪੁ ਸੁਹਾਵਣਾ, ਛਡਿ ਦੁਨੀਆਂ ਅੰਦਰਿ ਜਾਵਣਾ।
> ਮੰਦਾ ਚੰਗਾ ਆਪਣਾ, ਆਪੇ ਹੀ ਕੀਤਾ ਪਾਵਣਾ।
> ਹੁਕਮ ਕੀਏ ਮਨਿ ਭਾਂਵਦੇ, ਰਾਹਿ ਭੀੜੈ ਅਗੈ ਜਾਵਣਾ।
> ਨੰਗਾ ਦੋਜਕ ਚਾਲਿਆ ਤਾਂ ਦਿਸੈ ਖਰਾ ਡਰਾਵਣਾ।
> ਕਰਿ ਅਉਗਣ ਪਛੋਤਾਵਣਾ।

ਵਾਰਾਂ ਦਾ ਅਰੰਭ ਕਵੀ ਦੇ ਇਸ਼ਟ ਅਨੁਸਾਰ, "ਮੰਗਲਾਚਰਨ" ਰਾਂਹੀ ਹੁੰਦਾ ਹੈ। ਵਾਰਕਾਰ ਪਹਿਲਾਂ ਆਪਣੀ ਵਾਰ ਲਈ ਆਪਣੇ ਦੇਵਤੇ ਅੱਗੇ ਅਰਦਾਸ ਕਰਦਾ ਹੈ, ਕਿ ਨਿਰਵਿਘਨ ਪੂਰੀ ਹੋ ਜਾਵੇ। ਇਸੇ ਤਰ੍ਹਾਂ ਧਾਰਮਿਕ ਜਾਂ ਅਧਿਆਤਮਕ ਵਾਰਾਂ ਦਾ ਅਰੰਭ ਵੀ ਰਬ ਦੀ ਉਸਤਤੀ ਨਾਲ ਹੁੰਦਾ ਹੈ ਜਿਸ ਵਿਚ ਪਹਿਲਾਂ ਉਸ ਕਾਦਰ ਦੀ ਅਪਾਰ ਮਹਿਮਾਂ ਗਾਈ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਨੇ ਵੀ 'ਆਸਾ ਦੀ ਵਾਰ' ਦਾ ਅਰੰਭ ਇਸੇ ਤਰ੍ਹਾਂ ਹੀ ਕੀਤਾ ਹੈ।

ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਵਾਰਾਂ ਅਰੰਭ ਕਰਨ ਤੋਂ ਪਹਿਲਾਂ ਮੰਗਲਾਚਰਨ ਦੁਆਰਾ ਪਰਮਾਤਮਾਂ ਦੀ ਉਸਤਤੀ ਕੀਤੀ ਹੈ ਅਤੇ ਉਸ ਦੀ ਬੇਅੰਤਤਾ ਦਾ ਜ਼ਿਕਰ ਕੀਤਾ ਹੈ। ਭਾਈ ਸਾਹਿਬ ਮੰਗਲਾਚਰਨ ਦੀ ਪਉੜੀ ਵਿਚ ਪ੍ਰਮਾਤਮਾਂ ਦੀ ਸਿਫਤ ਕਰਦੇ ਹੋਏ ਉਸ ਦੁਆਰਾ ਦਿੱਤੇ ਹੋਏ ਮੰਤਰ ਦਾ ਜ਼ਿਕਰ ਕਰਦੇ ਹਨ ਕਿ ਪਰਮਾਤਮਾਂ ਦੀ ਮਿਹਰ ਨਾਲ ਭਵਜਲ ਭਾਵ ਸੰਸਾਰੀ ਪਦਾਰਥ ਤੋਂ ਛੁਟਕਾਰਾ ਹੋ ਸਕਦਾ ਹੈ ਅਤੇ ਜਨਮ ਮਰਨ ਦੇ ਦੁੱਖ ਕੱਟੇ ਜਾ ਸਕਦੇ ਹਨ। ਉਹ ਹੀ ਦੁਨੀਆਂ ਦੇ ਚੌਰਾਸੀ ਲਖ ਗੇੜਿਆਂ ਤੋਂ ਪਾਰ ਉਤਾਰਾ ਕਰਦਾ ਹੈ। ਇਹ ਦੁਨੀਆਂ ਮਾਇਆ ਦੇ ਮੋਹ ਵਿਚ ਹੀ ਫਸੀ ਹੋਈ ਹੈ। ਦੁਨਿਆਵੀ ਖਖਸ਼ਸ਼ਾਂ ਵਿਚ ਪਿਆਰ ਪਾ ਕੇ ਮਨੁੱਖ ਜਨਮ ਬਿਰਥਾ ਹੀ ਗੁਆ ਲੈਂਦਾ ਹੈ ਅਤੇ ਉਸ ਨੂੰ ਹਮੇਸ਼ਾਂ ਹੀ ਜਮਾਂ ਦਾ ਡਰ ਲੱਗਿਆ ਰਹਿੰਦਾ ਹੈ। ਪਰ ਜੋ ਸਰਬ ਸ਼ਕਤੀਮਾਨ ਦੇ ਚਰਨੀ ਲਗਦਾ ਹੈ ਉਹ ਸੱਚੇ ਨਾਮ ਦਾ ਉਪਦੇਸ਼ ਲੈ ਕੇ ਪਰਮਾਤਮਾਂ ਨਾਲ ਅਭੇਦ ਹੋ ਜਾਂਦਾ ਹੈ।

ਗੁਰੂ ਨਾਲ ਮਿਲਾਪ ਹੁੰਦਿਆਂ ਹੀ ਪੁਰਸ਼ ਭਗਤ, ਨਾਮ ਦਾਨ ਤੇ ਇਸ਼ਨਾਨ ਆਦਿਕ ਕਰਮਾਂ ਵਿਚ ਪ੍ਰਪੱਕ ਹੋ ਜਾਂਦਾ ਹੈ। ਆਪਣੇ ਕਰਮਾਂ ਦਾ ਫਲ ਮਨੁੱਖ

ਆਪ ਹੀ ਲੈਂਦਾ ਹੈ ਸੋ ਭਾਈ ਸਾਹਿਬ ਜੀ ਨਮਸਕਾਰ ਆਤਮਕ ਮੰਗਲ ਕਰਕੇ ਉਸ ਇੱਛਾ ਦੇ ਪੂਰੀ ਹੋਣ ਦੀ ਅਰਦਾਸ ਸ੍ਰੀ ਗੁਰੂ ਜੀ ਪਾਸ ਕਰਦੇ ਹਨ।

ਵਾਰ ਲਈ ਸਭ ਤੋਂ ਪ੍ਰਮਾਣੀਕ ਸਰੂਪ ਪਉੜੀ ਹੈ, ਲੰਮੀਆਂ ਕਵਿਤਾਵਾਂ ਦੇ ਇਕ ਬੰਦ ਨੂੰ ਪਉੜੀ ਕਿਹਾ ਜਾਂਦਾ ਹੈ ਅਜਿਹੀਆਂ ਕਵਿਤਾਵਾਂ ਵਿਚ ਖਿਆਲ ਦੀ ਉਸਾਰੀ ਪਉੜੀ ਦੇ ਡੰਡਿਆਂ ਵਾਂਗ ਵਿਕਾਸ ਕਰਦੀ ਹੈ। ਪਉੜੀ ਦੇ ਹਰ ਡੰਡੇ ਵਾਂਗ ਹਰ ਬੰਦ ਕਵਿੱਤਾ ਦੇ ਖਿਆਲ ਦੀ ਚੜ੍ਹਾਈ ਵਿਚ ਸਹਾਇਤਾ ਕਰਦਾ ਹੈ। ਪਹਿਲਾਂ ਤੋਂ ਹੀ ਵਾਰਾਂ ਲਈ ਪਉੜੀ ਰੂਪ ਵਰਤਿਆ ਗਿਆ ਹੈ। ਪੂਰਵ ਗੁਰੂ ਨਾਨਕ ਕਾਲ ਦੀਆਂ ਵਾਰਾਂ ਅਤੇ ਗੁਰੂ ਸਾਹਿਬਾਂ ਦੀਆਂ ਵਾਰਾਂ ਦਾ ਰੂਪ ਵੀ ਇਹ ਹੀ ਹੈ। ਸੋ ਭਾਈ ਗੁਰਦਾਸ ਜੀ ਨੇ ਵੀ ਇਥੇ ਪਉੜੀ ਰੂਪ ਨੂੰ ਹੀ ਵਰਤਿਆ ਹੈ । ਭਾਈ ਸਾਹਿਬ ਨੇ ਆਮ ਕਰਕੇ 13 ਤੇ 16 ਮਾਤਰਾ ਦਾ ਛੰਦ ਹੀ ਵਰਤਿਆ ਹੈ। ਅੰਤਲੀ ਤੁਕ ਵਿਚ ਬਾਕੀ ਸਾਰੀ ਪਉੜੀ ਦਾ ਭਾਵ ਸਮਝਾ ਕੇ ਪ੍ਰਮਾਣ ਜਾਂ ਦ੍ਰਿਸ਼ਟਾਂਤ ਲਈ ਨਿਰੂਪਣ ਕੀਤਾ ਹੈ। ਜਿਸ ਤਰ੍ਹਾਂ:-

"ਜੇਹਾ ਬੀਉ ਤੇਹਾ ਫਲੁ ਪਾਇਆ"

"ਗੁਰਮੁਖ ਕਲਿ ਵਿਚਿ ਪਰਗਟ ਹੋਆ।"

ਭਾਈ ਗੁਰਦਾਸ ਜੀ ਦੀਆਂ ਵਾਰਾਂ ਦੀ ਉਸਾਰੀ ਦੂਹਰੀ ਹੈ। ਇਕ ਤਾਂ ਉਹ ਸਾਰੀ ਵਾਰ ਨਾਲ ਸੰਬੰਧਤ ਹਨ ਅਤੇ ਆਪਣੀ ਵਾਰ ਦਾ ਅਨੁਟਵਾਂ ਤੇ ਅਨਿਖੜਵਾਂ ਅੰਗ ਹਨ ਜਿਸ ਤਰ੍ਹਾਂ ਜੁਗਾਂ ਦਾ ਵਰਨਣ ਹੈ ਤਾਂ ਇਕ ਤੋਂ ਪਿੱਛੋਂ ਦੂਸਰੇ ਜੁਗ ਦਾ ਵਰਨਣ ਕੀਤਾ ਹੈ ਅਤੇ ਕਲਿਜੁਗ ਬਾਰੇ ਦੱਸਣ ਤੋਂ ਪਹਿਲਾਂ ਤਿੰਨਾਂ ਜੁਗਾਂ ਦਾ ਵੇਰਵਾ ਹੈ। ਦੂਸਰਾ ਹਰ ਪਉੜੀ ਆਪਣੇ ਆਪ ਵਿਚ ਬਿਲਕੁਲ ਪੂਰੀ ਤੇ ਮੁਕੰਮਲ ਹੈ। ਜਿਸ ਤਰ੍ਹਾਂ ਇਕ ਜੁਗ ਦਾ ਜ਼ਿਕਰ ਇਕ ਪੂਰੀ ਪਉੜੀ ਵਿਚ ਹੀ ਖਤਮ ਕੀਤਾ ਹੈ।

ਵਾਰ ਵਿਚ ਕਿਸੇ ਨਾਇਕ ਦਾ ਅਤੇ ਉਸ ਦੇ ਬੀਰਤਾ ਵਾਲੇ ਕੌਤਕ ਦਾ ਹੋਣਾਂ ਬੜਾ ਜ਼ਰੂਰੀ ਹੈ ਅਥਵਾ ਕਿਸੇ ਯੁਧ ਦਾ ਵਰਨਣ ਹੋਣਾ, ਜਿਸ ਵਿਚ ਕਿਸੇ ਨਾਇਕ ਨੇ ਹਿੱਸਾ ਲਿਆ ਹੋਵੇ ਅਤੇ ਸ਼ਲਾਘਾ ਯੋਗ ਕਾਰਨਾਮੇ ਵਿਖਾਏ ਹੋਣ। ਜਿੰਨਾਂ ਵੱਧ ਅੱਛਾ ਨਾਇਕ ਹੋਵੇਗਾ ਉਤਨੀ ਹੀ ਮਹੱਤਤਾ ਵਾਲੀ ਉਹ ਵਾਰ ਹੋਵੇਗੀ। ਕਿਉਂਕਿ ਵਾਰ ਕਰਤਾ ਦਾ ਕੰਮ ਨਾਇਕ ਦੀ ਸ਼ਲਾਘਾ ਕਰਨੀ ਹੀ ਹੁੰਦੀ ਹੈ ਇਸ ਲਈ ਉਹ ਆਪਣੀ ਵਾਰ ਦੇ ਨਾਇਕ ਨੂੰ ਵੱਧ ਤੋਂ ਵੱਧ ਬਹਾਦਰ ਦੱਸਦਾ ਹੈ। ਪਰ ਇਹ ਜ਼ਰੂਰੀ ਨਹੀਂ ਕਿ ਨਾਇਕ ਇਕ ਵਿਅੱਕਤੀ ਹੀ ਹੋਵੇ ਇਹ ਸਮੂਹ ਵੀ ਹੋ ਸਕਦਾ ਹੈ। ਜਿਸ ਤਰ੍ਹਾਂ ਅੱਜ ਕੱਲ੍ਹ ਦੀਆਂ ਵਾਰਾਂ ਵਿਚ ਸਾਰਾ ਸਮਾਜ, ਪੰਥ, ਕੌਮ, ਸ੍ਰੈਣੀ ਸਾਰੇ ਹੀ ਸਮੂਹਕ ਰੂਪ ਵਿਚ ਨਾਇਕ ਹੁੰਦੇ ਹਨ।

ਨਾਇਕ ਦੀ ਹੋਂਦ ਅਤੇ ਨਾਇਕ ਦੀ ਅਸਾਧਾਰਨਤਾ ਸਰੋਤਿਆਂ ਵਿਚ ਜੋਸ਼ ਤੇ ਬੀਰਤਾ ਦੇ ਜਜ਼ਬਾਤ ਪੈਦਾ ਕਰਦੀ ਹੈ। ਸੋ ਭਾਈ ਗੁਰਦਾਸ ਜੀ ਨੇ ਵੀ ਆਪਣੀ ਵਾਰ ਦਾ ਨਾਇਕ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਥਾਪਿਆ ਹੈ। ਉਨ੍ਹਾਂ ਦਾ ਮਨੋਰਥ ਨੇਕੀ ਤੇ ਬਦੀ ਦੀ ਟੱਕਰ ਕਰਵਾ ਕੇ ਨੇਕੀ ਦੀ ਜਿੱਤ ਦਰਸਾਉਣਾ ਹੈ। ਸੋ ਭਾਈ ਸਾਹਿਬ ਨੇ ਆਪਣੇ ਵਾਰ ਦੇ ਨਾਇਕ ਨੂੰ ਲਿਆਉਣ ਤੋਂ ਪਹਿਲਾਂ ਉਸ ਸਮੇਂ ਦੀ ਹਾਲਤ ਦਾ ਜ਼ਿਕਰ ਕੀਤਾ ਹੈ ਕਿ ਸਾਰੇ ਦੇਸ਼ ਵਿਚ ਗਿਲਾਨੀ ਫੈਲ ਗਈ ਸੀ। ਲੋਕ ਦੁਨਿਆਵੀ ਵਿਸ਼ੇ ਵਿਕਾਰਾਂ ਦੀ ਅੱਗ ਵਿਚ ਸੜ ਰਹੇ ਸਨ ਤਾਂ ਦੁਨੀਆਂ ਇੰਨੀ ਦੁਰਦਸ਼ਾ ਵੇਖ ਕੇ ਗੁਰੂ ਨਾਨਕ ਜੀ ਨੇ ਪਰਮਾਤਮਾਂ ਦੀ ਕ੍ਰਿਪਾ ਨਾਲ ਇਸ ਦੁਨੀਆਂ ਵਿਚ ਅਵਤਾਰ ਧਾਰਿਆ ਅਤੇ ਦੁਨੀਆਂ ਨੂੰ ਬੁਰੇ ਕੰਮਾਂ ਵੱਲੋਂ ਹਟਾ ਕੇ ਸਿੱਧੇ ਰਾਹ ਤੇ ਪਾਇਆ। ਭਾਈ ਗੁਰਦਾਸ ਜੀ ਗੁਰੂ ਦੀ ਸ਼ਕਤੀ ਦਾ ਪ੍ਰਭਾਵ ਪਹਿਲੀ ਵਾਰ ਦੀ 27ਵੀਂ ਪਉੜੀ ਵਿਚ ਇਸ ਤਰ੍ਹਾਂ ਦੱਸਦੇ ਹਨ:-

"ਸਤਿਗੁਰ ਨਾਨਕ ਪਰਗਟਿਆ ਮਿੱਟੀ ਧੁੰਧ ਜਗ ਚਾਨਣ ਹੋਆ।"

ਕਿ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਦੁਨੀਆਂ ਵਿਚ ਆਉਣ ਨਾਲ ਸਾਰੇ ਪਾਸੇ ਹੀ ਰੋਸ਼ਨੀ ਹੋ ਗਈ। ਅਗਿਆਨਤਾ ਦਾ ਹਨ੍ਹੇਰਾ ਖਤਮ ਹੋ ਗਿਆ। ਸਭ ਪਾਸੇ ਗੁਰੂ ਦੀ ਵਡਿਆਈ ਦਾ ਜਸ ਹੀ ਗਾਇਆ ਜਾਣ ਲੱਗਾ, ਭੇਖਾਂ, ਪਾਖੰਡਾਂ ਦਾ ਨਾਸ ਹੋਣ ਲੱਗਾ। ਭਾਈ ਸਾਹਿਬ ਨੇ ਵਾਰ ਵਿਚ ਆਪਣੇ ਨਾਇਕ ਦੀ ਉੱਚਤਾ ਦਸਣ ਲਈ ਦੁਨਿਆਵੀ ਸਿੱਧਾਂ, ਪੀਰਾਂ ਪੈਗੰਬਰਾਂ, ਜੋਗੀਆਂ ਆਦਿਕ ਕਰਾਮਾਤੀ ਜੀਵਾਂ ਨੂੰ ਲਿਆਂਦਾ ਹੈ ਅਤੇ ਉਨ੍ਹਾਂ ਨਾਲ ਗੁਰੂ ਜੀ ਨੂੰ ਵਾਦ - ਵਿਵਾਦ ਕਰਕੇ ਉਨ੍ਹਾਂ ਨੂੰ ਸਿੱਧੇ ਰਸਤੇ ਪਾਉਂਦਿਆਂ ਵਿਖਾਇਆ ਹੈ। ਜਦੋਂ ਗੁਰੂ ਜੀ ਸੁਮੇਰ ਪਰਬਤ ਤੇ ਜਾਂਦੇ ਹਨ ਤਾਂ ਉਥੇ ਸਿੱਧਾਂ ਨਾਲ ਗਲਬਾਤ ਹੁੰਦੀ ਹੈ। ਸਿੱਧ ਹੈਰਾਨ ਹੁੰਦੇ ਹਨ ਕਿ ਦੁਨੀਆਂ ਵਿਚ ਅਸੀਂ ਹੀ ਸਭ ਤੋਂ ਉੱਚੇ ਹਾਂ ਇਹ ਕਿਸ ਤਰ੍ਹਾਂ ਪਹੁੰਚ ਗਿਆ। ਉਹ ਗੁਰੂ ਜੀ ਤੋਂ ਇਸ ਬਾਰੇ ਪੁਛਦੇ ਹਨ ਕਿ ਤੈਨੂੰ ਕਿਹੜੀ ਸ਼ਕਤੀ ਇਥੇ ਲਿਆਈ ਹੈ ਤਾਂ ਗੁਰੂ ਜੀ ਉੱਤਰ ਵਿਚ ਕਹਿੰਦੇ ਹਨ ਕਿ ਮੈਂ ਪਰਮਾਤਮਾਂ ਦੇ ਨਾਮ ਨਾਲ ਇਥੇ ਪਹੁੰਚਿਆ ਹਾਂ। ਗੁਰੂ ਜੀ ਕਹਿੰਦੇ ਹਨ ਕਿ ਧਰਤੀ ਤੇ ਸਾਰੇ ਹੀ ਪਾਪ ਵਰਤਿਆ ਹੋਇਆ ਹੈ ਤੁਸੀਂ ਜੋ ਕਿ ਆਪਣੇ ਆਪ ਨੂੰ ਕਰਨੀ ਵਾਲੇ ਸਮਝਦੇ ਸੀ ਉਹ ਤਾਂ ਗਿਆਨ ਤੋਂ ਖਾਲੀ ਲੁਕ ਕੇ ਬੈਠੇ ਹਨ। ਸਿੱਧਾਂ ਨੇ ਗੁਰੂ ਜੀ ਵਿਚ ਕੁਝ ਕਰਨੀ ਵੇਖ ਕੇ ਉਨ੍ਹਾਂ ਦੀ ਪ੍ਰੀਖਿਆ ਲੈਣੀ ਚਾਹੀ। ਗੁਰੂ ਜੀ ਨੂੰ ਤਲਾ ਤੋਂ ਪਾਣੀ ਲੈਣ ਭੇਜਿਆ ਅਤੇ ਆਪ ਕਰਾਮਾਤ ਨਾਲ ਉਥੇ ਹੀਰੇ ਜਵਾਹਰਾਤ ਭਰ ਦਿੱਤੇ ਤਾਂ ਜੋ ਗੁਰੂ ਜੀ ਮਾਇਆ ਨੂੰ ਵੇਖ ਕੇ ਲਾਲਚ ਵਿਚ ਆ ਜਾਣ ਪਰ ਗੁਰੂ ਮਹਾਰਾਜ ਪਹਿਲਾਂ ਹੀ ਜਾਣੀ ਜਾਣ ਸਨ ਉਨ੍ਹਾਂ ਨੇ ਆਪਣੇ ਸ਼ਬਦ ਨਾਲ ਸਿੱਧਾਂ ਤੇ ਜਿੱਤ ਪਰਾਪਤ ਕਰ ਲਈ। ਸੋ ਇਥੇ ਭਾਈ ਸਾਹਿਬ ਜੀ ਨੇ ਬਦੀ ਜੋ ਕਿ ਸਿੱਧਾਂ ਦੇ ਰੂਪ ਵਿਚ ਲੋਕਾਂ ਨੂੰ ਧੋਖੇ ਵਿਚ ਰੱਖ ਕੇ ਕਰਾਮਾਤਾਂ ਦਿਖਾ ਕੇ ਭਰਮਾ ਰਹੀ ਸੀ

ਪਰ ਉਨ੍ਹਾਂ ਦੇ ਦੁੱਖ ਦੂਰ ਕਰਨ ਦੇ ਸਮਰੱਥ ਨਹੀਂ ਸੀ ਉਸ ਦਾ ਸਿੱਧੇ ਤੌਰ ਤੇ ਟਾਕਰਾ ਕੀਤਾ ਅਤੇ ਉਨ੍ਹਾਂ ਤੋਂ ਆਪਣੀ ਈਨ ਮਨਵਾਈ।

ਇਸੇ ਤਰ੍ਹਾਂ ਹੀ ਮੱਕੇ ਤੇ ਬਗਦਾਦ ਵਿਚ ਭੁਲੇ ਹੋਏ ਲੋਕਾਂ ਨੂੰ ਸਿੱਧੇ ਰਸਤੇ ਪਾਇਆ ।

ਵਾਰ ਵਿਚ ਯੁੱਧ ਦਾ ਵਰਨਣ ਕੀਤਾ ਜਾਂਦਾ ਹੈ। ਯੁੱਧ ਦੋਹਾਂ ਧੜਿਆਂ ਨਾਲ ਸਬੰਧਤ ਹੁੰਦਾ ਹੈ। ਸਭ ਤੋਂ ਪਹਿਲਾਂ ਵਾਰ ਵਿਚ ਯੁੱਧ ਵਰਨਣ ਹੋਣਾਂ ਜ਼ਰੂਰੀ ਹੈ। ਕਈ ਵਾਰ ਸੰਖੇਪ ਤੌਰ ਤੇ ਵਾਰ ਦਾ ਅਰਥ ਹੀ "ਯੁੱਧ ਸਬੰਧੀ ਕਾਵਿ" ਲਿਆ ਜਾਂਦਾ ਹੈ ਜਿਵੇਂ ਭਾਈ ਕਾਨ੍ਹ ਸਿੰਘ ਨੇ ਮਹਾਨ ਕੋਸ਼ ਦੀ ਚੌਥੀ ਜਿਲਦ ਵਿਚ ਲਿਆ ਹੈ। ਯੁੱਧ ਵਿਚ ਜਿੰਨੀ ਪ੍ਰਬਲ ਟੱਕਰ ਹੋਵੇਗੀ ਉਨੀ ਹੀ ਵਾਰ ਉਚੇ ਪੱਧਰ ਦੀ ਹੋਵੇਗੀ। ਇਹ ਟੱਕਰ ਜ਼ਰੂਰੀ ਨਹੀਂ ਕਿ ਦੁਨਿਆਵੀ ਹੀ ਹੋਵੇ, ਸਗੋਂ ਆਤਮਿਕ ਘੋਲ ਦੇ ਦੋ ਅਸੂਲਾਂ ਨੇਕੀ ਤੇ ਬਦੀ, ਸੰਗਤ ਤੇ ਕੁਸੰਗਤ, ਕੁਕਰਮ ਤੇ ਸ਼ੁਭ ਕਰਮ ਆਦਿਕ ਦਾ ਮੁਕਾਬਲਾ ਵੀ ਹੋ ਸਕਦਾ ਹੈ। ਗੁਰੂ ਸਾਹਿਬਾਂ ਨੇ ਆਪਣੀਆਂ ਵਾਰਾਂ ਵਿਚ ਆਤਮਿਕ ਘੋਲ, ਨੇਕੀ ਤੇ ਬਦੀ ਦਾ ਜ਼ਿਕਰ ਹੀ ਕੀਤਾ ਹੈ। ਇਸੇ ਤਰ੍ਹਾਂ ਹੀ ਭਾਈ ਗੁਰਦਾਸ ਨੇ ਵੀ ਆਪਣੀ ਵਾਰ ਵਿਚ ਨੇਕੀ ਤੇ ਬਦੀ ਦਾ ਮੁਕਾਬਲਾ ਕਰਵਾਇਆ ਹੈ। ਨੇਕੀ ਵਿਚ ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਦੇ ਸ਼ੁਭ ਬਚਨ ਲਿਆਂਦੇ ਹਨ ਅਤੇ ਬਦੀ ਦੇ ਪੱਖ ਵਿਚ ਦੁਨਿਆਵੀ ਵਿਸ਼ੇ ਵਿਕਾਰ ਅਤੇ ਉਨ੍ਹਾਂ ਵਿਚ ਗ੍ਰਸੀ ਹੋਈ ਮਨੁਖਤਾ ਲਿਆਂਦੀ ਹੈ। ਭਾਈ ਸਾਹਿਬ ਨੇ ਮਨੁਖੀ ਆਤਮਾ ਨੂੰ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ ਦਾ ਡਟ ਕੇ ਮੁਕਾਬਲਾ ਕਰਨ ਲਈ ਵੰਗਾਰਿਆ ਹੈ। ਗੁਰੂ ਜੀ ਦੀ ਜੋਗੀਆਂ ਤੇ ਸਿੱਧਾਂ ਦੀ ਵਾਰਤਾਲਾਪ ਦਾ ਜ਼ਿਕਰ ਕੀਤਾ ਹੈ ਅਤੇ ਉਨ੍ਹਾਂ ਦੁਆਰਾ ਕੀਤੇ ਹੋਏ ਭੇਖਾਂ ਪਾਖੰਡਾਂ ਦੇ ਖੰਡਨ ਦਾ ਵਰਨਣ ਕੀਤਾ ਹੈ। ਗੁਰੂ ਜੀ ਜਿਸ ਸਮੇਂ ਲੁਕਾਈ ਨੂੰ ਪਾਪਾਂ ਅਤੇ ਅਗਿਆਨਤਾ ਦੀ ਅੱਗ ਵਿਚ ਸੜਦੇ ਵੇਖਦੇ ਹਨ ਤਾਂ ਉਹ ਆਪ ਲੋਕਾਂ ਅਤੇ ਉਸ ਸਮੇਂ ਦੇ ਆਪਣੇ ਆਪ ਨੂੰ ਕਰਾਮਾਤੀ ਸਦਵਾਉਣ ਵਾਲੇ ਜੋਗੀਆਂ ਸਿੱਧਾਂ ਨੂੰ ਸਿੱਧੇ ਰਸਤੇ ਪਾਉਣ ਲਈ ਜਗ੍ਹਾ ਜਗ੍ਹਾ ਜਾਂਦੇ ਹਨ।

ਜਦ ਗੁਰੂ ਜੀ ਸੁਮੇਰ ਪਰਬਤ ਤੇ ਜਾਂਦੇ ਹਨ ਤਾਂ ਉਥੇ ਉਨ੍ਹਾਂ ਦੀ ਮੁਲਾਕਾਤ ਇਕ ਸਿੱਧ ਮੰਡਲੀ ਨਾਲ ਹੁੰਦੀ ਹੈ। ਜੋ ਆਪਣੇ ਆਪ ਨੂੰ ਬੜੇ ਸ਼ਕਤੀਸ਼ਾਲੀ ਸਮਝਦੇ ਸਨ। ਜਦੋਂ ਉਹ ਗੁਰੂ ਜੀ ਨੂੰ ਮਾਤ ਲੋਕ ਦਾ ਹਾਲ ਪੁੱਛਦੇ ਹਨ ਤਾਂ ਗੁਰੂ ਜੀ ਦਸਦੇ ਹਨ ਕਿ ਸਾਰੀ ਦੁਨੀਆਂ ਤੇ ਕੂੜ ਦਾ ਪਸਾਰਾ ਹੈ ਸਿੱਧ ਜੋ ਕਿ ਆਪਣੇ ਆਪ ਨੂੰ ਹੀ ਸਭ ਤੋਂ ਉੱਚਾ ਸਮਝਦੇ ਸਨ ਉਹ ਤਾਂ ਪਰਬਤਾਂ ਤੇ ਚੜ੍ਹ ਕੇ ਲੁਕ ਬੈਠੇ ਹਨ ਦੁਨੀਆਂ ਦਾ ਪਾਰ-ਉਤਾਰਾ ਹੋਰ ਕੌਣ ਕਰੇ। ਜੋਗੀ ਗਿਆਨ ਤੋਂ ਖਾਲੀ ਸਰੀਰ ਤੇ ਦਿਨ ਰਾਤ ਸੁਆਹ ਮਲ ਕੇ

ਬੈਠ ਰਹਿੰਦੇ ਹਨ ਪਰ ਜਲਦੀ ਹੋਈ ਲੁਕਾਈ ਵਲ ਕੋਈ ਧਿਆਨ ਨਹੀਂ ਦਿੰਦਾ। ਇਸ ਤਰ੍ਹਾਂ ਗੁਰੂ ਜੀ ਨੇ ਸਿੱਧਾਂ ਦਾ ਹੰਕਾਰ ਦੂਰ ਕੀਤਾ ਕਿ ਕਰਾਮਾਤ ਹੀ ਸਭ ਕੁਝ ਨਹੀਂ ਇਸ ਤੋਂ ਉਪਰ ਭਗਤੀ- ਭਗਤ ਦੀ ਪਦਵੀ ਹੈ ਜਿਸ ਨਾਲ ਆਤਮਕ ਸੰਤੁਸ਼ਟਤਾ ਮਿਲਦੀ ਹੈ। ਇਸੇ ਤਰ੍ਹਾਂ ਹੀ ਅਚਲ ਵਟਾਲੇ ਵਿਚ ਸ਼ਿਵਰਾਤ੍ਰੀ ਦੇ ਮੇਲੇ ਤੇ ਸਿੱਧਾਂ ਨੂੰ ਸਿੱਧੇ ਰਾਹ ਪਾਉਣ ਲਈ ਗੁਰੂ ਜੀ ਉਨ੍ਹਾਂ ਦਾ ਲੁਕਾਇਆ ਹੋਇਆ ਪੈਸਿਆਂ ਦਾ ਲੋਟਾ ਕੱਢ ਲੈਂਦੇ ਹਨ ਅਤੇ ਉਨ੍ਹਾਂ ਦਾ ਅਭਿਮਾਨ ਦੂਰ ਕਰਦੇ ਹਨ।

ਵਾਰ ਵਿਚ ਪੁਰਾਤਨਤਾ ਦਾ ਅੰਸ਼ ਵੀ ਲਿਆਂਦਾ ਜਾਂਦਾ ਹੈ। ਇਹ ਪੁਰਾਤਨਤਾ ਕਈ ਤਰੀਕਿਆਂ ਨਾਲ ਲਿਆਂਦੀ ਜਾਂਦੀ ਹੈ। ਪੁਰਾਣੀਆਂ ਮਿਥਿਹਾਸਕ ਘਟਨਾਵਾਂ ਵਲ ਇਸ਼ਾਰਾ ਕਰਕੇ, ਮਿਥਿਹਾਸਕ ਪਾਤਰਾਂ ਨੂੰ ਆਪਣੀ ਵਾਰ ਵਿਚ ਲਿਆ ਕੇ ਜਾਂ ਪੁਰਾਣੇ ਸ਼ਬਦਾਂ ਦੀ ਵਰਤੋਂ ਨਾਲ ਜਾਂ ਫਿਰ ਪੁਰਾਣੀਆਂ ਰਹੁ - ਰੀਤੀਆਂ ਦੇ ਬਿਆਨ ਨਾਲ। ਭਾਈ ਗੁਰਦਾਸ ਜੀ ਨੇ ਆਪਣੀ ਵਾਰ ਨੂੰ ਪੂਰੀ ਸਫਲਤਾ ਦੇਣ ਲਈ ਤਕਰੀਬਨ ਇਨ੍ਹਾਂ ਸਾਰਿਆਂ ਤਰੀਕਿਆਂ ਦੀ ਵਰਤੋਂ ਕੀਤੀ ਹੈ। ਭਾਈ ਸਾਹਿਬ ਨੇ ਚਾਰ ਵੇਦ, ਜਗ ਜੋਗੀਆਂ ਦੇ ਪੰਥ, ਵਰਣ ਆਦਿਕ ਦਾ ਆਪਣੀ ਵਾਰ ਵਿਚ ਬਹੁਤ ਸੋਹਣਾ ਉਲੇਖ ਕੀਤਾ ਹੈ। ਬ੍ਰਹਮਾਂ, ਰਾਮ ਚੰਦਰ, ਅਪੱਛਰਾਂ, ਮੁਹੰਮਦ, ਜੈਮਨ ਰਿਖੀ, ਕਣਾਦਿ ਮੁਨੀ, ਦੇਵ, ਦੈਤ, ਰਾਖਸ਼ ਆਦਿਕ ਮਿਥਿਹਾਸਕ ਪਾਤਰ ਵੀ ਲਿਆਂਦੇ ਹਨ। ਭਾਈ ਸਾਹਿਬ ਪੁਰਾਣੀਆਂ ਰਹੁ - ਰੀਤੀਆਂ ਨੂੰ ਬਿਆਨ ਕਰਦੇ ਹੋਏ ਦਸਦੇ ਹਨ ਕਿ ਪਹਿਲੇ ਸਮਿਆਂ ਵਿਚ ਲੋਕ ਮਾਇਆ ਮੋਹ ਤੋਂ ਬੇਮੁਹਤਾਜ ਰਹਿੰਦੇ ਸਨ, ਜੰਗਲਾਂ ਵਿਚ ਰਹਿ ਕੇ ਤਪੱਸਿਆ ਕਰਦੇ ਸਨ ਇਸ ਲਈ ਕੋਈ ਘਰ ਘਾਟ ਨਹੀਂ ਬਣਾਉਂਦੇ ਸਨ ਅਤੇ ਜੰਗਲੀ ਜੜ੍ਹੀ ਬੂਟੀਆਂ ਖਾ ਕੇ ਹੀ ਗੁਜ਼ਾਰਾ ਕਰਦੇ ਸਨ।

ਜਿਸ ਤਰ੍ਹਾਂ ਪੰਜਵੀਂ ਪਉੜੀ ਵਿਚ ਲਿਖਦੇ ਹਨ:-

"ਲੋਕੋ ਬ੍ਰਹਮੁ ਵਖਾਣੀਐ ਮੋਹ ਮਾਇਆ ਤੇ ਬੇਮੁਹਤਾਜੇ
ਕਰਨਿ ਤਪੱਸਿਆ ਬਨ ਵਿਖੈ ਵਖਤ ਗੁਜਾਰਨਿ ਪਿੰਨੀ ਸਾਗੈ
ਲਖ ਵਰ੍ਹਿਆਂ ਦੀ ਆਰਜਾ ਕੋਟੇ ਕੋਟ ਨ ਮੰਦਰ ਸਾਜੇ "

ਜੰਤਰਾਂ ਮੰਤਰਾਂ, ਮੜ੍ਹੀ ਮਸਾਣਾ ਆਦਿਕ ਪਖੰਡਾਂ ਨੂੰ ਬਹੁਤ ਮੰਨਦੇ ਸਨ ਪੱਥਰਾਂ ਨੂੰ ਪੂਜਦੇ ਸਨ ਪਉੜੀ 18 ਵਾਰ ਭਾਈ ਸਾਹਿਬ ਉਨ੍ਹਾਂ ਦੀ ਇਸ ਰਹਿਣੀ ਦਾ ਜ਼ਿਕਰ ਇਉਂ ਕਰਦੇ ਹਨ:-

"ਕੋਈ ਨ ਕਿਸੈ ਵਰਜਈ ਸੋਈ ਕਰੈ ਜੋਈ ਮਨ ਭਾਵੈ
ਕਿਸੈ ਪੁਜਾਈ ਸਿਲਾਸੁੰਨ ਕੋਈ ਗੋਰੀ ਮੜ੍ਹੀ ਪੁਜਾਵੈ

ਤੰਤ੍ਰ ਮੰਤ੍ਰ ਪਾਖੰਡ ਕਰਿ ਕਲਹ ਕ੍ਰੋਧ ਬਹੁਵਾਦ ਵਧਾਵੈ
ਆਪੋ ਧਾਪੀ ਹੋਇਕੈ ਨਿਆਰੇ ਨਿਆਰੇ ਧਰਮ ਚਲਾਵੈ
ਕੋਈ ਪੂਜੈ ਚੰਦ ਸੂਰ ਕੋਈ ਧਰਤਿ ਅਕਾਸ਼ ਮਨਾਵੈ
ਪਉਣ ਪਾਣੀ ਬੈਸੰਤਰੋ ਧਰਮ ਰਾਜ ਕੋਈ ਤ੍ਰਿਪਤਾਵੈ"

ਸ਼ਬਦਾਂ ਦੀ ਚੀਣਨ ਕਲਾ ਤੋਂ ਜਾਣੂ ਹੋਣਾ ਤੇ ਸ਼ਬਦ ਭੰਡਾਰ ਦੀ ਬਹੁਵੰਗੀ ਹੋਣਾਂ ਲੇਖਕ ਲਈ ਜ਼ਰੂਰੀ ਹੈ। ਸ਼ਬਦ ਐਸੇ ਵਰਤੇ ਹੁੰਦੇ ਹਨ ਕਿ ਜਿਹੜੇ ਵਾਰ ਵਿਚ ਰਾਗਆਤਮਕਾ ਪੈਦਾ ਕਰ ਦੇਣ। ਸ਼ਬਦਾਂ ਦੇ ਅਧਾਰ ਤੇ ਹੀ ਵਾਰ ਦੀ ਬੋਲੀ ਵਾਯੂ-ਮੰਡਲ ਦੇ ਅਨਕੂਲ ਹੁੰਦੀ ਹੈ। ਭਾਈ ਗੁਰਦਾਸ ਜੀ ਨੇ ਆਪਣੀ ਵਾਰ ਵਿਚ ਸ਼ਬਦਾਂ ਨੂੰ ਅਜੇਹੀ ਸੁਚੱਜਤਾ ਨਾਲ ਜੜਿਆ ਹੈ ਕਿ ਉਸ ਸ਼ਬਦ ਤੋਂ ਬਿਨਾਂ ਕੋਈ ਹੋਰ ਉਸ ਦੇ ਅਰਥ ਦਾ ਸ਼ਬਦ ਵੀ ਉਸ ਦੀ ਲੋੜ ਪੂਰੀ ਨਹੀਂ ਕਰ ਸਕਦਾ। ਭਾਈ ਸਾਹਿਬ ਦਾ ਗਿਆਨ ਐਨਾ ਹੈ ਕਿ ਇੰਨ੍ਹਾਂ ਨੂੰ ਉਸ ਸਮੇਂ ਦਾ ਸ਼ਬਦ ਕੋਸ਼ ਵੀ ਕਿਹਾ ਜਾਂਦਾ ਹੈ। ਕੋਈ ਵੀ ਐਸਾ ਸ਼ਬਦ ਨਹੀਂ ਜੋ ਇੰਨ੍ਹਾਂ ਦੇ ਗਿਆਨ ਤੋਂ ਬਾਹਰ ਹੋਵੇ। ਭਾਈ ਸਾਹਿਬ ਨਿਰੇ ਪੰਜਾਬੀ ਸ਼ਬਦਾਂ ਤੋਂ ਹੀ ਜਾਣੂ ਨਹੀਂ ਸਗੋਂ ਸੰਸਕ੍ਰਿਤ, ਫ਼ਾਰਸੀ ਅਤੇ ਬ੍ਰਿਜਭਾਸ਼ਾ ਦੇ ਵੀ ਵੱਡੇ ਮਾਹਿਰ ਹਨ। ਐਨਾ ਸ਼ਬਦ ਭੰਡਾਰ ਹੋਣ ਤੇ ਵੀ ਭਾਈ ਸਾਹਿਬ ਆਪਣੀ ਰਚਨਾਂ ਵਿਚ ਸੰਕੋਚ ਲਿਆ ਸਕੇ ਹਨ ਇਹ ਹੀ ਉਨ੍ਹਾਂ ਦੇ ਬਹੁਮੁੱਲੇ ਗਿਆਨ ਦਾ ਚਮਤਕਾਰ ਹੈ। ਇਸ ਲਈ ਭਾਈ ਸਾਹਿਬ ਨੇ ਆਪਣੀ ਵਾਰ ਦੀ ਬੋਲੀ ਵਿਚ, ਉਸ ਸਮੇਂ ਦੇ ਅਨਕੂਲ, ਠੇਠ ਪੰਜਾਬੀ ਨਹੀਂ ਵਰਤੀ ਸਗੋਂ ਹੋਰ ਵੀ ਬੋਲੀਆਂ ਦੇ ਸ਼ਬਦਾਂ ਦੀ ਵਰਤੋਂ ਕੀਤੀ ਹੈ। ਨਾਟਕੀ ਛੋਹਾਂ ਅਤੇ ਸਬੰਧ ਕੀ ਢੰਗ ਵੀ ਵਾਰ ਨੂੰ ਜ਼ਿਆਦਾ ਪ੍ਰਭਾਵਸ਼ਾਲੀ ਬਣਾਉਂਦੇ ਹਨ। ਭਾਈ ਗੁਰਦਾਸ ਜੀ ਨੇ ਆਪਣੀ ਵਾਰ ਵਿਚ ਕਈ ਜਗ੍ਹਾ ਗੁਰੂ ਜੀ ਤੇ ਹੋਰ ਵਿਅਕਤੀਆਂ ਦੀ ਗਲਬਾਤ ਕਰਵਾ ਕੇ ਨਾਟਕੀਅਤਾ ਪੈਦਾ ਕੀਤੀ ਹੈ।

ਪਉੜੀ 28

| | |
|---|---|
| ਸਿੱਧ | ਸਿੱਧਿ ਪੁਛਨਿ ਸੁਣਿ ਬਾਲਿਆ |
| | ਕਉਣ ਸ਼ਕਤਿ ਤੁਹਿ ਏਥੇ ਲਿਆਈ |
| ਗੁਰੂ ਜੀ | ਹਉਂ ਜਪਿਆ ਪਰਮੇਸਰੋ |
| | ਭਾਉ ਭਗਤ ਸੰਗਿ ਤਾੜੀ ਲਾਈ |
| ਸਿੱਧ | ਆਖਨਿ ਸਿਧਿ ਸੁਣਿ ਬਾਲਿਆ |
| | ਆਪਣਾ ਨਾਉ ਤੁਮ ਦੇਹੁ ਬਤਾਈ |
| ਗੁਰੂ ਜੀ | ਬਾਬਾ ਆਖੇ ਨਾਥ ਜੀ |
| | ਨਾਨਕ ਨਾਮ ਜਪੈ ਗਤਿ ਪਾਈ |

ਇਸੇ ਤਰ੍ਹਾਂ 29ਵੀਂ ਪਉੜੀ ਵਿਚ ਵੀ ਸਿੱਧਾਂ ਨਾਲ ਗੁਰੂ ਜੀ ਦੇ ਪ੍ਰਸ਼ਨ ਉੱਤਰ ਕਰਵਾ ਕੇ ਨਾਟਕੀ ਛੋਹਾਂ ਲਿਆਂਦੀਆਂ ਹਨ।

ਪਉੜੀ 33

ਮੱਕੇ ਵਿਚ ਇਕੱਠੇ ਹੋਏ ਕਾਜ਼ੀ ਮੁਲਾਂ ਗੁਰੂ ਜੀ ਤੋਂ ਸਵਾਲ ਪੁਛਦੇ ਹਨ:-

"ਪੁੱਛਨ ਫੋਲ ਕਿਤਾਬ ਨੋ
ਹਿੰਦੂ ਵਡਾ ਕਿ ਮੁਸਲਮਾਨੋਈ

ਗੁਰੂ ਜੀ

ਬਾਬਾ ਆਖੇ ਹਾਜੀਆ
ਸੁਭ ਅਮਲਾਂ ਬਾਝਹੁ ਦੋਨੋ ਰੋਈ
ਹਿੰਦੂ ਮੁਸਲਮਾਨ ਦੁਇ
ਦਰਗਹਿ ਅੰਦਰ ਲਹਨਿ ਨ ਢੋਈ

ਇਸੇ ਤਰ੍ਹਾਂ ਹੀ 40, 41 ਤੇ 42 ਪਉੜੀਆਂ ਵਿਚ ਪ੍ਰਸ਼ਨ ਉੱਤਰ ਚਲਦੇ ਹਨ। ਸਿੱਧ ਪ੍ਰਸ਼ਨ ਕਰਦੇ ਹਨ ਅਤੇ ਗੁਰੂ ਜੀ ਉਨ੍ਹਾਂ ਨੂੰ ਜੁਆਬ ਦਿੰਦੇ ਹਨ।

ਇਸ ਤੋਂ ਇਲਾਵਾ ਵਾਰ ਵਿਚ ਉਪਮਾਵਾਂ, ਦ੍ਰਿਸ਼ਟਾਂਤਾ, ਅਲੰਕਾਰਾਂ, ਰੂਪਕਾਂ ਆਦਿਕ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਭਾਈ ਗੁਰਦਾਸ ਜੀ ਨੇ ਵੀ ਇਨ੍ਹਾਂ ਦੀ ਵਰਤੋਂ ਕਾਫ਼ੀ ਖੁਲ੍ਹੇ ਰੂਪ ਵਿਚ ਕੀਤੀ ਹੈ।

ਉਪਮਾਵਾਂ :-

ਭਾਈ ਸਾਹਿਬ ਦੀ ਉਪਮਾਵਾਂ ਬਹੁਤੀਆਂ ਕੁਦਰਤ ਵਿਚੋਂ ਹੀ ਲਈਆਂ ਹਨ। ਜਿਸ ਤਰ੍ਹਾਂ:-

1. " ਜਿਉਂ ਕਰਿ ਸੂਰਜ ਨਿਕਲਿਆ ਤਾਰੇ ਛੁਪੇ ਅੰਧੇਰੁ ਪਲੋਆ"
(27 / 2)

2. " ਬੁਕਿਆ ਸਿੰਘ ਉਜਾੜ ਵਿਚਿ ਸਭਿ ਮਿਰਗਾਵਲਿ ਭੰਨੀ ਜਾਈ"
(34./5 )

ਇਸੇ ਤਰ੍ਹਾਂ ਹੀ ਦ੍ਰਿਸ਼ਟਾਂਤ ਦੀ ਵਰਤੋਂ ਕੀਤੀ ਹੈ :-

ਦ੍ਰਿਸ਼ਟਾਂਤ :

1. " ਜੇਹਾ ਬੀਜੈ ਸੋ ਲੁਣੈ ਸਮੇਂ ਬਿਨਾਂ ਫਲ ਹਥਿ ਨ ਆਵੈ"
(13/2)

2. "ਕਚਾ ਰੰਗ ਕੁਸੰਭ ਦਾ ਪਾਣੀ ਧੋਤੈ ਥਿਰ ਨ ਰਹੋਈ।"
(33/6)

<u>ਰੂਪਕ :</u>

1. ਗੁਰ ਪਰਮੇਸਰੁ ਇਕੁ ਹੈ ਸਚਾ ਸਾਹੁ ਜਗਤੁ ਵਣਜਾਰਾ।
(17/7)

2. ਬਾਬੇ ਆਖਿਆ ਨਾਥ ਜੀ ਸਚੁ ਚੰਦ੍ਰਮਾਂ ਕੂੜੁ ਅੰਧਾਰਾ।
(29/3)

ਇਸੇ ਤਰ੍ਹਾਂ ਹੀ ਭਾਈ ਗੁਰਦਾਸ ਜੀ ਨੇ ਯਮਕ, ਸਲੇਸ਼ ਆਦਿਕ ਅਲੰਕਾਰਾਂ ਦੀ ਵਰਤੋਂ ਕਰਕੇ ਆਪਣੀ ਵਾਰ ਨੂੰ ਪ੍ਰਭਾਵਸ਼ਾਲੀ ਬਣਾਇਆ ਹੈ।

## ਕਾਂਡ ਨੌਵਾਂ

ਭਾਈ ਗੁਰਦਾਸ ਦੀ ਪਹਿਲੀ ਵਾਰ ਤੋਂ ਉਘੜਿਆ ਸਮਕਾਲੀਨ ਜੀਵਨ = 162 - 167

****

1. Appendix 1 ... 168 - 169

2. Appendix 2 ... 170 - 172

3. ਸਾਰੰਸ਼ ... 173 - 175

## (10) ਭਾਈ ਗੁਰਦਾਸ ਦੀ ਪਹਿਲੀ ਵਾਰ ਤੋਂ ਉਘੜਿਆ ਸਮਕਾਲੀਨ ਜੀਵਨ

ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦੀ ਜਿਥੇ ਸਾਹਿਤਕ ਪੱਖ ਤੋਂ ਬਹੁਤ ਮਹਾਨਤਾ ਹੈ ਉਥੇ ਇਸ ਰਚਨਾਂ ਦਾ ਇਕ ਮਹੱਤਵ ਇਸ ਦੇ ਵਿਚ ਉਘੜੇ ਗੁਰੂ ਨਾਨਕ ਸਾਹਿਬ ਦੇ ਸਮਕਾਲੀਨ ਤੇ ਪੂਰਬ - ਕਾਲੀਨ ਸਮੇਂ ਦੀ ਸਮਾਜਕ, ਧਾਰਮਕ, ਸਦਾਚਾਰਕ ਤੇ ਰਾਜਨੀਤਕ ਹਾਲਾਤ ਦੇ ਭਰਪੂਰ ਚਿਤਰ ਕਰਕੇ ਹਚੌਂ ਭਾਈ ਸਾਹਿਬ ਨੇ ਉਸ ਸਮੇਂ ਦੇ ਸਮਾਜ ਦੀ ਗਿਰਾਵਟ ਦਸਕੇ ਕਿਸੇ ਪੂਰਨ ਪੁਰਖ ਦੀ ਲੋੜ ਮਹਿਸੂਸ ਕਰਵਾਈ ਹੈ। "ਗੁਰੂ[1] ਨਾਨਕ ਤੋਂ ਪਹਿਲਾਂ ਹਰ ਸ਼ੈ ਡਰਾਉਣੀ ਤੇ ਮੰਦੀ ਹੈ। ਉਨੀ ਮੰਦੀ ਹੈ ਜਿੰਨੀ ਸੀਤਾ ਜੀ ਨੂੰ ਰਾਮ ਜੀ ਦੇ ਬਾਝ ਹਰ ਚੀਜ਼ ਮੰਦੀ ਲਗਦੀ ਸੀ।" ਗੁਰੂ ਨਾਨਕ ਦੇਵ ਜੀ ਨੇ ਉਸ ਸਮੇਂ ਦੇ ਹਾਕਮਾ? ਰਾਜਿਆਂ, ਮੁਲਾਂ ਮੁਲਾਣਿਆਂ ਤੇ ਡੂੰਘੀ ਨਜ਼ਰ ਮਾਰੀ ਅਤੇ ਉਨ੍ਹਾਂ ਦੇ ਵਿਰੁਧ ਆਵਾਜ਼ ਉਠਾਈ। ਇੰਜ ਕਰਦਿਆਂ ਭਾਈ ਗੁਰਦਾਸ ਜੀ ਦੇ ਸਾਹਮਣੇ ਪ੍ਰੇਰਨਾ - ਸਰੋਤ ਗੁਰੂ ਨਾਨਕ ਸਾਹਿਬ ਦੀ ਰਚਨਾਂ ਹੀ ਸੀ ।

### ਸਮਾਜਕ ਹਾਲਤ : -

ਉਸ ਸਮੇਂ ਦੀ ਜਨਤਾ ਦੋ ਵੱਡੀਆਂ ਕੌਮਾਂ ਹਿੰਦੂ ਤੇ ਮੁਸਲਮਾਨਾਂ ਵਿਚ ਵੰਡੀ ਹੋਈ ਸੀ। ਮੁਸਲਮਾਨਾਂ ਦਾ ਰਾਜ ਹੋਣ ਕਰਕੇ ਉਹ ਹਿੰਦੂਆਂ ਨਾਲ ਬੁਰਾ ਸਲੂਕ ਹੀ ਕਰਦੇ ਸਨ। ਸੁਆਰਥ ਦੇ ਕਾਰਣ ਨਿੰਦ;, ਅਹੰਕਾਰ ਅਤੇ ਖਿਚੋਤਾਣ ਪ੍ਰਧਾਨ ਸੀ। ਭਾਈ ਗੁਰਦਾਸ ਜੀ ਉਸ ਸਮੇਂ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਹਨ: -

" ਚਾਰਿ ਵਰਨ ਚਾਰ ਮਜ਼ਹਬਾ ਜਗ ਵਿਚਿ ਹਿੰਦੂ ਮੁਸਲਮਾਣੇ
ਖੁਦੀ ਬਖੀਲੀ ਤਕਬਰੀ ਖਿੰਚੋਤਾਣ ਕਰੇਨਿ ਧਿਙਾਣੇ।" ( 21 )

ਉਚ ਨੀਚ ਦਾ ਭੇਦ ਇਸ ਸਮਾਜ ਦੀ ਬੁਨਿਆਦ ਬਣ ਚੁੱਕਿਆ ਸੀ। ਸਮਾਜ ਦੇ ਖੇਤਰ ਵਿਚ ਭਾਈ ਗੁਰਦਾਸ ਜੀ ਨੇ ਇਸ ਜ਼ਾਤ ਪਾਤ, ਉਚ - ਨੀਚ ਦਾ

---

1. ਹਰਿੰਦਰ ਸਿੰਘ ਰੂਪ 'ਸਾਹਿਤ ਸਮਾਚਾਰ' ਗੁਰੂ ਸਾਹਿਤ ਅੰਕ ਭਾਗ ਦੂਜਾ ਪੰਨਾ 27.

ਜ਼ੋਰਦਾਰ ਖੰਡਨ ਕੀਤਾਹੈ ਅਤੇ ਦਸਿਆ ਹੈ ਕਿ ਰਬੀ ਦਰਬਾਰ ਵਿਚ ਸਭ ਲੋਕ ਇਕੋ ਜਿਹੇ ਹਨ । ਚੰਗੇ ਕਰਮਾਂ ਤੋਂ ਬਿਨਾਂ ਕਿਸੇ ਨੂੰ ਵੀ ਸ਼ਾਂਤੀ ਨਹੀਂ ਭਾਈ ਸਾਹਿਬ ਜੀ 33ਵੀਂ ਪਉੜੀ ਵਿਚ ਦਸਦੇ ਹਨ ਕਿ ਕਾਜ਼ੀਆਂ ਦੇ ਪ੍ਰਸ਼ਨ ਪੁੱਛਣ ਤੇ ਕਿ ਹਿੰਦੂ ਮੁਸਲਮਾਨਾਂ ਵਿਚੋਂ ਕੌਣ ਵੱਡਾ ਹੈ ਤਾਂ ਗੁਰੂ ਜੀ ਇਸ ਤਰ੍ਹਾਂ ਕਹਿੰਦੇ ਹਨ:-

"ਬਾਬਾ ਆਖੇ ਹਾਜੀਆ, ਸੁਭਿ ਅਮਲਾ ਬਾਝਹੁ ਦੋਨੋ ਰੋਈ।
ਹਿੰਦੂ ਮੁਸਲਮਾਨ ਦੁਇ ਦਰਗਹ ਅੰਦਰਿ ਲਹਹਿ ਨ ਢੋਈ।"

ਇਸੇ ਤਰ੍ਹਾਂ ਹੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ:-

"ਏਥੈ ਜਾਣੈ ਸੋ ਜਾਇ ਸਿਵਾਣੇ। ਹੋਰੁ ਫਕੜੁ ਹਿੰਦੂ ਮੁਸਲਮਾਣੈ
ਸਭਨਾ ਕਾ ਦਰਿ ਲੇਖਾ ਹੋਇ। ਕਰਣੀ ਬਾਝਹੁ ਤਰੈ ਨ ਕੋਇ।"

ਰਾਜਸੀ ਹਾਲਤ:-

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਇਸਲਾਮੀ ਹਕੂਮਤ ਆਪਣੇ ਪੈਰ ਪੱਕੀ ਤਰ੍ਹਾਂ ਜਮਾਂ ਚੁੱਕੀ ਸੀ। ਇਹ ਹਕੂਮਤ ਸਖਸ਼ੀ ਹਕੂਮਤ ਸੀ। ਕੇਂਦਰੀ ਹਕੂਮਤ ਆਪਣੀ ਜਰ੍ਹਾਂ ਤੇ ਜਾਗੀਰਦਾਰਾਂ ਦੇ ਸਿਰ ਤੇ ਐਸ਼ ਇਸ਼ਰਤ ਵਿਚ ਫਸੀ ਹੋਈ ਸੀ। ਆਮ ਜਨਤਾ ਉਸ ਵੇਲੇ ਗਰੀਬੀ ਤੇ ਦੁਖਾਂ ਦੇ ਪੰਜੇ ਵਿਚ ਜਕੜੀ ਹੋਈ ਸੀ। ਗੁਰੂ ਨਾਨਕ ਦੇਵ ਜੀ ਨੇ ਉਸ ਵੇਲੇ ਦੇ ਸ਼ਾਸਕ ਵਰਗ, ਜ਼ਾਲਮ ਬਾਦਸ਼ਾਹ ਅਤੇ ਅਤਿਆਚਾਰੀ ਹਕੂਮਤ ਦੇ ਵਿਰੁੱਧ ਇਕ ਬਹੁਤ ਹੀ ਜ਼ੋਰਦਾਰ ਆਵਾਜ਼ ਉਠਾਈ। ਭਾਈ ਗੁਰਦਾਸ ਜੀ ਵੀ ਉਸ ਸਮੇਂ ਦਾ ਨਕਸ਼ਾ ਇਸ ਤਰ੍ਹਾਂ ਖਿਚਦੇ ਹਨ:-

"ਜੁਗਗਰਦੀ ਜਬ ਹੋਵਹੇ ਉਲਟੇ ਜੁਗ ਕਿਆ ਹੋਇ ਵਰਤਾਰਾ
ਉਠੇ ਗਿਲਾਨ ਜਗਤ ਵਿਚ ਵਰਤੇ ਪਾਪ ਭ੍ਰਿਸ਼ਟ ਸੰਸਾਰਾ।"

ਉਸ ਸਮੇਂ ਦੇ ਪਰਜਾ ਦੇ ਰਖਵਾਲੇ ਆਪਣਾ ਧਰਮ ਭੁਲ ਕੇ ਕੁਰਾਹੇ ਪਏ ਹੋਏ ਸਨ ਉਲਟਾ ਉਨ੍ਹਾਂ ਨੂੰ ਦੁਖੀ ਕਰ ਰਹੇ ਸਨ। ਜਨਤਾ ਦੁਖਾਂ ਦੀ ਸਤਾਈ ਹੋਈ ਤੜਪ ਰਹੀ ਸੀ। ਗੁਰੂ ਨਾਨਕ ਜੀ ਨੇ ਉਨ੍ਹਾਂ ਜ਼ੁਲਮਾਂ ਵਿਰੁੱਧ ਇਸ ਤਰ੍ਹਾਂ ਕਿਹਾ:-

"ਰਾਜੇ ਸ਼ੀਹ ਮੁਕੱਦਮ ਕੁਤੇ ਜਾਇ ਜਗਾਇਨ ਬੈਠੇ ਸੁਤੇ।"

ਤੇ ਭਾਈ ਗੁਰਦਾਸ ਜੀ ਵੀ ਆਪਣੀ ਵਾਰ ਵਿਚ ਉਸ ਵੇਲੇ ਦੇ ਰਾਜਿਆਂ ਬਾਬਤ ਲਿਖਦੇ ਹਨ:-

" ਕਾਜ਼ੀ ਹੋਇ ਕੈ ਬਹੈ ਨਿਆਇ
ਫੇਰੇ ਤਸਬੀ ਕਰੇ ਖੁਦਾਏ।
ਵਢੀ ਲੈ ਕੈ ਹੱਕ ਗਵਾਇ
ਜੇ ਕੋ ਪੁਛੈ ਤਾ ਪੜਿ ਸੁਣਾਏ। "

ਭਾਈ ਗੁਰਦਾਸ ਜੀ ਵੀ ਇੰਨ੍ਹਾਂ ਕਾਜ਼ੀਆਂ ਦਾ ਜ਼ਿਕਰ ਕਰਦੇ ਹੋਏ ਕਹਿੰਦੇ ਹਨ:-

"ਕਾਜ਼ੀ ਹੋਇ ਰਿਸ਼ਵਤੀ ਵਢੀ ਲੈ ਕੇ ਹਕ ਗਵਾਈ। "(30/6)

ਭਾਈ ਸਾਹਿਬ ਨੇ ਨਿਰਾ ਜ਼ੁਲਮ ਵਿਰੁਧ ਹੀ ਆਵਾਜ਼ ਨਹੀਂ ਉਠਾਈ ਉਨ੍ਹਾਂ ਨੇ ਰਾਜਿਆਂ ਨੂੰ ਝੂਠੇ ਪਾਤਸ਼ਾਹ ਆਖਿਆ ਹੈ। ਉਨ੍ਹਾਂ ਨੇ ਦੁਨਿਆਵੀ ਪਾਤਸ਼ਾਹਾਂ ਦੇ ਸੇਵਕਾਂ ਨੂੰ ਮਨਮੁਖ ਆਖਿਆ ਹੈ। ਭਾਈ ਸਾਹਿਬ ਜੀ ਕਹਿੰਦੇ ਹਨ:-

"ਸਤਿਗੁਰ ਸੱਚਾ ਪਾਤਸ਼ਾਹ
ਕੂੜੇ ਪਾਦਸ਼ਾਹ ਦੁਨੀਆਵੇ। "

## ਧਾਰਮਕ ਹਾਲਤ :-

ਭਾਈ ਸਾਹਿਬ ਜੀ ਉਸ ਸਮੇਂ ਦੀ ਧਾਰਮਕ ਦਸ਼ਾ ਦਾ ਜ਼ਿਕਰ ਕਰਦੇ ਹੋਏ ਦਸਦੇ ਹਨ ਕਿ ਸਾਰੇ ਜੁਗਾਂ ਵਿਚ ਧਰਮ ਵੱਖਰਾ ਵੱਖਰਾ ਚਲਦਾ ਆ ਰਿਹਾ ਸੀ। ਜੋ ਵੀ ਕੋਈ ਉਠਦਾ ਸੀ ਆਪਣਾ ਵੱਖਰਾ ਧਰਮ ਹੀ ਬਣਾ ਲੈਂਦਾ ਸੀ ਤੇ ਇੰਜ ਭਾਰਤ ਵਿਚ ਅਨੇਕਾਂ ਧਰਮ ਸੰਪਰਦਾਵਾਂ ਤੇ ਫਿਰਕੇ ਬਣ ਚੁੱਕੇ ਸਨ। ਸਾਰੇ ਆਪੋ ਆਪਣੇ ਮਤ ਅਨੁਸਾਰ ਹੀ ਚਲਦੇ ਸਨ:-

"ਆਪੋ ਆਪਣੇ ਮਤ ਸਭਿ ਗਾਵੈ। " (8/8)

ਇਸੇ ਤਰ੍ਹਾਂ ਹੀ:-

"ਕੋਇ ਨਾ ਕਿਸੇ ਵਰਜਈ ਸੋਈ ਕਰੈ ਜੋਈ ਮਨ ਭਾਵੈ।
ਕਿਸੈ ਪੁਜਾਈ ਸਿਲਾ- ਸਥੰਨ ਕੋਈ ਗੋਰੀ ਮੜੀ ਪੁਜਾਵੈ।
ਤੰਤ੍ਰ ਮੰਤ੍ਰ ਪਾਖੰਡ ਕਰ ਕਲਹਿ ਕ੍ਰੋਧ ਬਹੁਵਾਦ ਕਰਾਵੈ।
ਆਪੋ ਧਾਪੀ ਹੋਇਕੇ ਨਿਆਰੇ ਨਿਆਰੇ ਧਰਮ ਚਲਾਵੈ।
ਫੋਕਟ ਧਰਮ ਭਰਮ ਭੁਲਾਵੈ। "

ਉਸ ਸਮੇਂ ਬੇਅੰਤ ਭਰਮ ਪਾਖੰਡਾਂ ਦਾ ਜਾਲ ਜਨਤਾ ਦੁਆਲੇ ਤਣਿਆਂ ਹੋਇਆ ਸੀ। ਹਿੰਦੂਆਂ ਮੁਸਲਮਾਨਾਂ ਨੇ ਆਪਣੇ ਧਾਰਮਕ ਸਥਾਨ ਵੀ ਵੱਖਰੇ ਵੱਖਰੇ ਮੰਨ ਲਏ ਸਨ ਭਾਈ ਗੁਰਦਾਸ ਜੀ ਇਸ ਬਾਰੇ ਇਉਂ ਲਿਖਦੇ ਹਨ:-

"ਗੰਗ ਬਨਾਰਸਿ ਹਿੰਦੂਆ ਮਕਾ ਕਾਬਾ ਮੁਸਲਮਾਣੇ
ਸੁੰਨਤਿ ਮੁਸਲਮਾਣ ਦੀ ਤਿਲਕ ਜੰਞੂ ਹਿੰਦੂ ਲੋਭਾਣੋ।"

ਗੁਰੂ ਨਾਨਕ ਦੇਵ ਜੀ ਆਸਾ ਦੀ ਵਾਰ ਵਿਚ ਹਿੰਦੂ ਤੇ ਮੁਸਲਮਾਨਾਂ ਦੇ ਧਰਮਾਂ ਬਾਰੇ ਇਸ ਤਰ੍ਹਾਂ ਜ਼ਿਕਰ ਕਰਦੇ ਹਨ:-

"ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ
ਬੰਦੇ ਸੇ ਜਿ ਪਵਹਿ ਵਿਚ ਬੰਦੀ ਵੇਖਣ ਕਉ ਦੀਦਾਰੁ
ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪ ਅਪਾਰੁ
ਤੀਰਥ ਨਾਵਹਿ ਅਰਚਾ ਪੂਜਾ ਅਗਰ ਵਾਸ ਬਹੁਕਾਰੁ।"

ਉਸ ਸਮੇਂ ਫੋਕੇ ਕਰਮ ਕਾਂਡਾਂ, ਤੀਰਥ ਇਸ਼ਨਾਨਾਂ ਆਦਿਕ ਨੂੰ ਮੁਕਤੀ ਦੇ ਸਾਧਨ ਸਮਝਿਆ ਜਾਣ ਲੱਗ ਪਿਆ ਸੀ ਅਤੇ ਮੁਸਲਮਾਨਾਂ ਨੇ ਆਪਣੇ ਆਪ ਨੂੰ ਰੋਜ਼ੇ ਤੇ ਈਦ ਨਿਮਾਜ਼ ਵਿਚ ਹੀ ਬੰਦ ਕਰ ਰੱਖਿਆ ਸੀ। ਉਹ ਇੰਨ੍ਹਾਂ ਕਰਮ-ਕਾਂਡਾਂ ਵਿਚ ਹੀ ਖਚਤ ਹੋ ਰਹੇ ਸਨ। ਭਾਈ ਗੁਰਦਾਸ ਜੀ ਹਿੰਦੂ ਮੁਸਲਮਾਨਾਂ ਦੀਆਂ ਰਹੁਰੀਤਾਂ ਨੂੰ ਇਸ ਤਰ੍ਹਾਂ ਚਿਤਰਦੇ ਹਨ:-

"ਰੋਜੇ ਈਦ ਨਿਮਾਜ ਕਰਿ ਕਰਮੀ ਬੰਦਿ ਕੀਆ ਸੰਸਾਰਾ।
ਪੀਰ ਪੈਕੰਬਰ ਅਉਲੀਏ ਗਾਉਸ ਕੁਤਬ ਬਹੁ ਭੇਖ ਸਵਾਰਾ।
ਠਾਕੁਰ ਦੁਆਰੇ ਢਾਹਿਕੈ ਤਿਹਿ ਠਉੜੀ ਮਾਸੀਤ ਉਸਾਰਾ।
ਮਾਰਨਿ ਗਊ ਗਰੀਬ ਨੋ ਧਰਤੀ ਉਪਰਿ ਪਾਪ ਬਿਥਾਰਾ।"

ਭਾਈ ਸਾਹਿਬ ਜੀ ਦਸਦੇ ਹਨ ਕਿ ਉਸ ਸਮੇਂ ਕੋਈ ਵੀ ਗੁਰਮੁਖ ਉਚ ਆਚਰਨ ਦਾ ਧਾਰਨੀ ਨਹੀਂ ਦਿਸਦਾ ਸੀ।

"ਗੁਰਮੁਖਿ ਕੋਇ ਨ ਦਿਸਈ ਢੂੰਢੇ ਤੀਰਥਿ ਜਾਤ੍ਰੀ ਮੇਲੈ।"

ਅਖੌਤੀ ਧਾਰਮਕ ਆਗੂਆਂ ਦੀ ਹਾਲਤ ਨੂੰ ਭਾਈ ਗੁਰਦਾਸ ਜੀ ਨੇ ਇਉਂ ਦਰਸਾਇਆ ਹੈ:-

"ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ।
ਸੇਵਕ ਬੈਠਨਿ ਘਰਾ ਵਿਚਿ ਗੁਰ ਉਠਿ ਘਰੀ ਤਿਨਾੜੇ ਜਾਈ।"

ਅਗਿਆਨ ਵਸ ਲੋਕ ਭੇਖੀ ਤੇ ਪਾਖੰਡੀ ਆਗੂਆਂ ਮਗਰ ਲਗੇ ਹੋਏ ਸਨ। ਸਭ ਪਾਸੇ ਕੂੜ ਦਾ ਵਰਤਾਰਾ ਸੀ। ਗੁਰੂ ਦੇ ਗਿਆਨ ਤੋਂ ਬਿਨਾਂ ਲੋਕ ਖਹਿ ਖਹਿ ਹੀ ਮਰ ਰਹੇ ਸਨ। ਧਰਮ ਨਿਰਬਲ ਹੋ ਗਿਆ ਸੀ ਕਿਉਂਕਿ ਪਾਪ ਪ੍ਰਬਲ ਸੀ। ਪਾਪ ਨੂੰ ਨਾਸ ਤੇ ਧਰਮ ਨੂੰ ਬਲਵਾਨ ਕਰਨ ਵਾਲਾ ਕੋਈ ਸਾਧੂ - ਜਨ ਨਜ਼ਰੀ ਨਹੀਂ ਸੀ ਆਉਂਦਾ। ਧਰਮ ਰੂਪੀ ਬਲਦ ਪਾਪਾਂ ਨਾਲ ਕੁਰਲਾ ਰਿਹਾ ਸੀ । ਭਾਈ ਗੁਰਦਾਸ ਜੀ ਲਿਖਦੇ ਹਨ:-

"ਵਰਤਿਆ ਪਾਪ ਜਗਤ੍ਰ ਤੇ ਧਉਲ ਉਡੀਣਾ ਨਿਸਿਦਿਨ ਰੋਆ।"

APPENDix I

## ਗੁਰੂ ਨਾਨਕ ਸਾਹਿਬ ਦੀਆਂ ਉਦਾਸੀਆਂ - 168-169

ਭਾਈ ਗੁਰਦਾਸ ਜੀ ਨੇ ਗੁਰੂ ਸਾਹਿਬਾਂ ਦੀਆਂ ਸਿਰਫ ਤਿੰਨ ਉਦਾਸੀਆਂ ਦਾ ਜ਼ਿਕਰ ਹੀ ਕੀਤਾ ਹੈ। ਇੰਨ੍ਹਾਂ ਉਦਾਸੀਆਂ ਵਿਚ ਗੁਰੂ ਜੀ ਨੇ ਹਿੰਦੂ ਤੇ ਮੁਸਲਮਾਨਾਂ ਦੇ ਧਾਰਮਿਕ ਆਗੂਆਂ ਨੂੰ ਸਿੱਧੇ ਰਸਤੇ ਪਾਇਆ ਹੈ। ਇਹ ਅਸਥਾਨ ਤਿੰਨ ਤਰ੍ਹਾਂ ਦੇ ਹਨ:-

1. ਹਿੰਦੂ ਤੀਰਥ
2. ਜੋਗੀਆਂ ਦੇ ਸਥਾਨ ਤੇ
3. ਮੁਸਲਮਾਨਾਂ ਦੇ ਸਥਾਨ

ਪਹਿਲੀ ਉਦਾਸੀ ਵਿਚ ਗੁਰੂ ਜੀ ਤੀਰਥਾਂ ਤੇ ਗਏ ਦਸੇ ਹਨ:-

"ਬਾਬਾ ਆਇਆ ਤੀਰਥੀ ਤੀਰਥ ਪੁਰਬ ਸਭੇ ਫਿਰਿ ਦੇਖੈ।"(25)

ਦੂਸਰੀ ਵਿਚ ਸੁਮੇਰ ਪਰਬਤ ਉਤੇ ਜੋਗੀਆਂ ਨੂੰ ਮਿਲਣ ਦੀ ਸਾਖੀ ਹੈ:-

"ਫਿਰਿ ਜਾ ਚੜ੍ਹੇ ਸੁਮੇਰ ਪਰ, ਸਿੱਧ ਮੰਡਲੀ ਦ੍ਰਿਸ਼ਟੀ ਆਈ। (28)

ਤੇ ਤੀਸਰੀ ਵਿਚ ਮੱਕੇ ਦੇ ਹੱਜ ਲਈ ਗਏ :-

"ਬਾਬਾ ਫਿਰਿ ਮੱਕੇ ਗਿਆ, ਨੀਲ ਬਸਤ੍ਰ ਧਾਰੇ ਬਨਵਾਰੀ।" (33)

ਪੁਰਾਤਨ ਜਨਮਸਾਖ ਵਾਲੇ ਨੇ ਗੁਰੂ ਨਾਨਕ ਦੇਵ ਜੀ ਦੀਆਂ 5 ਉਦਾਸੀਆਂ ਦੱਸੀਆਂ ਹਨ। ਉਸ ਨੇ ਬਨਾਰਸ ਤੇ ਦੱਖਣ ਦੀ ਉਦਾਸੀ ਵੱਖਰੀਆਂ ਵੱਖਰੀਆਂ ਦੱਸੀਆਂ ਹਨ ਪਰ ਭਾਈ ਗੁਰਦਾਸ ਜੀ ਨੇ ਇੰਨ੍ਹਾਂ ਨੂੰ ਇਕ ਹੀ ਮੰਨਿਆ ਹੈ। ਇਸ ਦੀ ਤੀਸਰੀ ਉਦਾਸੀ ਸੁਮੇਰ ਪਰਬਤ ਤੇ ਅਚਲ ਵਟਾਲੇ ਦੀ ਅਤੇ ਚੌਥੀ ਪੱਛਮ ਦੀ ਉਦਾਸੀ ਮੱਕੇ ਦੀ ਹੈ। ਪੰਜਵੀਂ ਉਦਾਸੀ ਵੀ ਇਸ ਨੇ ਵੱਖਰੀ ਕਰ ਦਿੱਤੀ ਹੈ ਜਿਸ ਵਿਚ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਮਿਲੀ ਹੈ। ਪਰ ਇਹ ਬਿਲਕੁਲ ਠੀਕ ਨਹੀਂ ਕਿਉਂਕਿ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਬਖਸ਼ਣ ਸਮੇਂ ਗੁਰੂ ਨਾਨਕ ਜੀ ਨੇ ਉਦਾਸੀ ਭੇਖ ਉਤਾਰ ਦਿੱਤਾ ਸੀ। ਪੁਰਾਤਨ ਜਨਮਸਾਖੀ ਦੇ ਕਰਤਾ ਨੇ ਸ਼ਰਧਾ ਵਸ ਹੋ ਕੇ ਕਈ ਸਾਖੀਆਂ ਗੁਰੂ ਸਾਹਿਬਾਂ ਨਾਲ ਐਵੇਂ ਹੀ ਜੋੜ ਦਿੱਤੀਆਂ ਹਨ।

ਪਰ ਆਮ ਇਤਿਹਾਸਕਾਰ ਚਾਰ ਉਦਾਸੀਆਂ ਹੀ ਮੰਨਦੇ ਹਨ। ਉਤਰ, ਦੱਖਣ, ਪੂਰਬ ਤੇ ਪੱਛਮ ਦੀਆਂ। ਪਰ ਭਾਈ ਗੁਰਦਾਸ ਜੀ ਦੀ ਗੱਲ ਜ਼ਿਆਦਾ ਮੰਨਣਯੋਗ ਹੈ। ਇਕ ਤਾਂ ਇਸ ਵਿਚ ਚੋਣਵੀਆਂ ਘਟਨਾਵਾਂ ਹੀ ਲਈਆਂ ਗਈਆਂ ਹਨ।

ਦੂਸਰੀਆਂ ਜਨਮਸਾਖੀਆਂ ਦੀ ਤਰ੍ਹਾਂ ਕਿਸੇ ਰਲਾ ਦੀ ਗੁੰਜਾਇਸ਼ ਇਸ ਵਿਚ ਨਜ਼ਰ ਨਹੀਂ ਆਉਂਦੀ। ਭਾਈ ਸਾਹਿਬ ਦੀ ਇਹ ਵਾਰ ਗੁਰੂ ਸਾਹਿਬਾਂ ਦੇ ਵੇਲੇ ਦੀ ਲਿਖੀ ਹੋਈ ਹੈ। ਇਸ ਲਈ ਗੁਰੂ ਸਾਹਿਬਾਂ ਦੀਆਂ ਨਜ਼ਰਾਂ ਵਿਚ ਜਰੂਰ ਨਿਕਲੀ ਹੋਵੇਗੀ।

APPENDix 2. ## ਪਹਿਲੀ ਵਾਰ ਵਿੱਚ ਹੋਰ ਗੁਰੂ ਸਾਹਿਬਾਂ ਦਾ ਜੀਵਨ = 170-172

45ਵੀਂ ਪਉੜੀ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਮਿਲਣ ਦਾ ਜ਼ਿਕਰ ਹੈ। ਪਹਿਲਾਂ ਆਪ ਦਾ ਨਾਮ ਲਹਿਣਾ ਜੀ ਸੀ। ਗੁਰੂ ਨਾਨਕ ਦੇਵ ਜੀ ਨੇ ਜਦੋਂ ਹਉਮੈਂ ਰੂਪੀ ਮੈਲ ਤੋਂ ਰਹਿਤ 'ਨਿਰਮਲ ਪੰਥ' ਤੋਰਿਆ ਤਾਂ ਉਨ੍ਹਾਂ ਨੇ ਸ੍ਰੀ ਲਹਿਣਾ ਜੀ ਦੀ ਘਾਲ ਕਮਾਈ ਦੇਖ ਕੇ ਅਕਾਲ ਪੁਰਖ ਦੇ ਬਖਸ਼ੇ ਹੋਏ ਬਲ ਨਾਲ ਲਹਿਣਾਂ ਜੀ ਅੰਦਰੋਂ ਪਹਿਲਾ ਜੀਵਨ ਕੱਢ ਕੇ ਆਤਮਕ ਜ਼ਿੰਦਗੀ ਬਖਸ਼ ਕੇ, ਉਨ੍ਹਾਂ ਦੇ ਸਿਰ ਤੇ ਗੁਰਿਆਈ ਦਾ ਛਤਰ ਧਰਿਆ। ਉਸੇ ਜੋਤ ਨੇ ਗੁਰੂ ਅੰਗਦ ਦੇਵ ਜੀ ਵਿਚ ਜੋਤਿ ਪਾਈ।

"ਜੋਤੀ ਜੋਤਿ ਮਿਲਾਇਕੈ ਸਤਿਗੁਰ ਨਾਨਕ ਰੂਪ ਵਟਾਇਆ।"

ਅਨੁਸਾਰ ਸਰੀਰ ਬੇਸ਼ਕ ਬਦਲੇ ਪਰ ਜੋਤ ਉਹ ਹੀ ਰਹੀ।

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁਰੂ ਅੰਗਦ ਦੇਵ ਜੀ ਨੂੰ ਗੱਦੀ ਦੇਣੀ ਇਕ ਦੀਵੇ ਤੋਂ ਦੂਜਾ ਦੀਵਾ ਬਾਲਣਾ ਹੈ। ਹੀਰੇ ਨੇ ਹੀਰੇ ਨੂੰ ਬੇਧਿਆ ਹੈ। ਇਹ ਦੋਵੇਂ ਇਸ ਤਰ੍ਹਾਂ ਇਕ ਰੂਪ ਹੋ ਗਏ ਜਿਵੇਂ ਪਾਣੀ ਨੂੰ ਪਾਣੀ ਵਿਚ ਰਲਾਇਆ ਜਾਵੇ ਤਾਂ ਇਕ ਰੂਪ ਹੋ ਜਾਂਦਾ ਹੈ:-

"ਗੁਰੂ ਅੰਗਦ ਗੁਰੁ ਅੰਗ ਤੇ ਅੰਮ੍ਰਿਤ ਬ੍ਰਿਖ ਅੰਮ੍ਰਿਤ ਫਲ ਫਲਿਆ
ਜੋਤੀ ਜੋਤਿ ਜਗਾਈਅਨੁ ਦੀਵੇ ਤੇ ਜਿਉਂ ਦੀਵਾ ਬਲਿਆ
ਹੀਰੈ ਹੀਰਾ ਬੇਧਿਆ ਛਲ ਕਰ ਅਛਲੀ ਅਛਲ ਛਲਿਆ
ਕੋਈ ਬੁਝ ਨ ਹੰਘਈ ਪਾਣੀ ਅੰਦਰ ਪਾਣੀ ਰਲਿਆ।"

(24/8)

ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਕਰਤਾਰਪੁਰ ਵਿਚ ਮਿਲੀ ਸੀ ਬਾਅਦ ਵਿਚ ਉਹ ਕਰਤਾਰਪੁਰ ਛੱਡ ਕੇ ਖੰਡੂਰ ਚਲੇ ਗਏ। ਉਸ ਪਿੰਡ ਵਿਚ ਗੁਰੂ ਨਾਨਕ ਦੇਵ ਜੀ ਦੇ ਦਸੇ ਹੋਏ ਰਾਹ ਉਤੇ ਚਲ ਕੇ ਲੋਕਾਂ ਨੂੰ ਪ੍ਰੇਰਿਆ ਅਤੇ ਉਥੇ ਰੋਸ਼ਨੀ ਕੀਤੀ। ਅਕਾਲ ਪੁਰਖ ਦੀ ਦਿੱਤੀ ਦਾਤ ਨਾਮ ਨੂੰ ਲੋਕਾਂ ਵਿਚ ਵੰਡਿਆ।

46ਵੀਂ ਪਉੜੀ ਵਿਚ ਲਿਖਿਆ ਹੈ ਕਿ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਗੁਰੂ ਨਾਨਕ ਦੇਵ ਜੀ ਤੋਂ ਮਿਲੀ ਸੀ ਅਤੇ ਉਨ੍ਹਾਂ ਨੇ ਗੁਰੂ ਅਮਰਦਾਸ ਜੀ ਨੂੰ ਬਖਸ਼ੀ:-

"ਲਹਣੇ ਪਾਈ ਨਾਨਕੋ ਦੇਣੀ ਅਮਰਦਾਸ ਘਰਿ ਆਈ।"

(46/5)

ਭਾਈ ਗੁਰਦਾਸ ਜੀ ਇਕ ਹੋਰ ਜਗ੍ਹਾ ਇਸ ਤਰ੍ਹਾਂ ਹੀ ਲਿਖਦੇ ਹਨ ਕਿ ਗੁਰੂ ਅਮਰਦਾਸ ਤਾਂ ਤਿੰਨਾਂ ਦਾ ਰੂਪ ਹੋ ਗਿਆ। ਹੁਣ ਕੋਈ ਪਛਾਣ ਨਹੀਂ ਸਕਦਾ:-

"ਪੋਤਾ ਪਰਵਾਵੀਨ ਨਵੇਲਾ"

(10/24)

ਗੁਰੂ ਅਮਰਦਾਸ ਜੀ ਨੇ ਫਿਰ ਗੋਇੰਦਵਾਲ ਵਸਾਇਆ ਅਤੇ ਉਥੇ ਵੀ ਖੰਡੂਰ ਵਾਂਗ ਰੌਣਕਾਂ ਲਗ ਗਈਆਂ ।

47ਵੀਂ ਪਉੜੀ ਵਿਚ ਗੁਰੂ ਰਾਮਦਾਸ ਤੇ ਗੁਰੂ ਅਰਜਨ ਦੇਵ ਜੀ ਦੋਹਾਂ ਗੁਰੂ ਸਾਹਿਬਾਂ ਦਾ ਜ਼ਿਕਰ ਕੀਤਾ ਹੈ। ਗੁਰੂ ਰਾਮਦਾਸ ਜੀ ਸੋਢੀ ਬੰਸ ਵਿਚੋਂ ਸਨ। ਗੁਰੂ ਰਾਮਦਾਸ ਜੀ ਗੋਇੰਦਵਾਲ ਛੱਡ ਕੇ ਅੰਮ੍ਰਿਤਸਰ ਵਿਚ ਆ ਗਏ।

"ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚਿ ਜੋਤਿ ਜਗਾਵੈ। (47/3)

ਇਸ ਤੁਕ ਤੋਂ ਇਹ ਪਤਾ ਲੱਗਦਾ ਹੈ ਕਿ ਸ੍ਰੀ ਗੁਰੂ ਰਾਮਦਾਸ ਜੀ ਦੇ ਵੇਲੇ ਹੀ ਅੰਮ੍ਰਿਤ ਸਰੋਵਰ ਪੁਟਿਆ ਜਾ ਚੁੱਕਾ ਸੀ ਤੇ ਗੁਰੂ ਰਾਮਦਾਸ ਜੀ ਉਸ ਦੇ ਵਿਚਕਾਰ ਬੈਠੇ ਜੋਤਾਂ ਜਗਾ ਰਹੇ ਸਨ।

ਗੁਰੂ ਰਾਮਦਾਸ ਜੀ ਨੂੰ ਜਵਾਈ ਹੋਣ ਕਰਕੇ ਵੀ ਗੱਦੀ ਮਿਲ ਗਈ। ਗੁਰੂ ਰਾਮਦਾਸ ਜੀ ਤੋਂ ਪਿੱਛੋਂ ਗੁਰੂ ਅਰਜਨ ਜੀ ਨੂੰ ਗੱਦੀ ਮਿਲੀ ਜੋ ਕਿ ਗੁਰੂ ਰਾਮਦਾਸ ਜੀ ਦੇ ਹੀ ਪੁੱਤਰ ਸਨ। ਭਾਈ ਗੁਰਦਾਸ ਜੀ ਲਿਖਦੇ ਹਨ:-

"ਫਿਰ ਆਈ ਘਰ ਅਰਜਨੇ ਪੁੱਤ ਸੰਸਾਰੀ ਗੁਰੂ ਕਹਾਵੈ"


ਇਸ ਤੋਂ ਬਾਅਦ ਗੱਦੀ ਸੋਢੀਆਂ ਵਿਚ ਹੀ ਰਹਿ ਗਈ। ਪਰਮਾਤਮਾਂ ਵਲੋਂ ਨਾਇਕਾਂ ਦੇ ਆਉਣ ਦੀ ਆਗਿਆ ਸੋਢੀਆਂ ਵਿਚ ਹੀ ਹੋ ਗਈ।

48ਵੀਂ ਪਉੜੀ ਵਿਚ ਸ੍ਰੀ ਗੁਰੂ ਹਰਿ ਗੋਬਿੰਦ ਜੀ ਦੀ ਪਾਤਸ਼ਾਹੀ ਦਾ ਜ਼ਿਕਰ ਹੈ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਪੰਜ ਪੀਰ ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਨੇ ਪੰਜਾਂ ਪਿਆਲਿਆਂ ਵਿਚੋਂ ਸਤ, ਸੰਤੋਖ, ਦਯਾ, ਧਰਮ, ਧੀਰਜ ਪੀ ਕੇ ਅਭਿਆਸ ਕੀਤਾ ਤੇ ਹੁਣ ਛੇਵਾਂ ਪੀਰ ਹਰਿ ਗੋਬਿੰਦ ਭਾਰੀ ਗੁਰੂ ਹੋ ਕੇ ਗੱਦੀ ਤੇ ਬੈਠਾ। ਇਹ ਗੁਰੂ ਅਰਜਨ ਜੀ ਦਾ ਹੀ ਸਰੂਪ ਸੀ ਤੇ ਕਾਇਆ ਪਲਟ ਕਿ ਗੁਰੂ ਹਰਿ ਗੋਬਿੰਦ ਜੀ ਦੀ ਤਸਵੀਰ ਬਣਾਈ।

"ਪੰਜ ਪਿਆਲੇ ਪੰਜ ਪੀਰ ਛਟਹਾ ਪੀਰ ਬੈਠਾ ਗੁਰ ਭਾਰੀ
ਅਰਜਨ ਕਾਇਆ ਪਲਟਕੈ ਮੂਰਤ ਹਰਿਗੋਬਿੰਦ ਸਵਾਰੀ।"

ਸੋ ਭਾਈ ਗੁਰਦਾਸ ਜੀ ਦਸਦੇ ਹਨ ਕਿ ਇੰਨ੍ਹਾਂ ਛੇਆਂ ਵਿਚ ਰਤੀ ਭਰ ਵੀ ਫਰਕ ਨਹੀਂ। ਭਾਈ ਗੁਰਦਾਸ ਜੀ ਨੇ ਗੁਰੂ ਹਰਿਗੋਬਿੰਦ ਜੀ ਨੂੰ ਪਰਉਪਕਾਰੀ ਤੇ ਜੋਧਾ ਕਿਹਾ ਹੈ:-

"ਦਲਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।"



## ਸਾਰੰਸ਼

= 173-175.

ਭਾਈ ਗੁਰਦਾਸ ਜੀ ਦੀ ਇਹ ਵਾਰ ਉਨ੍ਹਾਂ ਦੀਆਂ ਵਾਰਾਂ ਵਿਚ ਮਹੱਤਵਪੂਰਨ ਸਥਾਨ ਰੱਖਦੀ ਹੈ। ਇਸ ਵਾਰ ਦੀਆਂ 49 ਪਉੜੀਆਂ ਹਨ ਅਤੇ ਬਾਕੀ 39 ਵਾਰਾਂ ਵਿਚੋਂ ਸਭ ਤੋਂ ਲੰਬੀ ਹੈ। ਭਾਈ ਸਾਹਿਬ ਦੀ ਇਹ ਵਾਰ ਚਾਰ ਹਿੱਸਿਆਂ ਵਿਚ ਵੰਡੀ ਹੋਈ ਹੈ। ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਦੀ ਸਮਕਾਲੀਨ ਹਾਲਤ, ਗੁਰੂ ਸਾਹਿਬਾਨ ਦਾ ਅਵਤਾਰ ਧਾਰਕੇ ਭੁਲੀ ਦੁਨੀਆਂ ਨੂੰ ਸਿੱਧੇ ਰਸਤੇ ਪਾਉਣਾਂ, ਭੇਖਾਂ, ਪਾਖੰਡਾਂ ਦੇ ਮੁਕਾਬਲੇ ਤੇ ਨਵੇਂ ਸਿਧਾਂਤਾਂ ਦੀ ਜਿੱਤ ਦਾ ਡੰਕਾ ਵਜਾਉਣਾ ਅਤੇ ਪਿਛਲੇ ਹਿੱਸੇ ਵਿਚ ਪਹਿਲੇ ਪੰਜ ਗੁਰੂ ਸਾਹਿਬਾਂ ਦੀ ਜੋਤ ਦਾ ਜ਼ਿਕਰ ਹੈ।

ਭਾਈ ਸਾਹਿਬ ਦਾ ਪਹਿਲੀ ਵਾਰ ਲਿਖਣ ਦਾ ਮਨੋਰਥ ਹੀ ਸਿੱਖ ਧਰਮ ਦੇ ਟਾਕਰੇ ਤੇ ਬਾਕੀ ਧਰਮਾਂ ਦਾ ਖੰਡਨ ਕਰਨਾ ਹੈ ਅਤੇ ਸਿੱਖ ਧਰਮ ਨੂੰ ਉਸ ਸਮੇਂ ਦੇ ਜ਼ਿਆਦਾ ਅਨੁਕੂਲ ਦਰਸਾਉਣਾ ਹੈ। ਇਸ ਵਾਰ ਵਿਚ ਗੁਰੂ ਸਾਹਿਬਾਂ ਦੀ ਉਘਾੜੀ ਹੋਈ ਸ਼ਖਸੀਅਤ ਬਾਕੀ ਜਨਮਸਾਖੀਆਂ ਦੇ ਮੁਕਾਬਲੇ ਤੇ ਪਰਮਾਣੀਕ ਹੈ। ਕਿਸੇ ਵਾਧੂ ਸਾਖੀ ਦਾ ਰਲਾ ਨਜ਼ਰ ਨਹੀਂ ਆਉਂਦਾ ਬੇਸ਼ਕ ਭਾਈ ਸਾਹਿਬ ਨੇ ਵੀ ਗੁਰੂ ਜੀ ਨੂੰ ਦੋ ਥਾਵਾਂ ਤੇ ਕਰਾਮਾਤੀ ਦਰਸਾਇਆ ਹੈ ਪਰ ਉਹ ਸਿਰਫ ਇਸ ਲਈ ਕਿ ਉਸ ਸਮੇਂ ਲੋਕਾਂ ਦਾ ਵਿਸ਼ਵਾਸ਼ ਹੀ ਅਜਿਹਾ ਹੋ ਗਿਆ ਸੀ ਕਿ ਕਰਾਮਾਤੀ ਅੰਸ਼ ਤੋਂ ਬਿਨਾਂ ਕਿਸੇ ਚੀਜ਼ ਦੀ ਮਹਾਨਤਾ ਦਰਸਾਈ ਹੀ ਨਹੀਂ ਜਾ ਸ਼ਕਦੀ ਸੀ।

ਭਾਈ ਸਾਹਿਬ ਨੇ ਆਪਣੀ ਇਸ ਵਾਰ ਵਿਚ ਇਤਿਹਾਸਕ ਹਵਾਲਿਆਂ ਦਾ ਜ਼ਿਕਰ ਵੀ ਕੀਤਾ ਹੈ ਜੋ ਭਾਈ ਸਾਹਿਬ ਜੀ ਦੇ ਇਤਿਹਾਸਕ ਗਿਆਨ ਦੇ ਸੂਚਕ ਹਨ। ਭਾਈ ਸਾਹਿਬ ਜੀ ਦਾ ਗਿਆਨ ਸਿਰਫ ਉਸ ਸਮੇਂ ਦੇ ਤਜਰਬਿਆਂ ਤਕ ਹੀ ਸੀਮਤ ਨਹੀਂ ਸੀ ਸਗੋਂ ਉਹ ਪਹਿਲਾਂ ਹੋ ਚੁੱਕੀਆਂ ਇਤਿਹਾਸਕ ਘਟਨਾਵਾਂ ਤੋਂ ਹੀ ਜਾਣੂ ਸੀ।

ਭਾਈ ਗੁਰਦਾਸ ਜੀ ਕਾਵਿ - ਕਲਾ ਵਿਚ ਨਿਪੁੰਨ ਤੇ ਪਰਬੀਨ ਸਨ। ਉਨ੍ਹਾਂ ਨੇ ਦ੍ਰਿਸ਼ਟਾਂਤ, ਰੂਪਕ, ਉਪਮਾਂ ਆਦਿਕ ਅਲੰਕਾਰ ਵਰਤਕੇ ਆਪਣੀ ਵਾਰ ਨੂੰ ਸੁਚੱਜੇ ਤਰੀਕੇ ਨਾਲ ਸਜਾਇਆ ਹੈ। ਉਨ੍ਹਾਂ ਦੀਆਂ ਕਈ ਤੁਕਾਂ ਮੁਹਾਵਰੇ ਦੀ ਸ਼ਕਲ ਅਖਤਿਆਰ ਕਰ ਗਈਆਂ ਹਨ ਤਕਰੀਬਨ ਹਰ ਪਉੜੀ ਵਿਚ ਕਿਸੇ ਨਾ ਕਿਸੇ ਤਰ੍ਹਾਂ ਦਾ ਮੁਹਾਵਰਾ ਜ਼ਰੂਰ ਨਜ਼ਰ ਆ ਜਾਂਦਾ ਹੈ। ਆਪ ਨੇ ਯੋਗ ਕਾਂਟ ਛਾਂਟ ਤੇ ਬੌਧਿਕ ਸੰਜਮ ਨਾਲ ਆਪਣੇ ਵਿਸ਼ੇ ਨੂੰ ਪੂਰੀ ਤਰ੍ਹਾਂ ਨਿਭਾਇਆ ਹੈ।

ਭਾਈ ਸਾਹਿਬ ਜੀ ਦੀ ਇਸ ਵਾਰ ਦੀ ਬੋਲੀ ਠੇਠ ਪੰਜਾਬੀ ਹੈ ਬੇਸ਼ਕ ਉਸ ਸਮੇਂ ਦੀਆਂ ਪਰਚਲਤ ਸਾਹਿਤਕ ਭਾਸ਼ਾਵਾਂ ਜਿਵੇਂ ਬ੍ਰਜੀ, ਸੰਤ - ਭਾਖਾ ਤੇ ਫਾਰਸੀ ਦਾ ਵੀ ਪ੍ਰਭਾਵ ਆਪ ਦੀ ਰਚਨਾਂ ਵਿਚ ਨਜ਼ਰ ਆਉਂਦਾ ਹੈ। ਭਾਈ ਸਾਹਿਬ ਨੇ ਭਾਸ਼ਾ ਵਿਗਿਆਨ ਦੇ ਨਿਯਮ ਅਨੁਸਾਰ ਕਈ ਲਫਜ਼ਾਂ ਨੂੰ ਬਦਲ ਕੇ ਲਿਖਿਆ ਹੈ ਅਤੇ ਕਈਆਂ ਪਹਿਲੇ ਪ੍ਰਚਲਤ ਰੂਪ ਵਿਚ ਹੀ ਰਹਿਣ ਦਿੱਤਾ ਹੈ।

ਭਾਈ ਗੁਰਦਾਸ ਜੀ ਦੀ ਵਾਰ ਵਿਚ ਇਕ ਵਾਰ ਦੇ ਤਕਰੀਬਨ ਪੂਰੇ ਲੱਛਣ ਮਿਲਦੇ ਹਨ। ਪਉੜੀ ਛੰਦ ਵਿਚ ਰਚੀ ਗਈ ਇਹ ਵਾਰ ਸ਼ਾਂਤ ਰਸ ਪ੍ਰਧਾਨ ਹੈ। ਇਸ ਵਿਚ ਭਾਈ ਸਾਹਿਬ ਨੇ 'ਨੇਕੀ ਤੇ ਬਦੀ' ਦਾ ਵਿਰੋਧ ਵਿਖਾ ਕੇ ਸਚਾਈ ਤੇ ਨੇਕੀ ਦੀ ਜਿੱਤ ਨੂੰ ਪ੍ਰਗਟ ਕੀਤਾ ਹੈ। ਉਨ੍ਹਾਂ ਨੇ ਆਪਣੇ ਨਾਇਕ ਗੁਰੂ ਨਾਨਕ ਦੇਵ ਜੀ ਦੀ ਸ਼ਖਸੀਅਤ ਨੂੰ ਇਸ ਵਾਰ ਵਿਚ ਪੂਰੀ ਤਰ੍ਹਾਂ ਉਘਾੜਿਆ ਹੈ ਤੇ ਇਹ ਹੀ ਭਾਈ ਸਾਹਿਬ ਦੀ ਇਸ ਵਾਰ ਦਾ ਮੁਖ ਮਨੋਰਥ ਸੀ।

ਭਾਈ ਸਾਹਿਬ ਗੁਰੂ ਸਾਹਿਬ ਦੇ ਸਮੇਂ ਦੀਆਂ ਰਾਜਨੀਤਕ,ਸਮਾਜਕ ਤੇ ਧਾਰਮਕ ਹਾਲਤਾਂ ਨੂੰ ਵੀ ਆਪਣੀ ਵਾਰ ਵਿਚ ਅੰਕਿਤ ਕੀਤਾ ਹੈ ਅਤੇ ਉਸ ਸਮੇਂ ਵਿਚ ਹੋ ਰਹੇ ਗਰੀਬ ਜਨਤਾ ਤੇ ਜ਼ੁਲਮਾਂ ਦਾ ਜ਼ਿਕਰ ਕੀਤਾ ਹੈ। ਇਸੇ ਅੰਧੇਰਗਰਦੀ ਨੂੰ ਦ੍ਰਿਸ਼ਟੀ ਵਿਚ ਰੱਖਕੇ ਹੀ ਭਾਈ ਸਾਹਿਬ ਨੇ ਗੁਰੂ ਜੀ ਨੂੰ ਗਿਆਨ ਦਾ ਸੂਰਜ ਪ੍ਰਗਟ ਕੀਤਾ ਹੈ ਤੇ ਕਿਹਾ ਹੈ:-

'ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗ ਚਾਨਣ ਹੋਆ'।

ਸੋ ਇਸ ਵਾਰ ਵਿਚ ਭਾਈ ਗੁਰਦਾਸ ਜੀ ਦੀ ਅਦੁੱਤੀ ਕਲਾ ਲਿਸ਼ਕਾਰੇ ਮਾਰਦੀ ਨਜ਼ਰ ਆਉਂਦੀ ਹੈ ਅਤੇ ਇਸ ਤੋਂ ਹੀ ਉਨ੍ਹਾਂ ਦਾ ਆਚਰਣ, ਗੁਰੂ ਨਾਨਕ ਜੀ ਦੀ ਮਹਾਨਤਾ ਨੂੰ ਦਰਸਾਉਣ ਦਾ ਮੰਤਵ ਵੀ ਪੂਰਾ ਹੋ ਜਾਂਦਾ ਹੈ। ਇਸ 49 ਪਉੜੀਆਂ ਦੀ ਵਾਰ ਵਿਚ ਭਾਈ ਸਾਹਿਬ ਆਪਣੀ ਵਿਦਵਤਾ ਅਤੇ ਵਿਸ਼ਾਲ ਗਿਆਨ ਕਰਕੇ ਹੀ ਐਨਾ ਕੁਝ ਬਿਆਨ ਕਰਨ ਦੀ ਸਮਰਥਾ ਰੱਖਦੇ ਹਨ।

ਭਾਈ ਗੁਰਦਾਸ ਦੀ ਪਹਿਲੀ ਵਾਰ
(ਇਕ ਆਲੋਚਨਾਤਮਕ ਅਧਿਐਨ)


| ਪੁਸਤਕ | ਲੇਖਕ |
|---|---|
| 1. 'ਸ੍ਰੀ ਗੁਰੂ ਸ਼ਬਦ ਰਤਨ ਪ੍ਰਕਾਸ਼' | ਅਕਾਲੀ ਕੌਰ ਸਿੰਘ, ਕਾਰੋਨੇਸ਼ਨ ਪ੍ਰੈਸ ਸਦਰ ਪਿਸ਼ਾਵਰ ਸੰਤ ਸਿੰਘ ਮੈਨੇਜਰ, 1923. |
| 2. 'ਪੁਰਾਤਨ ਪੰਜਾਬੀ ਕਾਵਿ ਦਾ ਵਿਕਾਸ' | ਸ: ਸ: ਅਮੋਲ, ਸਤੰਬਰ 1955. |
| 3. 'ਭਾਈ ਗੁਰਦਾਸ' | ਸਰਦੂਲ ਸਿੰਘ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ |
| 4. 'ਪੰਜਾਬੀ ਸਾਹਿਤ ਦਾ ਇਤਿਹਾਸ' | ਸੁਰਿੰਦਰ ਸਿੰਘ ਕੋਹਲੀ, ਲਹੌਰ ਬੁਕਸ਼ਾਪ ਲੁਧਿਆਣਾ, ਮਾਰਚ 1955 |
| 5. 'ਗੁਰੂ ਨਾਨਕ ਦੇਵ ਜੀ ਦਾ ਜੀਵਨ ਬ੍ਰਿਤਾਂਤ' (ਆਲੋਚਨਾ) | ਸਾਹਿਬ ਸਿੰਘ, ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ 1967. |
| 6. 'ਭਾਈ ਗੁਰਦਾਸ ਦੇ ਅਲੰਕਾਰ' | ਸ:ਸ:ਅਮੋਲ |
| 7. 'ਸਾਡਾ ਇਤਿਹਾਸ' ਭਾਗ ਪਹਿਲਾ | ਪ੍ਰਿੰ: ਸਤਬੀਰ ਸਿੰਘ ਨਿਊ ਬੁਕ ਕੰਪਨੀ ਮਾਈ ਹੀਰਾ ਗੇਟ, ਜਲੰਧਰ, ਸਤੰਬਰ 1957. |
| 8. "ਗੁਰਮਤ ਪ੍ਰਕਾਸ਼' | ਸਾਹਿਬ ਸਿੰਘ ਲਹੌਰ ਬੁਕ ਸ਼ਾਪ ਲੁਧਿਆਣਾ, 1947. |
| 9. 'ਪੰਜਾਬੀ ਕਾਵਿ ਸ਼੍ਰੋਮਣੀ' | ਸੰਤ ਸਿੰਘ ਸੇਖੋਂ |
| 10. 'ਸੱਤੇ ਬਲਵੰਤ ਦੀ ਵਾਰ' | ਸਾਹਿਬ ਸਿੰਘ |
| 11. 'ਗੁਰਸ਼ਬਦ ਰਤਨਾਕਰ ਮਹਾਨਕੋਸ਼' | ਭ:ਕਾਨ੍ਹ ਸਿੰਘ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ |
| 12. 'ਵਾਰਾਂ ਭਾਈ ਗੁਰਦਾਸ' | ਗਿਆਨੀ ਹਜ਼ਾਰਾ ਸਿੰਘ ਖਾਲਸਾ ਕਾਲਜ ਅੰਮ੍ਰਿਤਸਰ 1950 |
| 13. 'ਵਾਰਾਂ ਭਾਈ ਗੁਰਦਾਸ ਜੀ ਦਾ ਤੁਕ ਤਤਕਰਾ' | ਕਰਤਾਰ ਸਿੰਘ E.G. 1085-C ਗੋਬਿੰਦਗੜ੍ਹ ਜਲੰਧਰ ਸਤੰਬਰ 1963. |

14. 'ਮਿਹਰਬਾਨ ਸਾਖੀ' — ਕਿਰਪਾਲ ਸਿੰਘ/ਪ੍ਰਕਾਸ਼ ਸਿੰਘ
ਖਾਲਸਾ ਕਾਲਜ ਅੰਮ੍ਰਿਤਸਰ, 1962

15. 'ਗੁਰੂ ਨਾਨਕ ਭਾਸ਼' — ਕਾਲਾ ਸਿੰਘ ਬੇਦੀ
ਪੰਜਾਬੀ ਬੁਕ ਸਟੋਰ ਮੇਨ ਬਜ਼ਾਰ,
ਪਹਾੜ ਗੰਜ ਨਵੀਂ ਦਿੱਲੀ।

16. 'ਸਿੱਖਿਆ ਕੋਸ਼' — ਗੁਰਬਖਸ਼ ਸਿੰਘ ਕੇਸਰੀ,
ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ
ਸਤੰਬਰ 1961

17. 'ਪੰਜਾਬੀ ਬੋਲੀ ਦਾ ਵਿਕਾਸ ਤੇ ਹੋਰ ਲੇਖ' — ਪ੍ਰੋ: ਗੁਰਚਰਨ ਸਿੰਘ

18. 'ਭਾਈ ਬਾਲੇ ਵਾਲੀ ਜਨਮਸਾਖੀ' — ਭਾਈ ਜਵਾਹਰ ਸਿੰਘ, ਕ੍ਰਿਪਾਲ ਸਿੰਘ
ਐਂਡ ਕੰ:ਬਜ਼ਾਰਮਾਈ ਸੇਵਾ ਅੰਮ੍ਰਿਤਸਰ

19. 'ਹਿੰਦੂ ਮਿਥਿਹਾਸ ਕੋਸ਼' — ਜੋਨ ਡੋਸਨ ਅਨੁਵਾਦਕ ਰਾਜਿੰਦਰ ਸਿੰਘ
ਸ਼ਾਸਤਰੀ, ਸ:ਲਾਲ ਸਿੰਘ,
ਡਾਇਰੈਕਟਰ ਜਨਰਲ, ਭਾਸ਼ਾ ਵਿਭਾਗ
ਪੰਜਾਬ, ਪਟਿਆਲਾ, 1963.

20. 'ਗੁਰੂ ਨਾਨਕ ਦੀ ਸਾਹਿਤਕ ਪ੍ਰਤਿਭਾ ਤੇ ਹੋਰ ਲੇਖ' — ਪ੍ਰੋ:ਦੀਵਾਨ ਸਿੰਘ ਐਮ.ਏ.
ਸਰਦਾਰ ਫਕੀਰ ਸਿੰਘ ਐਂਡ ਸਨਜ਼,
ਬਜ਼ਾਰ ਮਾਈ ਸੇਵਾ ਅੰਮ੍ਰਿਤਸਰ 1968.

21. 'ਸ਼ੰਭੂ ਨਾਥ ਵਾਲੀ ਜਨਮ ਪਤ੍ਰੀ ਬਾਰੇ ਨਾਨਕ ਜੀ ਦੀ ਪ੍ਰਸਿੱਧ ਨਾਂ ਆਦਿ ਸਾਖੀਆਂ' — ਪਿਆਰਾ ਸਿੰਘ
ਲਹੌਰ ਬੁਕ ਸ਼ਾਪ ਲੁਧਿਆਣਾ
ਅਕਤੂਬਰ, 1969.

22. ''ਸੂਫੀ ਕਾਵਿ ਅੰਕ' — ਪੰਜਾਬੀ ਦੁਨੀਆਂ, ਪਟਿਆਲਾ

23. ''ਭਾਰਤੀ ਕਾਵਿ ਸ਼ਾਸਤਰ' — ਪ੍ਰੇਮ ਪ੍ਰਕਾਸ਼ ਸਿੰਘ,
ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ
ਮਈ 1963.

24. 'ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ' — ਪ੍ਰੋ: ਪ੍ਰਮਿੰਦਰ ਸਿੰਘ, ਕਸੇਲ ਸਿੰਘ
ਲਹੌਰ ਬੁਕ ਸ਼ਾਪ, ਲੁਧਿਆਣਾ।

25. 'ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ' — ਪ੍ਰੋ:ਪ੍ਰੇਮ ਪ੍ਰਕਾਸ਼ ਸਿੰਘ'

26. 'ਗੁਰੂ ਨਾਨਕ ਅਲੰਕਾਰ' — ਪ੍ਰੋ:ਬਲਬੀਰ ਕੌਰ ਰੰਧਾਵਾ
ਸਰਦਾਰ ਸਾਹਿਤ ਭਵਨ ਪਟਿਆਲਾ
1968.

27. 'ਗਿਆਨ ਰਤਨਾਵਲੀ' — ਮਿਹਰਚੰਦ
ਸੰਸਕ੍ਰਿਤ ਬੁਕ ਡਿਪੋ ਲਹੌਰ।

28. 'ਗੁਰਦਾਸ ਅੰਕ' — ਸ:ਰਣਧੀਰ ਸਿੰਘ,
ਪੰਜਾਬੀ ਦੁਨੀਆਂ,ਭਾਸ਼ਾ ਵਿਭਾਗ
ਪਟਿਆਲਾ,1968.

29. 'ਵਾਰਾਂ ਭਾਈ ਗੁਰਦਾਸ ਸ਼ਬਦ -
ਅਨੁਕ੍ਰਮਣਿਕਾ ਅਤੇ ਕੋਸ਼' — ਡ:ਰਤਨ ਸਿੰਘ ਜੱਗੀ
ਪੰਜਾਬੀ ਯੂਨੀਵਰਸਿਟੀ ਪਟਿਆਲਾ
15 ਜੂਨ,1966.

30. 'ਦਸਮ ਗ੍ਰੰਥ ਦਾ ਪੌਰਾਣਿਕ ਅਧਿਐਨ' — ਡ:ਰਤਨ ਸਿੰਘ ਜੱਗੀ,
ਸ: ਮਹਿਤਾਬ ਸਿੰਘ ਨਿਊ ਬੁਕ
ਕੰਪਨੀ ਮਾਈ ਹੀਰਾ ਗੇਟ
ਜਲੰਧਰ ਮਾਰਚ 1965.

31. 'ਕਬਿੱਤ ਭਾਈ ਗੁਰਦਾਸ' — ਭਾਈ ਵੀਰ ਸਿੰਘ
ਦੂਸਰਾ ਸਕੰਧ।

32. 'ਪੁਰਾਤਨ ਜਨਮਸਾਖੀ' — ਸੰਪਾਦਕ ਭਾਈ ਵੀਰ ਸਿੰਘ
ਖਾਲਸਾ ਸਮਾਚਾਰ ਅੰਮ੍ਰਿਤਸਰ
ਚੌਥਾ ਸੰਸਕਰਣ 1952.

33. 'ਗੁਰਦਾਸ ਦਰਸ਼ਨ' — ਗਿਆਨੀ ਲਾਲ ਸਿੰਘ
ਮਾਸਟਰ ਨਿਰੰਜਨ ਸਿੰਘ ਐਡੀਟਰ
10 ਅਕਤੂਬਰ 1950.

34. Guru Nanak and the Sikh Religion — McLeod W.H.
Oxford University
Press 1968.

35. 'The History of the Sikhs' Khushwant Singh

36. 'A short History of the Sikhs' Teja Singh

37. 'The Panjab Past and Present' Ganda Singh, Department of Panjab Historical Studies, Punjabi University, Patiala 1969

38. 'The History of the Sikh' Khushwant Singh

---

PANJAB UNIVERSITY LIBRARY